*Published in Punjabi & English*

**Distributed in Toronto, Calgary, Vancouver, Winnipeg and Online Worldwide.**

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ- 15, ਅੰਕ-7, ਜੁਲਾਈ 2025

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

# ਨਾਟੋ ਬਨਾਮ ਮਾਨਵਤਾ ਦੀ ਸੁਰੱਖਿਆ

ਸਰਮਾਏਦਾਰੀ ਪ੍ਰਬੰਧ ਤਬਾਹੀ, ਅਰਾਜਕਤਾ, ਤਾਨਾਸ਼ਾਹੀ ਅਤੇ ਹਿੰਸਾ ਦੀ ਜਾਬਰ ਮਸ਼ੀਨ ਦਾ ਦੂਜਾ ਨਾਂ ਹੈ। ਸਾਮਰਾਜੀ ਸਰਮਾਏਦਾਰੀ ਵੱਲੋਂ ਲੜੀਆਂ ਜਾਂਦੀਆਂ ਜੰਗਾਂ ਇਸੇ ਮਾਨਵਤਾ ਵਿਰੋਧੀ ਖਸਲਤ ਦਾ ਸਭ ਤੋਂ ਘਿਣਾਉਣਾ ਰੂਪ ਹਨ। ਜਿਨ੍ਹਾਂ ਕੁਦਰਤੀ ਤੇ ਮਨੁੱਖੀ ਵਸੀਲਿਆਂ ਨੂੰ ਮਾਨਵਤਾ ਦੀ ਸੱਚੀ ਤਰੱਕੀ ਲਈ ਖ਼ਰਚਕੇ ਧਰਤੀ ਨੂੰ ਸੱਚੀਮੁੱਚੀਂ ਸਵਰਗ ਬਣਾਇਆ ਜਾ ਸਕਦਾ ਹੈ, ਉਨ੍ਹਾਂ ਨੂੰ ਸਰਮਾਏਦਾਰੀ ਵੱਧ ਤੋਂ ਵੱਧ ਤਬਾਹੀ ਮਚਾਉਣ ਵਾਲੇ ਹਥਿਆਰਾਂ ਅਤੇ ਫ਼ੌਜੀ ਤਾਕਤ ਦੇ 'ਵਿਕਾਸ' ਲਈ ਖ਼ਰਚਕੇ ਵਸੀਲਿਆਂ ਨੂੰ ਬਰਬਾਦ ਕਰਦੀ ਹੈ। ਦੁਨੀਆ ਦਾ ਇਤਿਹਾਸ ਜੰਗਾਂ ਨਾਲ ਹੋਣ ਵਾਲੀ ਬੇਥਾਹ ਜਾਨੀ ਅਤੇ ਮਾਲੀ ਤਬਾਹੀ ਦੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ। ਥੋੜ੍ਹ-ਚਿਰੀਆਂ ਫ਼ੌਜੀ 'ਝੜਪਾਂ' ਦੌਰਾਨ ਹੀ ਫ਼ੌਜੀ ਤਾਇਨਾਤੀ ਅਤੇ ਆਧੁਨਿਕ ਹਥਿਆਰਾਂ ਦੀ ਵਰਤੋਂ ਬੇਹਿਸਾਬਾ ਮੁੱਲ ਵਸੂਲ ਲੈਂਦੀ ਹੈ, ਲੰਮੀਆਂ ਜੰਗਾਂ ਦਾ ਤਾਂ ਕਹਿਣਾ ਹੀ ਕੀ ਹੈ। ਯੂਕਰੇਨ ਵਰਗੇ ਮੁਲਕਾਂ ਦੇ ਆਰਥਕ ਵਸੀਲਿਆਂ ਦੀ ਤਬਾਹੀ ਸਾਰਿਆਂ ਦੇ ਸਾਹਮਣੇ ਹੈ।

ਸਰਮਾਏਦਾਰੀ ਵੱਲੋਂ ਮੁਨਾਫ਼ੇ ਦੀ ਖਾਣ ਵਜੋਂ ਖੜ੍ਹੀ ਕੀਤੀ 'ਯੁੱਧ ਸਨਅਤ' ਦੀ ਹੋਂਦ, ਵਧਾਰਾ-ਪਸਾਰਾ ਅਤੇ ਮੁਨਾਫ਼ੇ ਜੰਗਾਂ ਅਤੇ ਫ਼ੌਜੀ ਟਕਰਾਵਾਂ ਦੇ ਜਾਰੀ ਰਹਿਣ ਵਿਚ ਹੀ ਹਨ। ਜੰਗਬਾਜ਼ ਸਟੇਟ ਰੱਖਿਆ ਦੇ ਬਹਾਨੇ ਫ਼ੌਜ ਦੇ ਬਜਟ ਵਿਚ ਬੇਤਹਾਸ਼ਾ ਵਾਧੇ ਉੱਪਰ ਅਕਸਰ ਜ਼ੋਰ ਦਿੰਦੇ ਦੇਖੇ ਜਾ ਸਕਦੇ ਹਨ। ਹੁਣੇ ਜਹੇ ਹੇਗ (ਨੀਦਰਲੈਂਡਜ਼) ਵਿਖੇ ਹੋਏ ਨਾਟੋ ਦੇ ਸਿਖ਼ਰ ਸੰਮੇਲਨ ਵਿਚ ਸੰਨ 2035 ਤੱਕ ਨਾਟੋ ਦੇ ਮੈਂਬਰ ਮੁਲਕਾਂ ਦੇ 'ਸੁਰੱਖਿਆ ਖ਼ਰਚ' ('ਕੋਰ ਡਿਫੈਂਸ ਜ਼ਰੂਰਤਾਂ ਅਤੇ ਰੱਖਿਆ ਤੇ ਸੁਰੱਖਿਆ ਸੰਬੰਧੀ ਖ਼ਰਚ') ਨੂੰ ਕੁਲ ਘਰੇਲੂ ਉਪਜ (ਜੀਡੀਪੀ) ਦੇ 5% ਤੱਕ ਵਧਾਉਣ ਦਾ ਟੀਚਾ ਐਲਾਨਿਆ ਗਿਆ ਹੈ। ਇਸ ਸਮੇਂ 32 ਮੁਲਕ ਨਾਟੋ ਦੇ ਮੈਂਬਰ ਹਨ। ਨਾਟੋ ਦੇ ਤਾਜ਼ਾ ਅੰਦਾਜ਼ੇ ਅਨੁਸਾਰ ਸਪੇਨ, ਕੈਨੇਡਾ ਸਮੇਤ ਇਸਦੇ ਨੌਂ ਮੈਂਬਰ ਮੁਲਕ ਅਜੇ ਵੀ ਮੌਜੂਦਾ ਟੀਚੇ (ਜੀਡੀਪੀ ਦਾ 2%) ਤੋਂ ਘੱਟ ਖ਼ਰਚ ਕਰਦੇ ਹਨ। ਕੈਸ਼ ਖ਼ਰਚ ਦੇ ਲਿਹਾਜ਼ ਨਾਲ ਅਮਰੀਕਾ ਡਿਫੈਂਸ ਉੱਪਰ ਸਭ ਤੋਂ ਵੱਧ ਖ਼ਰਚ ਕਰਦਾ ਹੈ (2024 'ਚ ਜੀਡੀਪੀ ਦਾ 3.2%), ਇਹ ਬਾਕੀ ਨਾਟੋ ਮੈਂਬਰ ਮੁਲਕਾਂ ਦੇ ਕੁਲ ਸੁਰੱਖਿਆ ਖ਼ਰਚ ਤੋਂ ਲੱਗਭੱਗ ਦੁੱਗਣਾ ਹੈ।



ਨਾਟੋ ਦਾ ਕਹਿਣਾ ਹੈ ਕਿ ਨਵਾਂ ਟੀਚਾ ਰੂਸ ਅਤੇ ਦਹਿਸ਼ਤਵਾਦ ਦੇ ਆਲਮੀ ਖ਼ਤਰੇ ਦੇ ਜਵਾਬ 'ਚ 'ਇਤਿਹਾਸਕ ਕਦਮ' ਹੈ। ਹਕੀਕਤ ਵਿਚ ਅਜਿਹਾ ਕੋਈ ਖ਼ਤਰਾ ਨਹੀਂ ਹੈ ਅਤੇ ਇਹ ਹਥਿਆਰਾਂ ਦੀ ਵਿਸ਼ਵੀ ਦੌੜ ਵਿਚ ਵੱਡਾ ਛੜੱਪਾ ਹੈ। ਇਹ ਜਨਤਕ ਵਸੀਲਿਆਂ ਨੂੰ ਨਿਚੋੜ ਦੇਵੇਗਾ ਅਤੇ ਸਮਾਜਿਕ ਸੰਕਟਾਂ ਨੂੰ ਹੋਰ ਡੂੰਘਾ ਕਰੇਗਾ। ਇਹ ਟੀਚਾ ਡੋਨਲਡ ਟਰੰਪ ਵੱਲੋਂ ਸਾਲਾਂ ਤੋਂ ਪਾਏ ਜਾ ਰਹੇ ਦਬਾਅ ਦਾ ਨਤੀਜਾ ਹੈ, ਜੋ ਆਪਣੇ ਪਹਿਲੇ ਕਾਰਜ-ਕਾਲ ਵਿਚ ਨਾਟੋ ਮੁਲਕਾਂ ਨੂੰ "ਘੱਟ ਖ਼ਰਚ" ਕਰਨ ਲਈ ਡਾਂਟਦਾ ਰਹਿੰਦਾ ਸੀ। ਇਕ ਰੈਲੀ ਵਿਚ ਟਰੰਪ ਨੇ ਹੁੱਬ ਕੇ ਦੱਸਿਆ ਸੀ ਕਿ ਉਸਨੇ ਇਕ ਨਾਟੋ ਆਗੂ ਨੂੰ ਸਾਫ਼ ਕਹਿ ਦਿੱਤਾ ਸੀ ਕਿ ਉਹ "ਹਮਲਾਵਰਾਂ" ਯਾਨੀ ਰੂਸ ਨੂੰ ਉਨ੍ਹਾਂ ਨਾਟੋ ਮੈਂਬਰਾਂ ਉੱਪਰ ਹਮਲਾ ਕਰਨ ਲਈ "ਉਤਸ਼ਾਹਤ" ਕਰੇਗਾ ਜੋ ਨਾਟੋ ਦੇ ਬਿੱਲ ਨਹੀਂ ਦਿੰਦੇ।

ਹੁਣ ਦੁਬਾਰਾ ਸੱਤਾ 'ਚ ਆ ਕੇ ਟਰੰਪ ਨੇ ਮੁੜ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ। ਸਪੇਨ ਤੋਂ ਸਿਵਾਏ ਹੋਰ ਕਿਸੇ ਨੇ ਇਸ ਟੀਚੇ ਦਾ ਤਿੱਖਾ ਵਿਰੋਧ ਨਹੀਂ ਕੀਤਾ ਜੋ ਟਰੰਪ ਅਨੁਸਾਰ 'ਘੱਟ ਖ਼ਰਚ' ਕਰਨ ਲਈ ਬਦਨਾਮ ਹੈ। ਸਪੇਨ ਦੇ ਰਾਸ਼ਟਰਪਤੀ ਨੇ ਸਪਸ਼ਟ ਕਿਹਾ ਕਿ ਉਸਦੀ ਸਰਕਾਰ ਇਸ ਫ਼ੌਜੀ ਟੀਚੇ ਦੀ ਪੂਰਤੀ ਲਈ ਪੈਨਸ਼ਨਾਂ ਅਤੇ ਸਮਾਜਿਕ ਪ੍ਰੋਗਰਾਮਾਂ ਦੀ ਬਲੀ ਨਹੀਂ ਦੇਵੇਗੀ। ਜ਼ਿਆਦਾਤਰ ਨੇ ਕੋਈ ਉਜਰ ਨਹੀਂ ਕੀਤਾ। ਨਾਟੋ ਦਾ ਸਕੱਤਰ ਮਾਰਕ ਰੂਟੇ ਤਾਂ ਟਰੰਪ ਦੇ ਦਬਾਅ ਉੱਪਰ ਐਨਾ ਖ਼ੁਸ਼ ਸੀ ਕਿ ਉਸਨੇ, ਚਾਹੇ ਮਜ਼ਾਕ 'ਚ ਹੀ ਸਹੀ, ਟਰੰਪ ਨੂੰ "ਡੈਡੀ" ਕਹਿਣ ਦੀ ਬੇਸ਼ਰਮੀਂ ਕੀਤੀ। ਇਹ ਨਾਟੋ ਮੈਂਬਰਾਂ ਵੱਲੋਂ ਅਮਰੀਕੀ ਫ਼ੌਜੀਵਾਦ ਦੀ ਚਾਕਰੀ ਦਾ ਬੇਹਯਾ ਕਬੂਲਨਾਮਾ ਹੈ। ਟਰੰਪ ਦੇ ਦਬਾਅ ਹੇਠ ਨਾਟੋ ਨੇ ਹੁਣ ਖ਼ੁਦ ਨੂੰ "ਡਿਫੈਂਸ ਸਮਝੌਤੇ" ਦੇ ਰੂਪ 'ਚ ਪੇਸ਼ ਕਰਨ ਦਾ ਦਿਖਾਵਾ ਕਰਨਾ ਛੱਡਕੇ ਸਥਾਈ ਜੰਗ ਦੀ ਭਾਸ਼ਾ ਅਤੇ ਤਰਕ ਅਪਣਾ ਲਏ ਹਨ।

ਸੱਚ ਤਾਂ ਇਹ ਹੈ ਕਿ ਨਾਟੋ ਅਮਰੀਕਨ ਹੁਕਮਰਾਨ ਜਮਾਤ ਦੇ ਸਾਮਰਾਜੀ ਟੀਚਿਆਂ ਅਨੁਸਾਰ ਵੱਖ-ਵੱਖ ਮੁਲਕਾਂ ਦੀ ਫ਼ੌਜੀ ਘੇਰਾਬੰਦੀ ਕਰਨ ਅਤੇ ਦੁਨੀਆ ਅੰਦਰ ਅਮਰੀਕਾ ਵੱਲੋਂ ਜੰਗਾਂ ਲੜਨ ਅਤੇ ਅਮਨ ਭੰਗ ਕਰਨ ਦਾ ਸੰਦ ਹੈ। ਇਹ ਲਗਾਤਾਰ ਫ਼ੌਜੀ ਅੱਡੇ ਅਤੇ ਤਾਇਨਾਤੀ ਵਧਾ ਰਿਹਾ ਹੈ। ਯੂਕਰੇਨ ਨੂੰ ਆਪਣਾ ਮੈਂਬਰ ਬਣਾਉਣ ਦੇ ਨਾਟੋ ਦੇ ਵਾਅਦੇ ਦੀ ਰੂਸ ਨੂੰ ਯੂਕਰੇਨ ਉੱਪਰ ਹਮਲਾ ਕਰਨ ਲਈ ਉਕਸਾਉਣ ਵਿਚ ਵੱਡੀ ਭੂਮਿਕਾ ਰਹੀ ਹੈ। ਗਾਜ਼ਾ ਵਿਚ ਅਮਰੀਕਾ-ਇਜ਼ਰਾਇਲ ਵੱਲੋਂ ਫ਼ਲਸਤੀਨੀਆਂ ਦੀ ਨਸਲਕੁਸ਼ੀ ਵਿਚ ਨਾਟੋ ਮੁਲਕ ਹਿੱਸੇਦਾਰ ਹਨ।

ਨਾਟੋ ਦੇ ਜਨਰਲ ਸਕੱਤਰ ਰੂਟੇ ਅਨੁਸਾਰ ਇਹ "ਕੁਆਂਟਮ ਛਾਲ਼" ਨਾਟੋ ਮੁਲਕਾਂ ਦੇ ਇਕ ਅਰਬ ਲੋਕਾਂ ਨੂੰ "ਆਜ਼ਾਦੀ ਅਤੇ ਸੁਰੱਖਿਆ" ਦੀ ਗਾਰੰਟੀ ਦੇਵੇਗੀ। ਦਰਅਸਲ, ਇਹ ਮਨੁੱਖੀ ਜ਼ਿੰਦਗੀ ਨੂੰ ਹੋਰ ਜ਼ਿਆਦਾ ਅਸੁਰੱਖਿਅਤ ਬਣਾਏਗੀ। ਇਹ ਪੈਸਾ ਸਮਾਜ ਭਲਾਈ ਅਤੇ ਵਾਤਾਵਰਣ ਨੂੰ ਬਚਾਉਣ ਦੇ ਪ੍ਰੋਗਰਾਮਾਂ ਲਈ ਬਜਟ ਵਿਚ ਵੱਡੀਆਂ ਕਟੌਤੀਆਂ ਕਰਕੇ ਜੁਟਾਇਆ ਜਾਵੇਗਾ। ਯੂਰਪ ਅਤੇ ਉੱਤਰੀ ਅਮਰੀਕਾ ਵਿਚ ਪਬਲਿਕ ਸੇਵਾਵਾਂ ਪਹਿਲਾਂ ਹੀ ਕਟੌਤੀ ਦੀ ਮਾਰ ਹੇਠ ਹਨ। ਸਿਹਤ, ਪੜ੍ਹਾਈ, ਪੈਨਸ਼ਨ, ਵਾਤਾਵਰਣ ਦੀ ਸਾਂਭ-ਸੰਭਾਲ ਉੱਪਰ ਸਰਕਾਰੀ ਬਜਟ ਹੋਰ ਘਟਾਏ ਜਾਣਗੇ। ਪੌਣਪਾਣੀ ਦਾ ਸੰਕਟ ਵਧਣ ਨਾਲ ਦੁਨੀਆ ਦੇ ਜ਼ਿਆਦਾਤਰ ਹਿੱਸੇ ਮਨੁੱਖ ਦੇ ਰਹਿਣ ਲਈ ਹੋਰ ਜ਼ਿਆਦਾ ਅਸੁਰੱਖਿਅਤ ਹੋ ਜਾਣਗੇ। ਇਹੀ ਉਹ 'ਸੁਰੱਖਿਆ ਤੇ ਆਜ਼ਾਦੀ' ਹੈ ਜੋ ਟਰੰਪ ਅਤੇ ਹੋਰ ਸਰਮਾਏਦਾਰ ਹੁਕਮਰਾਨ ਆਪਣੇ ਮੁਲਕਾਂ ਦੇ ਲੋਕਾਂ ਨੂੰ ਦੇਣਾ ਚਾਹੁੰਦੇ ਹਨ! ਯੂਰਪ ਦੇ ਜਾਗਰੂਕ ਲੋਕਾਂ ਨੇ ਇਸਦੇ ਖਿਲਾਫ਼ ਮੁਜ਼ਾਹਰੇ ਕੀਤੇ ਹਨ। ਨਾਟੋ ਮੁਲਕਾਂ ਦੇ ਸਾਰੇ ਲੋਕਾਂ ਨੂੰ ਇਸ ਖ਼ਤਰੇ ਤੋਂ ਸੁਚੇਤ ਹੋ ਕੇ ਇਸਦਾ ਵਿਰੋਧ ਕਰਨਾ ਚਾਹੀਦਾ ਹੈ ਅਤੇ ਮਨੁੱਖਤਾ ਦੇ ਭਵਿੱਖ ਨੂੰ ਬਚਾਉਣ ਲਈ ਇਸ ਜੰਗਬਾਜ਼ ਸਾਜ਼ਿਸ਼ ਨੂੰ ਪਛਾੜਨਾ ਚਾਹੀਦਾ ਹੈ।

**-ਸੰਪਾਦਕੀ ਬੋਰਡ**

**ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਨੇ 14ਵਾਂ ਸੋਹਣ ਮਾਨ ਯਾਦਗਾਰੀ ਸਲਾਨਾ ਸਭਿਆਚਾਰਕ ਸਮਾਗਮ ਕਰਵਾਇਆ**

(ਦੇਖੋ ਸਫ਼ਾ 39 'ਤੇ)

CALL NOW
FOR HOUSE BUYING & SELLING NEEDS.
BALJINDER SANGHA REALTOR®
(Certified Condominium Specialist)
403.680.3212
BSANGHA.REALTOR@GMAIL.COM
RE/MAX REAL ESTATE (CENTRAL)
EACH OFFICE INDEPENDENTLY OWNED AND OPERATED

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • Home Insurance • Life Insurance • Critical illness • Disability Insurance • Car Loans • Business Insurance
SAVE UPTO 30%
• ਕਾਰ ਇੰਸ਼ੋਰੈਂਸ • ਹੋਮ ਇੰਸ਼ੋਰੈਂਸ • ਲਾਈਫ ਇੰਸ਼ੋਰੈਂਸ • ਕਰਿਟੀਕਲ ਇਲਨੈਸ ਇੰਸ਼ੋਰੈਂਸ • ਡਿਸਅਬਿਲਿਟੀ ਇੰਸ਼ੋਰੈਂਸ • ਕਾਰ ਲੋਨ • ਬਿਜਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

AMANDEEP S. RANIA
Immigration Consultant
RCIC Regulated Canadian Immigration Consultant
+1 (403) 436-6000
+1 (403) 406-2004
info@jfsimmigration.com
#2264 4310 104 Ave NE. Calgary, Alberta T3N 1W2
www.jfsimmigration.com

Insta Realty BUY SELL INSTANTLY
Residential | Commercial | Rural
Property Management
Harcharan Parhar
BROKER
403-681-8689
info@instarlt.com | www.instarlt.com
400, 3115-12th St NE Calgary AB T2E 7J2

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010




15 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ


# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| | | | | | |
|---|---|---|---|---|---|
| ਹਰਬੰਸ ਸਿੰਘ (ਟੋਰਾਂਟੋ) | ਦੇਵਿੰਦਰ ਤੂਰ (ਟੋਰਾਂਟੋ) | ਮਾਸਟਰ ਭਜਨ ਸਿੰਘ (ਕੈਲਗਰੀ) | ਪਰਮਿੰਦਰ ਕੌਰ ਸਵੈਚ (ਵੈਨਕੂਵਰ) | ਜਸਵੀਰ ਕੌਰ ਮੰਗੂਵਾਲ ਵਿਨੀਪੈੱਗ | ਬਲਜਿੰਦਰ ਸਿੰਘ ਵੜੈਚ (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |









**SAROKARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Mehmoodpur (Punjab)
946-347-4342
atoozed@gmail.com
Navkiran Singh Patti
+91 98885 44001
n4navkiran@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu (Toronto)
Master Balbir Singh Gill (Toronto)
Jaspreet Dhaliwal (Toronto)
Harcharan Singh Parhar Calgary
Narbhinder Singh (India) (Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।















# ਇਰਾਨ ਵਿਰੁੱਧ ਜੰਗ ਅਤੇ ਅਮਰੀਕੀ ਸਾਮਰਾਜ ਦੇ ਮਨਸੂਬੇ



ਬੂਟਾ ਸਿੰਘ
ਮਹਿਮੂਦਪੁਰ
94634-74342

*[ਇਜ਼ਰਾਇਲ ਵੱਲੋਂ ਇਰਾਨ ਉੱਪਰ ਹਮਲੇ ਅਤੇ ਟਰੰਪ ਸਰਕਾਰ ਵੱਲੋਂ ਇਰਾਨ ਵਿਰੁੱਧ ਜੰਗ ਵਿਚ ਸ਼ਾਮਲ ਹੋਣ ਨਾਲ ਮੱਧ ਪੂਰਬ ਦੇ ਹਾਲਾਤ ਬਹੁਤ ਨਾਜ਼ੁਕ ਹੋ ਗਏ ਹਨ। ਕੀ ਇਜ਼ਰਾਇਲੀ ਅਤੇ ਅਮਰੀਕੀ ਹੁਕਮਰਾਨਾਂ ਦੇ ਇਰਾਨ ਉੱਪਰ ਲਾਏ ਦੋਸ਼ਾਂ ਵਿਚ ਕੋਈ ਦਮ ਹੈ? ਜਾਂ ਇਹ ਮਹਿਜ਼ ਇਰਾਕ ਦੀ ਤਰ੍ਹਾਂ ਇਰਾਨ ਉੱਪਰ ਹਮਲਾ ਕਰਨ ਲਈ ਬਘਿਆੜ ਵਾਲੀ ਦਲੀਲ ਹੀ ਹੈ। ਇਹ ਜੰਗ ਹੋਰ ਮੁਲਕਾਂ ਉੱਪਰ ਕਿਵੇਂ ਅਸਰ-ਅੰਦਾਜ਼ ਹੋਵੇਗੀ, ਇਨ੍ਹਾਂ ਸਵਾਲਾਂ ਦੀ ਚਰਚਾ ਇਸ ਲੰਮੀ ਟਿੱਪਣੀ ਵਿਚ ਕੀਤੀ ਗਈ ਹੈ। -ਸੰਪਾਦਕ]*

ਲੰਘੀ 22 ਜੂਨ ਨੂੰ ਅਮਰੀਕਾ ਨੇ ਆਪਣੇ ਸਭ ਤੋਂ ਸ਼ਕਤੀਸ਼ਾਲੀ ਬੰਕਰ ਬਸਟਰ ਬੀ32 ਬੰਬਰਾਂ ਨਾਲ ਇਰਾਨ ਦੇ ਤਿੰਨ ਪ੍ਰਮਾਣੂ ਕੇਂਦਰਾਂ ਉੱਪਰ ਹਮਲਾ ਕੀਤਾ। ਇਸ ਨਾਲ ਟਰੰਪ ਸਰਕਾਰ ਦੀ ਉਹ ਡੂੰਘੀ ਸਾਜ਼ਿਸ਼ ਖੁੱਲ੍ਹ ਕੇ ਸਾਹਮਣੇ ਆ ਗਈ ਜਿਸ ਦੀ ਸ਼ੁਰੂਆਤ ਇਜ਼ਰਾਇਲ ਵੱਲੋਂ 13 ਜੂਨ ਨੂੰ ਬਿਨਾਂ ਕਿਸੇ ਭੜਕਾਹਟ ਦੇ ਅਚਾਨਕ ਹਮਲਾ ਕਰਕੇ ਇਰਾਨ ਦੇ ਚੋਟੀ ਦੇ 20 ਫ਼ੌਜੀ ਅਧਿਕਾਰੀਆਂ ਅਤੇ ਛੇ ਪ੍ਰਮਾਣੂ ਵਿਗਿਆਨੀਆਂ ਨੂੰ ਕਤਲ ਕਰਨ ਅਤੇ ਇਰਾਨ ਦੀ ਹਵਾਈ ਰੱਖਿਆ ਪ੍ਰਣਾਲੀ, ਪ੍ਰਮਾਣੂ ਸਥਾਨਾਂ ਸਮੇਤ ਦਰਜਨਾਂ ਮਹੱਤਵਪੂਰਨ ਥਾਵਾਂ ਨੂੰ ਨਿਸ਼ਾਨਾ ਬਣਾਕੇ ਕੀਤੀ ਗਈ ਸੀ। ਇਹ 1980 ਦੇ ਦਹਾਕੇ ਦੇ ਇਰਾਨ-ਇਰਾਕ ਯੁੱਧ ਤੋਂ ਬਾਅਦ ਇਰਾਨ ਉੱਪਰ ਸਭ ਤੋਂ ਵੱਡਾ ਹਮਲਾ ਸੀ। ਇਸ ਸਮੁੱਚੀ ਯੁੱਧ-ਗੇਮ ਦਾ ਸੂਤਰਧਾਰ 'ਸ਼ਾਂਤੀ ਦਾ ਮਸੀਹਾ' ਹੋਣ ਦਾ ਦੰਭ ਰਚਣ ਵਾਲਾ ਟਰੰਪ ਹੀ ਹੈ। ਪਹਿਲਾਂ ਟਰੰਪ ਨੇ ਇਰਾਨ ਨੂੰ ਪ੍ਰਮਾਣੂ ਸਮਝੌਤੇ ਲਈ ਗੱਲਬਾਤ ਵਿਚ ਉਲਝਾ ਕੇ ਅਤੇ ਇਜ਼ਰਾਇਲ ਨੂੰ ਪੂਰੀ ਫ਼ੌਜੀ ਮੱਦਦ ਤੇ ਖ਼ੁਫ਼ੀਆ ਜਾਣਕਾਰੀ ਮੁਹੱਈਆ ਕਰਵਾਕੇ ਇਜ਼ਰਾਇਲ ਤੋਂ ਹਮਲਾ ਕਰਵਾਇਆ। ਫਿਰ ਟਰੰਪ ਦੀ ਅਗਵਾਈ ਹੇਠ ਅਮਰੀਕਾ, ਮਖੌਟਾ ਲਾਹ ਕੇ ਉਸ ਨਹੱਕੀ ਜੰਗ ਵਿਚ ਸ਼ਾਮਲ ਹੋ ਗਿਆ ਜੋ ਇਜ਼ਰਾਇਲ ਨੂੰ ਅੱਗੇ ਲਾ ਕੇ ਇਰਾਨ ਉੱਪਰ ਥੋਪੀ ਗਈ ਹੈ। ਇਸ ਨਾਲ ਅਮਰੀਕੀ ਸਟੇਟ ਦਾ ਮੁਲਕਾਂ ਦੀ ਪ੍ਰਭੂਸੱਤਾ ਵਿਰੋਧੀ ਸਾਮਰਾਜੀ ਧਾੜਵੀ ਚਿਹਰਾ ਇਕ ਵਾਰ ਫਿਰ ਬੇਨਕਾਬ ਹੋ ਗਿਆ ਹੈ।

ਟਰੰਪ ਨੇ ਦਾਅਵਾ ਕੀਤਾ ਕਿ ਅਮਰੀਕੀ ਹਮਲੇ ਨੇ ਇਰਾਨ ਦਾ ਪ੍ਰਮਾਣੂ ਢਾਂਚਾ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ। ਇਹ ਵੀ ਕਿ ਇਸ ਹਮਲੇ ਨਾਲ ਇਰਾਨ ਡਰ ਗਿਆ ਹੈ ਅਤੇ ਦੋਹਾਂ ਮੁਲਕਾਂ ਵੱਲੋਂ ਉਸ ਤੱਕ ਪਹੁੰਚ ਕੀਤੇ ਜਾਣ 'ਤੇ ਉਸਨੇ ਉਨ੍ਹਾਂ ਦੀ ਜੰਗਬੰਦੀ ਕਰਵਾ ਦਿੱਤੀ ਹੈ। ਅਮਰੀਕੀ ਮੀਡੀਆ ਸਮੂਹ ਸੀਐੱਨਐੱਨ ਦੀ ਰਿਪੋਰਟਰ ਨੇ ਪੈਂਟਾਗਾਨ ਦੀਆਂ ਮੁੱਢਲੀਆਂ ਖ਼ੁਫੀਆ ਰਿਪੋਰਟਾਂ ਦੇ ਹਵਾਲੇ ਨਾਲ ਇਸ ਬਿਰਤਾਂਤ ਦੀ ਫੂਕ ਕੱਢ ਦਿੱਤੀ ਹੈ। ਖ਼ੁਫ਼ੀਆ ਰਿਪੋਰਟ ਇਹ ਹੈ ਕਿ ਹਮਲੇ ਨਾਲ ਸਿਰਫ਼ ਇਰਾਨ ਦਾ ਪ੍ਰਮਾਣੂ ਪ੍ਰੋਗਰਾਮ ਛੇ ਮਹੀਨੇ ਲਈ ਪਿੱਛੇ ਪਿਆ ਹੈ। ਇਸ ਤੋਂ ਬੁਖਲਾਇਆ ਟਰੰਪ ਆਪਣੀ ਖਸਲਤ ਅਨੁਸਾਰ ਰਿਪੋਰਟ ਲੀਕ ਕਰਨ ਵਾਲੇ ਅਧਿਕਾਰੀਆਂ ਅਤੇ ਕਵਰੇਜ਼ ਕਰਨ ਵਾਲੇ ਮੀਡੀਆ ਵਿਰੁੱਧ ਬਦਤਮੀਜ਼ੀ ਅਤੇ ਕਾਨੂੰਨੀ ਕਾਰਵਾਈ ਦੀਆਂ ਧਮਕੀਆਂ 'ਤੇ ਉੱਤਰ ਆਇਆ ਹੈ।

ਅਮਰੀਕੀ ਸਾਮਰਾਜੀ ਹਕੂਮਤ ਇਜ਼ਰਾਇਲ ਨੂੰ ਮੋਹਰਾ ਬਣਾਕੇ ਮੱਧ ਪੂਰਬ ਵਿਚ ਆਪਣਾ ਮੁਕੰਮਲ ਗ਼ਲਬਾ ਬਣਾਉਣ ਦੀ ਨੀਤੀ 'ਤੇ ਚੱਲ ਰਹੀ ਹੈ। ਉਨ੍ਹਾਂ ਦੀ ਲੜਾਈ ਮੁੜ ਅਮਰੀਕੀ ਬੋਲਬਾਲੇ ਵਾਲੀ ਇਕ-ਧਰੁਵੀ ਦੁਨੀਆ ਬਣਾਉਣ ਲਈ ਹੈ। ਇਜ਼ਰਾਇਲ ਨੂੰ ਅਮਰੀਕੀ ਸਾਮਰਾਜ ਵੱਲੋਂ ਹਰ ਤਰ੍ਹਾਂ ਦੀ ਮੱਦਦ ਅਤੇ ਥਾਪੜੇ ਦਾ ਲੰਮਾ ਇਤਿਹਾਸ ਹੈ। ਅੰਦਾਜ਼ਾ ਇਹ ਹੈ ਕਿ 1970ਵਿਆਂ ਤੋਂ ਲੈ ਕੇ ਅਮਰੀਕਾ ਵੱਲੋਂ ਇਜ਼ਰਾਇਲ ਨੂੰ 34000 ਕਰੋੜ ਡਾਲਰ ਸਹਾਇਤਾ ਦਿੱਤੀ ਗਈ ਹੈ। ਇਸ 'ਸਹਾਇਤਾ' ਦੀ ਜ਼ਿਆਦਾਤਰ ਰਕਮ ਬਦਲਵੇਂ ਰੂਪ 'ਚ ਉਨ੍ਹਾਂ ਅਮਰੀਕੀ ਕੰਪਨੀਆਂ ਦੀਆਂ ਤਿਜੌਰੀਆਂ ਵਿਚ ਵਾਪਸ ਆ ਜਾਂਦੀ ਹੈ ਜੋ ਇਜ਼ਰਾਇਲ ਨੂੰ ਅਮਰੀਕਾ ਦਾ ਵਿਕਸਤ ਜੰਗੀ ਸਾਜ਼ੋ-ਸਮਾਨ ਮੁਹੱਈਆ ਕਰਾਉਂਦੀਆਂ ਹਨ।

ਅਮਰੀਕਾ ਦੀ ਸਾਮਰਾਜੀ ਸਲਤਨਤ ਦੇ ਪਸਾਰੇ ਦੀ ਨੀਤੀ ਬਾਰੇ ਬਦੇਸ਼ ਨੀਤੀ ਮਾਹਰ ਸਟੀਫਨ ਕਿੰਜ਼ਰ ਲਿਖਦੇ ਹਨ, "ਸਭ ਤੋਂ ਪਹਿਲਾਂ, ਸੰਯੁਕਤ ਰਾਜ ਅਮਰੀਕਾ ਨੇ ਉੱਤਰੀ ਅਮਰੀਕਾ ਵਿਚ ਮਹਾਦੀਪੀ ਸਾਮਰਾਜ ਬਣਾਇਆ, ਜਿਸ ਲਈ ਮੂਲਵਾਸੀ ਲੋਕਾਂ ਨੂੰ ਹਟਾ ਕੇ ਅਤੇ ਮੈਕਸੀਕੋ ਦਾ ਵੱਡਾ ਹਿੱਸਾ ਹਥਿਆ ਕੇ ਇਸ ਨੂੰ ਅੰਜਾਮ ਦਿੱਤਾ ਗਿਆ। ਫਿਰ, 1898 ਤੋਂ ਬਾਅਦ ਦੇ ਦੌਰ ਵਿਚ, ਅਸੀਂ ਸਮੁੰਦਰੋਂ ਪਾਰ ਸਾਮਰਾਜ ਬਣ ਗਏ। ਅਤੇ ਆਖਿਰਕਾਰ, ਦੂਜੇ ਵਿਸ਼ਵ ਯੁੱਧ ਤੋਂ ਬਾਅਦ, ਇਕ ਆਲਮੀ ਸਾਮਰਾਜ ਬਣ ਗਏ।

21ਵੀਂ ਸਦੀ ਵਿਚ ਇਹ ਨੀਤੀ ਪਹਿਲਾਂ ਨਾਲੋਂ ਵੀ ਜ਼ਿਆਦਾ ਹਮਲਾਵਰ ਹੋ ਗਈ ਹੈ। ਆਪਣੀ ਪਸਾਰਵਾਦੀ ਨੀਤੀ ਨੂੰ ਜਚਣਹਾਰ ਬਣਾਉਣ ਲਈ ਝੂਠ ਘੜਨ, ਫਿਰ ਇਸ ਝੂਠ ਨੂੰ ਧਾੜਵੀ ਹਮਲਿਆਂ ਅਤੇ ਇਸ ਜ਼ਰੀਏ ਆਪਣੇ ਘਿਣਾਉਣੇ ਸਾਮਰਾਜੀ ਮਨਸੂਬਿਆਂ ਨੂੰ ਅੰਜਾਮ ਦੇਣ ਦਾ ਪੂਰੀ ਤਰ੍ਹਾਂ ਸਪਸ਼ਟ ਪੈਟਰਨ ਹੈ। ਜਿਸ ਮੁਲਕ ਦੇ ਹੁਕਮਰਾਨ ਅਮਰੀਕੀ ਸਾਮਰਾਜ ਨਾਲੋਂ ਕਿਸੇ ਵੀ ਰੂਪ 'ਚ ਤੋੜ-ਵਿਛੋੜਾ ਕਰਦੇ ਹਨ ਜਾਂ ਕਿਸੇ ਤਰ੍ਹਾਂ ਦਾ ਸੁਤੰਤਰ ਰਸਤਾ ਅਖ਼ਤਿਆਰ ਕਰਨ ਦੀ ਜ਼ੁਅਰਤ ਕਰਦੇ ਹਨ, ਉਨ੍ਹਾਂ ਉੱਪਰ ਅਮਰੀਕੀ ਹੁਕਮਰਾਨ ਜੰਗਾਂ ਥੋਪ ਦਿੰਦੇ ਹਨ। ਜਿਨ੍ਹਾਂ ਹਕੂਮਤਾਂ ਵੱਲੋਂ ਭਵਿੱਖ ਵਿਚ ਚੁਣੌਤੀ ਬਣਨ ਦੀ ਸੰਭਾਵਨਾ ਹੈ, ਉਸ ਸੰਭਾਵਨਾ ਨੂੰ ਖ਼ਤਮ ਕਰਨ ਦੀ ਪੇਸ਼ਬੰਦੀ ਵਜੋਂ ਹਮਲੇ ਅਮਰੀਕੀ ਦਸਤੂਰ ਹੈ। ਵੱਖ-ਵੱਖ ਮੁਲਕਾਂ ਦੇ ਆਪਣੇ ਵਪਾਰ ਅਤੇ ਪੂੰਜੀਨਿਵੇਸ਼ ਨੂੰ ਡਾਲਰ ਤੋਂ ਮੁਕਤ ਕਰਕੇ ਅਮਰੀਕੀ ਕੰਟਰੋਲ ਚੋਂ ਨਿਕਲਣ ਦੇ ਹੀਲੇ ਅਮਰੀਕਾ ਦੀ ਸੰਸਾਰ ਚੌਧਰ ਲਈ ਖ਼ਤਰਾ ਹਨ। ਇਸ ਨੂੰ ਰੋਕਣ ਦੀ ਹਮਲਾਵਰ ਮੁਹਿੰਮ ਤਹਿਤ ਟਰੰਪ ਹੋਰ ਮੁਲਕਾਂ ਨੂੰ ਅਮਰੀਕਾ ਕੇਂਦਰਤ ਸੰਸਾਰ ਆਰਥਿਕਤਾ ਨਾਲ ਨੂੜਣ ਲਈ ਸਿਰਤੋੜ ਯਤਨ ਕਰ ਰਿਹਾ ਹੈ।

ਅਮਰੀਕੀ ਸਾਮਰਾਜੀਏ ਆਪਣੇ ਲਈ ਚੁਣੌਤੀ ਬਣਦੇ ਮੁਲਕਾਂ ਨੂੰ ਬਹੁਤ ਸਿਲਸਿਲੇਵਾਰ ਤਰੀਕੇ ਨਾਲ ਨਿਸ਼ਾਨਾ ਬਣਾਉਂਦੇ ਹਨ। ਪਹਿਲਾਂ ਉਹ ਸੰਬੰਧਤ ਮੁਲਕ ਦੀ ਸਰਕਾਰ ਅੱਗੇ ਖ਼ਾਸ ਮੰਗਾਂ ਰੱਖਕੇ ਉਨ੍ਹਾਂ ਨੂੰ ਪੂਰਾ ਕਰਨ ਲਈ ਕਹਿੰਦੇ ਹਨ ਅਤੇ ਨਿਸ਼ਚਿਤ ਸਮੇਂ ਲਈ ਉਨ੍ਹਾਂ ਨੂੰ ਗੱਲਬਾਤ ਵਿਚ ਉਲਝਾਈ ਰੱਖਦੇ ਹਨ। ਉਹ ਖ਼ਤਰੇ ਦਾ ਕੋਈ ਝੂਠਾ ਬਿਰਤਾਂਤ ਘੜਦੇ ਹਨ ਜਾਂ ਕਿਸੇ ਮਾਮੂਲੀ ਗੱਲ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦੇ ਹਨ। ਗੱਲਬਾਤ ਨੂੰ ਸਿਰਫ਼ ਦਿਖਾਵੇ ਵਾਸਤੇ ਵਰਤਿਆ ਜਾਂਦਾ ਹੈ। ਗੱਲਬਾਤ ਦੌਰਾਨ ਨਵੀਆਂ-ਨਵੀਂਆਂ ਤੇ ਨਵਾਜਬ ਮੰਗਾਂ ਲਗਾਤਾਰ ਜੋੜਦੇ ਰਹਿੰਦੇ ਹਨ। ਜਦ ਸਾਰੇ ਪੱਖ ਵਿਚਾਰਕੇ ਜੰਗ ਦੀ ਤਿਆਰੀ ਮੁਕੰਮਲ ਹੋ ਜਾਂਦੀ ਹੈ ਤਾਂ ਉਸ ਮੁਲਕ ਉੱਪਰ ਅਚਾਨਕ ਹਮਲਾ ਕਰ ਦਿੱਤਾ ਜਾਂਦਾ ਹੈ। ਜੰਗਾਂ ਦੇ ਇਤਿਹਾਸ ਤੋਂ ਵਾਕਫ਼ ਜਾਗਰੂਕ ਲੋਕ ਜਾਣਦੇ ਹਨ ਕਿ ਦੂਜੀ ਸੰਸਾਰ ਜੰਗ ਤੋਂ ਬਾਅਦ ਅਮਰੀਕਾ ਕਿਸ ਤਰ੍ਹਾਂ ਦੁਨੀਆ ਦੇ ਵੱਖ-ਵੱਖ ਮੁਲਕਾਂ ਵਿਰੁੱਧ ਲਗਾਤਾਰ ਧਾੜਵੀ ਹਮਲੇ ਅਤੇ ਨਹੱਕੀਆਂ ਜੰਗਾਂ ਚਲਾ ਰਿਹਾ ਹੈ। ਅਮਰੀਕੀ ਸਾਮਰਾਜੀ ਹੁਕਮਰਾਨ ਜਿਨ੍ਹਾਂ ਮੁਲਕਾਂ ਦੇ ਚੁਣੇ ਹੋਏ ਰਾਸ਼ਟਰਪਤੀਆਂ ਨੂੰ ਆਪਣੇ ਰਾਹ ਦਾ ਰੋੜਾ ਸਮਝਦੇ ਹਨ, ਉਨ੍ਹਾਂ ਨੂੰ ਕਤਲ ਕਰਵਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ।

ਅਮਰੀਕੀ ਪਸਾਰਵਾਦੀ ਸਾਜ਼ਿਸ਼ ਨੂੰ ਸਮਝਣ ਲਈ 21ਵੀਂ ਸਦੀ ਦੀਆਂ ਕੁਝ ਮਿਸਾਲਾਂ ਹੀ ਕਾਫ਼ੀ ਹਨ। 2003 'ਚ ਅਮਰੀਕਾ ਨੇ ਇਰਾਕ 'ਤੇ ਹਮਲਾ ਕਰਨ ਲਈ ਇਹ ਝੂਠਾ ਦਾਅਵਾ ਕੀਤਾ ਕਿ ਇਰਾਕ ਕੋਲ ਵਿਸ਼ਾਲ ਤਬਾਹੀ ਮਚਾਉਣ ਵਾਲੇ ਹਥਿਆਰ (ਡਬਲਯੂ.ਐੱਮ.ਡੀਜ਼) ਹਨ, ਜਿਨ੍ਹਾਂ ਵਿਚ ਪਰਮਾਣੂ ਹਥਿਆਰ ਵੀ ਸ਼ਾਮਲ ਹਨ। ਇਹ ਦਾਅਵਾ ਸੰਯੁਕਤ ਰਾਸ਼ਟਰ ਵਿਚ ਅਮਰੀਕੀ ਬਦੇਸ਼ ਮੰਤਰੀ ਕੌਲਿਨ ਪਾਵੇਲ ਵੱਲੋਂ ਨਕਸ਼ਿਆਂ ਅਤੇ ਕਥਿਤ ਸਬੂਤਾਂ ਦੇ ਨਾਲ ਕੀਤਾ ਗਿਆ। ਇਸਦਾ ਨਾ ਸੰਯੁਕਤ ਰਾਸ਼ਟਰ ਅਤੇ ਅਮਰੀਕੀ ਜਾਂਚ-ਕਰਤਾਵਾਂ ਨੂੰ ਜੰਗ ਤੋਂ ਪਹਿਲਾਂ ਅਜਿਹਾ ਕੋਈ ਸਬੂਤ ਮਿਲਿਆ ਅਤੇ ਨਾ ਜੰਗ ਤੋਂ ਪਿੱਛੋਂ।

ਜੰਗ ਵਿੱਢੇ ਜਾਣ ਤੋਂ ਐਨ ਪਹਿਲਾਂ ਇਰਾਕ ਨੇ ਅਮਰੀਕੀ ਮੰਗਾਂ ਮੰਨ ਲਈਆਂ ਸਨ ਅਤੇ ਹਥਿਆਰ ਨਿਰੀਖਕਾਂ ਨੂੰ ਆਪਣੇ ਫ਼ੌਜੀ ਟਿਕਾਣਿਆਂ ਸਮੇਤ ਹਰ ਥਾਂ ਦੀ ਜਾਂਚ ਦੀ ਇਜਾਜ਼ਤ ਦੇਣੀ ਚਾਹੀ। ਪਰ ਅਮਰੀਕਾ ਨੇ ਆਪਣੀਆਂ ਮੰਗਾਂ ਬਦਲ ਦਿੱਤੀਆਂ—ਹੁਣ ਉਨ੍ਹਾਂ ਨੇ ਮੰਗ ਕਰਨੀ ਸ਼ੁਰੂ ਕਰ ਦਿੱਤੀ ਕਿ ਇਰਾਕੀ ਫ਼ੌਜ ਅਮਰੀਕੀ/ਨਾਟੋ ਫੌਜੀ ਕਬਜ਼ੇ ਨੂੰ ਸਵੀਕਾਰ ਕਰੇ। ਦੂਜੇ ਸ਼ਬਦਾਂ 'ਚ, ਇਰਾਕੀ ਫ਼ੌਜ ਬਿਨਾਂ ਸ਼ਰਤ ਅਮਰੀਕੀ ਫ਼ੌਜ ਅੱਗੇ ਗੋਡੇ ਟੇਕ ਦੇਵੇ।

ਤਬਾਹੀ ਦੇ ਹਥਿਆਰ ਤਾਂ ਸਿਰਫ਼ ਬਹਾਨਾ ਸਨ। ਇਰਾਕ ਯੁੱਧ ਕਦੇ ਵੀ ਅਜਿਹੇ ਹਥਿਆਰਾਂ ਬਾਰੇ ਨਹੀਂ ਸੀ। ਇਹ ਸ਼ੁਰੂ ਤੋਂ ਹੀ ਉੱਥੋਂ ਦੀ ਨਾਬਰ ਹਕੂਮਤ ਨੂੰ ਬਦਲਣ ਲਈ ਸੀ — 'ਸੁਰੱਖਿਆ' ਦੇ ਝੂਠੇ ਬਹਾਨੇ ਇਕਤਰਫ਼ਾ ਫ਼ੌਜੀ ਹਮਲਾ। ਅਸਲ ਨਿਸ਼ਾਨਾ ਸੀ ਇਰਾਕ ਵਿਚ ਹਕੂਮਤ ਦਾ ਤਖ਼ਤਾ ਪਲਟਣਾ, ਸਦਾਮ ਹੁਸੈਨ ਨੂੰ ਹਟਾਉਣਾ ਅਤੇ ਉਸ ਦੀ ਰਾਜਸੀ ਪਾਰਟੀ ਨੂੰ ਤੋੜਨਾ। ਇਸੇ ਤਰਜ਼ 'ਤੇ ਉਹ ਮੱਧ ਪੂਰਬ ਵਿਚ ਹਰ ਨਾਬਰ ਤਾਕਤ ਨੂੰ ਮਿਟਾ ਦੇਣਾ ਚਾਹੁੰਦੇ ਹਨ।

ਇਸੇ ਤਰ੍ਹਾਂ ਦਾ ਝੂਠਾ ਬਹਾਨਾ ਇਰਾਨ ਉੱਪਰ ਜੰਗ ਥੋਪਣ ਲਈ ਬਣਾਇਆ ਗਿਆ। 2024 ਦੇ ਅਖ਼ੀਰ 'ਚ ਸੀਰੀਆ ਦੀ ਅਸਦ ਹਕੂਮਤ ਖ਼ਤਮ ਹੋ ਜਾਣ ਅਤੇ ਇੱਧਰ ਟਰੰਪ ਦੇ ਮੁੜ ਸੱਤਾ ਵਿਚ ਆਉਣ ਤੋਂ ਬਾਅਦ ਅਮਰੀਕਾ ਨੇ ਇਰਾਨ ਨੂੰ ਇਹ ਵਿਸ਼ਵਾਸ ਦਿਵਾਉਣ ਲਈ ਗੱਲਬਾਤ ਦੀ ਚਾਲ ਖੇਡੀ ਕਿ ਜੰਗ ਨੂੰ ਟਾਲਣ ਲਈ ਸਮਝੌਤਾ ਹੋ ਸਕਦਾ ਹੈ। ਜਦੋਂ ਇਰਾਨ ਨੇ ਇਹ ਮੰਨ ਲਿਆ ਕਿ ਉਸ ਕੋਲ ਕੋਈ ਪ੍ਰਮਾਣੂ ਬੰਬ ਨਹੀਂ ਹੈ ਅਤੇ ਨਾ ਹੀ ਉਹ ਭਵਿੱਖ ਵਿਚ ਅਜਿਹਾ ਕੁਝ ਬਣਾਏਗਾ, ਤਾਂ ਅਮਰੀਕਾ ਨੇ ਗੱਲਬਾਤ ਦੀਆਂ ਨਵੀਂਆਂ ਸ਼ਰਤਾਂ ਰੱਖ ਦਿੱਤੀਆਂ। ਹੁਣ ਮੰਗ ਕਰਨੀ ਸ਼ੁਰੂ ਕਰ ਦਿੱਤੀ ਕਿ ਇਰਾਨ ਆਪਣੇ ਫ਼ੌਜੀ ਟਿਕਾਣੇ ਅਮਰੀਕੀ ਅਤੇ ਇਜ਼ਰਾਈਲੀ ਨਿਰੀਖਣ ਲਈ ਖੋਲ੍ਹੇ ਅਤੇ ਆਪਣਾ ਸਾਰਾ ਯੂਰੇਨੀਅਮ ਭੰਡਾਰ ਉਨ੍ਹਾਂ ਨੂੰ ਸੌਂਪ ਦੇਵੇ।






ਇਰਾਨ ਨੇ ਆਪਣੇ ਸਿਵਲ ਪ੍ਰਮਾਣੂ ਬਿਜਲੀ ਉਤਪਾਦਨ ਨੂੰ ਚਲਾਉਣ ਲਈ ਜ਼ਰੂਰੀ ਯੂਰੇਨੀਅਮ ਨੂੰ ਛੱਡਕੇ ਬਾਕੀ ਸਾਰਾ ਰੂਸ ਦੇ ਜ਼ਰੀਏ ਅੰਤਰਰਾਸ਼ਟਰੀ ਕੰਟਰੋਲ ਦੇ ਹਵਾਲੇ ਕਰਨ ਦੀ ਪੇਸ਼ਕਸ਼ ਕੀਤੀ, ਪਰ ਅਮਰੀਕਨ ਹਕੂਮਤ ਨੇ ਜ਼ਿੱਦ ਕੀਤੀ ਕਿ ਸਾਰਾ ਯੂਰੇਨੀਅਮ ਉਨ੍ਹਾਂ ਦੇ ਹਵਾਲੇ ਕੀਤਾ ਜਾਵੇ, ਜਿਸਦਾ ਭਾਵ ਸੀ ਕਿ ਇਰਾਨ ਆਪਣੇ ਪਰਮਾਣੂ ਬਿਜਲੀ ਘਰ ਬੰਦ ਕਰੇ। ਇਹ ਨੋਟ ਕਰਨਾ ਜ਼ਰੂਰੀ ਹੈ ਕਿ ਟਰੰਪ ਨੇ ਜਨਤਕ ਤੌਰ 'ਤੇ ਕਿਹਾ ਕਿ 15 ਜੂਨ ਨੂੰ ਹੋਣ ਵਾਲੀ ਗੱਲਬਾਤ ਵਿਚ ਸਮਝੌਤਾ ਲੱਗਭੱਗ ਤੈਅ ਹੈ, ਉਸ ਤੋਂ 48 ਘੰਟੇ ਦੇ ਅੰਦਰ ਹੀ 13 ਜੂਨ ਨੂੰ ਇਜ਼ਰਾਇਲ ਨੇ ਅਚਾਨਕ ਹਮਲਾ ਕਰ ਦਿੱਤਾ। ਇਸਦਾ ਸਪਸ਼ਟ ਉਦੇਸ਼ ਗੱਲਬਾਤ ਦਾ ਭੋਗ ਪਾਉਣਾ ਸੀ। ਇਰਾਨ ਦੀ ਹਵਾਈ ਰੱਖਿਆ ਪ੍ਰਣਾਲੀ ਨੂੰ ਭਾਰੀ ਨੁਕਸਾਨ ਪਹੁੰਚਾਇਆ ਗਿਆ ਅਤੇ ਫ਼ੌਜੀ ਟਿਕਾਣਿਆਂ, ਬਿਜਲੀਘਰਾਂ, ਇੱਥੋਂ ਤੱਕ ਕਿ ਪ੍ਰਮਾਣੂ ਥਾਵਾਂ ਉੱਤੇ ਵੀ ਹਮਲੇ ਕੀਤੇ ਗਏ। ਇਸ ਨਾਲ ਰੇਡੀਏਸ਼ਨ ਦਾ ਰਿਸਾਅ ਹੋ ਸਕਦਾ ਸੀ ਜੋ ਕਿ ਅੰਤਰਰਾਸ਼ਟਰੀ ਕਾਨੂੰਨਾਂ ਦੇ ਤਹਿਤ ਜੰਗੀ ਜੁਰਮ ਹੈ। ਇਸਦੇ ਨਾਲ ਹੀ ਗਿਣ-ਮਿੱਥਕੇ ਆਹਲਾ ਫ਼ੌਜੀ ਅਧਿਕਾਰੀਆਂ, ਸਿਵਲ ਵਿਗਿਆਨੀਆਂ ਅਤੇ ਸਰਕਾਰੀ ਨੁਮਾਇੰਦਿਆਂ ਨੂੰ ਕਤਲ ਕੀਤਾ ਗਿਆ। ਪਹਿਲਾਂ ਗਾਜ਼ਾ ਅਤੇ ਲਿਬਨਾਨ ਵਿਚ ਵੀ ਇਹੀ 'ਡਿਕੈਪੀਟੇਸ਼ਨ ਸਟਰੈਟਜੀ' ਵਰਤੀ ਗਈ ਸੀ। 'ਦੁਸ਼ਮਣ' ਫ਼ੌਜੀ ਤਾਕਤ ਉੱਪਰ ਸਿੱਧਾ ਹਮਲਾ ਕਰਨ ਦੀ ਬਜਾਏ ਧੋਖੇ ਨਾਲ ਉਨ੍ਹਾਂ ਦੀ ਲੀਡਰਸ਼ਿਪ ਅਤੇ ਫ਼ੌਜੀ ਕਮਾਨ ਨੂੰ ਖ਼ਤਮ ਦਿਓ।

ਦਰਅਸਲ, ਅਜਿਹੀ ਕੋਈ ਭੜਕਾਹਟ ਬਿਲਕੁਲ ਨਹੀਂ ਸੀ ਜਿਸ ਕਾਰਨ ਇਜ਼ਰਾਇਲ ਨੂੰ ਹਮਲਾ ਕਰਨਾ ਪੈਂਦਾ। ਨੇਤਨਯਾਹੂ ਗੈਂਗ ਕੋਲ ਹਮਲੇ ਦਾ ਕਾਰਨ ਗਿਣਾਉਣ ਲਈ ਸਿਰਫ਼ ਇਰਾਨ ਦੇ ਪਰਮਾਣੂ ਪ੍ਰੋਗਰਾਮ ਬਾਰੇ ਬੇਬੁਨਿਆਦ ਦਾਅਵੇ ਸਨ, ਜਿਨ੍ਹਾਂ ਨੂੰ ਖ਼ੁਦ ਅਮਰੀਕੀ ਖੁਫੀਆ ਏਜੰਸੀਆਂ ਅਤੇ ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ (9151) ਵਾਰ-ਵਾਰ ਖਾਰਜ ਕਰ ਚੁੱਕੀਆਂ ਹਨ। ਹਮਲੇ ਦੇ ਸਮੇਂ, ਇਰਾਨ ਅਮਰੀਕਾ ਨਾਲ ਕੂਟਨੀਤਕ ਗੱਲਬਾਤ ਕਰ ਰਿਹਾ ਸੀ, ਇਹ ਤੱਥ ਵੀ ਇਜ਼ਰਾਈਲ ਦੇ ਹਮਲੇ ਦੀ ਦਲੀਲ ਨੂੰ ਝੂਠ ਸਾਬਤ ਕਰਦਾ ਹੈ।

ਇਹ ਸਭ ਇਰਾਕ ਯੁੱਧ (2003) ਵਾਲੀ ਯੁੱਧਨੀਤੀ ਦਾ ਦੁਹਰਾਓ ਹੀ ਸੀ — ਪਹਿਲਾਂ ਝੂਠੇ ਬਹਾਨੇ ਘੜਕੇ ਜੰਗ ਦਾ ਮਾਹੌਲ ਬਣਾਉਣਾ, ਫਿਰ ਗੱਲਬਾਤ ਵਿਚ ਨਵੀਂਆਂ-ਨਵੀਂਆਂ ਸ਼ਰਤਾਂ ਸ਼ਾਮਲ ਕਰਦੇ ਜਾਣਾ ਅਤੇ ਆਖਿਰਕਾਰ ਤਬਾਹੀ ਮਚਾਉਣ ਵਾਲਾ ਹਵਾਈ ਹਮਲਾ ਕਰਕੇ ਮੁਲਕ ਦੀ ਆਰਥਿਕਤਾ ਨੂੰ ਅਪਾਹਜ ਕਰ ਦੇਣਾ; ਰਾਜਨੀਤਕ ਅਸਥਿਰਤਾ ਫੈਲਾਕੇ ਸਰਕਾਰ ਨੂੰ ਤੋੜਨਾ ਅਤੇ ਆਪਣੀ ਪਿੱਠੂ ਸਰਕਾਰ ਥੋਪ ਦੇਣਾ। ਅਮਰੀਕਾ ਵੱਲੋਂ 'ਗੱਲਬਾਤ ਦਾ ਉਦੇਸ਼' ਕਦੇ ਵੀ ਸਮਝੌਤਾ ਕਰਨਾ ਨਹੀਂ ਹੁੰਦਾ - ਇਹ ਜੰਗੀ ਤਿਆਰੀ ਲਈ ਸਮਾਂ ਲੈਣ ਲਈ ਹੁੰਦਾ ਹੈ। ਜਦੋਂ ਜੰਗ ਥੋਪਣ 'ਤੇ ਤੁਲੇ ਅਮਰੀਕੀ ਹੁਕਮਰਾਨਾਂ ਨੂੰ ਝੂਠੇ ਬਹਾਨੇ ਕਾਫ਼ੀ ਨਹੀਂ ਜਾਪਦੇ ਤਾਂ ਝੂਠੇ ਹਮਲੇ ("ਫਾਲਸ ਫਲੈਗ ਓਪਰੇਸ਼ਨ) ਕਰਵਾਏ ਜਾਂਦੇ ਹਨ। ਵੀਅਤਨਾਮ, ਗਰੇਨਾਡਾ, ਪਨਾਮਾ, ਇਰਾਕ ਅਤੇ ਸੀਰੀਆ ਬਾਰੇ ਇਸੇ ਤਰ੍ਹਾਂ ਝੂਠੇ ਇਲਜ਼ਾਮ ਘੜੇ ਗਏ ਤਾਂ ਜੋ ਦੁਨੀਆ ਨੂੰ ਲੱਗੇ ਕਿ ਅਮਰੀਕਾ ਨੇ ਹਮਲਾ ਕਰਕੇ ਸਹੀ ਕੰਮ ਕੀਤਾ ਹੈ। ਯੂਕਰੇਨ ਸੰਕਟ ਵਿਚ ਵੀ ਅਮਰੀਕੀ ਯੁੱਧਨੀਤੀ ਵਰਤੀ ਗਈ ਪਰ ਵੱਖਰੇ ਤਰੀਕੇ ਨਾਲ। 2014 'ਚ ਅਮਰੀਕਾ ਦੀ ਮੱਦਦ ਨਾਲ ਯੂਕਰੇਨ ਵਿਚ ਤਖ਼ਤਾ ਪਲਟ ਹੋਇਆ, ਜਿਸ ਤੋਂ ਬਾਅਦ ਰੂਸ ਨੇ ਕ੍ਰਾਈਮੀਆ 'ਤੇ ਕਬਜ਼ਾ ਕਰ ਲਿਆ ਤਾਂ ਜੋ ਨਾਟੋ ਨੂੰ ਕਾਲੇ ਸਮੁੰਦਰ 'ਤੇ ਕਬਜ਼ਾ ਕਰਨ ਤੋਂ ਰੋਕਿਆ ਜਾ ਸਕੇ। 2015 ਦੇ ਮਿੰਸਕ ਸਮਝੌਤੇ ਬਾਰੇ, ਜਿਸ ਦੀ ਜ਼ਾਮਨੀ ਜਰਮਨੀ ਅਤੇ ਫਰਾਂਸ ਨੇ ਦਿੱਤੀ ਸੀ, ਬਾਅਦ ਵਿਚ ਮਰਕਲ ਅਤੇ ਹੋਲੈਂਡੇ ਨੇ ਖ਼ੁਦ ਕਬੂਲਿਆ ਕਿ ਇਹ ਰੂਸ ਨੂੰ ਠੱਗਣ ਦੀ ਚਾਲ ਸੀ, ਤਾਂ ਜੋ ਯੂਕਰੇਨ ਨੂੰ ਜੰਗ ਲਈ ਤਿਆਰ ਕੀਤਾ ਜਾ ਸਕੇ। ਅਮਰੀਕਾ ਨੇ 2015 'ਚ ਹੀ ਯੂਕਰੇਨ ਰਾਹੀਂ ਰੂਸ ਨਾਲ ਜੰਗ ਦੀ ਯੋਜਨਾ ਬਣਾ ਲਈ ਸੀ, ਪਰ ਟਰੰਪ ਦੇ ਸੱਤਾ ਵਿਚ ਆਉਣ ਤੋਂ ਬਾਅਦ ਇਹ ਯੋਜਨਾ ਠੰਡੇ ਬਸਤੇ 'ਚ ਪਾ ਲਈ ਗਈ। ਜਦੋਂ 2021 ਚ ਬਾਇਡਨ ਰਾਸ਼ਟਰਪਤੀ ਬਣਿਆ ਤਾਂ ਇਹ ਯੋਜਨਾ ਅਮਲ 'ਚ ਲਿਆਉਣੀ ਸ਼ੁਰੂ ਕਰ ਦਿੱਤੀ ਗਈ। ਯੂਕਰੇਨ ਨੂੰ ਹਥਿਆਰ ਅਤੇ ਫ਼ੌਜੀ ਸਿਖਲਾਈ ਦਿੱਤੀ ਜਾਣ ਲੱਗੀ। ਫਰਵਰੀ 2022 'ਚ ਰੂਸ ਨੇ ਯੂਕਰੇਨ ਦੇ ਸੰਭਾਵਿਤ ਹਮਲੇ ਤੋਂ ਪਹਿਲਾਂ ਖ਼ੁਦ ਹੀ ਹਮਲਾ ਕਰ ਦਿੱਤਾ, ਜਿਸ ਤੋਂ ਬਾਅਦ ਇਸਤਾਂਬੁਲ ਵਿਚ ਮੁੱਢਲਾ ਸ਼ਾਂਤੀ ਸਮਝੌਤਾ ਹੋਇਆ, ਪਰ ਨਾਟੋ ਗੱਠਜੋੜ ਨੇ ਯੂਕਰੇਨ ਨੂੰ ਉਸਨੂੰ ਰੱਦ ਕਰਨ ਅਤੇ ਜੰਗ ਜਾਰੀ ਰੱਖਣ ਲਈ ਮਨਾ ਲਿਆ।

ਇਰਾਕ ਅਤੇ ਇਰਾਨ ਵਾਂਗ, ਇੱਥੇ ਵੀ ਗੱਲਬਾਤ ਦਾ ਮਕਸਦ ਕਦੇ ਵੀ ਸੱਚਮੁੱਚ ਸਮਝੌਤਾ ਕਰਨਾ ਨਹੀਂ ਸੀ, ਸਗੋਂ ਰੂਸ ਨੂੰ ਧੋਖੇ ਵਿਚ ਰੱਖਕੇ ਯੂਕਰੇਨ ਨੂੰ ਜੰਗ ਲਈ ਤਿਆਰ ਕਰਨਾ ਸੀ। ਅਮਰੀਕਾ ਦਾ ਅਸਲ ਉਦੇਸ਼ ਤਾਂ ਰੂਸ ਵਿਚ ਹਕੂਮਤ ਬਦਲਣਾ ਸੀ - ਆਰਥਕ ਪਾਬੰਦੀਆਂ ਅਤੇ ਜੰਗ ਰਾਹੀਂ ਪੂਤਿਨ ਨੂੰ ਪਾਸੇ ਕਰਨਾ। 2015 ਅਤੇ 2022 ਦੀਆਂ ਗੱਲਬਾਤ ਸਿਰਫ਼ ਸਮਾਂ ਲੈਣ ਦੀ ਚਾਲ ਸੀ। ਰੂਸੀ ਸਾਮਰਾਜੀ ਸ਼ਰੀਕ ਵੀ ਇਹ ਚਾਲਾਂ ਬਖ਼ੂਬੀ ਸਮਝਦੇ ਹਨ ਅਤੇ ਉਹ ਯੂਕਰੇਨ ਨੂੰ ਅਮਰੀਕਾ ਦਾ ਸਥਾਨਕ ਫ਼ੌਜੀ ਅੱਡਾ ਬਣਨ ਤੋਂ ਰੋਕਣ ਲਈ ਪੂਰਾ ਤਾਣ ਲਾ ਰਹੇ ਹਨ। ਜਿੱਥੋਂ ਤੱਕ ਯੂਕਰੇਨ ਦਾ ਸਵਾਲ ਹੈ, ਉਸ ਨੂੰ ਯੁੱਧ ਰਾਹੀਂ ਤਬਾਹ ਕਰਕੇ ਆਰਥਕ ਤੌਰ 'ਤੇ ਬੁਰੀ ਤਰ੍ਹਾਂ ਆਪਣਾ ਮੁਹਤਾਜ ਬਣਾ ਲਿਆ ਅਤੇ ਕਰਜ਼ੇ ਦੇ ਬਹਾਨੇ ਉਸਦੇ ਵਡਮੁੱਲੇ ਖਣਿਜ ਭੰਡਾਰ ਹਥਿਆ ਲਏ ਗਏ।

ਅਮਰੀਕਾ-ਇਜ਼ਰਾਇਲ ਗੱਠਜੋੜ ਨੇ ਫ਼ਲਸਤੀਨੀਂ ਲੋਕਾਂ ਦੀ ਨਸਲਕੁਸ਼ੀ ਕਰਨ ਦੇ ਪਸਾਰਵਾਦੀ ਮਨਸੂਬੇ ਤਹਿਤ ਅਕਤੂਬਰ 2023 ਤੋਂ ਲੈ ਕੇ ਗਾਜ਼ਾ ਅਤੇ ਹੋਰ ਸੰਘਣੀ ਵਸੋਂ ਵਾਲੇ ਫ਼ਲਸਤੀਨੀਂ ਖੇਤਰਾਂ ਉੱਪਰ ਲਗਾਤਾਰ ਬਾਰੂਦ ਦੀ ਵਾਛੜ ਕਰਕੇ ਪੂਰੇ ਖੇਤਰ ਹੀ ਮਲਬੇ ਦੇ ਢੇਰ ਬਣਾ ਦਿੱਤੇ ਹਨ ਅਤੇ ਨਾਕਾਬੰਦੀ ਰਾਹੀਂ

ਬਣਾਏ ਭੁੱਖਮਰੀ ਦੇ ਹਾਲਾਤ ਹੋਰ ਵੀ ਭਿਆਨਕਤਾ ਨਾਲ ਫ਼ਲਸਤੀਨੀਆਂ ਨੂੰ ਮੌਤ ਦੇ ਮੂੰਹ ਵਿਚ ਧੱਕ ਰਹੇ ਹਨ। ਇਸ ਨਸਲਕੁਸ਼ੀ ਵਿਚ ਅਮਰੀਕੀ ਹਕੂਮਤ ਦੀ ਸੂਤਰਧਾਰ ਵਾਲੀ ਭੂਮਿਕਾ ਜੱਗ ਜ਼ਾਹਿਰ ਹੈ। ਹੁਣ ਇਸਦਾ ਵਿਸਤਾਰ ਕਰਕੇ ਇਰਾਨ ਨੂੰ ਅਮੁੱਕ ਜੰਗ ਵਿਚ ਲਪੇਟ ਲਿਆ ਗਿਆ ਹੈ। ਪਿਛਲੇ ਹਫ਼ਤਿਆਂ ਤੋਂ ਅਮਰੀਕੀ-ਇਜ਼ਰਾਇਲੀ ਗੱਠਜੋੜ ਨੇ ਪੂਰੇ ਮੱਧ ਪੂਰਬ ਨੂੰ ਯੁੱਧ ਦਾ ਮੈਦਾਨ ਬਣਾਇਆ ਹੋਇਆ ਹੈ। ਟਰੰਪ ਸਰਕਾਰ ਨੇ ਗਿਣੀ-ਮਿੱਥੀ ਯੋਜਨਾ ਤਹਿਤ ਇਰਾਨ ਨਾਲ ਪ੍ਰਮਾਣੂ ਸਮਝੌਤੇ ਬਾਰੇ ਗੱਲਬਾਤ ਕਰਨ ਦਾ ਜਾਲ ਵਿਛਾਇਆ ਅਤੇ ਇਰਾਨ ਦੀ ਫ਼ੌਜੀ ਲੀਡਰਸ਼ਿੱਪ ਤੇ ਪ੍ਰਮਾਣੂ ਵਿਗਿਆਨੀਆਂ ਦੀ ਲੋਕੇਸ਼ਨ ਦੀ ਸੂਹ ਦੇ ਕੇ ਇਜ਼ਰਾਇਲੀ ਹਮਲੇ ਵਿਚ ਉਨ੍ਹਾਂ ਨੂੰ ਮਰਵਾ ਦਿੱਤਾ ਗਿਆ ਅਤੇ ਫਿਰ ਇਰਾਨ ਵਿਰੁੱਧ ਜੰਗ ਵਿਚ ਸ਼ਾਮਲ ਹੋਣ ਦਾ ਬਹਾਨਾ ਘੜ ਲਿਆ।

ਲਿਹਾਜ਼ਾ, ਇਹ ਜੰਗ ਪੂਰੀ ਤਰ੍ਹਾਂ ਨਹੱਕੀ, ਨਵਾਜਬ ਅਤੇ ਧਾੜਵੀ ਹੈ। ਇਰਾਨ ਦੀ ਆਜ਼ਾਦੀ ਅਤੇ ਪ੍ਰਭੂਸੱਤਾ ਵਿਰੁੱਧ ਟਰੰਪ ਸਰਕਾਰ ਦਾ ਇਹ ਹਮਲਾ ਅੰਤਰਰਾਸ਼ਟਰੀ ਕਾਇਦੇ-ਕਾਨੂੰਨਾਂ ਦੀ ਖੁੱਲ੍ਹੀ ਉਲੰਘਣਾ ਹੈ। ਪੈਰ-ਪੈਰ 'ਤੇ ਬਿਆਨ ਬਦਲਣ ਵਾਲੇ ਸਾਮਰਾਜੀ ਠੱਗ ਟਰੰਪ ਲਈ ਇਹ ਬੇਸ਼ਰਮੀਂ ਕੋਈ ਖ਼ਾਸ ਗੱਲ ਨਹੀਂ ਹੈ। 2024 ਦੀਆਂ ਚੋਣਾਂ ਦੌਰਾਨ 21ਵੀਂ ਸਦੀ ਵਿਚ ਅਮਰੀਕਾ ਦੀਆਂ 'ਅਮੁੱਕ ਜੰਗਾਂ' ਨੂੰ ਬੰਦ ਕਰਨ ਦੇ ਵਾਅਦੇ ਕਰਨ ਵਾਲੇ ਟਰੰਪ ਨੇ ਸੱਤਾ ਵਿਚ ਆ ਕੇ ਛੇ ਮਹੀਨਿਆਂ ਦੇ ਅੰਦਰ ਹੀ ਇਰਾਨ ਵਿਰੁੱਧ ਇਕ ਨਵੀਂ, 'ਅਮੁੱਕ' ਜੰਗ ਛੇੜ ਦਿੱਤੀ ਹੈ। ਟਰੰਪ ਦੇ ਬਿਆਨਾਂ ਵਿਚ ਜੰਗ ਦਾ ਅਸਲ ਨਿਸ਼ਾਨਾ ਸਾਫ਼ ਝਲਕਦਾ ਹੈ। ਟਰੰਪ ਨੇ ਕਿਹਾ ਕਿ ਇਰਾਨ "ਮੱਧ ਪੂਰਬ ਦਾ ਗੁੰਡਾ" ਅਤੇ "ਦਹਿਸ਼ਤਵਾਦ ਦੀ ਪੁਸ਼ਤਪਨਾਹੀ ਕਰਨ ਵਾਲਾ ਇਕ ਨੰਬਰ ਮੁਲਕ" ਹੈ, "ਮੱਧ ਪੂਰਬ ਅਤੇ ਪੂਰੀ ਦੁਨੀਆ ਵਿਚ ਲੱਖਾਂ ਲੋਕ ਈਰਾਨ ਦੀਆਂ ਕਾਰਵਾਈਆਂ ਦੇ ਸਿੱਧੇ ਨਤੀਜੇ ਵਜੋਂ ਮਾਰੇ ਗਏ ਹਨ।" ਇਹ ਵੀ ਕਿ ਇਰਾਨ "ਬਿਨਾਂਸ਼ਰਤ ਗੋਡੇ ਟੇਕ ਦੇਵੇ।" ਉਸਨੇ ਟਰੁੱਥ ਸੋਸ਼ਲ ਉੱਪਰ ਇਰਾਨ ਦੇ ਪ੍ਰਮੁੱਖ ਆਗੂ ਖਾਮੇਨੀ ਨੂੰ ਕਤਲ ਕਰਨ ਦੀ ਧਮਕੀ ਦਿੰਦਿਆਂ ਲਿਖਿਆ ਕਿ ਉਸ ਨੂੰ ਪਤਾ ਹੈ ਕਿ ਖਾਮੇਨੀ ਕਿੱਥੇ ਲੁਕਿਆ ਹੋਇਐ। "ਅਸੀਂ ਉਸ ਨੂੰ ਧੂਹ ਕੇ ਕੱਢਣ ਨਹੀਂ ਜਾ ਰਹੇ। ਘੱਟੋ ਘੱਟ ਇਸ ਸਮੇਂ ਤਾਂ ਨਹੀਂ।" ਹਮਲੇ ਤੋਂ ਬਾਅਦ ਟਰੰਪ ਨੇ ਕਿਹਾ: "ਇਹ ਨਹੀਂ ਚੱਲੇਗਾ। ਜਾਂ ਤਾਂ ਅਮਨ ਹੋਵੇਗਾ, ਜਾਂ ਫਿਰ ਇਰਾਨ ਲਈ ਪਿਛਲੇ ਅੱਠ ਦਿਨਾਂ ਤੋਂ ਕਿਤੇ ਵੱਡੀ ਤ੍ਰਾਸਦੀ ਆਵੇਗੀ। ਯਾਦ ਰੱਖੋ, ਅਜੇ ਬਹੁਤ ਸਾਰੇ ਨਿਸ਼ਾਨੇ ਬਾਕੀ ਹਨ।" ਇਜ਼ਰਾਇਲੀ ਰੱਖਿਆ ਮੰਤਰੀ ਕਾਤਜ਼ ਨੇ ਸਾਫ਼ ਕਿਹਾ ਹੈ ਕਿ ਖਾਮੇਨੀ ਦੀ "ਹੋਂਦ ਬਣੇ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।"

ਇਸ ਤੋਂ ਬਿਲਕੁਲ ਸਪਸ਼ਟ ਹੈ ਕਿ ਬੁਰਾਈ ਦਾ ਧੁਰਾ ਅਮਰੀਕਾ-ਇਜ਼ਰਾਈਲ ਕੀ ਹਾਸਲ ਕਰਨਾ ਚਾਹੁੰਦਾ ਹੈ: ਮੱਧ ਪੂਰਬ ਵਿੱਚ ਪਰਮਾਣੂ ਹਥਿਆਰਾਂ 'ਤੇ ਆਪਣੀ ਅਜਾਰੇਦਾਰੀ ਬਣਾਈ ਰੱਖਣਾ ਅਤੇ ਇਰਾਨ ਨੂੰ ਕਿਸੇ ਵੀ ਕਿਸਮ ਦੀ ਰੱਖਿਆਤਮਕ ਸਮਰੱਥਾ ਹਾਸਲ ਕਰਨ ਤੋਂ ਰੋਕਣਾ। ਪੱਛਮੀ ਤਾਕਤਾਂ ਅਮਰੀਕੀ-ਇਜ਼ਰਾਇਲੀ ਧੁਰੇ ਵੱਲੋਂ ਇਰਾਕ ਵਿਰੁੱਧ ਹਮਲੇ ਦੀ ਤਰਜ਼ 'ਤੇ ਇਰਾਨ ਦੀ ਪ੍ਰਭੂਸੱਤਾ ਉੱਪਰ ਹਮਲੇ ਦੇ ਅਸਲ ਮਨੋਰਥ ਉੱਪਰ ਪਰਦਾ ਪਾ ਰਹੀਆਂ ਹਨ। ਪੱਛਮੀ ਤਾਕਤਾਂ ਦੀ ਹਮੇਸ਼ਾ ਇਹ ਖਸਲਤ ਰਹੀ ਹੈ ਕਿ ਜਿਨ੍ਹਾਂ ਅੰਤਰਰਾਸ਼ਟਰੀ ਕਾਇਦੇ-ਕਾਨੂੰਨਾਂ ਦੇ ਇਹ ਦਾਅਵੇ ਕਰਦੀਆਂ ਹਨ, ਆਪਣੇ ਹੀ ਬਣਾਏ ਉਨ੍ਹਾਂ ਹੀ ਕਾਨੂੰਨਾਂ ਨੂੰ ਤਿਲਾਂਜਲੀ ਦੇ ਕੇ ਅਮਰੀਕੀ-ਇਜ਼ਰਾਈਲੀ ਹਮਲਾਵਰ ਜੰਗਾਂ ਦਾ ਝੂਠੀਆਂ ਦਲੀਲਾਂ ਘੜਕੇ ਸਾਥ ਦਿੰਦੀਆਂ ਹਨ। ਇਰਾਨ ਉੱਪਰ ਤਾਜ਼ਾ ਹਮਲੇ ਦੇ ਮਾਮਲੇ 'ਚ ਵੀ ਪੱਛਮ ਦੇ ਹੁਕਮਰਾਨ ਅਤੇ ਪੱਛਮੀ ਮੀਡੀਆ ਇਸ ਨੂੰ ਇਜ਼ਰਾਇਲ ਦੀ 'ਸਵੈਰੱਖਿਆ' ਲਈ ਸ਼ੁਰੂ ਕੀਤੀ ਜੰਗ ਦੱਸ ਕੇ ਇਸ ਦੀ ਹਮਾਇਤ ਕਰ ਰਹੇ ਹਨ। ਜਿੱਥੋਂ ਤੱਕ ਇਸਲਾਮਿਕ ਮੁਲਕਾਂ ਦਾ ਸਵਾਲ ਹੈ, ਉਹ ਸ਼ੀਆ-ਸੁੰਨੀ ਧੜਿਆਂ ਵਿਚ ਵੰਡੇ ਹੋਣ ਕਾਰਨ ਅਮਰੀਕਾ-ਇਜ਼ਰਾਇਲ ਦੇ ਦਹਿਸ਼ਤਗਰਦ ਧੁਰੇ ਦੇ ਦੁਸ਼ਟ ਹਮਲੇ ਵਿਰੁੱਧ ਡੱਟਣ ਦੀ ਬਜਾਏ ਮਜ਼੍ਹਬੀ ਪਾਟਕ ਅਤੇ ਸਾਮਰਾਜੀ ਤਾਕਤਾਂ ਨਾਲ ਆਪਣੇ ਸੰਬੰਧਾਂ ਦੇ ਆਧਾਰ 'ਤੇ ਕੂਟਨੀਤਕ ਬਿਆਨਬਾਜ਼ੀ ਕਰਨ ਲਈ ਸਰਾਪੇ ਹੋਏ ਹਨ। ਭਾਰਤ ਦੀ ਭਗਵਾ ਹਕੂਮਤ ਆਪਣੀ ਫਾਸ਼ੀਵਾਦੀ ਖ਼ਸਲਤ ਅਨੁਸਾਰ ਇਜ਼ਰਾਇਲ ਨਾਲ ਖੜ੍ਹੀ ਹੈ ਅਤੇ ਇਸਨੇ ਗਾਜ਼ਾ ਬਾਰੇ ਸੰਯੁਕਤ ਰਾਸ਼ਟਰ ਦੇ ਮਤਿਆਂ ਉੱਪਰ ਵੋਟਿੰਗ ਦੀ ਤਰ੍ਹਾਂ 'ਸ਼ੰਘਾਈ ਸਹਿਯੋਗ ਸੰਗਠਨ' ਵੱਲੋਂ ਜਾਰੀ ਕੀਤੇ ਬਿਆਨ, ਜਿਸ ਵਿਚ ਇਜ਼ਰਾਇਲੀ ਹਮਲੇ ਦੀ ਨਿਖੇਧੀ ਕੀਤੀ ਗਈ, ਤੋਂ ਦੂਰੀ ਬਣਾਕੇ ਇਜ਼ਰਾਇਲੀ ਦਹਿਸ਼ਤਵਾਦ ਨਾਲ ਵਫ਼ਾਦਾਰੀ ਪਾਲੀ ਹੈ।

ਇਜ਼ਰਾਇਲ ਨੇ ਸਿਰਫ਼ ਪ੍ਰਮਾਣੂ ਸੋਧ ਢਾਂਚੇ ਉੱਪਰ ਹਮਲੇ ਨਹੀਂ ਕੀਤੇ। ਬਹੁਮੰਜ਼ਲੀ ਇਮਾਰਤਾਂ, ਖੋਜ ਕੇਂਦਰਾਂ, ਤੇਲ-ਸੋਧਕ ਕਾਰਖ਼ਾਨਿਆਂ, ਸਰਕਾਰੀ ਟੀਵੀ, ਫ਼ੌਜੀ ਕੇਂਦਰਾਂ, ਹਸਪਤਾਲਾਂ ਉੱਪਰ ਬੇਤਹਾਸ਼ਾ ਹਮਲਿਆਂ ਦਾ ਮਨੋਰਥ ਇਰਾਨ ਦੀ ਹਕੂਮਤ ਸੀ। ਤਤਕਾਲੀ ਫ਼ੌਜੀ ਟੀਚਿਆਂ ਤੋਂ ਪਾਰ, ਇਹ ਹਮਲਾ ਇਕ ਵਿਆਪਕ ਭੂ-ਰਾਜਨੀਤਕ ਏਜੰਡੇ ਨਾਲ ਜੁੜਿਆ ਹੋਇਆ ਹੈ। ਅਮਰੀਕੀ ਸਾਮਰਾਜੀਏ ਅਤੇ ਨੇਤਨਯਾਹੂ ਦੀ ਅਗਵਾਈ ਹੇਠਲੀ ਉਨ੍ਹਾਂ ਦੀ ਜੋਟੀਦਾਰ ਦਹਿਸ਼ਤਵਾਦੀ ਇਜ਼ਰਾਇਲੀ ਹੁਕਮਰਾਨ ਜੁੰਡਲੀ, ਲੰਬੇ ਸਮੇਂ ਤੋਂ ਇਰਾਨ ਵਿਚ ਸੱਤਾ ਬਦਲਣਾ ਚਾਹੁੰਦੇ ਸਨ। ਉਹ ਚਾਹੁੰਦੇ ਹਨ ਕਿ ਕਿਸੇ ਤਰੀਕੇ ਨਾਲ ਉਸ ਮੁਲਕ ਵਿਚ ਅਫਰਾ-ਤਫ਼ਰੀ ਅਤੇ ਤਬਾਹੀ ਮਚਾ ਕੇ ਮੌਜੂਦਾ ਹਕੂਮਤ ਦਾ ਤਖ਼ਤਾ ਪਲਟਕੇ ਇਰਾਨੀ ਲੋਕਾਂ ਉੱਪਰ ਆਪਣੀ ਪਿੱਠੂ ਸਰਕਾਰ ਥੋਪ ਦਿੱਤੀ ਜਾਵੇ। ਉਨ੍ਹਾਂ ਦਾ ਟੀਚਾ ÷ਟਾਕਰੇ ਦੇ ਧੁਰੇ÷ (ਇਰਾਨ, ਹਿਜ਼ਬੁੱਲਾ, ਸੀਰੀਆ, ਅਤੇ ਹੋਰਾਂ) ਨੂੰ ਤੋੜਨਾ ਹੈ, ਜੋ ਖੇਤਰ ਵਿੱਚ ਅਮਰੀਕੀ ਅਤੇ ਇਜ਼ਰਾਈਲੀ ਦਬਦਬੇ ਦਾ ਵਿਰੋਧ ਕਰਦੇ ਹਨ।

ਕੁਲ-ਮਿਲਾ ਕੇ, ਇਹ ਨਹੱਕੀ ਜੰਗ ਸਵੈਰੱਖਿਆ ਲਈ ਨਹੀਂ ਹੈ, ਦਰਅਸਲ ਇਹ ਅਮਰੀਕਾ ਅਤੇ ਉਸ ਦੇ ਜੋਟੀਦਾਰਾਂ ਦੀ ਅਗਵਾਈ ਵਾਲਾ ਇਕ-ਧਰੁਵੀ ਵਿਸ਼ਵ ਪ੍ਰਬੰਧ ਥੋਪਣ ਲਈ ਹੈ। ਜਿਵੇਂ ਕਿ ਇਰਾਕ, ਲਿਬਨਾਨ ਅਤੇ ਗਾਜ਼ਾ ਵਿਚ ਹੋਇਆ, ਜੰਗ ਸਾਮਰਾਜਵਾਦੀ ਹਿੱਤਾਂ ਅਨੁਸਾਰ ਮੱਧ ਪੂਰਬ ਨੂੰ ਅਮਰੀਕੀ ਭੂ-ਯੁੱਧਨੀਤਕ ਜ਼ਰੂਰਤਾਂ ਅਨੁਸਾਰ ਨਵੇਂ ਸਾਂਚੇ ਵਿਚ ਢਾਲਣ ਦਾ ਮਨਭਾਉਂਦਾ ਹਥਿਆਰ ਹੈ। ਅੱਜ ਅਸੀਂ ਜੋ ਮੱਧ-ਪੂਰਬ ਵਿਚ ਦੇਖ ਰਹੇ ਹਾਂ, ਇਹ ਕੋਈ ਰੱਖਿਆਤਮਕ ਕਾਰਵਾਈ ਨਹੀਂ, ਸਗੋਂ ਘਟਦੇ ਵਿਸ਼ਵ ਪ੍ਰਭਾਵ ਵਾਲੀਆਂ ਤਾਕਤਾਂ ਦੁਆਰਾ ਮੱਧ ਪੂਰਬ ਦੀ ਆਪਣੇ ਸਾਮਰਾਜੀ ਹਿਤਾਂ ਲਈ ਭੰਨ-ਘੜ ਦਾ ਇਕ ਹੋਰ ਘਿਣਾਉਣਾ ਹਿੰਸਕ ਅਧਿਆਇ ਹੈ। ਰੂਸ ਅਤੇ ਚੀਨ ਇਸ ਸਥਿਤੀ ਨੂੰ ਆਪਣੇ ਲਾਹੇ ਲਈ ਵਰਤਣਗੇ। ਇਸ ਸਾਮਰਾਜੀ ਹੋੜ ਦਾ ਮੁੱਲ ਭਾਰਤ ਸਮੇਤ ਬਹੁਤ ਸਾਰੇ ਮੁਲਕਾਂ ਦੇ ਲੋਕਾਂ ਨੂੰ ਵੀ ਚੁਕਾਉਣਾ ਪਵੇਗਾ, ਤੇਲ ਦੇ ਭਾਅ ਵਧਣ ਦੇ ਰੂਪ 'ਚ ਅਤੇ ਮੱਧ ਪੂਰਬ ਵਿਚ ਅਸਥਿਰਤਾ ਦੇ ਹੋਰ ਪ੍ਰਭਾਵਾਂ ਦੇ ਰੂਪ 'ਚ।

ਇਰਾਨ ਦਾ 'ਇਸਲਾਮਿਕ ਗਣਰਾਜ' ਕੋਈ ਲੋਕ ਹਿਤੈਸ਼ੀ ਰਾਜ ਨਹੀਂ ਹੈ। ਇਹ ਇਰਾਨੀ ਲੋਕਾਂ ਉੱਪਰ ਤਾਂ ਜਬਰ ਢਾਹੁੰਦਾ ਹੀ ਹੈ, ਮੱਧ ਪੂਰਬ ਵਿੱਚ ਪਿਛਾਂਹਖਿੱਚੂ ਇਸਲਾਮੀ ਕੱਟੜਪੰਥ ਨੂੰ ਫੈਲਾਉਣ ਅਤੇ ਹੋਰ ਜਾਬਰ ਹਕੂਮਤਾਂ ਦੀ ਹਮਾਇਤ ਕਰਨ ਪੱਖੋਂ ਵੀ ਇਸਦੀ ਭੂਮਿਕਾ ਲੋਕ ਵਿਰੋਧੀ ਹੈ। ਇਸ ਸਭ ਕਾਸੇ ਦੇ ਬਾਵਜੂਦ, ਆਪਣੇ ਮੁਲਕ ਦੇ ਨਿਜ਼ਾਮ ਨੂੰ ਬਦਲਣ ਦਾ ਹੱਕ ਸਿਰਫ਼ ਤੇ ਸਿਰਫ਼ ਇਰਾਨ ਦੇ ਲੋਕਾਂ ਦਾ ਹੈ, ਅਮਰੀਕਾ ਜਾਂ ਉਸਦੇ ਪਿੱਠੂ ਇਜ਼ਰਾਇਲੀ ਧਾੜਵੀ ਰਾਜ ਨੂੰ ਇਹ ਹੱਕ ਨਹੀਂ ਹੈ। ਅਮਰੀਕਾ-ਇਜ਼ਰਾਇਲ ਦਾ ਹਮਲਾ ਬਗੈਰ ਕਿਸੇ ਭੜਕਾਹਟ ਦੇ ਦੂਜੇ ਮੁਲਕ ਦੀ ਪ੍ਰਭੂਸੱਤਾ ਉੱਪਰ ਸਿੱਧਾ ਹਮਲਾ ਹੈ। ਜੇ ਇਰਾਨ ਉੱਪਰ ਟਰੰਪ ਵੱਲੋਂ ਲਾਏ ਦੋਸ਼ਾਂ ਦੀ ਗੱਲ ਕਰਨੀ ਹੋਵੇ ਤਾਂ 'ਦੁਨੀਆ ਦਾ ਨੰਬਰ ਇਕ ਦਹਿਸ਼ਤਗਰਦ ਰਾਜ' ਖ਼ੁਦ ਅਮਰੀਕਾ ਅਤੇ ਉਸਦਾ ਜੋਟੀਦਾਰ ਇਜ਼ਰਾਇਲ ਹਨ, ਇਰਾਨ ਉਨ੍ਹਾਂ ਦੇ ਨੇੜੇ-ਤੇੜੇ ਵੀ ਨਹੀਂ ਹੈ। ਦਰਅਸਲ, ਪ੍ਰਮਾਣੂ ਖ਼ਤਰਾ ਇਰਾਨ ਤੋਂ ਨਹੀਂ ਹੈ ਜਿਸਨੇ ਪ੍ਰਮਾਣੂ ਅਪ੍ਰਸਾਰ ਸਮਝੌਤੇ 'ਤੇ ਦਸਖ਼ਤ ਕੀਤੇ ਹੋਏ ਹਨ, ਅਸਲ ਖ਼ਤਰਾ ਅਮਰੀਕਾ ਤੋਂ ਹੈ ਅਤੇ ਇਸ ਦੇ ਲਠੈਤ ਇਜ਼ਰਾਇਲ ਤੋਂ ਹੈ, ਜਿਸਨੇ ਇਸ ਸਮਝੌਤੇ ਉੱਪਰ ਦਸਖ਼ਤ ਨਹੀਂ ਕੀਤੇ ਹੋਏ।

ਇਜ਼ਰਾਇਲ-ਅਮਰੀਕਾ ਦਾ ਇਰਾਨ ਦੀਆਂ ਪ੍ਰਮਾਣੂ ਵਿਗਿਆਨਕ ਸਮਰੱਥਾਵਾਂ ਨੂੰ ਨਸ਼ਟ ਕਰਨ ਦਾ ਸੁਪਨਾ ਸਾਕਾਰ ਹੋਣ ਵਾਲਾ ਨਹੀਂ ਹੈ। ਗਿਆਨ ਨੂੰ ਬੰਬਾਂ-ਮਿਜ਼ਾਇਲਾਂ ਨਾਲ ਨਸ਼ਟ ਨਹੀਂ ਕੀਤਾ ਜਾ ਸਕਦਾ। ਇਰਾਨ ਕੋਲ ਘਰੇਲੂ ਯੂਰੇਨੀਅਮ ਅਤੇ ਹੁਨਰਮੰਦ ਵਿਗਿਆਨਕ ਭਾਈਚਾਰਾ ਹੈ, ਜੋ ਸਮੇਂ ਦੇ ਨਾਲ ਹਰ ਚੀਜ਼ ਨੂੰ ਮੁੜ ਉਸਾਰ ਸਕਦਾ ਹੈ।

ਕਥਿਤ ਜੰਗਬੰਦੀ ਕੱਚੇ ਧਾਗੇ ਦੀ ਤਰ੍ਹਾਂ ਹੈ। ਅਮਰੀਕਾ-ਇਜ਼ਰਾਇਲ ਦੀਆਂ ਆਪਣੀ ਪ੍ਰਭੂਸੱਤਾ ਵਿਰੋਧੀ ਕਾਰਵਾਈਆਂ ਅੱਗੇ ਇਰਾਨ ਦੀ ਹਕੂਮਤ ਚੁੱਪ ਨਹੀਂ ਬੈਠੇਗੀ। ਇਰਾਨ ਦੀ ਹਕੂਮਤ ਨੇ ਸਪਸ਼ਟ ਕਿਹਾ ਹੈ ਕਿ ਉਹ ਇਸ ਹਮਲੇ ਅੱਗੇ ਨਹੀਂ ਝੁਕਣਗੇ। ਇਹ ਹਮਲਾ ਇਰਾਨ, ਜਾਂ ਇਸ ਤੋਂ ਅੱਗੇ ਮੱਧ-ਪੂਰਬ ਤੱਕ ਰੁਕਣ ਵਾਲਾ ਵੀ ਨਹੀਂ ਹੈ। ਜੇ ਇਸ ਨੂੰ ਰੋਕਿਆ ਨਹੀਂ ਜਾਂਦਾ ਤਾਂ ਇਹ ਪੂਰੀ ਦੁਨੀਆ ਨੂੰ ਵਿਆਪਕ ਤਬਾਹੀ ਦੇ ਮੂੰਹ ਧੱਕ ਸਕਦਾ ਹੈ। ਦੁਨੀਆ ਭਰ ਦੇ ਅਮਨਪਸੰਦ ਲੋਕਾਂ ਨੂੰ ਇਹ ਹਕੀਕਤ ਸਮਝਣੀ ਚਾਹੀਦੀ ਹੈ ਅਤੇ ਸੜਕਾਂ 'ਤੇ ਆ ਕੇ ਆਪੋ ਆਪਣੀਆਂ ਸਰਕਾਰਾਂ ਉੱਪਰ ਦਬਾਅ ਬਣਾਕੇ ਉਨ੍ਹਾਂ ਨੂੰ ਘੋਰ ਪਿਛਾਖੜੀ ਅਮਰੀਕੀ-ਇਜ਼ਰਾਇਲੀ ਦਹਿਸ਼ਤਵਾਦੀ ਧੁਰੇ ਨਾਲੋਂ ਸੰਬੰਧ ਤੋੜਨ ਅਤੇ ਸਾਮਰਾਜੀ ਜੰਗਾਂ ਦਾ ਵਿਰੋਧ ਕਰਨ ਲਈ ਮਜਬੂਰ ਕਰਨਾ ਚਾਹੀਦਾ ਹੈ। ਸਾਰੇ ਹੀ ਮੁਲਕਾਂ ਦੇ ਸ਼ਾਂਤੀਪਸੰਦ ਲੋਕਾਂ ਨੂੰ ਅਮਰੀਕਾ-ਇਜ਼ਰਾਇਲ ਦੀਆਂ ਮਨਮਾਨੀਆਂ ਨੂੰ ਰੋਕਣ ਲਈ ਅੱਗੇ ਆਉਣਾ ਚਾਹੀਦਾ ਹੈ ਅਤੇ ਦੁਨੀਆ ਦਾ ਭਵਿੱਖ ਅਮਰੀਕੀ-ਇਜ਼ਰਾਇਲੀ ਠੱਗਾਂ ਦੇ ਹਵਾਲੇ ਨਹੀਂ ਕਰਨਾ ਚਾਹੀਦਾ।

# ਚੀ ਗੁਵੇਰਾ ਦਾ ਪੁਨਰ ਜਨਮ - ਅਫਰੀਕੀ ਚੇਤਨਤਾ




ਹਰੀਪਾਲ
403-714-4816

ਜਦੋਂ ਵੀ ਅਫਰੀਕਾ ਦੀ ਗੱਲ ਕੀਤੀ ਜਾਂਦੀ ਹੈ, ਤਾਂ ਅੱਖਾਂ ਸਾਹਮਣੇ ਉਹ ਮਾਰੂਥਲ, ਜੰਗਲੀ ਜਾਨਵਰਾਂ ਦਾ, ਝੁੱਗੀਆਂ ਵਿੱਚ ਵੱਸਦੇ ਗਰੀਬ ਲੋਕਾਂ ਦਾ ਦੇਸ਼ ਆ ਜਾਂਦਾ ਹੈ। ਸੱਚੀ ਗੱਲ ਇਹ ਹੈ ਕਿ ਅਫਰੀਕਾ ਨੇ ਬਹੁਤ ਮਾਰਾਂ ਝੱਲੀਆਂ ਹਨ, ਅੱਜ ਜਿਹੜੇ ਮੁਲਕ ਆਪਦੇ ਆਪ ਨੂੰ ਵਰਲਡ ਲੀਡਰ ਕਹਾਉਂਦੇ ਹਨ, ਇਹਨਾਂ ਮੁਲਕਾਂ ਦੀ ਅਮੀਰੀ ਨੂੰ ਸਿਖਰ ਤੇ ਪਹੁੰਚਾਉਣ ਲਈ ਅਫਰੀਕਾ ਤੋਂ ਲਿਆਂਦੇ ਗੁਲਾਮਾਂ ਦਾ ਬਹੁਤ ਵੱਡਾ ਯੋਗਦਾਨ ਹੈ। ਅਫਰੀਕਾ ਦੇ ਜੰਗਲਾਂ ਵਿੱਚੋਂ ਧੱਕੇ ਨਾਲ ਫੜ ਕੇ ਲਿਆਂਦੇ ਅਫਰੀਕਨ ਅਮਰੀਕਾ ਅਤੇ ਯੂਰਪ ਦੀਆਂ ਮੰਡੀਆਂ ਵਿੱਚ ਪਸ਼ੂਆਂ ਵਾਂਗ ਵੇਚੇ ਜਾਂਦੇ ਸਨ। ਫਿਰ ਇਹਨਾਂ ਤੋਂ ਹੀ ਨਹੀਂ ਇਹਨਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਤੋਂ ਵੀ ਪਸ਼ੂਆਂ ਵਾਂਗ ਕੰਮ ਲਿਆ ਗਿਆ। ਅਬਰਾਹਮ ਲਿੰਕਨ ਦੇ ਪ੍ਰਧਾਨ ਬਣਨ ਤੋਂ ਕਈ ਸਾਲ ਬਾਅਦ ਹੀ ਇਹ ਗੁਲਾਮ ਪ੍ਰਸਾ ਬੰਦ ਹੋਈ। ਫਿਰ ਬਸਤੀਵਾਦੀਆਂ ਨੇ ਅਫਰੀਕਾ ਦੇ ਕੁਦਰਤੀ ਸਾਧਨਾਂ ਨੂੰ ਖੂਬ ਲੁੱਟਿਆ ਅਤੇ ਅਜੇ ਵੀ ਲੁੱਟ ਰਹੇ ਹਨ। ਅਫਰੀਕਾ ਦੀ ਉਪਜਾਊ ਜਮੀਨ, ਪਾਣੀ, ਜੰਗਲ, ਜੰਗਲੀਂ ਜਾਨਵਰਾਂ ਤੋਂ ਇਲਾਵਾ ਇਸ ਉਪਮਹਾ ਦੀਪ ਵਿੱਚ ਦੁਨੀਆ ਦਾ 40% ਸੋਨਾ ਹੈ ਅਤੇ ਦੁਨੀਆਂ ਦਾ 90% ਕਰੋਮੀਅਮ ਅਤੇ ਪਲਾਟੀਨਮ ਹੈ, ਇਸ ਤੋਂ ਇਲਾਵਾ ਕੋਲਾ ਹੀਰੇ ਯੂਰੇਨੀਅਮ ਬੇਹੱਦ ਮਾਤਰਾ ਵਿੱਚ ਮੌਜੂਦ ਹੈ। ਅਫਰੀਕਾ ਦੀ 65% ਜ਼ਮੀਨ ਬੇਹੱਦ ਉਪਜਾਊ ਹੈ ਅਤੇ ਦੁਨੀਆਂ ਦਾ 14% ਤਾਜ਼ਾ ਪਾਣੀ ਅਫਰੀਕਾ ਵਿੱਚ ਹੈ। ਨਾਇਜ਼ੀਰੀਆ ਅੰਗੋਲਾ ਕਾਂਗੋ ਅਲਜੀਰੀਆ ਲੀਬੀਆ ਮਿਸਰ ਅਤੇ ਸਾਊਥ ਸੂਡਾਨ ਵਿੱਚ ਬੇਹਦ ਤੇਲ ਦੇ ਭੰਡਾਰ ਹਨ। ਅਮਰੀਕਾ ਤੇ ਯੂਰਪੀਅਨ ਯੂਨੀਅਨ ਨੇ ਕਾਂਗੋ ਵਿੱਚੋਂ ਤੇਲ ਅਤੇ ਹੀਰੇ ਬੇਹੱਦ ਮੱਧ ਮਾਤਰਾ ਵਿੱਚ ਲੁੱਟੇ ਹਨ। ਇਸ ਨੇ ਕਾਂਗੋ ਵਿੱਚ ਦੋ ਗਰੁੱਪਾਂ ਵਿੱਚ ਲੜਾਈ ਕਰਾ ਕੇ ਕਾਂਗੋ ਦੇ ਲੋਕਾਂ ਨੂੰ ਅੱਜ ਤੱਕ ਵੀ ਚੈਨ ਨਾਲ ਰਹਿਣ ਨਹੀਂ ਦਿੱਤਾ। ਇਹਨਾਂ ਨੂੰ ਪਤਾ ਹੈ ਕਿ ਜੇਕਰ ਕਾਂਗੋ ਵਿੱਚੋਂ ਲੜਾਈ ਮੁੱਕ ਗਈ ਤਾਂ ਇਹਨਾਂ ਦੇ ਲੁੱਟਣ ਦੇ ਚਾਂਸ ਬਹੁਤ ਘੱਟ ਜਾਣੇ ਹਨ। ਇਹ ਜਿਸ ਮੁਲਕ ਨੂੰ ਵੀ ਲੁੱਟਣ ਜਾਂਦੇ ਹਨ, ਉਸ ਮੁਲਕ ਵਿੱਚ ਵਿਰੋਧੀ ਗਰੁੱਪ ਲੱਭ ਕੇ ਉਹਨਾਂ ਵਿੱਚ ਭੇੜ ਕਰਾਉਂਦੇ ਹਨ, ਫਿਰ ਇੱਕ ਵਿਰੋਧੀ ਗਰੁੱਪ ਤੋਂ ਆਪਦੀਆਂ ਸ਼ਰਤਾਂ ਮਨਵਾ ਕੇ ਉਸ ਦੀ ਸਰਕਾਰ ਬਣਾਉਣ ਵਿੱਚ ਮਦਦ ਕਰਦੇ ਹਨ। ਪਾੜੋ ਅਤੇ ਰਾਜ ਕਰੋ ਦੀ ਇਸੇ ਨੀਤੀ ਤਹਿਤ ਇਨ੍ਹਾਂ ਲੋਕਾਂ ਨੇ ਪੂਰਬੀ ਏਸ਼ੀਆ ਮੱਧ ਏਸ਼ੀਆ ਅਤੇ ਅਫਰੀਕਾ ਦੀ ਲੁੱਟ ਕੀਤੀ ਹੈ। ਇਨ੍ਹਾਂ ਲੁੱਟ ਹੋ ਰਹੇ ਮੁਲਕਾਂ ਦਾ ਜਦ ਵੀ ਕੋਈ ਸ਼ਾਸਕ ਆਪਦੇ ਮੁਲਕ ਦੇ ਕੌਮੀ ਹਿੱਤਾਂ ਦੀ ਰਾਖੀ ਕਰਨ ਦੀ ਗੱਲ ਕਰਦਾ ਹੈ, ਤਾਂ ਇਹ ਉਸ ਦਾ ਅੰਤ ਨਿਸ਼ਚਿਤ ਕਰ ਦਿੰਦੇ ਹਨ। ਜਦ ਸਦਾਮ ਹੁਸੈਨ ਨੇ ਕਿਹਾ ਕਿ ਸਾਡਾ ਤੇਲ ਹੈ ਅਸੀਂ ਆਪਦੀ ਮਰਜ਼ੀ ਦਾ ਭਾਅ ਲਵਾਂਗੇ ਉਸ ਤੋਂ ਬਾਅਦ ਹੀ ਇਹ ਸਦਾਮ ਹੁਸੈਨ ਨੂੰ ਮਾਰਨ ਦੀਆਂ ਸਾਜਿਸ਼ਾਂ ਕਰਨ ਲੱਗੇ ਅਤੇ ਅਖੀਰ ਵਿੱਚ ਉਸ ਨੂੰ ਬਦਨਾਮ ਕਰਕੇ, ਕਿ ਇਸ ਦੇ ਕੋਲ ਬਹੁਤ ਮਾਰੂਹਥਿਆਰ ਹਨ, ਇਸ ਦੇ ਹਥਿਆਰਾਂ ਤੋਂ ਦੁਨੀਆਂ ਭਰ ਦੇ ਲੋਕਾਂ ਨੂੰ ਖਤਰਾ ਹੈ, ਉਸ ਨੂੰ ਫਾਂਸੀ ਚਾੜ੍ਹਿਆ।

ਇਸ ਸਮੇਂ ਵੀ ਅਮਰੀਕਾ ਇੰਗਲੈਂਡ ਫਰਾਂਸ ਜਰਮਨੀ ਪੁਰਤਗਾਲ ਅਤੇ ਸਪੇਨ ਅਫਰੀਕਾ ਦੇ ਕੁਦਰਤੀ ਸਾਧਨਾਂ ਨੂੰ ਲੁੱਟ ਰਹੇ ਹਨ। ਕਿਉਂਕਿ ਬਹੁਤੇ ਅਫਰੀਕੀ ਅਨਪੜ੍ਹ ਹਨ, ਇਸੇ ਅਨਪੜ੍ਹਤਾ ਦਾ ਫਾਇਦਾ ਉਠਾ ਕੇ, ਉਨ੍ਹਾਂ ਮੁਲਕਾਂ ਵਿੱਚ ਘਰੇਲੂ ਜੰਗ ਕਰਾ ਕੇ, ਉਹਨਾਂ ਦੇ ਕੁਦਰਤੀ ਸਾਧਨਾਂ ਨੂੰ ਇਹ ਕੌਡੀਆਂ ਦੇ ਭਾਅ ਲੁੱਟ ਰਹੇ ਹਨ। ਬਹੁਤ ਕੰਪਨੀਆਂ ਹਨ ਜਿਹੜੀਆਂ ਅਫਰੀਕਾ ਵਿੱਚੋਂ ਸਸਤੇ ਭਾਅ ਤੇ ਮੱਕੀ ਵਗੈਰਾ ਖਰੀਦ ਕੇ ਯੂਰਪ ਅਤੇ ਅਰਬ ਮੁਲਕਾਂ ਨੂੰ ਵੇਚ ਕੇ ਮਾਲਾ ਮਾਲ ਹੋ ਰਹੀਆਂ ਹਨ, ਗਰੀਬ ਅਫਰੀਕਨਾ ਨੂੰ ਆਪਦੀ ਜਿਨਸ ਦੇ ਮੁੱਲ ਦਾ ਪਤਾ ਵੀ ਨਹੀਂ ਹੈ।

**ਅਫਰੀਕੀ ਚੇਤਨਤਾ** : ਸਭ ਤੋਂ ਪਹਿਲਾਂ ਲੀਬੀਆ ਦੇ ਪ੍ਰਧਾਨ ਗਦਾਫੀ ਨੇ ਡਾਲਰ ਦਾ ਜੂਲ਼ਾ ਲਾਹੁਣ ਲਈ ਸੋਨੇ ਤੇ ਅਧਾਰਤ ਕਰੰਸੀ ਚਲਾਉਣ ਦੀ ਗੱਲ ਕੀਤੀ। ਬਹੁਤ ਸਾਰੇ ਅਫਰੀਕਨ ਮੁਲਕਾਂ ਨੇ ਉਸ ਦੀ ਹਾਂ ਵਿੱਚ ਹਾਂ ਮਲਾਈ, ਗਦਾਫੀ ਨੇ ਕਿਹਾ ਕਿ ਅਸੀਂ ਆਪਦਾ ਤੇਲ ਆਪਦੀ ਮਰਜ਼ੀ ਨਾਲ ਆਪਦੀ ਕਰੰਸੀ ਵਿੱਚ ਵੇਚਾਂਗੇ। ਉਸ ਸਮੇਂ ਹੀ ਕਰਨਲ ਗਦਾਫੀ ਅਮਰੀਕਾ ਦੀਆਂ ਅੱਖਾਂ ਵਿੱਚ ਰੜਕਣ ਲੱਗ ਪਿਆ। ਅਮਰੀਕਾ ਨੇ ਪਤਾ ਨਹੀਂ ਕਿੱਧਰੋਂ ਉਸ ਦੇ ਵਿਰੋਧੀ ਲੱਭੇ, ਮਿਸਰ ਦੀ ਪਪਟ ਸਰਕਾਰ ਨੂੰ ਵਰਤ ਕੇ, ਲਿਬੀਆ ਵਿੱਚ ਰਾਜ ਪਲਟਾ ਕਰਵਾ ਦਿੱਤਾ, ਹੋਰ ਬੇਸ਼ਰਮੀ ਦੀ ਹੱਦ ਦੇਖੋ ਕਿ ਗਦਾਫੀ ਦੇ ਕਤਲ ਦੀ ਲਾਈਵ ਵੀਡੀਓ ਦੇਖ ਕੇ ਹੀਲੇਰੀ ਕਲਿੰਟਨ ਨੱਚਣ ਲੱਗ ਪਈ। ਇਹਨਾਂ ਨੂੰ ਪਤਾ ਹੈ ਕਿ ਜਿਸ ਕੋਲ਼ੇ ਤੇਲ ਦਾ ਕੰਟਰੋਲ ਹੈ ਉਸ ਦੀ ਦੁਨੀਆਂ ਵਿੱਚ ਸਰਦਾਰੀ ਹੈ। ਕੌਮਵਾਦੀ ਸ਼ਾਸਕਾਂ ਦੇ ਕਤਲ ਕਰਵਾ ਕੇ ਇਹ ਹੋਰ ਮੁਲਕਾਂ ਦੇ ਸ਼ਾਸਕਾਂ ਨੂੰ ਵੀ ਡਰਾਉਣਾ ਚਾਹੁੰਦੇ ਹਨ ਕਿ ਸਾਡੇ ਹੁਕਮ ਦੀ ਅਵੱਗਿਆ ਨਾ ਕਰੋ ਨਹੀਂ ਤਾਂ ਤੁਹਾਡਾ ਹਾਲ ਵੀ ਗਦਾਫੀ ਜਾਂ ਸਦਾਮ ਹੁਸੈਨ ਵਰਗਾ ਹੋਵੇਗਾ।



**ਬਰਕੀਨਾ ਫਾਸੋ ਦੀ ਬਗਾਵਤ** : ਬਰਕੀਨਾ ਫਾਸੋ ਜਿਸ ਦਾ ਪਹਿਲਾ ਨਾਂ ਅਪਰ ਵੋਲਟਾ ਸੀ ਬਹੁਤ ਚਿਰ ਫਰਾਂਸ ਦੀ ਕਲੋਨੀ ਰਿਹਾ। ਫਰਾਂਸ ਬਰਕੀਨਾ ਫਾਸੋ ਦੇ ਕੁਦਰਤੀ ਸਾਧਨਾਂ ਦੀ ਲੁੱਟ ਕਰਦਾ ਰਿਹਾ ਅਤੇ ਉਥੋਂ ਦੇ ਲੋਕ ਗਰੀਬੀ ਭੁੱਖਮਰੀ ਅਤੇ ਸੋਕੇ ਦਾ ਸ਼ਿਕਾਰ ਹੁੰਦੇ ਰਹੇ। ਇਨ੍ਹਾਂ ਨੂੰ ਲੁੱਟ ਕੇ ਪੱਛਮੀ ਮੁਲਕ ਕਦੇ ਕਦੇ ਲੁੱਟਦਾ ਥੋੜਾ ਬਹੁਤਾ ਹਿੱਸਾ ਅਫਰੀਕਾ ਦੇ ਲੋਕਾਂ ਨੂੰ ਦੇਖ ਕੇ ਬਹੁਤ ਵੱਡੇ ਦਾਨੀ ਕਹਾਉਂਦੇ ਰਹੇ। ਜਿਸ ਤਰ੍ਹਾਂ ਪੱਛਮੀ ਮੁਲਕਾਂ ਨੇ ਸੀਰੀਆ ਅਤੇ ਇਰਾਕ ਵਿੱਚ ਆਈਐਸ ਆਈਐਸ ਖੜ੍ਹੀ ਕੀਤੀ ਸੀ ਉਸੇ ਤਰ੍ਹਾਂ ਬਰਕੀਨਾ ਫਾਸੋ ਵਿੱਚ ਮੁਸਲਿਮ ਜਿਹਾਦੀਆਂ ਨੂੰ ਸਰਕਾਰ ਦੇ ਉਲਟ ਲੜਨ ਦੀ ਹੱਲਾਸ਼ੇਰੀ ਦਿੱਤੀ ਅਤੇ ਸਰਕਾਰ ਆਪ ਦੀ ਹਕੂਮਤ ਬਚਾਉਣ ਲਈ, ਫਰਾਂਸ ਅੱਗੇ ਲੇਲੜੀਆਂ ਕੱਢਦੀ ਰਹੀ। ਹੌਲੀ ਹੌਲੀ ਨੌਜਵਾਨ ਤਬਕੇ ਵਿੱਚ ਜਦ ਚੇਤਨਤਾ ਜਾਗਣੀ ਸ਼ੁਰੂ ਹੋਈ, ਤਾਂ 1983 ਦੀਆਂ ਚੋਣਾਂ ਵਿੱਚ ਸਨਕਾਰਾ ਜੋ ਕਿ ਇੱਕ ਮਾਰਕਸਵਾਦੀ ਸੀ ਬਰਕੀਨਾ ਫਾਸੋ ਦਾ ਪ੍ਰਧਾਨ ਬਣਿਆ। ਸੁਨਕਾਰਾ ਨੇ ਜਮੀਨ ਦੀ ਪੁਨਰ ਵੰਡ ਕਰਕੇ ਬੇਜ਼ਮੀਨੇ ਕਿਸਾਨਾਂ ਨੂੰ ਜਮੀਨ ਦੇ ਮਾਲਕ ਬਣਾਇਆ, ਹੈਜਾ ਅਤੇ ਮਲੇਰੀਆ ਦੀ ਵੈਕਸੀਨੇਸ਼ਨ ਸ਼ੁਰੂ ਕੀਤੀ, ਔਰਤਾਂ ਦੇ ਗੁਪਤ ਅੰਗਾਂ ਦੀ ਸੁੰਨਤ ਬੰਦ ਕੀਤੀ, ਜਬਰੀ ਵਿਆਹ ਅਤੇ ਇੱਕ ਤੋਂ ਬਾਅਦ ਵਿਆਹ ਦੀ ਪ੍ਰਥਾ ਬੰਦ ਕੀਤਾ। ਥਾਮਸ ਨੇ ਫਰਾਂਸੀਸੀਆਂ ਨੂੰ ਬਾਹਰ ਦਾ ਰਸਤਾ ਦਿਖਾਇਆ। ਪਰ ਇਨਾ ਕੁਝ ਉਨ੍ਹਾਂ ਨੂੰ ਮਨਜ਼ੂਰ ਨਹੀਂ ਸੀ ਜਿਨ੍ਹਾਂ ਦੇ ਮੂੰਹ ਨੂੰ ਅਫਰੀਕਾ ਦੇ ਕੁਦਰਤੀ ਸਾਧਨਾਂ ਦਾ ਖੂਨ ਲੱਗਿਆ ਹੋਇਆ ਸੀ, ਫਰਾਂਸ ਨੇ ਥੋਮਸ ਦੇ ਇੱਕ ਸਾਥੀ ਤੋਂ ਹੀ ਉਸ ਦਾ ਕਤਲ ਕਰਵਾ ਦਿੱਤਾ। ਫਿਰ ਇਨ੍ਹਾਂ ਨੇ ਉਹੀ ਬੇਲਸ ਕੰਪੋਰੇ ਜਿਸਨੇ ਥਾਮਸ ਸੰਕਾਰਾ ਦਾ ਕਤਲ ਕੀਤਾ ਸੀ ਉਸ ਨੂੰ ਅਫਰੀਕਾ ਦੀ ਪ੍ਰਧਾਨਗੀ ਦਿੱਤੀ। ਬੇਲਸ ਕੰਪੋਰੇ 1987 ਤੋਂ 2014 ਤੱਕ ਬਰਕੀਨਾ ਫਾਸੋ ਪ੍ਰਧਾਨ ਰਿਹਾ ਅਤੇ ਇਨ੍ਹਾਂ 27 ਸਾਲਾਂ ਵਿੱਚ ਫਰਾਂਸ ਯੂਰਪੀਅਨ ਤੇ ਅਮਰੀਕਾ ਨੇ ਬਰਕੀਨਾ ਫਾਸੋ ਦੇ ਕੁਦਰਤੀ ਸਾਧਨਾਂ ਨੂੰ ਖੂਬ ਲੁੱਟਿਆ। 2014 ਤੋਂ 2022 ਤੱਕ ਬਹੁਤ ਉਥਲ ਪੁਥਲ ਹੁੰਦੀ ਰਹੀ। ਆਖਰਕਾਰ 2022 ਵਿੱਚ ਇਕ ਮਾਰਕਸਵਾਦੀ ਕੈਪਟਨ ਇਬਰਾਹਿਮ ਟਰੋਰੇ ਬਰਕੀਨਾ ਫਾਸੋ ਦਾ ਪ੍ਰਧਾਨ ਬਣਿਆ। ਸਭ ਤੋਂ ਪਹਿਲਾ ਕੰਮ ਉਸਨੇ ਇਹ ਕੀਤਾ ਕਿ ਬਲੇਸ ਕਮਪੋਰੇ ਨੂੰ ਕਾਲ ਕੋਠੜੀ ਵਿੱਚ ਸੁੱਟ ਦਿੱਤਾ ਤਾਂ ਕਿ ਕੋਈ ਹੋਰ ਵੀ ਨਵਾਂ ਪੈਦਾ ਹੋਣ ਵਾਲਾ ਗਦਾਰ ਇਸ ਤੋਂ ਸਬਕ ਸਿੱਖ ਸਕੇ। ਇਬਰਾਹਿਮ ਟਰੋਰੇ ਨੇ ਸਾਰੀਆਂ ਗੋਲਡ ਮਾਈਨਿੰਗ ਕੰਪਨੀਆਂ ਕੌਮੀ ਕਰ ਦਿੱਤੀਆਂ, ਜਿਸ ਨਾਲ ਸਰਕਾਰ ਦੀ ਆਮਦਨ ਬੇਹੱਦ ਵੱਧ ਗਈ। ਉਸਨੇ ਸਕੂਲ ਕਾਲਜ ਸੜਕਾਂ ਪੁਲਾਂ ਦਾ ਨਿਰਮਾਣ ਕਰਨਾ ਸ਼ੁਰੂ ਕਰ ਦਿੱਤਾ, ਜ਼ਮੀਨ ਦੀ ਫਿਰ ਪੁਨਰ ਵੰਡ ਕਰਕੇ ਗਰੀਬ ਕਿਸਾਨਾਂ ਨੂੰ ਟਰੈਕਟਰ ਦਿੱਤੇ। ਇਬਰਾਹਿਮ ਟਰੋਰੇ ਨੇ ਵਰਲਡ ਬੈਂਕ ਅਤੇ ਆਈ ਐਮ ਐਫ ਦੀ ਮਦਦ ਲੈਣ ਤੋਂ ਨਾ ਕਰ ਦਿੱਤੀ। ਪੱਛਮੀ ਮੁਲਕਾਂ ਦੀ ਝਾਕ ਛੱਡ ਕੇ ਉਸਨੇ ਬਰਕੀਨਾ ਫਾਸੋ ਨੂੰ ਰੂਸ ਦੇ ਗਰੁੱਪ ਨਾਲ ਜੋੜਿਆ। ਉਸਨੇ ਹੋਰ ਅਫਰੀਕਣ ਮੁਲਕਾਂ ਦੇ ਸ਼ਾਸਕਾਂ ਨੂੰ ਵੀ ਕਿਹਾ ਕਿ ਪੱਛਮ ਦੀ ਗੁਲਾਮੀ ਛੱਡ ਕੇ ਆਪਦੀ ਕਿਸਮਤ ਦੇ ਮਾਲਕ ਆਪ ਬਣੋ। ਅੱਜ ਬਹੁਤ ਸਾਰੇ ਅਫਰੀਕਨ ਮੁਲਕਾਂ ਵਿੱਚ ਇਬਰਾਹਿਮ ਟਰੋਰੀ ਦੀ ਸੋਚ ਨੇ ਨੌਜਵਾਨ ਤਬਕੇ ਵਿੱਚ ਚੇਤਨਤਾ ਪੈਦਾ ਕੀਤੀ ਹੈ। ਇਬਰਾਹਿਮ ਟਰੋਰੇ ਦੀ ਸੋਚ ਨੇ ਪੱਛਮੀ ਮੁਲਕਾਂ ਦੇ ਹੱਥਾਂ 'ਚੋਂ ਰੋਟੀ ਛੁਡਾ ਦਿੱਤੀ ਹੈ। ਇਹਨਾਂ ਨੂੰ ਪਤਾ ਹੈ ਕਿ ਜੇ ਅਫਰੀਕਾ ਦੇ ਮੁਲਕ ਜਾਗ ਪਏ, ਤਾਂ ਸਾਡੀ ਸਰਦਾਰੀ ਨੂੰ ਬਹੁਤ ਵੱਡਾ ਖਤਰਾ ਹੈ। ਕਿਉਂਕਿ ਅਮਰੀਕਾ ਤੇ ਪੱਛਮੀ ਮੁਲਕਾਂ ਦੀ ਖੁਸ਼ਹਾਲੀ ਦਾ ਰਾਜ ਸਿਰਫ ਅਫਰੀਕਾ ਦੀ ਲੁੱਟ ਹੈ। ਇਸੇ ਕਰਕੇ ਹੁਣ ਤੱਕ ਇਬਰਾਹਿਮ ਟਰੋਰੇ ਨੂੰ ਮਾਰਨ ਦੀਆਂ 18 ਕੋਸ਼ਿਸ਼ਾਂ ਹੋ ਚੁੱਕੀਆਂ ਹਨ। ਟਰੋਰੇ ਦੀ ਹਿਫਾਜ਼ਤ ਲਈ ਰੂਸ ਨੇ 1000 ਅਤੇ ਨੌਰਥ ਕੋਰੀਆ ਨੇ 700 ਫੌਜੀ ਭੇਜੇ ਹਨ, ਇਸ ਤੋਂ ਬਿਨਾਂ ਬਰਕੀਨਾ ਫਾਸੋ ਦੇ ਗਰੀਬ ਲੋਕ ਵੀ ਟਰੋਰੇ ਦੇ ਮਹਿਲ ਦੇ ਲਾਮੀ ਪਹਿਰਾ ਦਿੰਦੇ ਹਨ। ਇਬਰਾਹਿਮ ਟਰੋਰੇ ਨੇ ਅਫਰੀਕਾ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਪਪਟ ਸਰਕਾਰਾਂ ਦੇ ਮੁਖੀਆਂ ਨੂੰ ਲਾਹ ਕੇ ਪਰੇ ਮਾਰੋ, ਆਪਦੀ ਕਿਸਮ ਦੇ ਆਪ ਮਾਲਕ ਬਣੋ ਕਿਉਂਕਿ ਅਫਰੀਕਾ ਕੋਲ ਇੰਨੇ ਕੁਦਰਤੀ ਸਾਧਨ ਹਨ ਕਿ ਅਫਰੀਕਾ ਗਰੀਬ ਨਹੀਂ ਹੈ ਸਿਰਫ ਅਫਰੀਕਾ ਪੱਛਮ ਦੀ ਲੁੱਟ ਦਾ ਸ਼ਿਕਾਰ ਹੋ ਕੇ ਹੀ ਗਰੀਬ ਹੋਇਆ ਹੈ। ਅਫਰੀਕਾ ਕੋਲ ਇੰਨੇ ਕੁਦਰਤੀ ਸਾਧਨ ਹਨ ਕਿ ਅਫਰੀਕਾ ਦੁਨੀਆਂ ਦਾ ਸਭ ਤੋਂ ਅਮੀਰ ਮਹਾਂਦੀਪ ਹੈ ਇਸਦੇ ਲਈ ਅਫਰੀਕਾ ਨੂੰ ਪੱਛਮੀ ਮੁਲਕਾਂ ਦੇ ਜੂਲੇ ਤੋਂ ਨਿਕਲ ਕੇ ਆਪਦੇ ਕੁਦਰਤੀ ਸਾਧਨ ਸੋਨਾ ਚਾਂਦੀ ਹੀਰੇ ਕੋਲਾ ਕੋਬਾਲਟ ਬਾਕਸਾਈਟ ਲੱਕੜ ਦਾ ਵਪਾਰ ਆਪਦੇ ਹੱਥਾਂ ਵਿੱਚ ਲੈਣਾ ਪਵੇਗਾ। ਕਹਿੰਦੇ ਹਨ ਕਿ ਸਮਾਂ ਕਦੇ ਇੱਕ ਸਾਰ ਨਹੀਂ ਰਹਿੰਦਾ ਅਫਰੀਕਾ ਦੀ ਜਾਗਰਤੀ ਅਫਰੀਕਣ ਲੋਕਾਂ ਲਈ ਖੁਸ਼ਹਾਲੀ ਲੈ ਕੇ ਆਏਗੀ ਅਤੇ ਨਾਲ ਹੀ ਯੂਰਪੀਅਨ ਤੇ ਅਮਰੀਕਨ ਲੋਕਾਂ ਦੀ ਸਰਦਾਰੀ ਨੂੰ ਤੋੜੇਗੀ। ਬਰਕੀਨਾ ਫਾਸੋ ਵਿੱਚ ਚੀਵੇਰਾ ਦੀ ਸੋਚ ਨੇ ਫਿਰ ਜਨਮ ਲਿਆ ਹੈ ਦੁਨੀਆ ਭਰ ਦੇ ਦੱਬੇ ਕੁਚਲੇ ਲੋਕਾਂ ਨੂੰ ਇਸ ਪੂੰਜੀਵਾਦ ਦੀ ਹਨੇਰੀ ਵਿੱਚ ਇੱਕ ਨਵੀਂ ਲੋਅ ਦਿਸੀ ਹੈ, ਜਿਹੜੇ ਕਹਿੰਦੇ ਸੀ ਕਿ ਪੂੰਜੀਵਾਦ ਨੇ ਸਮਾਜਵਾਦ ਦਾ ਅੰਤ ਕਰ ਦਿੱਤਾ ਹੈ, ਅੱਜ ਉਹਨਾਂ ਦੀ ਰਾਤਾਂ ਦੀ ਨੀਂਦ ਖਰਾਬ ਹੋ ਗਈ ਹੈ। ਪੂੰਜੀਵਾਦ ਦੀ ਦੌੜ ਭੱਜ ਨੇ ਅਤੇ ਮੰਡੀਆਂ ਦੀ ਖੋਹ ਖਵਾਈ ਨੇ ਅੱਜ ਸੰਸਾਰ ਨੂੰ ਤੀਜੀ ਆਲਮੀ ਜੰਗ ਦੇ ਬੂਹੇ ਤੇ ਲਿਆ ਖੜਾ ਕਰ ਦਿੱਤਾ ਹੈ। ਇਸ ਸਮੇਂ ਜਰੂਰੀ ਹੈ ਕਿ ਇਸ ਪੈਸੇ ਦੀ ਦੌੜ ਵਾਲੇ ਪੂੰਜੀਵਾਦ ਦਾ ਅੰਤ ਹੋਵੇ ਅਤੇ ਸਮਾਜਵਾਦ ਦੀ ਸ਼ੁਰੂਆਤ ਹੋਵੇ, ਕਿਉਂਕਿ ਮਨੁੱਖਤਾ ਸਮਾਜਵਾਦੀ ਹੋ ਕੇ ਹੀ ਆਪਦਾ ਬਚਾਅ ਕਰ ਸਕਦੀ ਹੈ।

# ਕੈਨੇਡਾ ਡੇਅ-ਆਜ਼ਾਦ ਖ਼ੁਦਮੁਖਤਿਆਰੀ ਦੀ ਭਾਵਨਾ



ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਨਟਾਰੀਓ



ਓ ਕੈਨੇਡਾ! 'ਕੈਨੇਡਾ ਡੇਅ' ਹਰ ਸਾਲ, ਇੱਕ ਜੁਲਾਈ ਵਾਲੇ ਦਿਨ ਦੇਸ਼ਭਰ ਵਿੱਚ ਮਨਾਇਆ ਜਾਂਦਾ ਹੈ। ਇਸ ਨੂੰ ਦੇਸ਼ ਦਾ ਜਨਮ ਦਿਨ ਕਹਿਣਾ ਵੀ ਗਲਤ ਨਹੀਂ ਹੋਵੇਗਾ। ਮੰਗਲਵਾਰ, 1 ਜੁਲਾਈ, 2025 ਨੂੰ ਸੰਸਾਰ ਵਿੱਚ ਦੂਸਰੇ ਵੱਡੇ ਇਸ ਦੇਸ਼ ਦਾ 158 ਵਾਂ ਜਨਮ ਦਿਨ ਹੈ। ਮੂਲ ਰੂਪ ਵਿੱਚ ਇਸ ਦਿਨ ਨੂੰ "ਡੋਮੀਨੀਅਨ ਡੇਅ" ਕਿਹਾ ਜਾਂਦ ਸੀ, ਇਹ ਦਿਨ ਕੈਨੇਡਾ ਦਾ ਰਾਸ਼ਟਰੀ ਦਿਵਸ ਹੈ, ਜੋ ਤਿੰਨ ਉੱਤਰੀ ਅਮਰੀਕੀ ਬ੍ਰਿਟਿਸ਼ ਬਸਤੀਆਂ ਨੂੰ ਇੱਕ ਕਨਫੈਡਰੇਸ਼ਨ ਵਿੱਚ ਏਕੀਕ੍ਰਿਤ ਕਰਨ ਦੀ ਯਾਦ ਦਿਵਾਉਂਦਾ ਹੈ: "ਪ੍ਰੋਵਿੰਸ ਆਫ ਕੈਨਡਾ", ਨੋਵਾ-ਸਕੋਸ਼ੀਆ ਅਤੇ ਨਿਉ-ਬਰਸ਼ਵਿਕ। ਨੇਟਿਵ ਮੂਲਨਿਵਾਸੀ ਲੋਕਾਂ ਦੀ ਧਰਤੀ ਤੇ ਵਸੇ, ਅੱਜ ਦੇ ਇੱਕ ਕਰੋੜ ਵਰਗ ਕਿਲੋਮੀਟਰ ਖੇਤਰਫਲ ਵਾਲੇ ਇਸ ਦੇਸ਼ ਵਿੱਚ ਕੁੱਲ ਦਸ ਪਰੋਵਿੰਸ (ਸੂਬੇ) ਅਤੇ ਤਿੰਨ ਟੈਰੇਟਰੀਸ (ਪ੍ਰਦੇਸ਼) ਹਨ। ਇਥੇ ਔਸਤਨ ਇੱਕ ਕਿਲੋਮੀਟਰ ਖੇਤਰਫਲ਼ ਵਿੱਚ ਸਿਰਫ ਤਿੰਨ ਵਿਅਕਤੀ ਵਸਦੇ ਹਨ।ਇਨਸਾਨੀ ਆਬਾਦੀ ਦੀ ਸੰਘਣੇਪਣ ਦੇ ਹਿਸਾਬ ਨਾਲ, ਕੈਨੇਡਾ ਸੰਸਾਰ ਦੇ ਘੱਟ ਆਬਾਦੀ ਵਾਲੇ ਮੁਲਕਾਂ ਵਿੱਚ ਚੌਥੇ ਨੰਬਰ ਵਾਲਾ ਦੇਸ਼ ਹੈ।

ਸਾਲ 1982 ਵਿੱਚ ਕੌਮੀ ਦਿਵਸ "ਡੋਮੇਨੀਅਨ ਦਿਨ" ਦਾ ਨਾਮ ਬਦਲ ਕੇ "ਕੈਨੇਡਾ ਡੇਅ" ਕਰ ਦਿੱਤਾ ਗਿਆ ਸੀ ਅਤੇ ਇਸ ਨੂੰ ਪੂਰੇ ਉਤਸ਼ਾਹ ਨਾਲ ਮਨਾਇਆ ਜਾਣ ਲੱਗਿਆ। ਅਸਲ ਵਿੱਚ ਕੈਨੇਡਾ ਨੂੰ ਬ੍ਰਿਟਿਸ਼ ਹਕੂਮਤ ਤੋਂ ਮੁਕੰਮਲ ਆਜ਼ਾਦੀ, ਇੱਕ ਜੁਲਾਈ 1982 ਨੂੰ ਪ੍ਰਾਪਤ ਹੋਈ ਜਦੋਂ ਕੈਨੇਡਾ ਨੇ ਬ੍ਰਿਟੇਨ ਦੀ ਸਿੱਧੀ ਦਖਲਅੰਦਾਜ਼ੀ ਨੂੰ ਘਟਾਕੇ, ਆਪਣਾ ਖ਼ੁਦ ਦਾ ਨਵਾਂ ਸੰਵੀਧਾਨ "ਕੈਨੇਡਾ ਐਕਟ" ਲਾਗੂ ਕੀਤਾ। ਇਸ ਦਿਨ ਨੈਸ਼ਨਲ ਫੈਡਰਲ ਛੁੱਟੀ ਹੁੰਦੀ ਹੈ, ਜਿਸ ਨਾਲ ਸਾਰੇ ਵਰਕਰਾਂ ਨੂੰ ਇਸ ਦਿਨ ਛੁੱਟੀ ਮਿਲਦੀ ਹੈ। ਕੈਨੇਡਾ ਡੇਅ ਵਾਲੇ ਦਿਨ ਲੋਕ ਆਪਣੇ ਆਪਣੇ ਸ਼ਹਿਰਾਂ ਕਸਬਿਆਂ ਵਿੱਚ ਪਰੇਡ ਦਾ ਆਯੋਜਨ ਕਰਕੇ ਨੱਚ ਗਾਕੇ ਆਪਣੇ ਦੇਸ਼ ਦੀ ਤੱਰਕੀ ਖੁਸ਼ਹਾਲੀ ਦੀ ਕਾਮਨਾ ਕਰਦੇ ਹਨ। ਦੇਸ਼ ਦੀ ਕੈਪਟਿਲ 'ਆਟਵਾ' ਵਿੱਚ ਕੌਮੀ ਪੱਧਰ ਦੀ ਪਰੇਡ ਦਾ ਪ੍ਰਬੰਧ ਸਰਕਾਰੀ ਤੌਰ 'ਤੇ ਕੀਤਾ ਜਾਂਦਾ ਹੈ ।

ਕੈਨੇਡੀਅਨ ਸੰਵਿਧਾਨ ਦੇ ਅਨੁਸਾਰ ਇਹ ਇੱਕ ਆਜ਼ਾਦ ਖ਼ੁਦਮੁਖਤਿਆਰ ਮੁਲਕ ਹੈ ਜਿਸ ਦੇ ਸੰਵਿਧਾਨ ਵਿੱਚ ਸਭ ਲਈ ਬਰਾਬਰੀ ਅਤੇ ਜਮਹੂਰੀਅਤ ਹੈ, ਮਨੁੱਖੀ ਹੱਕਾਂ ਦੀ ਗਾਰੰਟੀ ਦੇ ਨਾਲ ਨਾਲ ਸੰਵਿਧਾਨ ਵਿੱਚ ਕਿਸੇ ਕਿਸਮ ਦਾ ਭੇਦਭਾਵ ਅਤੇ ਨਸਲੀ ਵਿਤਕਰਾ ਨਹੀਂ ਹੈ। ਮਲਟੀਕਲਚਰ ਵੱਖਰੇ ਦੇਸ਼ ਦੀ ਹੈਸੀਅਤ ਮਿਲਣ ਦੇ ਬਾਵਜੂਦ ਵੀ, ਬ੍ਰਿਟਿਸ਼ ਕਰਾਉਨ ਦੀ ਮਾਲਕੀ ਦੀ ਝਲਕ ਅੱਜ ਵੀ ਦਿਖਾਈ ਦਿੰਦੀ ਹੈ ਅਤੇ ਕੈਨੇਡਾ ਵਾਸੀਆਂ ਵਿੱਚ ਇਸ ਦੇ ਖਿਲਾਫ ਘੁਸਰ ਮੁਸਰ ਚਲਦੀ ਰਹਿੰਦੀ ਹੈ। ਖੂਬਸੂਰਤ ਦ੍ਰਿਸ਼, ਠੰਢ, ਬਰਫੀਲੇ ਮੌਸਮ ਇਸ ਧਰਤੀ ਦੀ ਵਿਲੱਖਣਤਾ ਹੈ। ਤਾਜ਼ੇ ਪਾਣੀਆਂ ਦੀਆਂ ਛੱਲਕਦੀਆਂ ਵੱਡੇ ਆਕਾਰ ਦੀਆਂ ਝੀਲਾਂ ਕਿਸੇ ਨੂੰ ਵੀ ਸਮੁੰਦਰਾਂ ਵਰਗੀਆਂ ਜਾਪਦੀਆਂ ਹਨ। ਸੰਸਾਰ ਦੇ ਕੁੱਲ ਤਾਜ਼ੇ ਪਾਣੀਆਂ ਦੇ ਸਰੋਤ ਦਾ ਤੀਜਾ ਹਿੱਸਾ, ਕੈਨੇਡਾ ਕੋਲ ਹੈ। ਫੋਰੈਸਟ ਨੈਸ਼ਨਲ ਪਾਰਕ ਏਰੀਏ ਬਹੁਤ ਹਨ ਜਿਨ੍ਹਾਂ ਵਿੱਚ ਵਾਤਾਵਰਣ, ਜਾਨਵਰ ਅਤੇ ਜੰਗਲਾਂ ਲਈ ਸੁੱਰਖਿਅਤ ਏਰੀਆ, ਕਈ ਦੇਸ਼ਾਂ ਦੇ ਖੇਤਰਫਲ ਦੇ ਬਰਾਬਰ ਹੈ। ਖਣਿਜ ਅਤੇ ਪੈਟਰੋਲੀਅਮ ਦੇ ਸਰੋਤ ਵੀ ਕੈਨੇਡਾ ਕੋਲ ਕਾਫੀ ਹਨ। ਕੈਨੇਡਾ ਦੀ ਨਾਰਥ ਵੈਸਟ ਟੈਰੀਟਰੀ ਵਿੱਚ ਹੀਰੇ ਦੀ ਪੈਦਾਵਾਰੀ ਕੀਮਤ ਦੇ ਹਿਸਾਬ ਨਾਲ ਸੰਸਾਰ ਵਿੱਚ ਤੀਸਰੇ ਨੰਬਰ ਵਾਲਾ ਦੇਸ਼ ਹੈ ।

ਇਸ ਸਾਲ ਦਾ ਇਹ ਦਿਨ ਖਾਸ ਬਣ ਗਿਆ ਹੈ ਕਿਉਂਕਿ ਹੁਣ ਉਹ ਵੇਲਾ ਚਲ ਰਿਹਾ ਹੈ ਜਦੋਂ ਅਮਰੀਕਨ ਗਲਬੇ ਦੀ ਧਮਕੀਆਂ ਕਰਕੇ ਸਾਰੇ ਦੇਸ਼ਵਾਸੀਆਂ ਅੰਦਰ ਦੇਸ਼ਭਗਤੀ ਅਤੇ ਏਕਤਾ ਪੁਨਜਾਗਰਣ ਦੀ ਲਹਿਰ ਜ਼ੋਰਾਂ 'ਤੇ ਹੈ। ਸਾਰੇ ਕੈਨੇਡੀਅਨ ਆਪਣੇ ਦੇਸ਼ ਦੀ ਪ੍ਰਭੁਸੱਤਾ ਅਤੇ ਆਜ਼ਾਦੀ ਦੀ ਭਾਵਨਾ ਨਾਲ ਇਸ ਆਜ਼ਾਦੀ ਦਿਵਸ ਨੂੰ ਮਨਾ ਰਹੇ ਹਨ। ਮਨਾਂ ਵਿੱਚ ਟੈਰਿਫ ਜੰਗ ਦਾ ਪ੍ਰਭਾਵ ਅਤੇ ਡਾਂਵਾਡੋਲ ਅਰਥ-ਵਿਵਸਥਾ ਦੇ ਚੈਲੈਂਜ ਕਾਰਨ ਦੇਸ਼ ਵਾਸੀਆਂ ਲਈ ਇਸ ਦੀ ਮਹੱਤਤਾ ਖਾਸ ਬਣ ਗਈ ਹੈ। ਇਸ ਚੈਲੈਂਜ ਨਾਲ ਨਜਿੱਠਣ ਲਈ ਲੋਕਾਂ ਵਿੱਚ ਦੇਸ਼ਭਗਤੀ ਤੇ ਇੱਕਜੁਟਤਾ ਦੀ ਭਾਵਨਾ ਭਾਰੂ ਹੈ।

ਅੱਜ ਤੋਂ 157 ਸਾਲ ਪਹਿਲਾਂ, ਇਸ ਦਿਨ ਵੱਖ-ਵੱਖ ਰਿਆਸਤੀ ਬਸਤੀਆਂ ਦੇ ਏਕੀਕਰਣ ਨਾਲ ਇੱਕਜੁੱਟ "ਕੈਨੇਡਾ" ਦੇਸ਼ ਹੋਂਦ ਵਿੱਚ ਆਇਆ ਸੀ। ਇਸ ਵੱਡੇ ਖੇਤਰਫਲ ਵਾਲੇ ਇਸ ਨਾਰਥ ਅਮਰੀਕੀ ਮਹਾਂਦੀਪ ਦੇ ਇਸ ਖਿੱਤੇ ਵਿੱਚ ਨੇਟਿਵ ਲੋਕਾਂ ਦੀ ਸੱਭਿਅਤਾ ਹਜ਼ਾਰਾਂ ਸਾਲ ਪੁਰਾਣੀ ਹੈ। ਯੁਰੋਪੀਅਨ ਬਸਤੀਵਾਦੀਆਂ ਦੇ ਇੱਥੇ ਆਗਮਨ ਤੋਂ ਬਾਅਦ ਵਾਲੇ ਪਿਛਲੇ 500 ਸਾਲਾਂ ਦੀ ਦਾਬੇ ਅਤੇ ਜੰਗੀ ਸਿਆਸੀ ਉਥਲ-ਪੁਥਲ ਪਾਰ ਦੇ ਦੌਰ ਤੋਂ ਬਾਅਦ ਅੱਜ ਦਾ ਦੇਸ਼ ਕੈਨੇਡਾ ਦਿਖਾਈ ਦਿੱਤਾ ਸੀ। ਮਿਤੀ 1 ਜੁਲਾਈ, 1867 ਨੂੰ, ਬ੍ਰਿਟਿਸ਼ ਉੱਤਰੀ ਅਮਰੀਕਾ ਐਕਟ ਨੇ ਕੈਨੇਡਾ ਦੀ ਸਿਰਜਣਾ ਕੀਤੀ, ਰਸਮੀ ਤੌਰ 'ਤੇ ਕਈ ਬਸਤੀਆਂ ਨੂੰ ਕੈਨੇਡਾ ਦੇ ਇੱਕਲੇ, ਏਕੀਕ੍ਰਿਤ, ਅਰਧ-ਸੁਤੰਤਰ ਡੋਮੀਨੀਅਨ ਵਿੱਚ ਸ਼ਾਮਲ ਕੀਤਾ। ਇਸੇ ਦਿਨ ਬ੍ਰਿਟਿਸ਼ ਪਾਰਲੀਮੈਂਟ ਵਿੱਚ "ਬ੍ਰਿਟਿਸ਼ ਨਾਰਥ ਅਮਰੀਕਾ ਐਕਟ" ਪਾਸ ਕਰਕੇ, ਬ੍ਰਿਟਿਸ਼ ਰਾਜ ਦੇ ਅਧੀਨ ਹੀ ਆਜ਼ਾਦ ਡੋਮੇਨੀਅਨ ਰਾਜ ਦਾ ਦਰਜ਼ਾ ਪ੍ਰਾਪਤ ਕੈਨੇਡਾ ਦੇਸ਼ ਦਾ ਜਨਮ ਹੋਇਆ। ਜ਼ਰੂਰੀ ਤੌਰ 'ਤੇ ਉਸ ਦਿਨ ਕੈਨੇਡਾ ਬ੍ਰਿਟਿਸ਼ ਸਾਮਰਾਜ ਦੇ ਅੰਦਰ ਇੱਕ ਸਵੈ-ਸ਼ਾਸਿਤ ਰਾਜ ਬਣ ਗਿਆ।

ਇਸ ਤਰ੍ਹਾਂ ਉਸ ਦਿਨ 'ਬ੍ਰਿਟਿਸ਼ ਨਾਰਥ ਅਮਰੀਕਾ' ਨਾਲ ਜਾਣੀ ਜਾਂਦੀ ਇਸ ਬਸਤੀ ਨੂੰ, ਬ੍ਰਿਟਿਸ਼ ਪਾਰਲੀਮੈਂਟ ਤੋਂ ਆਜ਼ਾਦੀ ਮਿਲੀ। ਸਾਲ 1879 ਵਿੱਚ ਇਸ ਦਿਨ ਨੂੰ ਨੈਸ਼ਨਲ ਡੇਅ ਮਨਾਉਣ ਦਾ ਫੈਸਲਾ ਹੋਇਆ ਅਤੇ ਇਸ ਦਾ ਨਾਮ "ਡੋਮੇਨੀਅਨ ਡੇਅ" ਰੱਖਿਆ ਗਿਆ ਅਤੇ ਹਰ ਸਾਲ ਮਨਾਇਆ ਜਾਣ ਲੱਗਾ। ਕਈ ਸਾਲਾਂ ਤੱਕ, ਇਸ ਦਿਨ ਨੂੰ ਮਨਾਉਣ ਦਾ ਇੰਨਾਂ ਉਤਸ਼ਾਹ ਨਹੀਂ ਸੀ ਕਿਉਂਕਿ ਲੋਕਾਂ ਦੇ ਮਨਾਂ ਵਿੱਚੋਂ ਉਸ ਵੇਲੇ ਤੱਕ ਬ੍ਰਿਟਿਸ਼ ਨਾਗਿਰਕਤਾ ਦਾ ਭਰਮ ਨਹੀਂ ਸੀ ਨਿਕਲਿਆ। ਸੰਨ 1879 ਵਿੱਚ, ਇੱਕ ਫੈਡਰਲ ਕਾਨੂੰਨ ਨੇ ਇੱਕ ਜੁਲਾਈ ਨੂੰ "ਕਨਫੈਡਰੇਸ਼ਨ ਦੀ ਵਰ੍ਹੇਗੰਢ" ਵਜੋਂ ਇੱਕ ਕਾਨੂੰਨੀ ਜਨਤਕ ਛੁੱਟੀ ਕਰ ਦਿੱਤੀ, ਜਿਸ ਨੂੰ ਬਾਅਦ ਵਿੱਚ "ਡੋਮੀਨੀਅਨ ਡੇਅ" ਕਿਹਾ ਜਾਂਦਾ ਹੈ। ਸਾਲ 1980 ਵਿੱਚ ਕੈਨੇਡਾ ਨੇ ਆਪਣੀ ਵੱਖਰੀ ਨੈਸ਼ਨਲ ਐਨਥਮ "ਓ ਕੈਨੇਡਾ, ਓ ਕੈਨੇਡਾ" ਲਾਗੂ ਕੀਤੀ ਤੇ ਲੋਕਾਂ ਵਿੱਚ ਆਪਣੇ ਦੇਸ਼ ਲਈ ਦੇਸ਼ ਭਗਤੀ ਲਈ ਉਤਸ਼ਾਹਿਤ ਕੀਤਾ। ਸਾਲ 1867 ਤੋਂ ਲੈਕੇ 1982 ਤੱਕ 'ਬ੍ਰਿਟਿਸ਼ ਨਾਰਥ ਅਮਰੀਕਾ ਐਕਟ-1867' ਹੀ ਇਸ ਦੇਸ਼ ਲਈ ਸੰਵਿਧਾਨ ਦੇ ਤੌਰ 'ਤੇ ਚਲਦਾ ਰਿਹਾ ।

ਸਾਲ 1982 ਦਾ ਕੈਨੇਡਾ ਐਕਟ ਪਹਿਲਾ ਸੰਵਿਧਾਨ ਸੀ, ਜੋ ਕੈਨੇਡਾ ਦੀ ਆਪਣੀ ਪਾਰਲੀਮੈਂਟ ਰਾਹੀਂ ਪਾਸ ਕੀਤਾ ਗਿਆ ਸੀ ਕਿਉਂਕਿ ਪੁਰਾਣਾ ਸੰਵੀਧਾਨ ਬ੍ਰਿਟਿਸ਼ ਪਾਰਲੀਮੈਂਟ ਵੱਲੋਂ ਨਾਰਥ ਅਮਰੀਕਾ ਐਕਟ-1867 ਰਾਹੀਂ ਬਣਾਇਆ ਗਿਆ ਸੀ। ਕੈਨੇਡਾ ਐਕਟ 1982 ਦੀ ਮਹੱਤਤਾ ਸੀ ਪ੍ਰਭੂਸੱਤਾ ਅਤੇ ਆਜ਼ਾਦੀ। ਇਹ ਐਕਟ ਕੈਨੇਡਾ ਦੀ ਇੱਕ ਰਾਸ਼ਟਰ ਵਜੋਂ ਪੂਰੀ ਪ੍ਰਭੂਸੱਤਾ ਅਤੇ ਆਜ਼ਾਦੀ ਦੀ ਯਾਤਰਾ ਵਿੱਚ ਇੱਕ ਮਹੱਤਵਪੂਰਨ ਮੀਲ-ਪੱਥਰ ਸੀ। ਇਸ ਤਰ੍ਹਾਂ ਲੋਕਾਂ ਨੂੰ ਅਧਿਕਾਰਾਂ ਅਤੇ ਆਜ਼ਾਦੀਆਂ ਦੀ ਸੁਰੱਖਿਆ ਹਾਸਲ ਹੋਈ। ਐਕਟ ਵਿੱਚ ਦਰਜ ਚਾਰਟਰ, ਕੈਨੇਡੀਅਨ ਕਾਨੂੰਨ ਦਾ ਇੱਕ ਅਧਾਰ ਹੈ, ਜੋ ਵਿਅਕਤੀਗਤ ਅਤੇ ਸਮੂਹਿਕ ਅਧਿਕਾਰਾਂ ਦੀ ਰੱਖਿਆ ਕਰਦਾ ਹੈ। ਇਸ ਐਕਟ ਨੇ ਕੈਨੇਡਾ ਦੇ ਸੰਵਿਧਾਨ ਦੇ ਚੱਲ ਰਹੇ ਵਿਕਾਸ ਲਈ ਢਾਂਚਾ ਪ੍ਰਦਾਨ ਕੀਤਾ, ਜਿਸ ਨਾਲ ਇਸਨੂੰ ਬਦਲਦੀਆਂ ਜ਼ਰੂਰਤਾਂ ਅਤੇ ਹਾਲਾਤਾਂ ਦੇ ਅਨੁਕੂਲ ਹੋਣ ਦੀ ਆਗਿਆ ਮਿਲੀ।

ਸਾਲ 1867 ਦੇ ਜਨਮ ਤੋਂ ਬਾਅਦ ਇਸ ਦੇਸ਼ ਨੂੰ ਅੱਜ ਵਾਲਾ ਬਨਣ ਲਈ ਪੂਰੇ 132 ਸਾਲ ਦਾ ਅਰਸਾ ਲੱਗਿਆ, ਜਦੋਂ ਸਾਰੀਆਂ ਬਸਤੀਆਂ ਅੱਗੜ-ਪਿੱਛੜ ਇਸ ਵਿੱਚ ਰਲ੍ਹਦੀਆਂ ਗਈਆਂ। ਸਾਲ 1867 ਨੂੰ ਸਿਰਫ ਤਿੰਨ ਬ੍ਰਿਟਿਸ਼ ਬਸਤੀਆਂ "ਪ੍ਰੋਵਿੰਸ ਆਫ ਕੈਨਡਾ", ਨੋਵਾ-ਸਕੋਸ਼ੀਆ ਅਤੇ ਨਿਉ-ਬਰਸ਼ਵਿਕ ਨੂੰ ਮਿਲਾ ਕੇ ਕੈਨੇਡਾ ਦਾ ਮੁੱਢ ਬੰਨਿਆ ਗਿਆ ਸੀ। ਰਲੇਵੇਂ ਵੇਲੇ "ਪ੍ਰੋਵਿੰਸ ਆਫ ਕੈਨਡਾ" ਵਾਲੀ ਬਸਤੀ ਨੂੰ ਦੋ ਹਿੱਸੇ ਵਿੱਚ ਵੰਡਕੇ ਅੱਜ ਵਾਲੇ ਓਂਟਾਰੀਓ ਅਤੇ ਕਿਉਬੈਕ ਪ੍ਰੋਵਿੰਸ ਬਣਾ ਦਿੱਤੇ ਗਏ ਅਤੇ ਇਸ ਤਰ੍ਹਾਂ ਕੁੱਲ ਚਾਰ ਪ੍ਰੋਵਿੰਸ ਬਣੇ। ਅਖੀਰ ਸਾਲ 1999 ਤੱਕ ਆਉਂਦੇ ਨੂਨਾਵਟ ਪ੍ਰੋਵਿੰਸ ਵੀ ਇਸ ਵਿੱਚ ਸ਼ਾਮਿਲ ਹੋਇਆ। ਸੰਨ 1870 ਦੋ ਹੋਰ ਬਸਤੀਆਂ ਮੈਨੀਟੋਬਾ ਅਤੇ ਨਾਰਥ ਵੈਸਟ ਟੈਰੀਟਰੀ ਵੀ ਇਸ ਵਿੱਚ ਸ਼ਾਮਲ ਹੋਏ। ਸੰਨ 1871 ਵਿੱਚ ਬ੍ਰਿਟਿਸ਼ ਕੋਲੰਬਿਆ ਵੀ ਇਸ ਵਿੱਚ ਮਿਲ ਗਿਆ। ਸੰਨ 1873 ਵਿੱਚ ਪ੍ਰਿੰਸ ਐਡਵਰਡ ਆਈਲੈਂਡ ਵੀ ਕੈਨੇਡਾ ਦਾ ਹਿੱਸਾ ਬਨਣਾ ਮੰਨਿਆ। ਸੰਨ 1898 ਵਿੱਚ ਯੁਕੋਨ ਸ਼ਾਮਿਲ ਹੋਕੇ ਇਸ ਦਾ ਪ੍ਰੋਵਿੰਸ ਬਣਿਆ। ਸੰਨ 1905 ਦੋ ਹੋਰ ਬਸਤੀਆਂ ਸਸਕੈਚਵਨ ਅਤੇ ਐਲਬਰਟਾ ਵੀ ਇਸ ਵਿੱਚ ਸ਼ਾਮਿਲ ਹੋ ਗਏ। ਇਸੇ ਤਰ੍ਹਾਂ 1905 ਵਿਚ ਨਿਉ-ਫਿਨਲ਼ੈਂਡ ਅਤੇ 1999 ਵਿੱਚ ਨੁਨਾਵਟ ਨੇ ਵੀ ਸ਼ਾਮਿਲ ਹੋਣ ਦਾ ਫੈਸਲਾ ਲਿਆ ।

ਇਸ ਤਰ੍ਹਾਂ ਕੈਨੇਡਾ ਕੁੱਲ ਦਸ ਪ੍ਰੋਵਿੰਸ ਅਤੇ ਤਿੰਨ ਟੈਰੇਟਰੀਸ ਵਾਲਾ ਫੈਡਿਰਲ ਦੇਸ਼ ਬਣਿਆ। ਪੂਰੇ ਦੇਸ਼ ਵਿੱਚ ਦੋ ਭਾਸ਼ਾਵਾਂ-ਇੰਗਲਿਸ਼ ਅਤੇ ਫਰਾਂਸੀਸੀ ਨੂੰ ਦਫਤਰੀ ਦਰਜ਼ਾ ਪ੍ਰਾਪਤ ਹੈ। ਕਿਉਬੈਕ ਦੇ ਲੋਕ ਆਮ ਬੋਲਚਾਲ ਵਿੱਚ ਫਰਾਂਸੀਸੀ ਭਾਸ਼ਾ ਨੂੰ ਪਹਿਲ ਦਿੰਦੇ ਹਨ ਅਤੇ ਬਾਕੀ ਸਾਰੇ ਮੁਲਕ ਵਿੱਚ ਇੰਗਲਿਸ਼ ਭਾਸ਼ਾ ਬੋਲੀ ਜਾਂਦੀ ਹੈ। ਕਿਉਬੈਕ ਦੇ ਲੋਕ ਆਪਣੇ ਫਰਾਂਸੀਸੀ ਸੱਭਿਆਚਾਰ ਨੂੰ ਬਚਾਕੇ ਰੱਖਣਾ ਚਾਹੁੰਦੇ ਹਨ। ਇਥੋਂ ਦੇ ਨੇਟਿਵ ਮੂਲਨਿਵਾਸੀ ਲੋਕਾਂ ਨੂੰ ਆਪਣੇ ਸਭਿਆਚਾਰ ਅਤੇ ਭਾਸ਼ਾ ਨੂੰ ਮੁੜ ਸੁਰਜੀਤ ਕਰਨ ਦਾ ਹੱਕ ਵੀ ਪ੍ਰਾਪਤ ਹੋਇਆ ਹੈ। ਮਲਟੀਪਾਰਟੀ ਮਿਸਟਮ ਨਾਲ ਸਾਰੇ ਲੋਕਾਂ ਨੂੰ ਬਰਾਬਰ ਵੋਟਾਂ ਰਾਹੀਂ ਆਪਣੀ ਸਰਕਾਰ ਚੁਨਣ ਦਾ ਅਧਿਕਾਰ ਪ੍ਰਾਪਤ ਹੈ। ਪ੍ਰੋਵਿੰਸ ਅਤੇ ਫੈਡਰਲ ਸਰਕਾਰ ਸਿੱਧੀ ਲੋਕਾਂ ਦੀਆਂ ਵੋਟਾਂ ਨਾਲ ਚੁਣੀ ਜਾਂਦੀ ਹੈ। ਪੂਰੇ ਦੇਸ਼ ਵਿੱਚ ਦੋ ਕਿਸਮ ਦੇ ਜੁਡੀਸ਼ੀਅਲ ਸਿਸਟਮ ਲਾਗੂ ਹਨ-ਕਿਉਬੈਕ ਤੋਂ ਬਗੈਰ ਸਾਰੇ ਪ੍ਰੋਵਿੰਸਾਂ ਵਿਚ ਬ੍ਰਿਟਿਸ਼ ਕਾਮਨ-ਲਾਅ ਅਧਾਰਿਤ ਜੁਡੀਸ਼ੀਅਲ ਸਿਸਟਮ ਹੈ ਅਤੇ ਇੱਕਲੇ ਕਿਉਬੈਕ ਵਿੱਚ ਨਿਪੋਲ਼ੀਅਨ ਲਾਅ ਦੇ ਅਧਾਰ ਵਾਲਾ ਜੁਡੀਸ਼ਲ ਸਿਸਟਮ ਹੈ।

ਕੈਨੇਡਾ ਨੂੰ ਇਮੀਗਰੈਂਟ ਲੋਕਾਂ ਦਾ ਮੁਲਕ ਕਹਾਉਣ ਦਾ ਮਾਣ ਪ੍ਰਾਪਤ ਹੈ ਕਿਉਂਕਿ ਇਸਦੀ ਅੱਧੀ ਆਬਾਦੀ ਸੰਸਾਰ ਦੇ ਦੂਸਰੇ ਵੱਖ-ਵੱਖ ਮੁਲਕਾਂ ਦੀ ਜੰਮ-ਪਲ ਹੈ। ਨਵੀਂਆਂ ਸੰਭਾਨਾਵਾਂ ਅਤੇ ਤਰੱਕੀ ਲਈ ਆਸ਼ਾ ਲ਼ੈਕੇ ਆ ਰਹੇ ਇਮੀਗਰੈਂਟ ਲੋਕਾਂ ਲਈ ਇਸ ਦੇਸ਼ ਨੇ ਆਪਣੇ ਦਰਵਾਜ਼ੇ ਖੋਲ੍ਹ ਰੱਖੇ ਹਨ। ਸੰਸਾਰ ਦੇ ਵੱਖ-ਵੱਖ ਮੁਲਕਾਂ ਦੇ ਸਿਆਸੀ ਉੱਥਲ ਪੁੱਥਲ ਦੇ ਸਤਾਏ ਲੋਕਾਂ ਨੂੰ ਵੀ ਰਿਫੀਊਜ ਪਨਾਹ ਦੇਣ ਵਿੱਚ ਕੈਨੇਡਾ ਮਾਨਵਤਾਵਾਦੀ ਪਹੁੰਚ ਰੱਖਦਾ ਹੈ। ਜਮਹੂਰੀ ਅਮਲ ਦੇ ਸੁਹਿਰਦ ਇਤਿਹਾਸਕ ਯਤਨਾਂ ਦਾ ਹੀ ਨਤੀਜਾ ਹੈ, ਕਿ ਵੱਖ-ਵੱਖ ਦੇਸ਼ਾਂ ਤੋਂ ਆਏ ਪਰਵਾਸੀ ਆਪਣੀ ਮਰਜ਼ੀ ਨਾਲ, ਇਸ ਨੂੰ ਆਪਣਾ ਪੱਕਾ ਟਿਕਾਣਾ ਬਣਾ ਰਹੇ ਹਨ ਹੈ। ਸਾਰੇ ਸੰਸਾਰ ਅੰਦਰ ਕੋਵਿਡ-19 ਮਹਾਂਮਾਰੀ ਦੀ ਮੁਸ਼ਕਿਲ ਵਾਲੀ ਘੜੀ ਦੇ ਪ੍ਰਬੰਧਾਂ ਵਿੱਚ ਕੈਨੇਡਾ ਸਰਕਾਰ ਦੀ ਕਾਰਗੁਜ਼ਾਰੀ ਸੰਸਾਰ ਦੇ ਬਹੁਤੇ ਦੇਸ਼ਾਂ ਨਾਲੋਂ ਚੰਗੀ ਵਿਖਾਈ ਦਿੱਤੀ ਹੈ।

ਦੇਸ਼ ਦੇ ਬਹੁ-ਰੰਗੀ, ਬਹੁ-ਭਾਸ਼ਾਵੀ, ਬਹੁ-ਨਸਲੀ ਅਤੇ ਭਿੰਨ-ਭਿੰਨ ਸਭਿਆਚਾਰਾਂ ਵਾਲੇ ਲੋਕ ਬਰਾਬਰੀ ਵਾਲੀ ਜਮਹੂਰੀਅਤ ਵਿੱਚ ਰਹਿਕੇ, ਕੈਨੇਡਾ ਤਰੱਕੀ ਲਈ ਯਤਨਸ਼ੀਲ ਹੈ। ਇਸ ਦੇਸ਼ ਦੇ ਜਮੂਹਰੀ ਏਕੀਕ੍ਰਿਤ ਫੈਡਰਲ ਦੇਸ਼ ਬਨਣ ਦਾ ਇਤਿਹਾਸ ਚਾਹੇ ਲੰਬੇ ਬਸਤੀਵਾਦੀ ਹਿੰਸਕ ਇਤਿਹਾਸ ਵਿੱਚੋਂ ਹੋਕੇ ਨਿਕਲਿਆ ਹੈ। ਕੈਨੇਡਾ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਸਾਨੂੰ ਇਥੇ ਸਦੀਆਂ ਤੋਂ ਵਸਦੇ ਨੇਟਿਵ ਮੂਲਨਿਵਾਸੀ ਲੋਕਾਂ ਦੀ ਬਸਤੀਵਾਦੀ ਹਕੂਮਤ ਦੁਆਰਾ ਨਸਲਕੁਸ਼ੀ ਦਾ ਭਿਆਨਕ ਦੌਰ ਅਤੇ ਲੰਬੀ ਜੱਦੋਜਹਿਦ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ। ਇਨ੍ਹਾਂ ਨੇਟਿਵ ਲੋਕਾਂ ਨੇ ਹੀ, ਬਾਹਰੋਂ ਆਏ ਬ੍ਰਿਟਿਸ਼ ਬਸਤੀਵਾਦੀ ਲੋਕਾਂ ਨੂੰ ਇਸ ਬਰਫੀਲੀ ਧਰਤ ਉੱਤੇ ਜਿਉਂਦੇ ਰਹਿਣ ਦੀ ਜਾਂਚ ਸਿਖਾਈ। ਚਾਹੇ ਬਾਅਦ ਵਿੱਚ ਇਨ੍ਹਾਂ ਬਾਹਰਲੇ ਬਸਤੀਵਾਦੀ ਵਿਉਪਾਰੀਆਂ ਦੁਆਰਾ ਹੀ ਕੀਤੇ ਗਏ ਜ਼ੁਲਮਾਂ ਦੇ ਮੁਕਾਬਲੇ ਤੋਂ ਹਾਰ ਕੇ ਆਪਣੀ ਧਰਤੀ ਹਾਰ ਗਏ।

ਕੈਨੇਡਾ ਇਸ ਸਮੇਂ ਆਪਣੇ ਬਸਤੀਵਾਦੀ ਦੌਰ ਤੋਂ ਖਹਿੜਾ ਛੁੜਾਕੇ ਬਰਾਬਰੀ ਭਾਈਚਾਰੇ ਦੀਆਂ ਕਦਰਾਂ ਕੀਮਤਾਂ ਵਾਲਾ ਦੇਸ਼ ਹੈ ਪਰ ਪਿਛੋਕੜ ਬਸਤੀਵਾਦੀ ਹਾਕਮਾਂ ਵੱਲੋਂ ਨੇਟਿਵ ਲੋਕਾਂ ਤੇ ਕੀਤੇ ਗਏ ਜ਼ੁਲਮਾਂ ਦੇ ਜ਼ਖਮ ਅਜੇ ਵੀ ਅੱਲ੍ਹੇ ਹਨ। ਨੇਟਿਵ ਬੱਚਿਆਂ ਨੂੰ ਮਾਂ-ਬਾਪ ਤੋਂ ਕਿਡਨੈਪ ਕਰਕੇ ਵੱਖਰਾ ਕਰਨਾ, ਉਨ੍ਹਾਂ ਲਈ ਬਣਾਏ ਗਏ ਇੰਡੀਅਨ ਸਕੂਲਾਂ ਵਿੱਚ ਬੱਚਿਆਂ ਦੀਆਂ ਮੌਤਾਂ ਅਤੇ ਕਬਰਾਂ ਨੇ ਦੇਸ਼ ਦੀ ਇਮੇਜ਼ ਕਾਫੀ ਖਰਾਬ ਕੀਤੀ ਹੈ। ਚਾਹੇ ਦੇਸ਼ ਦੀ ਮੌਜੂਦਾ ਸਰਕਾਰ ਅੱਜ ਵੀ ਨਸਲਵਾਦੀ ਰੰਗਭੇਦੀ ਬੁਰਾਈ ਦੀ ਹੋਂਦ ਤੋਂ ਇਨਕਾਰੀ ਨਹੀਂ ਪਰ ਇਸ ਨੂੰ ਖਤਮ ਕਰਨ ਲਈ ਸਮੇਂ ਸਮੇਂ ਦੀਆਂ ਸਰਕਾਰਾਂ ਸਖਤੀ ਕਰਦੀਆਂ ਰਹੀਆਂ ਹਨ। ਭੇਦ-ਭਾਵ ਦੀ ਬੁਰਾਈ ਨੂੰ ਰੋਕਣ ਲਈ ਸਖਤ ਕਾਨੂੰਨ ਦਾ ਅਮਲ ਮੌਜੂਦ ਹੈ। ਨੇਟਿਵ ਮੂਲਨਿਵਾਸੀ ਲੋਕਾਂ ਦੀ ਭਲਾਈ ਲਈ ਵੱਖਰੇ ਵਿਭਾਗ ਅਤੇ ਪ੍ਰੋਜੈਕਟ ਬਣਾਏ ਗਏ ਹਨ। ਨੇਟਿਵ ਆਬਾਦੀ ਵਾਲੇ ਰਿਜ਼ਰਵਾਂ ਵਿੱਚ ਰਹਿਣ ਵਾਲੀ ਵਸੋਂ ਨੂੰ ਆਪਣੀਆਂ ਸਥਾਨਕ ਸਰਕਾਰਾਂ ਬਨਾਉਣ ਦਾ ਅਧਿਕਾਰ ਪ੍ਰਾਪਤ ਹੈ। ਕੈਨੇਡਾ ਸਰਕਾਰ ਵੱਲੋਂ ਸਪੈਸ਼ਲ ਆਰਥਿਕ ਮਦਦ ਨਾਲ, ਇਨ੍ਹਾਂ ਰਿਜ਼ਰਵਾਂ ਦੀਆਂ ਜੀਵਨ ਸਹੂਲਤਾਂ ਦਾ ਪ੍ਰਬੰਧ ਇਨ੍ਹਾਂ ਦੇ ਆਪਣੇ ਹੱਥ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਕਸਰ ਅਤੇ ਜਨਤਕ ਤੌਰ 'ਤੇ ਕੈਨੇਡਾ ਨੂੰ ਆਪਣੇ ਨਾਲ ਜੋੜਕੇ 51ਵਾਂ ਅਮਰੀਕੀ ਰਾਜ ਬਣਾਉਣ ਦੀ ਧਮਕੀ ਦਿੰਦੇ ਹਨ ਪਰ ਉਸੇ ਜ਼ੋਰ ਨਾਲ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸਖਤੀ ਨਾਲ ਇਸਦਾ ਸਪੱਸ਼ਟ ਤੌਰ 'ਤੇ ਜਵਾਬ ਦਿੱਤਾ ਹੈ: "ਇਹ ਕਦੇ ਨਹੀਂ ਵਾਪਰੇਗਾ"। ਅੱਜ ਸਾਰਾ ਮੁਲਕ ਇਸ ਦੇ ਸਵੈਮਾਣ ਅਤੇ ਆਜ਼ਾਦ ਹੈਸੀਅਤ ਲਈ ਇੱਕਜੁੱਟ ਹੈ। ਅਮਰੀਕਾ ਨਾਲ ਟੈਰਿਫ ਵਪਾਰਕ ਜੰਗ ਦੀ ਚੁਣੌਤੀ ਦੇ ਜਵਾਬ ਵਿੱਚ ਦੇਸ਼ ਨੂੰ ਅਮਰੀਕੀ ਵਪਾਰ ਦੀ ਨਿਰਭਰਤਾ ਨੂੰ ਖਤਮ ਕਰਨ ਲਈ ਕੈਨੇਡੀਅਨ ਸਰਕਾਰ ਵੱਲੋਂ ਵਿਉਂਤਬੰਦੀ ਸ਼ੁਰੂ ਕਰ ਦਿੱਤੀ ਗਈ ਹੈ। ਅੰਤਰ-ਪਰੋਵਿੰਸ ਵਿਉਪਾਰਕ ਪਾਬੰਦੀਆਂ ਨੂੰ ਖਤਮ ਕਰਣ ਲਈ ਯਤਨ ਕੀਤਾ ਜਾ ਰਿਹਾ ਹੈ। ਫੈਡਰਲ ਸਰਕਾਰ ਵੱਲੋਂ ਅੰਦਰੂਨੀ ਵਪਾਰ ਨੂੰ ਉਤਸ਼ਾਹਿਤ ਕਰਣ ਦੀਆਂ ਸਕੀਮਾਂ ਬਣਾਈਆਂ ਜਾ ਰਹੀਆਂ ਹਨ।

ਸੰਸਾਰ ਪੱਧਰ ਦੀ ਆਰਥਿਕ ਮੰਦੀ ਦਾ ਅਸਰ ਸਾਡੇ ਦੇਸ਼ ਤੇ ਵੀ ਦਿਖਾਈ ਦੇ ਰਿਹਾ ਹੈ। ਨਿੱਤ ਵਰਤੋਂ ਦੀਆਂ ਜ਼ਰੂਰੀ ਵਸਤਾਂ, ਗੈਸ ਆਦਿ ਦੀ ਮਹਿੰਗਾਈ ਨਾਲ ਲੋਕਾਂ ਵਿੱਚ ਬੇਚੈਨੀ ਹੈ। ਗੈਸ ਸਟੇਸ਼ਨਾਂ ਦੇ ਬਾਹਰ ਗੈਸ ਕੀਮਤਾਂ ਦੇ ਬੋਰਡ ਨਿੱਤ ਦਿਹਾੜੀ ਵਧ ਰਹੇ ਵੇਖੇ ਜਾ ਸਕਦੇ ਹਨ, ਨਿੱਤ ਵਰਤੋਂ ਅਤੇ ਖੁਰਾਕ ਵਸਤਾਂ ਦੀਆਂ ਕੀਮਤਾਂ ਦੇਖ-ਦੇਖ ਲੋਕ ਚਿੰਤਿਤ ਹੋ ਰਹੇ ਹਨ। ਲੋਕਾਂ ਦੇ ਰਹਿਣ ਲਈ ਕਿਰਾਏ ਅਤੇ ਮਕਾਨਾਂ ਦੀ ਦੀਆਂ ਕੀਮਤਾਂ ਵੀ ਬੇਕਾਬੂ ਹੋ ਰਹੀਆਂ ਹਨ, ਘਰਾਂ ਦੀ ਮੋਰਟਗੇਜ਼ ਦੇ ਵਿਆਜ਼ ਲਗਾਤਾਰ ਵੱਧ ਰਹੇ ਹਨ, ਮਹਿੰਗਾਈ ਨੂੰ ਠੱਲ ਪਾਉਣ ਲਈ ਸਰਕਾਰੀ ਕੋਸ਼ਿਸ਼ਾਂ ਦਾ ਕੋਈ ਅਸਰ ਦਿਖਾਈ ਨਹੀਂ ਦੇ ਰਿਹਾ। ਇਸ ਸਮੇਂ, ਆਮ ਲੋਕਾਂ ਲਈ ਰੋਜ਼ਗਾਰ, ਛੋਟੇ ਕਾਰੋਬਾਰਾਂ ਨੂੰ ਰਾਹਤ ਦੇਕੇ ਆਤਮ ਨਿਰਭਰ ਆਰਥਿਕਤਾ ਨਾਲ ਦੇਸ਼ ਆਰਥਿਕ ਮੰਦੀ ਤੋਂ ਰਾਹਤ ਮਿਲ ਸਕਦੀ ਹੈ। ਬੱਚਿਆਂ, ਔਰਤਾਂ, ਸੀਨੀਅਰਸ, ਮੂਲਨੀਵਾਸੀ, ਘੱਟ-ਗਿਣਤੀਆਂ, ਘੱਟ-ਆਮਦਨ , ਪਰਵਾਸੀ, ਸਾਰੇ ਵਰਗਾਂ ਦੀ ਖਾਸ ਸੰਭਾਲ ਲਈ ਸਹੀ ਨੀਤੀਆਂ ਅਤੇ ਸਮਾਜ ਭਲਾਈ ਸਕੀਮਾਂ ਨੂੰ ਹੋਰ ਪ੍ਰਭਾਵਸ਼ਾਲੀ ਬਨਾਉਣ ਦੀ ਜ਼ਰੂਰਤ ਹੈ। ਆਮ ਲੋਕਾਂ ਦੇ ਸਹਿਯੋਗ ਨਾਲ, ਸਾਰੇ ਲੋਕਾਂ ਦੀ ਤੱਰਕੀ ਨਾਲ ਹੀ ਦੇਸ਼ ਦੀ ਤਰੱਕੀ ਸੰਭਵ ਹੈ। ਸਭ ਦੀ ਖੁਸ਼ਹਾਲੀ, ਤਰੱਕੀ ਹੀ ਇਸ ਦੇਸ਼ ਦਾ ਮਜ਼ਬੂਤ ਆਧਾਰ ਹੈ। ਇਸ ਦਿਨ ਆਪਣੇ ਮੁਲਕ ਦੀ ਤਰੱਕੀ ਦੀ ਕਾਮਨਾ, ਸਾਰੇ ਕੈਨੇਡਾ ਵਾਸੀ ਇੱਕਸੁਰ ਹੋਕੇ ਕਰਦੇ ਹਨ।

### ਕੈਨੇਡਾ ਦੇ ਰਾਸ਼ਟਰੀ ਗੀਤ "ਓ ਕੈਨੇਡਾ" ਦੇ ਬੋਲ ਹਨ:

ਓ ਕੈਨੇਡਾ! ਸਾਡਾ ਘਰ ਅਤੇ ਜੱਦੀ ਧਰਤੀ!
ਸੱਚਾ ਦੇਸ਼ ਭਗਤ ਪਿਆਰ ਸਾਡੇ ਸਾਰਿਆਂ ਲਈ ਆਦੇਸ਼ ਦਿੰਦਾ ਹੈ।
ਚਮਕਦੇ ਦਿਲਾਂ ਨਾਲ ਅਸੀਂ ਤੈਨੂੰ ਉੱਠਦੇ ਵੇਖਦੇ ਹਾਂ,
ਸੱਚਾ ਉੱਤਰ, ਮਜ਼ਬੂਤ ਅਤੇ ਆਜ਼ਾਦ!
ਦੂਰ-ਦੁਰਾਡੇ ਤੋਂ, ਹੇ ਕੈਨੇਡਾ,
ਅਸੀਂ ਤੇਰੀ ਰਾਖੀ ਲਈ ਖੜ੍ਹੇ ਹਾਂ।
ਪਰਮੇਸ਼ੁਰ ਸਾਡੀ ਧਰਤੀ ਨੂੰ ਸ਼ਾਨਦਾਰ ਅਤੇ ਆਜ਼ਾਦ ਰੱਖੇ!
ਹੇ ਕੈਨੇਡਾ, ਅਸੀਂ ਤੇਰੀ ਰਾਖੀ ਲਈ ਖੜ੍ਹੇ ਹਾਂ।

# ਅਮਰੀਕੀ ਸਾਮਰਾਜ ਵੱਲੋਂ ਈਰਾਨ ਉੱਤੇ ਘਾਤਕ ਹਮਲੇ



ਮਨਦੀਪ
(438-924-2052)
mandeepsaddowal@gmail.com

ਇਜ਼ਰਾਈਲ ਵੱਲੋਂ ਲਗਾਤਾਰ ਇੱਕ ਸਾਲ ਅੱਠ ਮਹੀਨੇ ਤੋਂ ਫਲਸਤੀਨੀ ਲੋਕਾਂ ਦੀ ਨਸਲਕੁਸ਼ੀ ਜਾਰੀ ਹੈ ਤੇ ਇਸ ਦੌਰਾਨ ਇਜ਼ਰਾਇਲ ਨੇ ਈਰਾਨ ਉੱਤੇ ਹਮਲਾ ਕਰਕੇ ਮੱਧ ਪੂਰਬ ਵਿੱਚ ਵੱਡੀ ਮਾਰੂ ਜੰਗ ਛੇੜ ਦਿੱਤੀ ਹੈ। ਪ੍ਰਮਾਣੂ ਸ਼ਕਤੀ ਸਾਪੰਨ ਇਜ਼ਰਾਇਲੀ ਰਾਜ ਨੇ ਈਰਾਨ ਉੱਤੇ ਹਮਲੇ ਦਾ ਬਹਾਨਾ ਬਣਾਇਆ ਕਿ ਈਰਾਨ ਦਾ ਪ੍ਰਮਾਣੂ ਪ੍ਰੋਗਰਾਮ ਇਜ਼ਰਾਈਲ ਦੀ ਹੋਂਦ ਲਈ ਖ਼ਤਰਾ ਹੈ ਤੇ ਉਹ ਇਸ ਭਵਿੱਖੀ ਖ਼ਤਰੇ ਨੂੰ ਅਗਾਊਂ ਮਿਟਾਉਣਾ ਚਾਹੁੰਦਾ ਹੈ। ਇਜ਼ਰਾਇਲ ਦੇ ਭੜਕਾਊ ਹਮਲਿਆਂ ਤੋਂ ਬਾਅਦ ਈਰਾਨ ਨੇ ਜਵਾਬੀ ਹਮਲੇ ਸ਼ੁਰੂ ਕਰ ਦਿੱਤੇ। ਈਰਾਨੀ ਹਮਲਿਆਂ ਤੋਂ ਘਬਰਾਏ ਇਜ਼ਰਾਇਲੀ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਪੂਰੀ ਕੈਬਨਿਟ ਸਮੇਤ ਵਾਈਟ ਹਾਊਸ ਪਹੁੰਚ ਕੇ ਟਰੰਪ ਕੋਲ ਮੱਦਦ ਦੀ ਗੁਹਾਰ ਲਗਾਈ। ਇਸਤੋਂ ਪਹਿਲਾਂ ਟਰੰਪ ਨੇ ਇਜ਼ਰਾਇਲ-ਈਰਾਨ ਜੰਗ ਵਿੱਚ ਸ਼ਾਮਲ ਹੋਣ ਲਈ ਦੋ ਹਫਤਿਆਂ ਦਾ ਸਮਾਂ ਮੰਗਿਆਂ ਸੀ ਪਰੰਤੂ ਈਰਾਨ ਦੇ ਇਜ਼ਰਾਇਲ ਉੱਤੇ ਤਾਬੜਤੋੜ ਹਮਲਿਆਂ ਨੂੰ ਦੇਖਦੇ ਹੋਏ ਅਤੇ ਅਮਰੀਕਾ ਸਥਿਤ ਮਜ਼ਬੂਤ ਯਹੂਦੀ ਲਾਬੀ ਦੇ ਦਬਾਅ ਕਾਰਨ ਟਰੰਪ ਹਕੂਮਤ ਨੇ 21 ਜੂਨ ਨੂੰ ਈਰਾਨ ਦੇ ਤਿੰਨ ਸਿਵਲ ਪ੍ਰਮਾਣੂ (ਫੌਰਦੋ, ਨਤਾਨਜ਼, ਇਸਫਾਹਨ) ਟਿਕਾਣਿਆਂ ਤੇ ਨਿਹੱਕੇ ਤੇ ਨਜਾਇਜ ਹਮਲੇ ਕਰ ਦਿੱਤੇ। ਟਰੰਪ ਨੇ ਯੂਐਨ, ਅਟੌਮਿਕ ਐਨਰਜੀ ਏਜੰਸੀ, ਐਨਪੀਟੀ ਆਦਿ ਵਰਗੀਆਂ ਕੌਮਾਂਤਰੀ ਸੰਸਥਾਵਾਂ ਤੇ ਕੌਮਾਂਤਰੀ ਸੰਧੀਆਂ ਦੀ ਪ੍ਰਵਾਹ ਕੀਤੇ ਬਿਨ੍ਹਾਂ ਈਰਾਨ ਉੱਤੇ ਘਾਤਕ ਹਮਲਾ ਕਰਕੇ ਸਾਮਰਾਜੀ ਗੁੰਡਾਗਰਦੀ ਦਾ ਨੰਗਾ ਨਾਚ ਸ਼ੁਰੂ ਕਰ ਦਿੱਤਾ ਹੈ।

ਬਿਨਾਂ ਕਿਸੇ ਚੇਤਾਵਨੀ ਦੇ ਇਜ਼ਰਾਈਲ ਨੇ ਈਰਾਨ ਦੇ ਇੱਕ ਦਰਜਨ ਤੋਂ ਵੱਧ ਫੌਜੀ ਅੱਡਿਆਂ, ਪ੍ਰਮਾਣੂ ਪਲਾਂਟਾਂ, ਤੇਲ-ਗੈਸ ਰਿਫਾਇਨਰੀਆਂ, ਮਿਜ਼ਾਈਲ ਡਿਪੂਆਂ, ਹਵਾਈ ਰੱਖਿਆ ਪ੍ਰਣਾਲੀਆਂ ਅਤੇ ਕਈ ਸ਼ਹਿਰਾਂ ਵਿੱਚ ਫੌਜੀ ਖੋਜ ਕੇਂਦਰਾਂ ਉੱਤੇ ਹਮਲੇ ਕੀਤੇ ਹਨ। ਇਸਤੋਂ ਪਹਿਲਾਂ ਵੀ ਇਜ਼ਰਾਈਲ ਨੇ ਈਰਾਨ ਦੇ ਉੱਚ ਫੌਜੀ ਅਧਿਕਾਰੀਆਂ, ਪ੍ਰਮਾਣੂ ਵਿਗਿਆਨੀਆਂ ਨੂੰ ਚੁਣ-ਚੁਣ ਕੇ ਕਤਲ ਕੀਤਾ ਹੈ। ਇਜ਼ਰਾਈਲ ਨੇ ਈਰਾਨੀ ਇਸਲਾਮੀ ਗਣਰਾਜ ਨੂੰ ਕਮਜ਼ੋਰ ਕਰਨ ਲਈ ਉਸਦੇ ਊਰਜਾ ਸ੍ਰੋਤਾਂ, ਪ੍ਰਮਾਣੂ ਤੇ ਫੌਜੀ ਟਿਕਾਣਿਆਂ ਦੇ ਨਾਲ-ਨਾਲ ਮਨੁੱਖੀ ਅਧਿਕਾਰਾਂ ਨੂੰ ਲਾਂਭੇ ਰੱਖਕੇ ਈਰਾਨ ਦੇ ਸੰਘਣੀ ਆਬਾਦੀ ਵਾਲੇ ਖੇਤਰਾਂ ਤੇ ਰਿਹਾਇਸ਼ੀ ਇਮਾਰਤਾਂ ਨੂੰ ਵੀ ਨਿਸ਼ਾਨਾ ਬਣਾਇਆ। ਇਜ਼ਰਾਈਲ ਨੇ ਹੋਰ ਵੀ ਵੱਡੇ, ਵਿਨਾਸ਼ਕਾਰੀ ਅਤੇ ਵਿਆਪਕ ਹਮਲਿਆਂ ਦੀ ਚੇਤਾਵਨੀ ਦਿੱਤੀ ਹੈ। ਈਰਾਨ ਵੱਲੋਂ ਇਜ਼ਰਾਈਲੀ ਹਮਲੇ ਦੀ ਜਵਾਬੀ ਕਾਰਵਾਈ ਵਿੱਚ ਡਰੋਨ ਅਤੇ ਮਿਜ਼ਾਈਲ ਹਮਲੇ ਕੀਤੇ ਜਾ ਰਹੇ ਹਨ। ਘਟਨਾਵਾਂ ਐਨੀ ਤੇਜ਼ੀ ਨਾਲ ਵਾਪਰ ਰਹੀਆਂ ਹਨ ਕਿ ਮੱਧ ਪੂਰਬ ਅਤੇ ਦੁਨੀਆ ਭਰ ਦੇ ਲੋਕਾਂ ਸਾਹਮਣੇ ਇਸਦੇ ਗੰਭੀਰ ਖ਼ਤਰੇ ਖੜੇ ਹੋ ਰਹੇ ਹਨ। ਈਰਾਨ ਨੇ ਅਮਰੀਕਾ ਸਮੇਤ ਇਜ਼ਰਾਈਲ ਦੇ ਸਹਿਯੋਗੀਆਂ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਨੇ ਈਰਾਨ ਖਿਲਾਫ ਜੰਗ ਵਿੱਚ ਸਿੱਧਾ ਦਖਲ ਦਿੱਤਾ ਤਾਂ ਮੱਧ ਪੂਰਬੀ ਖਿੱਤੇ ਵਿੱਚ ਸਥਿਤ ਉਨ੍ਹਾਂ ਦੇ ਫੌਜੀ ਅੱਡੇ ਸੁਰੱਖਿਅਤ ਨਹੀਂ ਰਹਿਣਗੇ। ਈਰਾਨ ਇਹਨਾਂ ਬੇਰਹਿਮ ਹਮਲਿਆਂ ਦੇ ਜਵਾਬ ਵਿੱਚ ਫਾਰਸ ਦੀ ਖਾੜੀ ’ਚ ਹੋਰਮੁਜ਼ ਜਲਡਮਰੂ ਨੂੰ ਬੰਦ ਕਰਨ ਜਾਂ ਉਸਨੂੰ ਨਿਸ਼ਾਨਾ ਬਣਾਉਣ ਲਈ ਮਜ਼ਬੂਰ ਹੋ ਸਕਦਾ ਹੈ। ਇਸ ਮਾਰਗ ਰਾਹੀਂ ਦੁਨੀਆ ਦੀ ਤੇਲ ਸਪਲਾਈ ਦਾ ਇੱਕ ਚੌਥਾਈ ਹਿੱਸਾ ਲਿਜਾਇਆ ਜਾਂਦਾ ਹੈ। ਇਸ ਮਹੱਤਵਪੂਰਨ ਵਪਾਰਕ ਲਾਂਘੇ ’ਚ ਗੜਬੜ ਹੋਣ ਨਾਲ ਸਪਲਾਈ ਚੇਨ ਪ੍ਰਭਾਵਿਤ ਹੋ ਸਕਦੀ ਹੈ ਜਿਸ ਨਾਲ ਤੇਲ-ਗੈਸ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋ ਸਕਦਾ ਹੈ ਤੇ ਸਿੱਟੇ ਵਜੋਂ ਵਿਸ਼ਵ-ਵਿਆਪੀ ਮਹਿੰਗਾਈ ਵੱਧਣ ਨਾਲ ਮੱਧ ਪੂਰਬ ਖਿੱਤੇ ਵਿੱਚ ਮੁੱਖ ਤੌਰ ਤੇ ਅਤੇ ਗਲੋਬਲ ਆਰਥਿਕਤਾ ਉੱਤੇ ਬੁਰੇ ਪ੍ਰਭਾਵ ਪੈ ਸਕਦੇ ਹਨ।



ਅਮਰੀਕਾ-ਇਜ਼ਰਾਇਲ ਵੱਲੋਂ ਵਿੱਢੀ ਜੰਗ ਕਾਰਨ ਈਰਾਨ, ਲੇਬਨਾਨ, ਸੀਰੀਆ ਆਦਿ ਮੁਲਕਾਂ ਵਿੱਚ ਲੱਖਾਂ ਲੋਕ ਬੇਘਰ ਹੋ ਸਕਦੇ ਹਨ ਅਤੇ ਇਹਨਾਂ ਖੇਤਰਾਂ ਵਿੱਚ ਗਜ਼ਾ ਵਾਂਗ ਵੱਡਾ ਸ਼ਰਨਾਰਥੀ ਸੰਕਟ ਖੜਾ ਹੋਣ ਤੇ ਪ੍ਰਵਾਸ ਦਾ ਰੁਝਾਨ ਯੂਰਪ ਵੱਲ ਵਧਣ ਨਾਲ ਸਮਾਜਿਕ ਵਿਵਸਥਾ ਪ੍ਰਭਾਵਿਤ ਹੋ ਸਕਦੀ ਹੈ। ਅਮਰੀਕਾ ਦੀ ਸ਼ਮੂਲੀਅਤ ਗਲੋਬਲ ਧਰੁਵੀਕਰਨ ਪੈਦਾ ਕਰੇਗੀ ਜਿਸ ਨਾਲ ਹਿਜ਼ਬੁੱਲਾ, ਹਮਾਸ, ਸੀਰੀਆਈ ਹੂਤੀ ਬਾਗੀ ਤੇ ਕਈ ਖਾੜੀ ਦੇਸ਼ ਇਸ ਜੰਗ ਵਿੱਚ ਸ਼ਾਮਲ ਹੋ ਸਕਦੇ ਹਨ ਅਤੇ ਰੂਸ-ਚੀਨ ਇਸ ਜੰਗ ਸਬੰਧੀ ਵਧੇਰੇ ਚੁਕੰਨੇ ਹੋਣਗੇ। ਈਰਾਨ ਅਤੇ ਇਜ਼ਰਾਈਲ ਦੇ ਸਾਈਬਰ ਯੁੱਧ ਵਿੱਚ ਬੈਂਕਾਂ, ਤੇਲ ਕੰਪਨੀਆਂ, ਇੰਟਰਨੈੱਟ ਆਦਿ ਵਰਗੇ ਬੁਨਿਆਦੀ ਢਾਂਚੇ ਨੂੰ ਭਾਰੀ ਨੁਕਸਾਨ ਝੱਲਣਾ ਪੈ ਸਕਦਾ ਹੈ। ਇਸ ਜੰਗ ਦਾ ਘੇਰਾ ਵਧਣ ਨਾਲ ਜਾਂ ਜੰਗ ਦੇ ਹੋਰ ਵੱਧ ਤੀਬਰ ਹੋਣ ਨਾਲ ਤੇਲ ਆਯਾਤ ’ਤੇ ਨਿਰਭਰ ਦੇਸ਼ਾਂ (ਭਾਰਤ, ਪਾਕਿਸਤਾਨ, ਬੰਗਲਾਦੇਸ਼, ਅਫਰੀਕੀ ਦੇਸ਼ ਆਦਿ) ਨੂੰ ਵੱਡੀਆਂ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਤੇ ਇਸ ਖਿੱਤੇ ਵਿੱਚ ਮੁਦਰਾ ਸੰਕਟ, ਭੋਜਨ ਅਸੁਰੱਖਿਆ, ਮਹਿੰਗਾਈ ਅਤੇ ਕਰਜ਼ ਸੰਕਟ ਵਧ ਸਕਦੇ ਹਨ। ਰਿਹਾਇਸ਼ੀ ਇਲਾਕਿਆਂ ਦੇ ਨੇੜੇ ਬਣੀਆਂ ਈਰਾਨੀ ਪ੍ਰਮਾਣੂ ਸੇਵਾਵਾਂ ਤੇ ਹਮਲਿਆਂ ਨਾਲ ਪ੍ਰਮਾਣੂ ਰਿਸਾਅ ਦੇ ਗੰਭੀਰ ਖਤਰੇ ਖੜੇ ਹੋ ਸਕਦੇ ਹਨ।

ਅਮਰੀਕੀ ਸਾਮਰਾਜੀ ਜੰਗੀ ਮਸ਼ੀਨ ਨੇ ਆਪਣੀ ਗਲੋਬਲ ਮਹਾਂਸ਼ਕਤੀ ਬਣੇ ਰਹਿਣ ਦੀ ਹਸਰਤ ਲਈ ਇਰਾਕ, ਲੀਬੀਆ, ਸੀਰੀਆ ਵਾਂਗ ਇੱਕ ਝੂਠਾ ਬਹਾਨਾ ਘੜਕੇ ਈਰਾਨ ਨੂੰ ਘੇਰਨ ਦੀ ਨੀਤੀ ਅਪਣਾਈ ਹੈ। ਇਸ ਲਈ ਉਸਨੇ ਬਦਨਾਮ ਨਸਲਵਾਦੀ ਰਾਜ ਇਜ਼ਰਾਈਲ ਨੂੰ ਮੂਹਰੇ ਲਾ ਕੇ ਮੱਧ ਪੂਰਬ ਵਿੱਚ ਇੱਕ ਹੋਰ ਖੂੰਖਾਰ ਜੰਗ ਛੇੜ ਦਿੱਤੀ ਹੈ। ਫਿਲਹਾਲ ਇਰਾਨ ਕੋਲ ਪ੍ਰਮਾਣੂ ਹਥਿਆਰ ਨਹੀਂ ਹੈ ਤੇ ਉਸਨੇ 2015 ਵਿੱਚ ਅਮਰੀਕਾ ਅਤੇ ਹੋਰ ਵਿਸ਼ਵ ਸ਼ਕਤੀਆਂ ਨਾਲ ਇੱਕ ਸਮਝੌਤੇ ’ਤੇ ਹਸਤਾਖਰ ਕਰਕੇ ਪ੍ਰਮਾਣੂ ਸੰਸ਼ੋਧਨ ਪ੍ਰੋਗਰਾਮ ਨੂੰ ਸਿਰਫ ਗੈਰ-ਫੌਜੀ ਵਰਤੋਂ ਤੱਕ ਸੀਮਤ ਰੱਖਣ ਦਾ ਵਾਅਦਾ ਕੀਤਾ ਸੀ ਤੇ ਉਹ ਸਮਝੌਤੇ ’ਤੇ ਕਾਇਮ ਵੀ ਰਿਹਾ। ਪਰੰਤੂ ਅਮਰੀਕਾ-ਇਜ਼ਰਾਈਲ ਸਾਜ਼ਿਸ਼ੀ ਸਿਧਾਂਤਾਂ ਤਹਿਤ ਤੱਥਹੀਣ ਖ਼ਦਸ਼ਿਆਂ ਦੇ ਅਧਾਰ ਤੇ ਈਰਾਨ ਖਿਲਾਫ ਜੰਗ ਵਿੱਚ ਨਿੱਤਰ ਆਏ ਹਨ।

ਇਜ਼ਰਾਈਲ ਵੱਲੋਂ ਇਸ ਨਵੀਂ ਵਿੱਢੀ ਜੰਗ ਦੁਆਲੇ ਸੰਸਾਰ ਸ਼ਕਤੀਆਂ ਦੋ ਧਰੁਵਾਂ ਵਿੱਚ ਵੰਡੀਆਂ ਜਾ ਰਹੀਆਂ ਹਨ। ਅਮਰੀਕਾ ਸਮੇਤ ਯੂਕੇ, ਫਰਾਂਸ, ਜਰਮਨੀ, ਕੈਨੇਡਾ, ਆਸਟ੍ਰੇਲੀਆ, ਸੰਯੁਕਤ ਅਰਬ ਅਮੀਰਾਤ (ਯੂਏਈ), ਸਾਊਦੀ ਅਰਬ ਆਦਿ ਦੇਸ਼ਾਂ ਵੱਲੋਂ ਇਜ਼ਰਾਈਲ ਦਾ “ਸਵੈ ਰੱਖਿਆ” ਦੇ ਅਧਿਕਾਰ ਦੀ ਰਾਖੀ ਬਹਾਨੇ ਸਾਥ ਦਿੱਤਾ ਜਾ ਰਿਹਾ ਹੈ। ਦੂਜੇ ਪਾਸੇ ਈਰਾਨ ਦੇ ਤੇਲ-ਗੈਸ ਤੇ ਹੋਰ ਊਰਜਾ ਖੇਤਰਾਂ ਵਿੱਚ ਰੂਸ-ਚੀਨ ਦਾ ਵੱਡਾ ਨਿਵੇਸ਼ ਹੋਣ ਕਰਕੇ ਇਹ ਮੁਲਕ ਸਿੱਧੇ ਅਮਰੀਕੀ ਦਖਲ ਸਬੰਧੀ ਚੁੱਪ ਨਹੀਂ ਧਾਰਨਗੇ। ਰੂਸ ਦੇ ਈਰਾਨ ਨਾਲ ਕਈ ਆਰਥਿਕ ਤੇ ਫੌਜੀ ਸੰਧੀਆਂ-ਸਮਝੌਤੇ ਹੋਣ ਅਤੇ ਰੂਸੀ ਵਿਗਿਆਨੀ ਹਮਲੇ ਹੇਠ ਆਈਆਂ ਈਰਾਨੀ ਪ੍ਰਮਾਣੂ ਸੇਵਾਵਾਂ ਤੇ ਸਥਿਤ ਹੋਣ ਹੋਣ ਕਰਕੇ ਚੀਨ ਨਾਲੋਂ ਰੂਸ ਦੀ ਸੁਰ ਅਮਰੀਕੀ-ਇਜ਼ਰਾਇਲੀ ਹਮਲੇ ਸਬੰਧੀ ਜ਼ਿਆਦਾ ਤਿੱਖੀ ਹੈ।

ਬੇਸ਼ੱਕ ਈਰਾਨ ਫੌਜ, ਜੰਗੀ ਹਥਿਆਰਾਂ, ਫੌਜੀ ਤਕਨੀਕ, ਖੁਫੀਆ ਤੰਤਰ ਆਦਿ ਦੇ ਪੱਖ ਤੋਂ ਅਮਰੀਕੀ-ਇਜ਼ਰਾਈਲੀ ਗੱਠਜੋੜ ਤੋਂ ਕੰਮਜੋਰ ਹੈ ਪ੍ਰੰਤੂ ਇਸ ਵਾਰ ਹਾਲਾਤ ਸੱਦਾਮ ਹੁਸੈਨ ਦੇ ਸਮੇਂ ਦੇ ਇਰਾਕ ਵਰਗੇ ਨਹੀਂ ਹਨ। ਈਰਾਨ ਮੱਧ ਪੂਰਬ ਦੀ ਵੱਡੀ ਖੇਤਰੀ ਤਾਕਤ ਹੈ ਅਤੇ ਇਸਨੂੰ ਕੂਟਨੀਤਕ, ਖੁਫੀਆ ਜਾਣਕਾਰੀ ਅਤੇ ਫੌਜੀ ਸਾਜੋ-ਸਮਾਜ ਤੇ ਤਕਨੀਕ ਦੀ ਸਹਾਇਤਾ ਰੂਸ-ਚੀਨ ਤੋਂ ਹਾਸਲ ਹੋ ਰਹੀ ਹੈ ਤੇ ਇਸਨੂੰ ਹੂਤੀ ਬਾਗ਼ੀਆਂ, ਹਿਜਬੁੱਲਾ, ਹਮਾਸ ਆਦਿ ਛੋਟੇ ਪਰ ਮਹੱਤਵਪੂਰਨ ਗਰੁਪਾਂ ਤੋਂ ਸਹਿਯੋਗ ਹਾਸਲ ਹੋ ਰਿਹਾ ਹੈ। ਦੂਜੇ ਪਾਸੇ ਅਮਰੀਕਾ ਦੀ ਮੌਜੂਦਾ ਹਾਲਤ ਦੋ ਦਹਾਕੇ ਪਹਿਲਾਂ ਵਾਲੀ ਨਹੀਂ ਰਹੀ। ਇਸਨੂੰ ਉਭਰਦੀਆਂ ਹੋਈਆਂ ਗਲੋਬਲ ਤਾਕਤਾਂ ਦੇ ਨਾਲ-ਨਾਲ ਅਮਰੀਕਾ ਅੰਦਰ ਵੱਡੇ ਜਨਤਕ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਮਰੀਕੀ ਕਾਂਗਰਸ, ਵਿਰੋਧੀ ਸਿਆਸੀ ਪਾਰਟੀਆਂ ਸਮੇਤ ਅਮਰੀਕੀ ਲੋਕ ਟਰੰਪ ਦੀਆਂ ਅਰਾਜਕ ਤੇ ਜੰਗੀ ਨੀਤੀਆਂ ਦਾ ਲਗਾਤਾਰ ਵਿਰੋਧ ਕਰ ਰਹੇ ਹਨ। ਇਸ ਵਾਰ ਅਮਰੀਕੀ ਲੋਕ ਮੱਧ ਪੂਰਬ ਵਿੱਚੋਂ ਅਮਰੀਕੀ ਫ਼ੌਜੀਆਂ ਦੀਆਂ ਲਾਸ਼ਾਂ ਨਾਲ ਭਰੇ ਤਾਬੂਤ ਹਾਸਲ ਕਰਨ ਦੇ ਰੌਅ ਵਿੱਚ ਨਹੀਂ ਜਾਪਦੇ। ਇਸ ਲਈ ਕਾਇਰ ਮੁਸਲਿਮ ਅਰਬ ਸਿਆਸਤਦਾਨਾਂ ਨਾਲੋਂ ਵੱਧ ਅਮਰੀਕੀ ਲੋਕ ਇਸ ਜੰਗ ਦਾ ਜਿਆਦਾ ਵਿਰੋਧ ਕਰ ਰਹੇ ਹਨ।

ਈਰਾਨ ਉੱਤੇ ਇਜ਼ਰਾਈਲੀ ਹਮਲੇ ਪਿੱਛੇ ਅਸਲ ਸ਼ਕਤੀ ਅਮਰੀਕਾ ਹੈ ਅਤੇ ਅਮਰੀਕਾ ਵਿੱਚ ਯਹੂਦੀ ਲਾਬੀ ਦੇ ਫੈਸਲਾਕੁੰਨ ਪ੍ਰਭਾਵ ਕਾਰਨ ਅਮਰੀਕੀ ਹਾਕਮ ਇਜ਼ਰਾਇਲੀ ਜੰਗੀ ਫੈਸਲਿਆਂ ਨਾਲ ਅਟੁੱਟ ਤੌਰ ਤੇ ਬੱਝੇ ਹੋਏ ਹਨ। ਇਜ਼ਰਾਈਲ ਮੱਧ ਪੂਰਬ ਵਿੱਚ ਅਮਰੀਕੀ ਸਾਮਰਾਜ ਦਾ ਇੱਕ ਮੁੱਖ ਸਹਿਯੋਗੀ ਤੇ ਫੌਜੀ ਅੱਡਾ ਹੈ। ਈਰਾਨ ’ਤੇ ਹਮਲਾ ਇਸ ਖਿੱਤੇ ਦੀ ਰਾਜਨੀਤੀ, ਊਰਜਾ ਸਰੋਤਾਂ ਅਤੇ ਵਿਰੋਧ ਲਹਿਰਾਂ (ਹੂਤੀ, ਹਿਜ਼ਬੁੱਲਾ, ਹਮਾਸ ਆਦਿ) ਨੂੰ ਕੰਟਰੋਲ ਕਰਨ ਦੇ ਅਮਰੀਕੀ ਮਨਸ਼ੇ ਤਹਿਤ ਕੀਤਾ ਜਾ ਰਿਹਾ ਹੈ। ਇਜ਼ਰਾਈਲੀ ਹਮਲਾ ਮੱਧ ਪੂਰਬੀ ਖਿੱਤੇ ਦੀ ਸਭ ਤੋਂ ਉਭਰਵੀਂ ਤੇ ਚੁਣੌਤੀਪੂਰਵਕ ਖੇਤਰੀ ਸ਼ਕਤੀ ਈਰਾਨ ਨੂੰ ਕਮਜ਼ੋਰ ਕਰਨ ਲਈ ਇੱਕ ਵੱਡੀ ਪੱਛਮੀ ਸਾਮਰਾਜਵਾਦੀ ਰਣਨੀਤੀ ਦਾ ਹਿੱਸਾ ਹੈ। ਅਮਰੀਕਾ-ਇਜ਼ਰਾਈਲ ਗੱਠਜੋੜ ਈਰਾਨ ਨੂੰ ਮੱਧ ਪੂਰਬ ਵਿੱਚ ਆਪਣੇ ਫੌਜੀ ਦਬਦਬੇ ਦੇ ਰਾਹ ਵਿੱਚ ਰੋੜਾ ਸਮਝਦਾ ਹੈ। ਅਮਰੀਕਾ ਤੇ ਪੱਛਮੀ ਤਾਕਤਾਂ ਈਰਾਨ ਤੇ ਤੇਲ, ਗੈਸ, ਊਰਜਾ ਸ੍ਰੋਤਾਂ ਅਤੇ ਸਮੁੰਦਰੀ ਵਪਾਰਕ ਲਾਂਘਿਆਂ ਉੱਤੇ ਕਬਜ਼ਾ ਕਰਨ ਤੇ ਭੂਸਿਆਸੀ ਤੌਰ ’ਤੇ ਮਹੱਤਵਪੂਰਨ ਇਸ ਖਿੱਤੇ ਉੱਤੇ ਨਿਯੰਤਰਣ ਲਈ ਤਤਪਰ ਹਨ।

ਇਸ ਖਿੱਤੇ ਵਿੱਚ ਰੂਸ-ਚੀਨ ਬਨਾਮ ਅਮਰੀਕੀ-ਇਜ਼ਰਾਈਲੀ ਸਾਮਰਾਜੀ ਤਾਕਤਾਂ ਦੇ ਹਿੱਤ ਟਕਰਾਉਂਦੇ ਹਨ। ਇਸ ਲਈ ਆਲਮੀ ਤਾਕਤਾਂ ਨੇ ਮੱਧ ਪੂਰਬ ਵਿੱਚ ਆਪਣੀ-ਆਪਣੀ ਫੌਜੀ ਤੇ ਖੁਫੀਆ ਸਰਗਰਮੀ ਵਧਾ ਦਿੱਤੀ ਹੈ। ਮੱਧ ਪੂਰਬ ’ਚ ਸਥਿਤ ਅਮਰੀਕੀ ਫੌਜੀ ਠਿਕਾਣਿਆਂ (ਸਾਊਦੀ ਅਰਬ, ਇਰਾਕ, ਕਤਰ, ਕੁਵੈਤ, ਯੂਏਈ ਆਦਿ) ਤੇ ਹਲਚਲ ਦੇਖਣ ਨੂੰ ਮਿਲ ਰਹੀ ਹੈ। ਦੂਜੇ ਪਾਸੇ ਰੂਸ ਤੇ ਚੀਨ ਦੇ ਸਮੁੰਦਰੀ ਤੇ ਹਵਾਈ ਜਹਾਜ਼ ਫਾਰਸ ਦੀ ਖਾੜੀ ਨੇੜੇ ਸਰਗਰਮੀ ਦਿਖਾ ਰਹੇ ਹਨ। ਆਲਮੀ ਤਾਕਤਾਂ ਦੀ ਸਿੱਧੀ ਦਖਲਅੰਦਾਜ਼ੀ ਨਾਲ ਇਹ ਖੇਤਰੀ ਯੁੱਧ ਮੱਧ ਪੂਰਬ ਵਿੱਚ ਇੱਕ ਵੱਡੇ ਜੰਗੀ ਟਕਰਾਅ ਵਿੱਚ ਬਦਲ ਸਕਦਾ ਹੈ ਅਤੇ ਇਸਦੇ ਵਿਸ਼ਵ ਯੁੱਧ ਵਿੱਚ ਬਦਲਣ ਦੀਆਂ ਸੰਭਾਵਨਾਵਾਂ ਟਾਲੀਆਂ ਨਹੀਂ ਜਾ ਸਕਦੀਆਂ।

ਇਸਦੇ ਨਾਲ ਹੀ ਮੱਧ ਪੂਰਬ ਵਿੱਚ ਜ਼ਿਓਨਵਾਦੀ ਨਸਲਵਾਦੀ ਪ੍ਰੋਜੈਕਟ ਲਾਗੂ ਕੀਤਾ ਜਾ ਰਿਹਾ ਹੈ ਤੇ ਟਰੰਪ ਪ੍ਰਸ਼ਾਸਨ ਦੇ ਜਿਆਦਾਤਰ ਮੰਤਰੀ ਨਸਲਵਾਦੀ ਮਾਨਸਿਕਤਾ ਨਾਲ ਗ੍ਰੱਸੇ ਹੋਏ ਹਨ। ਉਦਾਹਰਣ ਵਜੋਂ ਟਰੰਪ ਪ੍ਰਸ਼ਾਸਨ ਦਾ ਰੱਖਿਆ ਮੰਤਰੀ ਪੀਟ ਹੇਗਸਥ ਮੁਸਲਿਮ ਤੇ ਖੱਬੇਪੱਖੀ ਲੋਕਾਂ ਨੂੰ ਅਮਰੀਕੀ ਸਾਮਰਾਜੀ ਹਿੱਤਾਂ ਦਾ ਸਭ ਤੋਂ ਵੱਡਾ ਦੁਸ਼ਮਣ ਮੰਨਦਾ ਹੈ। ਮੱਧ ਪੂਰਬ ਵਿੱਚ ਇਸੇ ਨਸਲਵਾਦੀ ਸੋਚ ਤਹਿਤ ਈਰਾਨ, ਲੇਬਨਾਨ, ਸੀਰੀਆ, ਫਲਸਤੀਨ ਆਦਿ ਮੁਲਕਾਂ ਨੂੰ ਦਬਾਉਣ ਲਈ ਤਾਕਤ ਦੀ ਵਰਤੋਂ ਕੀਤੀ ਜਾ ਰਹੀ ਹੈ। ਦੂਸਰਾ ਈਰਾਨ ਸਮੇਤ ਕਈ ਮੱਧ ਪੂਰਬੀ ਮੁਲਕ ਪੱਛਮੀ ਤਾਕਤਾਂ ਦੇ ਪਸਾਰਵਾਦੀ ਏਜੰਡਿਆਂ ਅਤੇ ਮੱਧ ਪੂਰਬ ਵਿੱਚ ਅਮਰੀਕੀ ਦਖਲ ਤੇ ਪ੍ਰਭਾਵ ਦਾ ਵਿਰੋਧ ਕਰਦੇ ਹਨ ਅਤੇ ਸਾਮਰਾਜੀ ਵਿਰੋਧੀ ਅੰਦੋਲਨਾਂ ਦਾ ਸਮਰਥਨ ਕਰਦੇ ਹਨ। ਈਰਾਨ ਅਮਰੀਕੀ ਦਬਦਬੇ ਦਾ ਵਿਰੋਧ ਕਰਨ ਵਾਲੇ ਗਲੋਬਲ ਸਾਊਥ ਦਾ ਹਿੱਸਾ ਹੋਣ ਕਰਕੇ ਵੀ ਪੱਛਮੀ ਤਾਕਤਾਂ ਦੀ ਅੱਖ ਦਾ ਰੋੜ ਬਣਿਆ ਹੋਇਆ ਹੈ।

ਇਸੇ ਲਈ ਜ਼ਿਆਦਾਤਰ ਪੱਛਮੀ ਮੁਲਕਾਂ ਵਿੱਚ ਸ਼ਾਂਤੀ ਅਤੇ ਜੰਗ ਵਿਰੋਧੀ ਆਵਾਜ਼ਾਂ ਨੂੰ ਚੁੱਪ ਕਰਾਉਣ ਲਈ ਪੱਛਮੀ ਸਰਕਾਰਾਂ ਤੇ ਸਰਕਾਰੀ ਮੀਡੀਆ ਇਜ਼ਰਾਈਲੀ ਹਮਲੇ ਦੀ ਕਿਸੇ ਵੀ ਆਲੋਚਨਾ ਦੀ ਤੁਲਨਾ ਯਹੂਦੀ-ਵਿਰੋਧੀ ਤੇ ਰਾਸ਼ਟਰ ਵਿਰੋਧੀ ਵਜੋਂ ਕਰਦਾ ਹੈ। ਆਮ ਤੌਰ ਤੇ ਇਜ਼ਰਾਈਲ ਦੇ ਹਮਲਿਆਂ ਨੂੰ ਪੱਛਮੀ ਸ਼ਕਤੀਆਂ ਦੁਆਰਾ ਨਜ਼ਰਅੰਦਾਜ਼ ਕਰਕੇ ਜਾਇਜ਼ ਠਹਿਰਾਇਆ ਜਾਂਦਾ ਹੈ ਤੇ ਇਜ਼ਰਾਈਲ ਉੱਤੇ ਈਰਾਨੀ ਜਵਾਬੀ ਕਾਰਵਾਈ ਨੂੰ “ਅੱਤਵਾਦੀ ਕਾਰਵਾਈ” ਵਜੋਂ ਪੇਸ਼ ਕੀਤਾ ਜਾਂਦਾ ਹੈ। ਇਹ ਵਰਤਾਰਾ ਸਾਮਰਾਜੀ ਦਬਦਬੇ, ਆਰਥਿਕ-ਸਿਆਸੀ ਹਿੱਤਾਂ ਤੇ ਨਸਲੀ ਪੱਖਪਾਤ ਨੂੰ ਜ਼ਾਹਰ ਕਰਦਾ ਹੈ। ਇਸਲਾਮੀ ਦੇਸ਼ ਈਰਾਨ ਉੱਤੇ ਹਮਲੇ ਤੇ ਗਜ਼ਾ ਦੇ ਹਾਲਾਤ ਬਾਰੇ ਚੁੱਪ ਹਨ ਤੇ ਫਲਸਤੀਨ ਪੱਖੀ ਪ੍ਰਦਰਸ਼ਨਾਂ ਨੂੰ ਸਖ਼ਤੀ ਨਾਲ ਰੋਕ ਰਹੇ। ਇਹਨਾਂ ਮੁਲਕਾਂ ਦੇ ਆਮ ਨਾਗਰਿਕ ਗਜ਼ਾ ਵਿੱਚ ਹੋ ਰਹੇ ਜ਼ੁਲਮਾਂ ਤੇ ਈਰਾਨ ਉੱਤੇ ਹਮਲੇ ਖ਼ਿਲਾਫ਼ ਵਿਆਪਕ ਰੋਸ ਪ੍ਰਦਰਸ਼ਨ ਕਰ ਹਨ। ਉਹ ਰਾਸ਼ਟਰੀ ਪ੍ਰਭੂਸੱਤਾ ਅਤੇ ਪੱਛਮੀ ਦਬਦਬੇ ਦੇ ਵਿਰੋਧ ਵਿੱਚ ਈਰਾਨ ਉੱਤੇ ਵਿਦੇਸ਼ੀ ਫੌਜੀ ਹਮਲਿਆਂ ਦਾ ਵਿਰੋਧ ਕਰ ਰਹੇ ਹਨ।

ਇਸਤੋਂ ਬਿਨਾਂ ਇਜ਼ਰਾਈਲੀ ਅਤੇ ਪੱਛਮੀ ਹਥਿਆਰ ਨਿਰਮਾਤਾ ਇਸ ਖਿੱਤੇ ਵਿੱਚ ਲੰਮੀ ਜੰਗ ਤੇ ਸਥਾਈ ਟਕਰਾਅ ਤੋਂ ਸਦਾ ਲਾਹਾ ਲੈਂਦੇ ਆ ਰਹੇ ਹਨ। ਮੱਧ ਪੂਰਬ ਨਵੀਂ ਤਕਨੀਕ ਦੇ ਹਥਿਆਰਾਂ ਦੀ ਅਜ਼ਮਾਇਸ਼ ਦਾ ਮੈਦਾਨ ਬਣਿਆ ਹੋਇਆ ਹੈ। ਇਸ ਖੇਤਰ ਵਿੱਚ ਲੰਮੀ ਜੰਗ ਕਾਰਨ ਮਿਜ਼ਾਈਲਾਂ, ਡਰੋਨ, ਲੜਾਕੂ ਜਹਾਜ਼, ਰੱਖਿਆ ਪ੍ਰਣਾਲੀਆਂ ਦੀ ਮੰਗ ਵਧ ਰਹੀ ਹੈ ਤੇ ਫੌਜੀ ਬਜਟ ਵਿੱਚ ਵਾਧੇ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਹ ਸਾਮਰਾਜੀ ਹਮਲੇ ਖੇਤਰੀ ਪ੍ਰਭੂਸੱਤਾ ਅਤੇ ਸ਼ਾਂਤੀ ਲਈ ਖ਼ਤਰਾ ਹਨ ਤੇ ਸਾਮਰਾਜੀ ਫੌਜੀ-ਉਦਯੋਗਿਕ ਕੰਪਲੈਕਸ ਅਤੇ ਪੂੰਜੀਵਾਦੀ ਹਿੱਤਾਂ ਦੀ ਤਰਜ਼ਮਾਨੀ ਕਰਦੇ ਹਨ। ਇਜ਼ਰਾਇਲ ਨੇ ਅਮਰੀਕੀ ਸ਼ਹਿ ਤੇ ਸਾਰੇ ਅੰਤਰਰਾਸ਼ਟਰੀ ਕਾਨੂੰਨਾਂ-ਸੰਸਥਾਵਾਂ ਨੂੰ ਛਿੱਕੇ ਟੰਗਕੇ ਮੱਧ ਪੂਰਬੀ ਦੇਸ਼ਾਂ ਦੀ ਪ੍ਰਭੂਸੱਤਾ ਨੂੰ ਦਬਾਉਣ ਅਤੇ ਇਸ ਖਿੱਤੇ ਵਿੱਚ ਪ੍ਰਮੁੱਖ ਖੇਤਰੀ ਸ਼ਕਤੀ ਵਜੋਂ ਆਪਣੀ ਸਥਿਤੀ ਨੂੰ ਮਜ਼ਬੂਤ ਕਰਨ ਦੇ ਯਤਨ, ਮੱਧ ਪੂਰਬ ਵਿੱਚ ਅਮਰੀਕੀ ਨਿਯੰਤਰਣ ਨੂੰ ਮਜ਼ਬੂਤ ਕਰਨ ਦੇ ਤੁੱਲ ਹਨ।


ਅਮਰੀਕਾ ਤੇ ਇਜ਼ਰਾਈਲੀ ਗੱਠਜੋੜ ਇਸ ਸਮੇਂ ਫਾਸ਼ੀਵਾਦੀ ਤਾਨਾਸ਼ਾਹੀ ਦੇ ਰੂਪ ਵਿੱਚ ਸਭ ਲੋਕਤੰਤਰੀ ਤੇ ਅੰਤਰਰਾਸ਼ਟਰੀ ਕਾਨੂੰਨਾਂ-ਇਖਲਾਕਾਂ ਨੂੰ ਪਾਸੇ ਧੱਕ ਕੇ ਆਪਣੇ ਜਮਾਤੀ ਹਿੱਤਾਂ ਲਈ ਮਨੁੱਖਤਾ ਅਤੇ ਇਸ ਗ੍ਰਹਿ ਨੂੰ ਤਬਾਹੀ ਵੱਲ ਲਿਜਾਣ ਦਾ ਕੰਮ ਕਰ ਰਹੇ ਹਨ। ਇਸ ਬਰਬਰ ਜੰਗੀ ਤਬਾਹੀ ਤੇ ਉਜਾੜੇ ਦੀ ਭਾਰੀ ਕੀਮਤ ਸੰਸਾਰ ਭਰ ਦੇ ਆਮ ਲੋਕ ਤਾਰ ਰਹੇ ਹਨ। ਸੰਸਾਰ ਅਮਨ-ਸ਼ਾਂਤੀ ਤੇ ਬਰਾਬਰਤਾ ਲਈ ਇਹਨਾਂ ਸਾਮਰਾਜੀ ਜੰਗਬਾਜ਼ ਤਾਕਤਾਂ ਦਾ ਵਿਸ਼ਵ-ਵਿਆਪੀ ਵਿਰੋਧ ਅਤੀ ਜ਼ਰੂਰੀ ਹੈ।






# ਪਰਮਿੰਦਰ ਸਵੈਚ ਦੀਆਂ ਕਿਤਾਬਾਂ ਦਾ ਲੋਕ ਅਰਪਣ ਤੇ ਵਿਚਾਰ ਚਰਚਾ


























ਸਰੀ (ਪਰਮਿੰਦਰ ਸਵੈਚ) : ਬੀਤੇ ਸ਼ਨੀਵਾਰ 14 ਜੂਨ ਨੂੰ 'ਸਰੋਕਾਰਾਂ ਦੀ ਅਵਾਜ਼' ਵਲੋਂ ਪਰਮਿੰਦਰ ਕੌਰ ਸਵੈਚ ਦੀਆਂ ਦੋ ਕਿਤਾਬਾਂ 'ਜਾਗਦੀ ਅੱਖ ਦਾ ਹਲਫ਼ਨਾਮਾ' (ਲੇਖ-ਸੰਗ੍ਰਹਿ) ਅਤੇ 'ਜੰਨਤ' (ਨਾਟ-ਸੰਗ੍ਰਹਿ) ਦਾ ਲੋਕ ਅਰਪਣ ਅਤੇ ਵਿਚਾਰ ਚਰਚਾ ਲੋਕਾਂ ਦੇ ਭਾਰੀ ਇਕੱਠ ਵਿੱਚ ਕੀਤੀ ਗਈ। ਇਸ ਪ੍ਰੋਗਰਾਮ ਵਿੱਚ ਜਿੱਥੇ ਚੋਟੀ ਦੇ ਵਿਦਵਾਨਾਂ ਨੇ ਸ਼ਾਮਲ ਹੋ ਕੇ ਇਸ ਪ੍ਰੋਗਰਾਮ ਵਿੱਚ ਵਿਚਾਰ ਵਟਾਂਦਰਾਂ ਕੀਤਾ ਉੱਥੇ ਨੌਜਵਾਨ ਵਰਗ ਦੀ ਵੀ ਭਾਰੀ ਸ਼ਮੂਲੀਅਤ ਸੀ। ਚਾਹ ਪਾਣੀ ਉਪਰੰਤ ਸਿਮਰਨ ਕ੍ਰਾਂਤੀ ਨੇ ਪ੍ਰੋਗਰਾਮ ਦੀ ਸ਼ੁਰੂਆਤ "ਜਿਊਂਦਾ ਨਹੀਂ ਉਹ ਜਿਹੜਾ ਚੁੱਪ ਏ, ਵੇਖੋ ਕਿਹੜਾ ਕਿਹੜਾ ਚੁੱਪ ਏ। ਬੋਲ ਚੰਦਰੀਏ ਜੀਭੇ ਬੋਲ, ਪਿੱਛੇ ਸਾਰਾ ਵਿਹੜਾ ਚੁੱਪ ਏ।" ਵਰਗੇ ਭਾਵਪੂਰਤ ਕਾਵਿ ਟੋਟੇ ਨਾਲ ਕੀਤੀ ਜੋ ਪਰਮਿੰਦਰ ਸਵੈਚ ਦੀ ਸੋਚਣੀ ਤੇ ਲਿਖਤਾਂ ਦੇ ਨਾਲ ਮੇਲ ਖਾਂਦਾ ਸੀ। ਸਿਮਰਨ ਨੇ ਸਭ ਤੋਂ ਪਹਿਲਾਂ ਵਿਨੀਪੈੱਗ ਤੋਂ ਜਸਵੀਰ ਮੰਗੂਵਾਲ ਵਲੋਂ ਭੇਜੇ ਗਏ ਸੁਨੇਹੇ ਨੂੰ ਪੜ੍ਹ ਕੇ ਸੁਣਾਇਆ ਜਿਸ ਵਿੱਚ ਉਸ ਨੇ ਵਧਾਈਆਂ ਦੇ ਨਾਲ ਨਾਲ ਗੈਰਹਾਜ਼ਰ ਹੋਣ ਦਾ ਕਾਰਣ ਵੀ ਦੱਸਿਆ। ਰੇਡਿਓ, ਟੀ ਵੀ ਹੋਸਟ ਅਤੇ ਕੈਨੇਡਾ ਵਿੱਚ ਰੰਗਮੰਚ ਦੀ ਉਂਗਲੀ ਫੜ ਕੇ ਅੱਗੇ ਤੋਰਨ ਵਾਲੇ ਡਾ. ਜਸਕਰਨ ਨੇ ਪਰਮਿੰਦਰ ਸਵੈਚ ਨਾਲ ਆਪਣੀ ਰੰਗਮੰਚ ਦੀ ਸਾਂਝ ਅਤੇ ਜੰਨਤ ਨਾਟਕ ਨੂੰ ਨਿਰਦੇਸ਼ਨ ਕਰਨ ਦੇ ਸਫ਼ਰ ਨੂੰ ਸਾਰਿਆਂ ਨਾਲ ਸਾਂਝਾ ਕੀਤਾ। ਉਸ ਨੇ ਦੱਸਿਆ ਕਿ ਨਾਟਕ ਵਿੱਚ ਪਰਦੇਸ਼ਾਂ ਵਿੱਚ ਜੋ ਨਸਲਵਾਦ ਗ਼ਦਰੀ ਬਾਬਿਆਂ ਦੇ ਨਾਲ ਹੋਇਆ ਸੀ ਉਹ ਅਜੇ ਵੀ ਨਿਰੰਤਰ ਜਾਰੀ ਹੈ ਬੱਸ ਉਸਦਾ ਰੂਪ ਹੀ ਬਦਲਿਆ ਹੈ। ਕਵਿੱਤਰੀ ਹਰਿੰਦਰ ਕੌਰ ਸੋਹੀ ਨੇ ਕਿਹਾ ਕਿ ਪਰਮਿੰਦਰ ਕੋਲ਼ ਰੌਸ਼ਨ ਸੋਚ ਹੈ ਜੋ ਹਮੇਸ਼ਾਂ ਸਮੱਸਿਆਵਾਂ ਨੂੰ ਆਪਣੀਆਂ ਲਿਖਤਾਂ ਵਿੱਚ ਪ੍ਰੋਣ ਤੋਂ ਪਹਿਲਾਂ ਸਮੱਸਿਆ ਬਾਰੇ ਕੀ ਹੈ, ਕਿਵੇਂ ਹੋਈ ਕਿੱਥੇ ਹੋਈ, ਕਿਉਂ ਹੋਈ, ਕੀਹਨੇ ਕੀਤੀ ਬਾਰੇ ਅਧਿਅਨ ਕਰਕੇ ਸਾਡੇ ਸਾਹਮਣੇ ਰੱਖਦੀ ਹੈ। ਇੰਡੀਆ ਤੋਂ ਆਏ ਹੋਏ ਚਿੰਤਕ ਡਾ. ਗੁਪਾਲ ਸਿੰਘ ਬੁੱਟਰ ਨੇ ਜੰਨਤ ਨਾਟਕ ਬਾਰੇ ਬੋਲਦਿਆਂ ਕਿਹਾ ਕਿ ਇਹ ਨਾਟਕ ਸੱਚਾਈ ਦੇ ਬਹੁਤ ਨੇੜੇ ਹੈ। ਭਾਰਤੀਆਂ ਦੇ ਨਵੇਂ ਪੁਰਾਣੇ ਪਸਾਰ ਦੀਆਂ ਸਮੱਸਿਆਵਾਂ, ਟਕਰਾਵਾਂ ਅਤੇ ਚੁਣੌਤੀਆਂ ਸਰਕਾਰਾਂ ਦੇ ਰੋਲ ਨੂੰ ਬਹੁਤ ਬਾਖ਼ੂਬੀ ਪੇਸ਼ ਕੀਤਾ ਹੈ। ਲਾਸ਼ ਦਾ ਮੁੱਲ ਨਾਟਕ ਵਿੱਚ ਇਤਿਹਾਸ ਨੂੰ ਵੱਖਰੇ ਕੋਣ ਤੋਂ ਪੇਸ਼ ਕੀਤਾ ਹੈ। ਸੁਰਜੀਤ ਕਲਸੀ ਨੇ ਕਿਹਾ ਕਿ ਪਰਮਿੰਦਰ ਸਵੈਚ ਨੇ ਕੈਨੇਡਾ ਵਿੱਚ ਨਾਟਕ ਚਲਦਾ ਰੱਖਿਆ ਹੈ ਤੇ ਇਸ ਦੇ ਨਾਟਕ ਵਿੱਚ ਬਹੁਤ ਸਾਰੀਆਂ ਸੰਭਾਵਨਾਵਾਂ ਨਜ਼ਰ ਆਉਂਦੀਆਂ ਹਨ। ਡਾ. ਵਿਵੇਕਜੋਤ ਕੌਰ ਬਰਾੜ ਨੇ ਕਿਹਾ ਕਿ ਪਰਮਿੰਦਰ ਸਵੈਚ ਦੇ ਦੋਨੋਂ ਨਾਟਕਾਂ ਦੀਆਂ ਨਾਇਕਾਵਾਂ ਹਰਪਾਲ ਕੌਰ ਤੇ ਅਤਰ ਕੌਰ ਰਵਾਇਤੀ ਹੋਣ ਦੇ ਬਾਵਜੂਦ ਵੀ ਨਵੇਂ ਜ਼ਮਾਨੇ ਦੀਆਂ ਪ੍ਰਗਤੀਵਾਦੀ ਸੋਚ ਰੱਖਣ ਵਾਲੀਆਂ ਔਰਤਾਂ ਹਨ। ਅਜਮੇਰ ਰੋਡੇ ਨੇ ਕਿਹਾ ਕਿ ਲਾਸ਼ ਦਾ ਮੁੱਲ ਨਾਟਕ ਨੂੰ ਔਰਤਾਂ ਦੇ ਸੰਦਰਭ ਵਿੱਚੋਂ ਪੇਸ਼ ਕੀਤਾ ਗਿਆ ਹੈ। ਜਦਕਿ ਇਤਿਹਾਸ ਵਿੱਚੋਂ ਔਰਤਾਂ ਹਮੇਸ਼ਾਂ ਗਾਇਬ ਕੀਤੀਆਂ ਜਾਂਦੀਆਂ ਰਹੀਆਂ ਹਨ। ਪਰਮਿੰਦਰ ਨੇ ਇਸ ਨਾਟਕ ਜ਼ਰੀਏ ਇਤਿਹਾਸ ਦੀਆਂ ਔਰਤਾਂ ਨੂੰ ਜ਼ਿੰਦਾ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਨੌਜਵਾਨ ਨਾਟਕਕਾਰ ਬੀਰ ਬਟਾਲਵੀ ਨੇ ਵੀ ਕੈਨੇਡਾ ਦੇ ਰੰਗਮੰਚ ਦੇ ਤਜਰਬੇ ਸਾਂਝੇ ਕੀਤੇ ਅਤੇ ਪਰਮਿੰਦਰ ਸਵੈਚ ਨੂੰ ਦੋਨੋਂ ਪੁਸਤਕਾਂ ਦੀ ਵਧਾਈ ਦਿੱਤੀ। ਨਵਜੋਤ ਢਿੱਲੋਂ ਨੇ ਦਰਸ਼ਕ ਦੇ ਤੌਰ 'ਤੇ ਨਾਟਕ ਜੰਨਤ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਤੇ ਮੁਬਾਰਕਾਂ ਦਿੱਤੀਆਂ। ਨਾਟਕਕਾਰ ਡਾ. ਸਾਹਿਬ ਸਿੰਘ ਨੇ ਕਿਹਾ ਕਿ ਪਰਮਿੰਦਰ ਸਵੈਚ ਨੂੰ ਪਤਾ ਹੈ ਕਿ ਉਹ ਕੀ ਲਿਖਦੀ ਹੈ, ਕੀਹਦੇ ਲਈ ਲਿਖਦੀ ਹੈ, ਕਿਉਂ ਲਿਖਦੀ ਹੈ ਤੇ ਹਮੇਸ਼ਾਂ ਗੁਰਸ਼ਰਨ ਭਾਅ ਜੀ ਵਾਂਗ ਸੱਚ 'ਤੇ ਪਹਿਰਾ ਦਿੰਦੀ ਹੈ ਚਾਹੇ ਉਸ ਨੂੰ ਉੱਥੇ ਖਤਰਾ ਵੀ ਸਹੇੜਨਾ ਪੈ ਜਾਵੇ। ਕਲਾਕਾਰ, ਨਾਟਕਕਾਰ ਦੇ ਨਾਲ ਨਾਲ ਉਹ ਸਮਾਜਿਕ ਕਾਰਕੁੰਨ ਹੈ। ਸਮਾਜ ਦੇ ਦੱਬੇ ਕੁਚਲੇ ਲੋਕਾਂ ਨਾਲ ਹਮੇਸ਼ਾਂ ਖੜ੍ਹੀ ਹੁੰਦੀ ਹੈ। ਉਸ ਦੀਆਂ ਲਿਖਤਾਂ ਵੀ ਇਸ ਗੱਲ ਦੀ ਸ਼ਾਹਦੀ ਭਰਦੀਆਂ ਹਨ। ਡਾ. ਪ੍ਰਿਥੀਪਾਲ ਸਿੰਘ ਸੋਹੀ ਨੇ 'ਜਾਗਦੀ ਅੱਖ ਦਾ ਹਲਫ਼ਨਾਮਾ' ਕਿਤਾਬ 'ਤੇ ਗੱਲ ਕਰਦਿਆਂ ਕਿਹਾ ਕਿ ਇਹ 20 ਲੇਖਾਂ ਦਾ ਸੰਗ੍ਰਹਿ ਹੈ ਜਿਸ ਵਿੱਚ ਕੈਨੇਡਾ ਦੇ ਸਰ੍ਹੀ ਤੋਂ ਲੈ ਕੇ ਬੀ, ਸੀ.. ਕੈਨੇਡਾ, ਪੰਜਾਬ, ਭਾਰਤ ਤੇ ਕੌਮਾਂਤਰੀ ਪੱਧਰ ਦੇ ਵਿਸ਼ਿਆਂ ਨੂੰ ਲਿਆ ਗਿਆ ਹੈ ਜਿਵੇਂ ਕਿ ਡਰੱਗ ਓਵਰਡੋਜ਼, ਗੈਂਗਵਾਰ, ਬਸਤੀਵਾਦੀਆਂ ਵਲੋਂ ਮੂਲਨਿਵਾਸੀਆਂ ਦੀ ਨਸਲਕੁਸ਼ੀ, ਰਾਜਨੀਤੀ, ਅਵਾਸ ਪ੍ਰਵਾਸ ਦੇ ਮੁੱਦੇ, ਲੱਚਰ ਸਾਹਿਤ, ਔਰਤਾਂ ਦੇ ਮਸਲੇ, ਫਲਸਤੀਨ ਦੀ ਨਸਲਕੁਸ਼ੀ ਆਦਿ ਵਰਗੇ ਗੰਭੀਰ ਮੁੱਦਿਆਂ ਨੂੰ ਅੰਕੜੇ ਦੇ ਕੇ ਪੇਸ਼ ਕੀਤਾ ਹੈ। ਸੁਖਵੰਤ ਹੁੰਦਲ ਨੇ ਜਿੱਥੇ ਪਰਮਿੰਦਰ ਦੇ ਉੱਦਮ ਨੂੰ ਸਲਾਹਿਆ ਉੱਥੇ ਇਹ ਵੀ ਦੱਸਿਆ ਕਿ ਇਹ ਲੇਖ ਆਮ ਲੋਕਾਂ ਲਈ ਲਿਖੇ ਗਏ ਹਨ ਪਰ ਇਹਨਾਂ ਵਿੱਚ ਲੇਖ ਦੀ ਬਣਤਰ ਨੂੰ ਧਿਆਨ ਵਿੱਚ ਨਹੀਂ ਰੱਖਿਆ ਗਿਆ ਹੈ। ਡਾ. ਸਾਧੂ ਬਿਨਿੰਗ ਹੋਰਾਂ ਨੇ ਪਰਮਿੰਦਰ ਸਵੈਚ ਦੇ ਵਿਗਿਆਨ, ਧਰਮ ਅਤੇ ਨਾਸਤਿਕਤਾ ਨਾਲ ਸਬੰਧਤ ਲੇਖਾਂ 'ਤੇ ਗੱਲ ਕੀਤੀ ਤੇ ਦੱਸਿਆ ਕਿ ਇਹ ਗੱਲਾਂ ਸਾਡੀ ਕਮਿਊਨਿਟੀ ਵਿੱਚ ਲਗਾਤਾਰ ਹੋਣੀਆਂ ਚਾਹੀਦੀਆਂ ਹਨ। ਜਸਬੀਰ ਮਾਨ ਨੇ ਵਧਾਈ ਦਿੰਦਿਆਂ ਪਰਮਿੰਦਰ ਬਾਰੇ ਕਿਹਾ ਕਿ ਉਹ ਜਿਹੋ ਜਿਹੀ ਲਿਖਤਾਂ ਵਿੱਚ ਨਜ਼ਰ ਆਉਂਦੀ ਉਹੀ ਅਸਲ ਵਿੱਚ ਹੈ, ਕਹਿਣੀ ਤੇ ਕਰਨੀ ਵਿੱਚ ਕੋਈ ਫ਼ਰਕ ਨਹੀਂ ਹੈ। ਮੁਖਤਿਆਰ ਸਿੰਘ ਨੇ ਵੀ ਕਿਤਾਬਾਂ ਦੇ ਲੋਕ ਅਰਪਣ 'ਤੇ ਵਧਾਈ ਦਿੱਤੀ। ਪੰਜਾਬੀ ਦੇ ਉੱਘੇ ਵਿਦਵਾਨ ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਪਰਮਿੰਦਰ ਦੀਆਂ ਲਿਖਤਾਂ ਉਸਦੀ ਰਾਜਸੀ ਸੂਝ-ਬੂਝ ਦੇ ਤਹਿਤ ਜਨਮੀਆਂ ਹਨ। ਉਸ ਦੇ ਸਰੋਕਾਰਾਂ ਦੇ ਅਨੁਕੂਲ਼ ਮਨੁੱਖਤਾਵਾਦੀ ਸੋਚ ਨੂੰ ਮੁੱਖ ਰੱਖ ਕੇ ਲਿਖੀਆਂ ਗਈਆਂ ਹਨ। ਉਸ ਨੇ ਨਿੱਜ ਤੋਂ ਕੌਮਾਂਤਰੀ ਪੱਧਰ ਤੱਕ ਆਪਣੀ ਕਲਮ ਚਲਾਉਣ ਦੀ ਕੋਸ਼ਿਸ਼ ਕੀਤੀ ਹੈ। ਵਿਦਵਾਨ ਚਿੰਤਕ ਡਾ. ਰਘਬੀਰ ਸਿੰਘ ਸਿਰਜਣਾ ਨੇ ਕਿਹਾ ਕਿ ਪਰਮਿੰਦਰ ਦੀਆਂ ਲਿਖਤਾਂ ਕਵਿਤਾ ਹੋਵੇ, ਨਾਟਕ ਹੋਵੇ ਜਾਂ ਵਾਰਤਕ ਵਿੱਚ ਮਨੁੱਖਤਾਵਾਦੀ ਦ੍ਰਿਸ਼ਟੀਕੋਣ ਤੋਂ ਲੋਕਾਂ ਦੇ ਆਰਥਿਕ, ਸਮਾਜਿਕ ਤੇ ਰਾਜਨੀਤਕ ਮੁੱਦਿਆਂ ਦਾ ਵਿਸ਼ਲੇਸ਼ਣ ਕੀਤਾ ਹੈ ਜੋ ਕਿ ਹਰ ਮਨੁੱਖ ਦਾ ਫਰਜ਼ ਹੈ। ਸਮਾਜਿਕ ਕਾਰਕੁੰਨ ਹੋਣ ਦੇ ਨਾਤੇ ਉਸਦੀ ਜ਼ਿੰਮੇਵਾਰੀ ਨੂੰ ਉਹ ਭਲੀਭਾਂਤ ਜਾਣਦੀ ਹੈ। ਅੰਤ ਵਿੱਚ ਪਰਮਿੰਦਰ ਸਵੈਚ ਨੇ ਸਾਰਿਆਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸਾਡੇ ਸਮਾਜ ਨੂੰ ਖੋਰਾ ਲਾਉਣ ਵਾਲੇ ਮੁੱਦਿਆਂ ਤੇ ਗੱਲ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਦੇ ਸੰਵਾਦ ਹੋਣੇ ਚਾਹੀਦੇ ਹਨ ਤਾਂ ਕਿ ਅਸੀਂ ਸਾਮਰਾਜੀ ਕਾਰਪੋਰੇਟ ਵਲੋਂ ਗੁੰਮਰਾਹਕੁੰਨ ਸਥਿਤੀਆਂ ਨੂੰ ਸਮਝ ਸਕੀਏ। ਅੰਤ ਵਿੱਚ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਸਿਮਰਨ ਕ੍ਰਾਂਤੀ ਨੇ ਸਟੇਜ ਦਾ ਸੰਚਾਲਨ ਬਹੁਤ ਵਧੀਆ ਤਰੀਕੇ ਨਾਲ ਕੀਤਾ ਇਸ ਕਰਕੇ ਸਾਰਿਆਂ ਵਲੋਂ ਉਸਦੀ ਪ੍ਰਸ਼ੰਸਾ ਕੀਤੀ ਗਈ।

15 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ 'ਸਰੋਕਾਰਾਂ ਦੀ ਆਵਾਜ਼' ਨੂੰ ਚਲਦਾ ਰੱਖਣ ਲਈ ਜਿਨ੍ਹਾਂ ਸੱਜਣਾਂ ਨੇ ਸਹਾਇਤਾ ਦਿੱਤੀ ਹੈ ਉਨ੍ਹਾਂ ਵਿਚ

ਜਸਵੀਰ ਕੌਰ ਮੰਗੂਵਾਲ ਵਿਨੀਪੈੱਗ : $500

ਕਰਤਾਰ ਸਿੰਘ ਮਾਨ ਕੈਲੇਡਨ : $100

'ਸਰੋਕਾਰਾਂ ਦੀ ਆਵਾਜ਼' ਇਨ੍ਹਾਂ ਸੱਜਣਾਂ ਦਾ ਤਹਿ ਦਿਲੋਂ ਤੋਂ ਧੰਨਵਾਦੀ ਹੈ।





Advice from someone you trust.

Sun Life


Life's brighter under the sun

Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.



Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦਾ ਬੱਚਿਆਂ ’ਚ ਪੰਜਾਬੀ ਬੋਲਣ ਦੀ ਮੁਹਾਰਤ ਦੇ ਮੁਕਾਬਲੇ ਦਾ 12ਵਾਂ ਸਮਾਗਮ

ਕੈਲਗਰੀ, (ਦਵਿੰਦਰ ਮਲਹਾਂਸ) : ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋਂ ਹਰ ਸਾਲ ਕਰਵਾਇਆ ਜਾਂਦਾ, ਬੱਚਿਆਂ ਵਿੱਚ ਪੰਜਾਬੀ ਮੁਹਾਰਤ ਦੇ ਮੁਕਾਬਲੇ ਦਾ ਸਮਾਗਮ ਵਾਈਟਹੋਰਨ ਕਮਿਊਨਿਟੀ ਹਾਲ ਵਿੱਚ ਦਰਸ਼ਕਾਂ ਦੇ ਭਾਰੀ ਇਕੱਠ ਵਿੱਚ ਸ਼ੁਰੂ ਹੋਇਆ। ਸਭਾ ਦੇ ਜਨਰਲ ਸਕੱਤਰ ਦਵਿੰਦਰ ਮਲਹਾਂਸ ਨੇ ਤਾੜੀਆਂ ਦੀ ਗੂੰਜ ਵਿੱਚ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਪ੍ਰਧਾਨ ਰਣਜੀਤ ਸਿੰਘ ਅਤੇ ਤਰਲੋਚਨ ਸੈਂਭੀ ਅਤੇ ਡਾਕਟਰ ਪਰਮਜੀਤ ਕੌਰ ਸੱਦਾ ਦਿੰਦਿਆਂ ਹਾਜ਼ਰੀਨ ਨੂੰ ਜੀ ਆਇਆ ਆਖਿਆ।

ਸਮਾਗਮ ਦਾ ਆਗਾਜ਼ ਫਿਰੋਜਦੀਨ ਸ਼ਰਫ ਦੇ ਸ਼ੇਅਰ ਨਾਲ ਕੀਤਾ, ‘ਮੁੱਠਾ ਮੀਟ ਕੇ ਮੈਂ ਨੁੱਕਰੇ ਹਾਂ ਬੈਠੀ, ਟੁੱਟੀ ਹੋਈ ਰਬਾਬ ਰਬਾਬੀਆਂ ਦੀ। ਸ਼ਰਫ ਜਿਨਾਂ ਨੇ ਨਾ ਮੇਰੀ ਬਾਤ ਪੁੱਛੀ ਵੇ ਮੈਂ ਬੋਲੀ ਆ, ਉਹਨਾਂ ਪੰਜਾਬੀਆਂ ਦੀ।

ਨੌਜਵਾਨ ਲੇਖਕ ਬਲਜਿੰਦਰ ਸੰਘਾ ਨੇ ਲਿਖਾਰੀ ਸਭਾ ਦੇ ਇਤਿਹਾਸ ਅਤੇ ਕਾਰਗੁਜ਼ਾਰੀ ਬਾਰੇ ਬਹੁਤ ਵਿਸਥਾਰ ਸਹਿਤ ਚਾਨਣਾ ਪਾਇਆ। ਮੀਤ ਪ੍ਰਧਾਨ ਜੋਰਾਵਰ ਨੇ ਮੁਕਾਬਲੇ ਸਮੇਂ ਬੱਚਿਆਂ ਨੂੰ ਹਦਾਇਤਾਂ ਤੋਂ ਜਾਣੂ ਕਰਵਾਇਆ। ਰੋਹਨੀਸ਼ ਗੋਤਮ ਨੇ ਗੈਸਟ ਆਇਟਮ ਨਾਲ ਹਾਜ਼ਰੀ ਲਗਵਾਈ।

ਪਹਿਲੇ ਭਾਗ ਵਿੱਚ ਜੱਜਾਂ ਦੀ ਭੂਮਿਕਾ ਗਿੰਨੀ ਬਰਾੜ, ਜਸਪ੍ਰੀਆ ਜੋਹਲ ਅਤੇ ਅਮਨਜੋਤ ਸਿੰਘ ਪੰਨੂ ਨੇ ਨਿਭਾਈ। ਪਹਿਲੇ ਭਾਗ ਵਿੱਚ ਪਹਿਲੀ ਅਤੇ ਦੂਜੀ ਕਲਾਸ ਦੇ ਬੱਚਿਆਂ ਨੇ ਹਿੱਸਾ ਲਿਆ। ਤਿਰਲੋਚਨ ਸੈਂਭੀ ਨੇ ‘ਬੂਟਾ ਪੰਜਾਬੀ ਦਾ ਯਾਰੋ ਮੁਰਝਾ ਚੱਲਿਆ’ ਬਹੁਤ ਹੀ ਤਰੱਨਮ ਵਿੱਚ ਪੇਸ਼ ਕੀਤਾ।

ਦੂਜੇ ਗਰੁੱਪ ਵਿੱਚ ਜੱਜ ਸਾਹਿਬਾਨਾਂ ਦੀ ਸੇਵਾ ਸੁਖਜੀਤ ਸਿਮਰਨ, ਸਨਦੀਪ ਸੰਦਿਓੜਾ ਤੇ ਹਰਪ੍ਰੀਤ ਗਿੱਲ ਨੇ ਨਿਭਾਈ। ਇਸ ਗਰੁੱਪ ਵਿੱਚ ਤੀਜੀ ਅਤੇ ਚੌਥੀ ਕਲਾਸ ਦੇ ਬੱਚਿਆਂ ਨੇ ਹਿੱਸਾ ਲਿਆ। ਕੈਲਗਰੀ ਗਿੱਧਾ ਡਾਂਸ ਅਕੈਡਮੀ ਦੇ ਬੱਚਿਆਂ ਨੇ ਨਰਿੰਦਰ ਗਿੱਲ ਦੀ ਅਗਵਾਈ ਹੇਠ ਗਿੱਧੇ-ਭੰਗੜੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਤੀਜੇ ਭਾਗ ਵਿੱਚ ਪੰਜਵੀਂ ਅਤੇ ਛੇਵੀਂ ਕਲਾਸ ਦੇ ਬੱਚਿਆਂ ਨੇ ਹਿੱਸਾ ਲਿਆ। ਜਿਸ ਵਿੱਚ ਜੱਜ ਸਾਹਿਬਾਨਾਂ ਦੀ ਭੂਮਿਕਾ ਡਾਕਟਰ ਸਰਬਜੀਤ ਜਵੰਧਾ, ਮਨਜੋਤ ਗਿੱਲ ਅਤੇ ਨਵ ਰੰਧਾਵਾ ਨੇ ਨਿਭਾਈ। ਗੁਰਲਾਲ ਸਿੰਘ ਰੁਪਾਲੋਂ ਅਤੇ ਬਲਜੀਤ ਸਿੰਘ ਬਬਲੂ ਨੇ ਬੁਲੰਦ ਆਵਾਜ਼ ਵਿੱਚ ਕਵੀਸ਼ਰੀ ਗਾਈ।

ਚੌਥੇ ਭਾਗ ਵਿੱਚ ਸੱਤਵੀਂ ਤੇ ਅੱਠਵੀਂ ਕਲਾਸ ਦੇ ਬੱਚਿਆਂ ਨੇ ਹਿੱਸਾ ਲਿਆ। ਇਸ ਵਿੱਚ ਜੱਜ ਸਾਹਿਬਾਨ ਦੀ ਭੂਮਿਕਾ ਸੁਖਵਿੰਦਰ ਸਿੰਘ ਤੂਰ, ਜਸਵਿੰਦਰ ਸਿੰਘ ਰੁਪਾਲੋਂ ਅਤੇ ਨਰਿੰਦਰ ਗਿੱਲ ਨੇ ਨਿਭਾਈ। ਬਲਵੀਰ ਗੋਰਾ ਨੇ ਬਹੁਤ ਵਧੀਆ ਗੀਤ ਪੇਸ਼ ਕੀਤਾ।

ਨਤੀਜਿਆਂ ਦਾ ਐਲਾਨ ਬਲਜਿੰਦਰ ਸੰਘਾ ਨੇ ਕੀਤਾ। ਪਹਿਲੇ ਭਾਗ ਵਿੱਚ ਕ੍ਰਮਵਾਰ ਹਰਅਸੀਸ ਕੌਰ, ਕੁਦਰਤਪ੍ਰੀਤ ਕੌਰ ਅਤੇ ਜਸਜੋਤ ਕੌਰ ਜੇਤੂ ਰਹੇ। ਦੂਜੇ ਭਾਗ ਵਿੱਚ ਕ੍ਰਮਵਾਰ ਸਾਹਿਬਪ੍ਰੀਤ ਸਿੰਘ ਸਿਦਕ ਸਿੰਘ ਗਰੇਵਾਲ ਅਤੇ ਨਿਤਾਰਾ ਕੌਰ ਹਰੀ ਜੇਤੂ ਰਹੇ। ਤੀਜੇ ਭਾਗ ਵਿੱਚ ਕਰਮਵਾਰ ਪ੍ਰਭਨੂਰ ਸਿੰਘ, ਗੁਨੀਵ ਕੌਰ ਗਿੱਲ ਅਤੇ ਬੁਨੀਤ ਕੌਰ ਢੀਂਡਸਾ ਜੇਤੂ ਰਹੇ। ਚੌਥੇ ਭਾਗ ਵਿੱਚ ਕਰਮਵਾਰ ਨਿਮਰਤ ਧਾਰਨੀ, ਹਰਸੀਰਤ ਕੌਰ ਗਿੱਲ ਮੋਹਕਮ ਸਿੰਘ ਚੌਹਾਨ ਜੇਤੂ ਰਹੇ। ਇਨ੍ਹਾਂ ਜੇਤੂ ਬੱਚਿਆਂ ਦਾ ਸਨਮਾਨ ਟਰਾਫੀਆਂ ਨਾਲ ਕੀਤਾ ਗਿਆ। ਭਾਗ ਲੈਣ ਵਾਲੇ ਸਾਰੇ ਬੱਚਿਆਂ ਦੀ ਮੈਡਲਾਂ ਨਾਲ ਹੌਸਲਾ ਹਫਜਾਈ ਕੀਤੀ ਗਈ।



ਸਾਊਂਡ ਦੀ ਸੇਵਾ ਬਲਵੀਰ ਗੋਰਾ ਜੀ ਨੇ ਨਿਭਾਈ। ਬੱਚਿਆਂ ਨੂੰ ਸਟੇਜ ਤੱਕ ਲਿਆਉਣ ਅਤੇ ਦੇਖ-ਰੇਖ ਕਰਨ ਦੀ ਜਿੰਮੇਵਾਰੀ ਮੰਗਲ ਚੱਠਾ ਅਤੇ ਜਗਤਾਰ ਜਗਰਾਂਓ ਨੇ ਨਿਭਾਈ। ਚਾਹ ਪਾਣੀ ਦੀ ਸੇਵਾ ਗੁਰਲਾਲ ਸਿੰਘ ਨੇ ਪਰਿਵਾਰ ਸਮੇਤ ਕੀਤੀ। ਜੋਰਾਵਰ ਨੇ ਫੋਟੋਗ੍ਰਾਫੀ ਕੀਤੀ। ਇਨ੍ਹਾਂ ਤੋਂ ਹਰੀਪਾਲ, ਇੰਜੀਨੀਅਰ ਜੀਰ ਸਿੰਘ ਬਰਾੜ, ਦਰਸ਼ਨ ਸਿੰਘ ਧਾਲੀਵਾਲ,ਸੁਖਬੀਰ ਗਰੇਵਾਲ, ਪਰਮਜੀਤ ਭੰਗੂ, ਗੁਰਦੀਸ਼ ਗਰੇਵਾਲ, ਸੁਖਵਿੰਦਰ ਗਿੱਲ, ਚੰਦ ਸਿੰਘ ਸੰਦਿਓੜਾ(ਪੰਜਾਬੀ ਨੈਸਨਲ ਅਖਬਾਰ), ਸੁਰਿੰਦਰ ਕੌਰ ਚੀਮਾ, ਹਰਚਰਨ ਬਾਸੀ, ਸਵੇਤੂ ਸ਼ਰਮਾ (ਬੀ.ਪੀ ਡੀ tv),ਰਕੇਸ਼ ਗੌਤਮ, ਪ੍ਰੋਫੈਸਰ ਤਰਲੋਚਨ ਸਿੰਘ ਅਤੇ ਹੋਰ ਪਤਵੰਤੇ ਹਾਜ਼ਰ ਹੋਏ।

ਅਖੀਰ ਵਿੱਚ ਪ੍ਰਧਾਨ ਰਣਜੀਤ ਸਿੰਘ ਨੇ ਜੱਜ ਸਾਹਿਬਾਨ ਸਾਰੇ ਮੀਡੀਏ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਅਗਲੀ ਮਹੀਨਾਵਾਰ ਮੀਟਿੰਗ ਮਹੀਨੇ ਦੇ ਤੀਜੇ ਸ਼ਨੀਵਾਰ 19 ਜੁਲਾਈ ਨੂੰ ਕੋਸੋ ਹਾਲ ਵਿੱਚ ਹੋਵੇਗੀ।

ਹੋਰ ਜਾਣਕਾਰੀ ਲਈ ਪ੍ਰਧਾਨ ਰਣਜੀਤ ਸਿੰਘ 825 735 1466 ਅਤੇ ਜਨਰਲ ਸਕੱਤਰ ਦਵਿੰਦਰ ਮਲਹਾਂਸ ਨੂੰ 403 993 2201 ਤੇ ਸੰਪਰਕ ਕੀਤਾ ਜਾ ਸਕਦਾ ਹੈ।

Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom

Harmanjot Dhudike
403-975-0006
ਵਰਕਰ ਦੀ ਤੁਰੰਤ ਲੋੜ
ਕੈਲਗਰੀ ’ਚ ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ, ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ
Sharmanjot22@gmail.com


Universal Health
It's all about "U"
PHARMACY
Compounding & Home Health Care

Vandit Vakil, RPH, APA
Pharmacy Manager
Tel: (403) 365-4262
Fax (403) 365-4313
# 113, 78 Saddlepeace Manor Ne, Calgary, AB T3J 4C5
Email : vvakil@universalhealthcentre.com
www.universalhealthcentre.com

Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
New Location
Extensive experience with Revenue Canada audits, reviews etc.
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997

Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca

# ਧਰਮਵੀਰ ਗਾਂਧੀ, ਸਿਆਸਤ 'ਚ ਕਿਉਂ ਆਏ

**ਰਜਿੰਦਰਪਾਲ ਬਰਾੜ**

ਇਹ ਉਹ ਦੌਰ ਸੀ ਜਦੋਂ ਖਾੜਕੂ ਲਹਿਰ ਦੀ ਹਨੇਰੀ ਵੀ ਚੱਲ ਰਹੀ ਸੀ ਅਤੇ ਸਾਡੇ ਤੇ ਵੀ ਜਵਾਨੀ ਚੜ੍ਹੀ ਹੋਈ ਸੀ। ਆਮ ਬਹੁ ਗਿਣਤੀ ਪੇਂਡੂ ਜੱਟ ਸਿੱਖ ਮੁੰਡਿਆਂ ਦੇ ਉਲਟ ਅਸੀਂ ਕਾਲੀ ਹਨੇਰੀ ਵਿੱਚ ਤਰਕਸ਼ੀਲਤਾ ਦਾ ਦੀਵਾ ਜਗਾਉਣ ਲੱਗੇ ਹੋਏ ਸੀ। ਉਸ ਸਮੇਂ ਤਰਕਸ਼ੀਲ ਸੁਸਾਇਟੀ ਲੋਕਾਂ ਵਿੱਚ ਵਿਗਿਆਨਕ ਵਿਚਾਰਾਂ ਨੂੰ ਪ੍ਰਫੁੱਲਤ ਕਰਨ ਲਈ ਭਾਰਤੀ ਜਨ ਵਿਗਿਆਨ ਲਹਿਰ ਦਾ ਸਮਰਥਨ ਕਰ ਰਹੀ ਸੀ। ਅਸੀਂ ਸ਼ਹਿਰ ਸ਼ਹਿਰ, ਪਿੰਡ ਪਿੰਡ, ਮੁਹੱਲੇ ਮੁਹੱਲੇ, ਗਲੀ ਗਲੀ, ਘਰ ਘਰ ਜਾ ਕੇ ਲੋਕਾਂ ਨੂੰ ਵਿਗਿਆਨਕ ਸੋਚ ਤੋਂ ਜਾਣੂ ਕਰਵਾਉਣ ਲਈ ਵਿਗਿਆਨਕ ਤੱਥਾਂ ਨੂੰ ਪੇਸ਼ ਕਰਦੇ, ਅੰਧ ਵਿਸ਼ਵਾਸਾਂ, ਵਹਿਮਾਂ ਭਰਮਾਂ ਦੇ ਖਿਲਾਫ ਲੜਾਈ ਲੜਦੇ, ਵਿਗਿਆਨਕ ਮੇਲੇ ਕਰਵਾਉਂਦੇ, ਨੁੱਕੜ ਨਾਟਕ ਕਰਦੇ, ਗੀਤ ਗਾਉਂਦੇ, ਜਾਦੂ ਦਿਖਾਉਂਦੇ, ਪ੍ਰਦਰਸ਼ਨੀਆਂ ਲਗਾਉਂਦੇ, ਵਿਗਿਆਨਕ ਸਾਹਿਤ ਵੇਚਕੇ ਇੱਕ ਤਰ੍ਹਾਂ ਨਾਲ ਸਿਆਣਪ ਫੈਲਾਉਣ ਲਈ ਕਮਲੇ ਹੋਏ ਤੁਰੇ ਫਿਰਦੇ ਸੀ। ਭਾਰਤੀ ਜਨ ਵਿਗਿਆਨ ਜੱਥਿਆਂ ਵਿੱਚ ਡਾ ਪਿਆਰਾ ਲਾਲ ਗਰਗ, ਡਾ ਅਮਰ ਆਜ਼ਾਦ, ਡਾ. ਪ੍ਰੇਮ ਖੋਸਲਾ, ਡਾ. ਹਰਚਰਨ ਸਿੰਘ, ਪ੍ਰੋਫੈਸਰ ਹਰਜਿੰਦਰ ਲਾਲਟੂ ਅਤੇ ਇੰਜੀਨੀਅਰ ਆਰ ਐਸ ਗਿੱਲ ਵਰਗੇ ਸਰਗਰਮ ਸਨ। ਚੰਡੀਗੜ੍ਹ ਸ਼ਾਇਦ ਪਾਲ ਸਿੰਘ ਢਿੱਲੋਂ ਦੇ ਘਰ ਇੱਕ ਮੀਟਿੰਗ ਸੀ ਜਿਸ ਵਿੱਚ ਸਲਾਹ ਹੋਈ ਮਾਲਵੇ ਵਿੱਚ ਬਰਨਾਲਾ-ਮੋਗਾ ਰੋਡ ਤੇ ਪੈਂਦੇ ਪਿੰਡ ਬਿਲਾਸਪੁਰ ਜਾਇਆ ਜਾਵੇ ਅਤੇ ਉੱਥੇ ਜਨ ਵਿਗਿਆਨ ਜੱਥੇ ਦੇ ਪੜਾਅ ਦੀ ਤਿਆਰੀ ਵਜੋਂ ਡਾ. ਧਰਮਵੀਰ ਗਾਂਧੀ ਨੂੰ ਮਿਲਿਆ ਜਾਵੇ ਜੋ ਉੱਥੇ ਸਥਾਨਕ ਪੇਂਡੂ ਡਿਸਪੈਂਸਰੀ ਵਿੱਚ ਡਾਕਟਰ ਸਨ।

ਲਓ ਜੀ ਪਹੁੰਚ ਗਏ, ਬਿਲਾਸਪੁਰ ਦੀ ਪੇਂਡੂ ਡਿਸਪੈਂਸਰੀ ਵਿੱਚ ਭੱਲ ਸਰਦੀਆਂ ਦੀ ਧੁੰਦ ਭਰੀ ਸਵੇਰ ਦੇ ਨੌਂ ਵਜੇ ਸਨ ਪਰ ਅਜੇ ਸੂਰਜ ਦੇਵਤਾ ਨੇ ਕਿਰਨਾਂ ਘਰੇ ਹੀ ਲੁੱਕਾ ਰੱਖੀਆਂ ਸਨ। ਮੂੰਹ ਖੋਲ੍ਹਣ ਤੋਂ ਡਰਦੇ ਸੀ ਕਿਤੇ ਮੂੰਹ ਵਿੱਚੋਂ ਨਿਕਲੇ ਧੂੰਏ ਨਾਲ ਧੁੰਦ ਨਾ ਵਧ ਜਾਵੇ। ਧੁੰਦਲੀ ਹੀ ਯਾਦ ਹੈ, ਬੰਦਾ ਪੁੱਛਦਾ ਪੁਛਾਉਂਦਾ ਗਿਆ, ਪੁੱਛਿਆ ਡਾਕਟਰ ਸਾਹਿਬ ਜੀ ਕਿੱਥੇ ਮਿਲਣਗੇ। ਹਰ ਕੋਈ ਕਹਿ ਦੇਵੇ, ਇੱਥੇ ਹੀ ਹਨ। ਸਧਾਰਣ ਜਿਹੀ ਬਿਲਡਿੰਗ, ਆਸੇ ਪਾਸੇ ਕੋਈ ਹਸਪਤਾਲਾਂ ਵਾਲੇ ਬੈੱਡ ਨਹੀਂ, ਬਾਹਰ ਹੀ ਦੇਸੀ ਮੰਜਿਆਂ ਉੱਪਰ ਰੰਗ ਬਰੰਗੀਆਂ ਲੇਫ ਤਲਾਈਆਂ ਵਿੱਚ ਮਰੀਜ਼ ਪਏ ਸਨ। ਕਿਸੇ ਦੇ ਬਾਂਹ ਤੇ ਡਰਿੱਪ ਲੱਗੀ ਹੋਈ ਹੈ, ਡਰਿੱਪ ਕਿਸੇ ਸਟੈਂਡ ਤੇ ਨਹੀਂ ਨਾਲ ਖੜ੍ਹੇ ਮੰਜੇ ਨਾਲ ਹੀ ਲਟਕਦੀ ਹੈ। ਕੋਈ ਖੇਸ ਦੀ ਬੁੱਕਲ ਮਾਰੀ ਬੈਠਾ ਉਂਘ ਰਿਹਾ ਹੈ। ਸਮਝ ਨਹੀਂ ਆਉਂਦੀ ਕਿ ਕਿਸ ਨਾਲ ਗੱਲ ਕਰੀਏ। ਇੱਕ ਬੰਦਾ ਰਜਾਈ ਜਿਹੀ ਲੈ ਕੇ ਤੁਰਿਆ ਫਿਰਦਾ ਹੈ। ਕਿਸੇ ਇਸ਼ਾਰਾ ਕੀਤਾ ਇਹ ਡਾਕਟਰ ਹੈ। ਯਕੀਨ ਨਹੀਂ ਆਇਆ। ਡਾਕਟਰ ਸੂਟਡ ਬੂਟਡ, ਪੈਂਟਾਂ ਕੋਟਾਂ ਵਾਲੇ, ਟਾਈ ਰੁਮਾਲਾਂ ਨਾਲ, ਗਹਿਣੇ ਵਾਂਗ ਗਲ ਵਿੱਚ ਸਟੈਥੋਸਕੋਪ ਲਟਕਾਉਣ ਵਾਲੇ ਹੁੰਦੇ ਹਨ। ਇਸ ਨੇ ਤਾਂ ਸਟੈਥੋ ਹੱਥ ਵਿੱਚ ਗੁੱਛਾ ਮੁੱਛਾ ਕਰਕੇ ਫੜੀ ਹੋਈ ਸੀ। ਹੁਣ ਕੀ ਹਾਲ ਬਾਬਾ? ਕਿਵੇਂ ਆ ਬੇਬੇ ਪੁੱਛਦਾ ਸੀ? ਡਾਕਟਰ ਤਾਂ ਚੁੱਪ ਰਹਿੰਦੇ ਹਨ, ਪੁੱਛਣ ਤੇ ਵੀ ਕੁਝ ਨਹੀਂ ਦੱਸਦੇ, ਇਹ ਤਾਂ ਬੋਲੀ ਹੀ ਜਾਂਦਾ ਹੈ। ਇਹ ਦਵਾਈ ਬੋਲੀ ਜਾਂਦਾ ਸੀ ਕਦੇ ਕਦੇ ਲਿਖਦਾ ਸੀ, ਨਾਲ ਮੁੰਡਾ ਤੁਰਿਆ ਫਿਰਦਾ ਸੀ ਸ਼ਾਇਦ ਫਾਰਮਾਸਿਸਟ ਸੀ। ਝਕਦੇ ਝਕਦੇ ਆਪਣੇ ਆਉਣ ਦਾ ਮੰਤਵ ਦੱਸਿਆ। ਹਾਂ! ਹਾਂ! ਆਪਾਂ ਕਰਾਂਗੇ ਪ੍ਰੋਗਰਾਮ, ਮੈਂ ਬੁਲਾਏ ਨੇ ਬੰਦੇ, ਕਰਦੇ ਆ ਗੱਲ, ਬੜੀ ਲੋੜ ਹੈ ਲੋਕਾਂ ਵਿੱਚ ਅਵੇਅਰਨੈੱਸ ਕ੍ਰੀਏਟ ਕਰਨ ਦੀ, ਅੱਧੀਆਂ ਬਿਮਾਰੀਆਂ ਤਾਂ ਵੈਸੇ ਹੀ ਠੀਕ ਹੋ ਜਾਣ ਜੇ ਸਹੀ ਜਾਣਕਾਰੀ ਹੋਵੇ, ਕੋਈ ਸਹੀ ਜਾਣਕਾਰੀ ਦਿੰਦਾ ਹੀ ਨਹੀਂ, ਲੋਕਾਂ ਨੂੰ ਲੱਗਦਾ ਵੀ ਬੰਦਾ ਬੋਤਲ ਨਾਲ ਠੀਕ ਹੋ ਜਾਂਦਾ ਹੈ, ਬੋਤਲ ਕੀ ਹੁੰਦੀ ਹੈ ਲੂਣ ਮਿੱਠੇ ਵਾਲਾ ਪਾਣੀ, ਬੋਤਲ ਦੀ ਦੀ ਲੋੜ ਤਾਂ ਕਿਸੇ ਕਿਸੇ ਨੂੰ ਹੁੰਦੀ ਹੈ, ਸਾਰਾ ਢਾਂਚਾ ਭ੍ਰਿਸ਼ਟਿਆ ਪਿਆ ਸਰਮਾਏਦਾਰੀ ਦੌਰ ਵਿੱਚ ਮੁਨਾਫ਼ੇ ਦੀ ਅੰਨ੍ਹੀ ਦੌੜ ਬੰਦੇ ਦਾ ਖ਼ੂਨ ਚੂਸ ਰਹੀ ਹੈ। ਉਹ ਨਾਨ ਸਟਾਪ ਬੋਲੀ ਜਾ ਰਿਹਾ ਸੀ। ਵਿੱਚੋਂ ਕਿਸੇ ਮਰੀਜ਼ ਨੇ ਕੁਝ ਪੁੱਛਿਆ ਹਾਂ, ਹਾਂ, ਪੀ ਜੀ ਆਈ ਲੈਜੋ, ਮੈਂ ਲਿਖ ਦਿੰਦਾ ਹਾਂ, ਇੱਥੇ ਇਲਾਜ ਨਹੀਂ ਹੈ, ਉੱਥੇ ਹੈ, ਛੋਟਾ ਜਿਹਾ ਆਪ੍ਰੇਸ਼ਨ ਹੈ ਪਰ ਕਰਾਉਣਾ ਪਊ। ਸਿੱਧੇ ਚੰਡੀਗੜ੍ਹ ਜਾਓ। ਬਹੁਤਾ ਪੈਸਾ ਨਹੀਂ ਲੱਗਣਾ ਪੀ ਜੀ ਆਈ ਵੱਡਾ ਸਰਕਾਰੀ ਹਸਪਤਾਲ ਹੈ। ਉੱਥੇ ਜਾਓ। ਮਰੀਜ਼ ਦਾ ਤਿਮਾਰਦਾਰ ਪੁੱਛਦਾ 'ਕੁਝ ਦਿਨ ਠਹਿਰ ਕੇ ਨਹੀਂ ਲਿਜਾ ਸਕਦੇ ਧੁੰਦਾਂ ਬੜੀਆਂ ਨੇ' ਨਹੀਂ, ਬੰਦਾ ਮਾਰਨਾਂ ਹੈ ਤੁਸੀਂ" ਤੀਮਾਰਦਾਰ ਕਹਿੰਦਾ "ਸੱਤ ਬੱਚਨ ਹੁਣੇ ਲੈ ਜਾਂਦੇ" ਹੁਣ ਮੈਨੂੰ ਸਮਝ ਨਹੀਂ ਲੱਗਦੀ ਇਹ ਡਾਕਟਰ ਹੈ ਕਿ ਸਰਪੰਚ।



ਮਹੀਨੇ ਬਾਅਦ ਨੇੜੇ ਦੇ ਪਿੰਡ ਭੋਤਨੇ (ਚਰਨਜੀਤ ਦੇ ਪੇਕੇ, ਮੇਰੇ ਸਹੁਰੇ) ਪ੍ਰੋਗਰਾਮ ਹੋਇਆ ਇਥੇ ਡਾਕਟਰ ਗਾਂਧੀ ਵਿਗਿਆਨ, ਅੰਧ ਵਿਸ਼ਵਾਸਾਂ, ਮੁਨਾਫਾ, ਸਰਮਾਏਦਾਰੀ ਤੇ ਖੁੱਲ੍ਹਕੇ ਪੇਂਡੂ ਭਾਸ਼ਾ ਵਿੱਚ ਬੋਲਿਆ। ਮੈਨੂੰ ਨੁੱਕਰ ਨਾਟਕ, ਗੀਤ ਕੋਰੀਓਗ੍ਰਾਫੀ ਤੋਂ ਵੀ ਵੱਧ ਦਿਲਚਸਪ ਲੱਗਿਆ। ਬਹੁਤ ਲੋਕ ਆਪਣਾ ਕੰਮ ਇਮਾਨਦਾਰੀ ਨਾਲ ਕਰਦੇ ਹਨ ਪਰ ਇੰਨੀ ਕਮਿਟਮੈਂਟ ਇੰਨਾ ਜਨੂੰਨ! ਤੋਬਾ! ਤੋਬਾ!!

ਡਾਕਟਰ ਗਾਂਧੀ ਐੱਮ ਡੀ ਕਾਰਨ ਪਟਿਆਲੇ ਆ ਗਏ। ਇੱਥੇ ਹੀ ਨੌਕਰੀ ਕਰਨ ਲੱਗੇ ਸ਼ਾਇਦ ਇਸ ਦੇ ਪਿੱਛੇ ਪਿੰਡਾਂ ਵਿੱਚ ਖਾੜਕੂ ਟੋਲਿਆਂ ਦੀ ਫੈਲਾਈ ਦਹਿਸ਼ਤਗਰਦੀ ਦਾ ਵੀ ਹੱਥ ਹੋਵੇ। ਹਰ ਵੇਲੇ ਮਰੀਜ਼ਾਂ ਨੂੰ ਦੇਖਣ ਵਿੱਚ ਜੁੱਟੇ ਰਹਿੰਦੇ ਬਠਿੰਡਾ, ਬਰਨਾਲਾ, ਮੋਗੇ ਦੇ ਮਰੀਜ਼ ਵਹੀਰਾਂ ਘੱਤਕੇ ਰਜਿੰਦਰਾ ਹਸਪਤਾਲ ਆਉਣ ਲੱਗੇ, ਏਨੀਆਂ ਲੰਮੀਆਂ ਕਤਾਰਾਂ ਤਾਂ ਸੀਨੀਅਰ ਪ੍ਰੋਫੈਸਰਾਂ/ ਮੁਖੀਆਂ ਡਾਕਟਰਾਂ ਦੀਆਂ ਨਹੀਂ ਲੱਗਦੀਆਂ। ਉਹ ਡਾਕਟਰ ਕਾਬਲ ਤਾਂ ਵੱਧ ਹੋਣੇ, ਪੜ੍ਹਾਈ ਤਾਂ ਵਧੇਰੇ ਕੀਤੀ ਹੋ ਸਕਦੀ ਪਰ ਉਹ ਜਜ਼ਬਾ ਕਿੱਥੋਂ ਲਿਆਉਂਦੇ ਜਿਹੜਾ ਗਾਂਧੀ ਦੇ ਖ਼ੂਨ ਵਿੱਚ ਘੁਲਿਆ ਪਿਆ ਸੀ। ਆਪਣੇ ਮਰੀਜ਼, ਗਰੀਬ ਲੋਕਾਂ ਦੀ ਸੇਵਾ ਦਾ ਭੁੱਸ। ਉਹ ਪ੍ਰੋਫੈਸ਼ਨਲ ਜੈਲਸੀ ਤੋਂ ਬੇਲਾਗ ਸੀ ਪਰ ਐਨਾ ਵੀ ਧਰਮਾਤਮਾ ਨਹੀਂ ਕਿ ਬਾਕੀਆਂ ਨੂੰ ਪ੍ਰੋਫੈਸ਼ਨਲ ਜੈਲਸੀ ਨਾ ਹੋਵੇ, ਇਸ ਕਰਕੇ ਮਰੀਜ਼ ਦੇਖਣੇ ਛੱਡ ਦਿੰਦਾ। ਅਖੀਰ ਇੱਕ ਦਿਨ ਉਸ ਨੇ ਪ੍ਰੀ ਰਿਟਾਇਰਮੈਂਟ ਲੈ ਕੇ ਪ੍ਰਾਈਵੇਟ ਪ੍ਰੈਕਟਿਸ ਸ਼ੁਰੂ ਕਰ ਦਿੱਤੀ।

ਪਟਿਆਲੇ ਸ਼ਹਿਰ ਵਿੱਚ ਸਪੈਸ਼ਲਿਸਟ ਪੰਜ ਸੌ ਅਤੇ ਆਮ ਡਾਕਟਰ ਦੋ ਸੌ ਰੁਪਈਆ ਫੀਸ ਲੈਂਦੇ ਸੀ ਅਤੇ ਪਹਿਲੀ ਵਾਰੀ ਥੱਬਾ ਟੈਸਟਾਂ ਦਾ ਕਿਸੇ ਵਿਸ਼ੇਸ਼ ਲੈਬ ਤੋਂ ਕਰਵਾਉਣ ਲਈ ਆਖਿਆ ਕਰਦੇ ਸੀ। ਗਾਂਧੀ ਨੇ ਅਜੀਬ ਕਿਸਮ ਦੀ ਪ੍ਰਾਈਵੇਟ ਪ੍ਰੈਕਟਿਸ ਸ਼ੁਰੂ ਕੀਤੀ ਨਾਂਮਾਤਰ ਫੀਸ, ਗਾਂਧੀ ਪੁੱਛਦਾ ਘਰਵਾਲਾ ਕੀ ਕੰਮ ਕਰਦਾ ਹੈ, ਮਰੀਜ ਦੱਸਦਾ, ਕੁਝ ਨਹੀਂ ਕਰਦਾ, ਪਹਿਲਾਂ ਮਜ਼ਦੂਰੀ ਕਰਦਾ ਸੀ। ਚੰਗਾ ਜਾਹ ਫੇਰ। ਕੋਈ ਕਹਿੰਦਾ ਖੇਤੀ ਕਰਦੈ, ਖੇਤੀ ਤਾਂ ਪੰਜਾਹ ਕਿੱਲਿਆਂ ਵਾਲਾ ਵੀ ਕਰਦਾ, ਪੰਜ ਕਿੱਲਿਆਂ ਵਾਲਾ ਵੀ ਕਰਦਾ ਹੈ, ਤੂੰ ਦੱਸ ਕਿੰਨੇ ਕਿੱਲੇ ਨੇ, ਚਾਰ ਭਾਈਆਂ ਕੋਲ ਹੀ ਪੰਜ ਕਿੱਲੇ, ਮਰੀਜ ਦੀ ਪਰਚੀ ਦੀ ਨੁੱਕਰ ਵਿੱਚ ਕੁਝ ਸ਼ਬਦ ਵਾਹ ਦਿੰਦਾ, ਜਦੋਂ ਬੰਦਾ ਬਾਹਰ ਪੈਸੇ ਦੇਣ ਲੱਗਦਾ ਤਾਂ ਮਜ਼ਦੂਰ ਮੁਫ਼ਤ, ਸਵਾ ਕਿੱਲੇ ਵਾਲਾ ਪੰਜਾਹ, ਨੌਕਰੀ ਵਾਲਾ ਸੌ, ਬੱਸ ਇਸ ਤੋਂ ਅੱਗੇ ਡੱਕਾ ਹੈ। ਹਾਂ ਜੀ, ਇਸ ਤੋਂ ਵੱਧ ਜ਼ਮੀਨਾਂ ਜਾਇਦਾਦਾਂ ਵਾਲੇ ਤਾਂ ਗਾਂਧੀ ਕੋਲ ਆਉਂਦੀ ਨਹੀਂ ਜੇ ਮਾਤੜ੍ਹ ਤਮਾਤੜ ਜਾ ਹੀ ਵੜਨ ਤਾਂ ਜਾਣ ਪਛਾਣ ਵਾਲਿਆਂ ਤੋਂ ਪੈਸੇ ਲੈਂਦਾ ਹੀ ਨਹੀਂ, ਉਸ ਦੀ ਗ੍ਰੇਡ ਵਾਲੀ ਪ੍ਰਣਾਲੀ ਦੇਖ ਕੇ ਲੱਗਦਾ ਹੈ ਕਿ ਸੱਚਮੁੱਚ ਧਰਤੀ ਤੇ ਰੱਬ ਹੁੰਦਾ ਹੈ, ਉਹ ਡਾਕਟਰਾਂ ਦੇ ਰੂਪ ਵਿੱਚ ਹੋਵੇ ਨਾ ਹੋਵੇ, ਡਾਕਟਰ ਗਾਂਧੀ ਦੇ ਰੂਪ ਵਿੱਚ ਮੌਜੂਦ ਹੈ।

ਨਵਾਂ ਪ੍ਰਾਈਵੇਟ ਹਸਪਤਾਲ ਖੁੱਲ੍ਹਿਆ ਵੇਖ ਲੈਬੋਟਰੀ ਵਾਲਿਆਂ ਚੋਗੇ ਪਾਉਣੇ ਸ਼ੁਰੂ ਕੀਤੇ ਕਿ ਅਸੀਂ ਐਨਾ ਕਮਿਸ਼ਨ ਦੇਵਾਂਗੇ, ਅਸੀਂ ਐਨਾ ਕਮਿਸ਼ਨ ਦੇਵਾਂਗੇ, ਮਰੀਜ਼ ਸਾਡੇ ਕੋਲ ਭੇਜਿਆ ਕਰੋ। ਉਨ੍ਹਾਂ ਸਭ ਦੇ ਕਮਿਸ਼ਨ ਨੋਟ ਕਰ ਲਏ ਅਤੇ ਆਖਿਆ ਜਾਓ, ਜਿਹੜਾ ਮਰੀਜ਼ ਮੇਰੀ ਪਰਚੀ ਲੈ ਕੇ ਆਵੇ, ਉਸ ਨੂੰ ਮੇਰਾ ਕਮਿਸ਼ਨ ਛੱਡ ਕੇ ਪੈਸੇ ਲੈਣੇ, ਉਸੇ ਰੇਟ ਜਿਸ ਤੇ ਤੁਹਾਨੂੰ ਹੋਰ ਡਾਕਟਰਾਂ ਤੋਂ ਬੱਚਦੇ ਹਨ। ਸਾਰੇ ਪਟਿਆਲੇ ਵਿੱਚ ਭੜਥੂ ਪੈ ਗਿਆ ਗਾਂਧੀ ਦੀ ਪਰਚੀ ਦੇ ਟੈਸਟ ਅੱਧੇ ਰੇਟ ਤੇ ਹੋ ਜਾਂਦੇ ਹਨ। ਪਤਾ ਲੱਗਿਆ ਡਾਕਟਰ ਅੱਧੋਂ ਵੱਧ ਕਮਿਸ਼ਨ ਖਾਂਦੇ ਹਨ, ਸਾਫ਼ ਹੈ ਕਿ ਡਾਕਟਰ ਬਿਨਾਂ ਲੋੜ ਤੋਂ ਵੀ ਟੈਸਟ ਲਿਖਦੇ ਹੋਣਗੇ। ਜੇ ਗਾਂਧੀ ਨੇ ਕਮਿਸ਼ਨ ਨਹੀਂ ਖਾਣਾ ਫਿਰ ਬਿਨਾਂ ਲੋੜ ਤੋਂ ਟੈਸਟ ਵੀ ਕੀ ਲਿਖਣਾ ਹੋਇਆ। ਅੱਧ ਪਚੱਧੀ ਜ਼ਮੀਰ ਵਾਲੇ ਪੈਸੇ ਦੇ ਲਾਲਚੀ ਡਾਕਟਰ ਚੁੱਪ ਰਹੇ ਚਲੋ ਉਹਦੀ ਮਰਜ਼ੀ ਆਪਾਂ ਨੂੰ ਕੀ ਉਹ ਨਾ ਖਾਵੇ ਪਰ ਮਰੀਆਂ ਜ਼ਮੀਰਾਂ ਵਾਲਿਆਂ ਨੇ ਤਾਂ ਕਦੇ ਭਾਈਚਾਰੇ ਦਾ ਵਾਸਤਾ ਪਾਇਆ, ਕਦੇ ਡਰਾਵੇ ਦਿੱਤੇ, ਕਦੇ ਪਾਖੰਡੀ, ਡਰਾਮੇਬਾਜ਼, ਸ਼ੋਹਰਤ ਦਾ ਭੁੱਖਾ, ਚਲਾਕ ਤੱਕ ਆਖ ਦਿੱਤਾ। ਪਰ ਮਸਤ ਹਾਥੀ ਆਪਣੀ ਚਾਲ ਚੱਲਦਾ ਰਿਹਾ ਤੀਰ ਕਮਾਨ ਤੋਂ ਨਿਕਲ ਚੁੱਕਿਆ ਸੀ। ਡਾਕਟਰਾਂ ਦੇ ਕੇਸ ਵਿੱਚ ਭੇੜਿਆਂ ਦੀ ਸ਼ਨਾਖਤ ਹੋ ਚੁੱਕੀ ਸੀ। ਹੁਣ ਕੀ ਹੋ ਸਕਦਾ ਹੈ ਲੋਕ ਡਾਕਟਰਾਂ ਅਤੇ ਲੈਬਾਟਰੀਆਂ ਦੇ ਮਾਫੀਆ ਗੱਠਜੋੜ ਨੂੰ ਜਾਣ ਚੁੱਕੀ ਸੀ ।

ਗਾਂਧੀ, ਗਾਂਧੀ ਨਹੀਂ ਹੈ, ਗਾਂਧੀ ਤਾਂ ਉਹ ਮੈਡੀਕਲ ਕਾਲਜ ਅੰਮ੍ਰਿਤਸਰ ਦਾ ਵਿਦਿਆਰਥੀ ਹੁੰਦਿਆਂ ਐਮਰਜੈਂਸੀ ਦੇ ਵਿਰੋਧ ਵਿੱਚ ਜੇਲ੍ਹ ਜਾਣ ਕਾਰਨ ਦੂਸਰੇ ਲੋਕਾਂ ਵੱਲੋਂ ਪਾਇਆ ਨਾਂ ਸੀ, ਜੋ ਉਸ ਨੇ ਅਪਣਾ ਲਿਆ। ਵੈਸੇ ਉਹ ਗਾਂਧੀ ਦੀ ਵਿਚਾਰਧਾਰਾ ਤੋਂ ਕੋਹਾਂ ਦੂਰ ਸ਼ਹੀਦ ਭਗਤ ਸਿੰਘ ਦੇ ਵਧੇਰੇ ਨੇੜੇ ਹੈ, ਮਾਰਕਸਵਾਦ ਦੇ ਸਮਾਜਵਾਦ ਦਾ ਧਾਰਨੀ ਸੀ। ਲੰਮਾ ਸਮਾਂ ਦੇਸ਼ ਵਿੱਚ ਚੱਲੀ ਹਥਿਆਰਬੰਦ ਇਨਕਲਾਬ ਵਾਲੀ ਖੱਬੇ ਪੱਖੀ ਨਕਸਲਬਾੜੀ ਲਹਿਰ ਨਾਲ ਹਮਦਰਦੀ ਰੱਖਦਾ ਰਿਹਾ ਅਤੇ ਇਸ ਦੇ ਇੱਕ ਜਨਤਕ ਸਰਗਰਮੀਆਂ ਨੂੰ ਗਹਿਰਾਈਆਂ ਦੇਣ ਵਾਲੇ ਗਰੁੱਪ ਨਾਲ ਜ਼ਾਹਰ ਤੌਰ 'ਤੇ ਜੁੜਿਆ ਵੀ ਰਿਹਾ ਹੈ। ਇੱਕ ਵਾਰ ਸਭ ਕੁਝ ਛੱਡ ਛੁਡਾ ਕੇ ਲੁਧਿਆਣੇ ਦੇ ਮਜ਼ਦੂਰਾਂ ਵਿੱਚ ਕੰਮ ਕਰਨ ਵੀ ਚੱਲਿਆ ਗਿਆ ਸੀ। ਮੁੜ ਜਦੋਂ ਇਨਕਲਾਬ ਦਾ ਬੁੱਲ ਨਾ ਡਿੱਗਿਆ ਤਾਂ ਡਾਕਟਰੀ ਪੇਸ਼ੇ ਵੱਲ ਪਰਤ ਆਇਆ। ਉਹ ਹਰ ਸਮੇਂ ਜਨਤਕ ਜੀਵਨ ਵਿੱਚ ਜਮਹੂਰੀ ਅਧਿਕਾਰ ਸਭਾ ਤੋਂ ਲੈ ਕੇ ਮਜ਼ਦੂਰਾਂ ਦੀਆਂ ਜਥੇਬੰਦੀਆਂ ਤੱਕ ਸਰਗਰਮ ਰਿਹਾ ਹੈ। ਦੇਸ਼ ਵਿੱਚ ਜਦੋਂ ਅੰਨਾ ਹਜ਼ਾਰੇ ਅੰਦੋਲਨ ਚੱਲਿਆ ਤਾਂ ਨਾ ਕੇਵਲ ਦਿੱਲੀ ਹੀ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕਰਦਾ ਰਿਹਾ ਸਗੋਂ ਪਟਿਆਲੇ ਤੋਂ ਆਮ ਆਦਮੀ ਪਾਰਟੀ ਦਾ ਉਮੀਦਵਾਰ ਬਣਾਇਆ ਗਿਆ। ਉਸ ਨੇ ਤਿੰਨ ਵਾਰ ਜੇਤੂ ਰਹੀ (ਮਹਾਰਾਣੀ) ਪ੍ਰਨੀਤ ਕੌਰ ਨੂੰ ਵੀਹ ਹਜ਼ਾਰ ਤੋਂ ਵੱਧ ਵੋਟਾਂ ਨਾਲ ਹਰਾਇਆ ਜਿਸ ਉਪਰ ਕਦੇ (ਰਾਜ ਮਾਤਾ) ਮਹਿੰਦਰ ਕੌਰ ਅਤੇ ਕਦੇ (ਮਹਾਰਾਜਾ) ਕੈਪਟਨ ਅਮਰਿੰਦਰ ਸਿੰਘ ਜੇਤੂ ਰਹੇ ਸਨ ਭਾਵ ਇਹ ਰਾਜਾ ਮਹਾਰਾਜਿਆਂ ਦੀ ਜੱਦੀ ਪੁਸ਼ਤੀ ਸੀਟ ਸੀ। ਮਹਾਰਾਜੇ ਦੇ ਆਪਣੇ ਸ਼ਹਿਰ ਮਹਾਂਰਾਣੀ ਪ੍ਰਨੀਤ ਕੌਰ ਨੂੰ ਪਿੰਡ ਪਚਰੰਡਾ ਰੋਪੜ ਦੇ ਮਾਸਟਰ ਭਗਤ ਰਾਮ ਅਤੇ ਸ੍ਰੀਮਤੀ ਤੀਲੋ ਦੇਵੀ ਦੇ 1 ਜੂਨ, 1951 ਨੂੰ ਜਨਮੇ ਮੁੰਡੇ ਨੇ ਚਿੱਤ ਕਰ ਦਿੱਤਾ। ਇਸ ਜਿੱਤ ਪਿੱਛੇ ਉਸ ਸਮੇਂ ਆਮ ਆਦਮੀ ਦੀ ਪਾਰਟੀ ਦੀ ਲਹਿਰ ਦੀ ਚੜ੍ਹਤ ਦਾ ਅਸਰ ਤਾਂ ਹੋਵੇਗਾ ਪਰ ਸਭ ਤੋਂ ਵੱਧ ਡਾਕਟਰ ਗਾਂਧੀ ਦੀ ਨਿੱਜੀ ਸ਼ਖ਼ਸੀਅਤ ਸੀ। ਇਮਾਨਦਾਰੀ, ਮਿਹਨਤ, ਸੇਵਾ ਦੇ ਪੁੰਜ ਨੂੰ ਲੋਕਾਂ ਨੇ ਸਿਰ ਅੱਖਾਂ ਤੇ ਬਿਠਾ ਲਿਆ। ਜਦੋਂ ਹੀ ਉਸ ਨੇ ਦੇਖਿਆ ਕਿ ਪਾਰਟੀ ਸਵਰਾਜ ਦੇ ਮੁੱਢਲੇ ਸਿਧਾਂਤਾਂ ਨੂੰ ਤਿਆਗ ਰਹੀ ਹੈ। ਕੇਜਰੀਵਾਲ ਦੇ ਚੋਟੀ ਦੇ ਯਾਰਾਂ ਵਿੱਚ ਤਾਨਾਸ਼ਾਹੀ ਆਉਣ ਲੱਗੀ ਹੈ। ਜਿੱਤ ਦੇ ਹੰਕਾਰ ਅਤੇ ਆਪਣੇ ਤੋਂ ਵੱਖਰੀ ਲੋਕ ਸੋਚ ਵਾਲੇ ਯੋਗਿੰਦਰ ਯਾਦਵ, ਪ੍ਰਸ਼ਾਂਤ ਭੂਸ਼ਨ ਵਰਗਿਆਂ ਨੂੰ ਖੂੰਜੇ ਲਾਉਣ ਲੱਗੇ ਹਨ ਤਾਂ ਉਸ ਨੇ ਪਾਰਟੀ ਦਾ ਹੀ ਵਿਰੋਧ ਕਰਨ ਦਾ ਫ਼ੈਸਲਾ ਕਰ ਲਿਆ।

ਪਾਰਟੀ ਅੰਦਰਲੇ ਕਲੇਸ਼ ਕਾਰਨ ਬਹੁਤ ਹੀ ਤਣਾਅਪੂਰਨ ਦਿਨਾਂ ਦੀ ਗੱਲ ਹੈ। ਮੈਂ ਡਾਕਟਰ ਗਾਂਧੀ ਨਾਲ ਗੱਲ ਕਰਨ ਗਿਆ ਤਾਂ ਉਹ ਮੈਨੂੰ ਈਕੋ ਮਸ਼ੀਨ ਵਾਲੇ ਕਮਰੇ ਵਿੱਚ ਲੈ ਗਿਆ ਜਿਥੇ ਮਰੀਜ਼ ਬੈਂਚ ਤੇ ਪਾਇਆ

Gill
Truck & Trailer Repair
& Mobile Service
Lube and Truck Wash

Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

BAINS VISION CENTRE

Jaswinder S Bains, Ph.D., OD.
New Patients &
Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ
ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

ਹੋਇਆ ਸੀ। ਉਸਦੇ ਦਿਲ ਦੀ ਧੜਕਨ ਉੱਚੀ ਉੱਚੀ ਮਸ਼ੀਨ ਰਾਹੀਂ ਸੁਣਦੀ ਸੀ, ਮੈਨੂੰ ਕਹਿੰਦੇ ਲੈ ਦਿਲ ਧੜਕਦਾ ਸੁਣ, ਮੈਨੂੰ ਤਾਂ ਦਿਲ ਦੇ ਧੜਕਣ 'ਚ ਖ਼ੁਸ਼ੀ ਮਿਲਦੀ ਹੈ। ਮੈਂ ਸਿਆਸਤ ਵਿੱਚ ਕੈਰੀਅਰ ਬਣਾਉਣ ਨਹੀਂ ਆਇਆ, ਸਮਾਜ ਦੀ ਜ਼ਿੰਦਗੀ ਬਦਲਣ ਆਇਆ ਹੈ। ਮੈਂ ਆਪਣੀ ਜ਼ਮੀਰ ਮਾਰ ਕੇ ਵਿੱਚ ਲਿਚਗੜਿਚੀਆਂ ਨਹੀਂ ਕਰ ਸਕਦਾ। ਇਹ ਡਾਕਟਰੀ ਦਾ ਕੰਮ ਤਾਂ ਮੈਥੋਂ ਕੋਈ ਖੋਹ ਨਹੀਂ ਸਕਦਾ, ਪਰ ਮੈਂ ਦਿਲ ਦੀ ਗੱਲ ਸੁਣਦਾ ਹੈ। ਤਾਨਾਸ਼ਾਹੀ ਨਹੀਂ ਚਲੇਗੀ, ਉਸ ਨਾਅਰਾ ਲਗਾਉਣ ਵਾਂਗ ਆਖਿਆ। ਅਰਵਿੰਦ ਤਾਨਾਸ਼ਾਹ ਬਣ ਗਿਆ, ਪੰਜਾਬ ਦਾ ਦਰਦ ਨਹੀਂ ਕਰਦਾ, ਲੋਕਾਂ ਨੇ ਸਾਡੇ ਤੇ ਵਿਸ਼ਵਾਸ ਕੀਤਾ ਹੈ। ਸਾਡਾ ਫਰਜ਼ ਹੈ। ਪਾਰਟੀ ਅੰਦਰ ਲੋਕਤੰਤਰ ਚਾਹੀਦਾ ਹੈ, ਮੇਰੇ ਨਾਲ ਗੱਲ ਕਰਨ, ਜੇ ਮੈਂ ਗ਼ਲਤ ਹੋਵਾਂ, ਮੈਨੂੰ ਦੱਸੋ। ਮੈਂ ਸਮਝਾਉਣ ਗਿਆ ਸੀ, ਸਮਝਕੇ ਆ ਗਿਆ, ਉਸ ਐਲਾਨ ਕੀਤਾ ਪਾਰਟੀ ਉਪਰ ਸਿਆਸੀ ਦਲਾਲਾਂ ਅਤੇ ਗੁੰਡਿਆ ਦਾ ਕਬਜਾ ਹੋ ਚੁੱਕਿਆ ਹੈ। ਪਾਕ ਦਰਵੇਸ਼ ਸੰਤ ਦੀਆਂ ਗੱਲਾਂ ਬਾਅਦ ਵਿੱਚ ਸੱਤ ਸਾਬਤ ਹੋਈਆਂ।

ਪੰਜਾਬ ਇਲੈਕਸ਼ਨ ਹਾਰੇ, ਦਿੱਲੀ ਲੋਕਲ ਬਾਡੀ ਹਾਰੇ, ਨਵੇਂ ਬਦਲ ਦੀ ਥਾਂ ਇੱਕ ਹੋਰ ਪਾਰਟੀ ਬਣ ਕੇ ਰਹਿ ਗਏ। ਉਸਨੇ ਨਾ ਕਾਂਗਰਸ ਨਾਲ ਹੱਥ ਮਿਲਾਇਆ, ਨਾ ਅਕਾਲੀ ਭਾਜਪਾ ਨੂੰ ਨੇੜੇ ਲਾਇਆ ਸਗੋਂ ਆਪਣੇ ਮੈਂਬਰ ਪਾਰਲੀਮੈਂਟ ਹੋਣ ਦੇ ਫ਼ਰਜ਼ ਪੂਰੇ ਤਨਦੇਹੀ ਨਾਲ ਕਰਨ ਲੱਗਿਆ ਹੋਇਆ ਹੈ ਵੱਡੇ ਪ੍ਰਾਜੈਕਟ ਜਿਵੇਂ ਚੰਡੀਗੜ੍ਹ-ਰਾਜਪੁਰਾ ਰੇਲਵੇ ਲਿੰਕ, ਪਿੱਛੇ ਤਨਦੇਹੀ ਨਾਲ ਲੱਗਿਆ। ਐੱਮ ਪੀ ਲੈਂਡ ਫੰਡ ਲਈ ਸਿੱਖਿਆ ਪਹਿਲੇ ਦਰਜੇ ਤੇ ਹੈ। ਸਕੂਲਾਂ ਵਿੱਚ ਬੈਂਚ, ਆਰ ਓ' ਲਇਬਰੇਰੀਆਂ, ਕਮਰੇ, ਪਾਖਾਨੇ ਪਹਿਲ ਦੇ ਆਧਾਰ ਤੇ ਬਣਾ ਰਿਹਾ ਹੈ। ਸ਼ਮਸ਼ਾਨ ਘਾਟਾਂ ਲਈ ਗ੍ਰਾਂਟ ਦਿੰਦਿਆਂ ਸ਼ਰਤ ਹੈ ਕਿ ਸਾਰੀਆਂ ਜਾਤਾਂ ਧਰਮਾਂ ਦੀ ਸ਼ਮਸ਼ਾਨ ਇੱਕ ਕਰੋ। ਇੱਕ ਕਰਨ ਉੱਪਰਤ ਹੀ ਗ੍ਰਾਂਟ ਦਿੰਦਾ ਹੈ। ਪਾਸਪੋਰਟ ਦਫਤਰ, ਗਲੀਆਂ ਨਾਲੀਆਂ ਪੱਕੀਆਂ ਕਰਵਾਉਣ ਤੋਂ ਲੈ ਕੇ ਵਾਤਾਵਰਨ ਸੰਭਾਲ ਤੱਕ ਸਭ ਤੇ ਪੈਸਾ ਖਰਚਾ ਹੋਵੇ, ਉਹ ਵੀ ਬਿਨਾਂ ਕਿਸੇ ਵਿਤਕਰੇ ਦੇ। ਪੰਜਾਬ ਦੇ ਮੁੱਦਿਆਂ ਪ੍ਰਤੀ ਸਹੀ ਸਟੀਕ ਸਮਝ ਬਣਾਈ। ਪਾਣੀ ਉੱਪਰ ਸਪੱਸ਼ਟ ਸਟੈਂਡ ਲਿਆ।ਪਹਿਲੀ ਵੇਰ ਵੱਡੀ ਪੱਧਰ ਤੇ ਪੰਜਾਬ ਪਾਣੀ ਵੱਟੇ ਰਿਐਲਟੀ ਦਾ ਮੁੱਦਾ ਉਠਾਇਆ।

ਉਸ ਨੂੰ ਕੰਮ ਦਾ ਨਸ਼ਾ ਹੈ, ਹੋਰ ਕੋਈ ਨਸ਼ਾ ਨਹੀਂ ਕਰਦਾ ਪਰ ਉਹ ਨਸ਼ਈਆਂ ਨੂੰ ਨਫਰਤ ਨਹੀਂ ਕਰਦਾ। ਉਸ ਨੂੰ ਲੱਗਦਾ ਹੈ ਕਿ ਨਸ਼ੇੜੀ ਅਪਰਾਧੀ ਨਹੀਂ ਮਰੀਜ਼ ਹਨ ਉਹ ਪੰਜਾਬ ਦੇ ਰਵਾਇਤੀ ਨਸ਼ੇ ਭੰਗ, ਪੋਸਤ, ਭੁੱਕੀ, ਅਫੀਮ ਦੀ ਖੁੱਲ੍ਹ ਦਾ ਸਮਰਥਕ ਹੈ। ਉਸ ਦਾ ਸਪੱਸ਼ਟ ਮੰਨਣਾ ਹੈ ਕਿ ਸਿੰਥੈਟਿਕ ਨਸ਼ੇ ਹੈਰੋਇਨ, ਸਮੈਕ ਦੇ ਮੁਕਾਬਲੇ ਭੰਗ, ਭੁੱਕੀ ਘੱਟ ਨੁਕਸਾਨਦੇਹ ਹਨ। ਅਮਲੀ ਉਸ ਦੇ ਦੀਵਾਨੇ ਹਨ, ਆਸ਼ਕ ਹਨ। ਉਹ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਵੀ ਕੁਝ ਜੁਬਾਨ ਦਿੰਦਾ ਹੈ ।

ਉਹ ਸਿਰਫ ਕਹਿਣੀ ਦਾ ਨਹੀਂ ਕਰਨੀ ਦਾ ਵੀ ਸੂਰਾ ਹੈ। ਸਾਦੇ ਵਿਆਹ ਕਰੋ, ਫਜ਼ੂਲ ਖਰਚ ਨਾ ਕਰੋ, ਮਹਿੰਗੇ ਤੋਹਫਿਆਂ ਦਾ ਅਦਾਨ ਪ੍ਰਦਾਨ ਨਾ ਕਰੋ, ਇਹ ਕੇਵਲ ਕਹਿੰਦਾ ਹੀ ਨਹੀਂ ਸਗੋਂ ਆਪਣੀ ਬੇਟੀ ਦੇ ਵਿਆਹ ਤੇ ਇਹ ਸਭ ਕਰ ਦਿਖਾਇਆ। ਕਿਸੇ ਤੋਂ ਸ਼ਗਨ ਨਹੀਂ ਫੜਿਆ, ਵੱਧ ਤੋਂ ਵੱਧ ਫੁੱਲਾਂ ਦਾ ਗੁਲਦਸਤਾ ਜਾਂ ਸ਼ੁੱਭਕਾਮਨਾਵਾਂ ਦਿੰਦਾ ਕਾਰਡ।

ਉਹ ਗੰਭੀਰ ਕਿਸਮ ਦਾ ਬੰਦਾ ਹੈ, ਮਖੌਲੀਆ ਨਹੀਂ ਹੈ ਪਰ ਆਪਣੇ ਆਪ ਕਈ ਵਾਰ ਮਖੌਲ ਬਣ ਜਾਂਦਾ ਹੈ। ਇੱਕ ਵਾਰ ਕਾਫੀ ਵੱਡੀ ਉਮਰ ਦੀ ਬੇਬੇ ਦਵਾਈ ਲੈਣ ਆਈ, ਦਵਾਈ ਲੈਣ ਤੋਂ ਬਾਅਦ ਫੇਰ ਮੁੜ ਆਈ, ਪੁੱਛਦੀ ਹੈ ਇਹ ਦਵਾਈ ਸਾਰੀ ਉਮਰ ਖਾਣੀ ਪਊ। ਗਾਂਧੀ ਨੇ ਪਿਆਰ ਨਾਲ ਸਮਝਾਇਆ ਹਾਂ ਬੇਬੇ ਇੱਕ ਗੋਲੀ ਖ਼ੂਨ ਪਤਲਾ ਕਰਨ ਦੀ ਹੈ, ਇੱਕ ਬਲੱਡ ਪ੍ਰੈਸ਼ਰ ਘਟਾਉਣ ਦੀ ਹੈ ਤਾਂ ਕਿ ਦੁਬਾਰਾ ਦਿਲ ਦਾ ਦੌਰਾ ਨਾ ਪਵੇ। ਬੇਬੇ ਇੱਕ ਵਾਰ ਤਾਂ ਚਲੀ ਗਈ ਪਰ ਫੇਰ ਮੁੜ ਕਹਿੰਦੀ, ਭਲਾ ਡਾਕਦਾਰ ਸਾਹਿਬ ਇਹ ਦਵਾਈ ਸਾਰੀ ਉਮਰ ਖਾਣੀ ਪਊ। ਡਾਕਟਰ ਗਾਂਧੀ ਕਹਿੰਦੇ ਭਲਾ ਬੇਬੇ ਤੇਰੀ ਉਮਰ ਕਿੰਨੀ ਹੋਈ ਹੈ? ਉਹ ਹੁੱਬ ਕੇ ਦੱਸਣ ਲੱਗੀ ਨੱਬਿਆਂ ਤੋਂ ਇੱਕ ਘੱਟ ਹੈ, ਗਾਂਧੀ ਹੱਸਣ ਲੱਗ ਪਏ ਭਲਾਂ ਹੁਣ ਤੇਰੀ ਰਹਿ ਕਿੰਨੀ ਕੁ ਗਈ, ਇਸ ਲਈ ਸਾਰੀ ਉਮਰੀ ਖਾਣੀ ਪਊ। ਉਹ ਕਿੱਤੇ ਵਜੋਂ ਡਾਕਟਰ, ਸੁਭਾਅ ਵਜੋਂ ਸਮਾਜ ਸੇਵਕ ਅਤੇ ਸਮਾਜ ਨੂੰ ਬਦਲਣ ਦੀ ਇੱਛਾ ਰੱਖਣ ਵਾਲਾ ਸਿਆਸਤਦਾਨ ਹੈ, ਪਰ ਧੁਰ ਅੰਦਰੋਂ ਕਲਾਕਾਰ ਹੈ ਉਸ ਨੂੰ ਸਮਾਗਮਾਂ ਵਿੱਚ ਪਾਸ਼ ਅਤੇ ਪਾਤਰ ਦੀਆਂ ਨਜ਼ਮਾਂ ਸੁਣਾਉਂਦਿਆਂ ਤਾਂ ਬਹੁਤ ਨੇ ਸੁਣਿਆ ਹੋਵੇਗਾ ਪਰ ਵਾਜੇ ਤੇ ਗ਼ਜ਼ਲ ਨੁਮਾ ਕਵਾਲੀਆਂ ਵੀ ਗਾ ਲੈਂਦਾ ਹੈ ਇਹ ਬਹੁਤ ਘੱਟ ਲੋਕਾਂ ਨੂੰ ਪਤਾ ਹੈ ।

ਡਾਕਟਰ ਗਾਂਧੀ ਨੇ ਹਜ਼ਾਰਾਂ ਮਰੀਜ਼ ਠੀਕ ਕੀਤੇ ਹੋਣਗੇ ਪਰ ਆਪਣੇ ਆਪ ਪ੍ਰਤੀ ਪੂਰਾ ਅਲਗਰਜ਼ ਹੈ, ਉਸ ਦੀ ਇੱਕ ਅੱਖ ਫੰਗਸ ਕਾਰਨ ਖ਼ਰਾਬ ਹੋਈ ਵੀ ਹੈ। ਆਮ ਕਰਕੇ ਸਮਝਿਆ ਜਾਂਦਾ ਫੰਗਸ ਵਰਗੀ ਬਿਮਾਰੀ ਗਰੀਬਾਂ ਮਜ਼ਦੂਰਾਂ ਸਫ਼ਾਈ ਦਾ ਖਿਆਲ ਨਾ ਰੱਖਣ ਵਾਲਿਆਂ ਨੂੰ ਲੱਗਦੀ ਹੈ। ਡਾਕਟਰ ਮਰੀਜ਼ਾਂ ਨੂੰ ਦੇਖਣ ਸਮੇਂ ਅੱਜ ਕੱਲ੍ਹ ਆਪਣੇ ਪਾਸ ਸਟੂਲ ਤੇ ਨਹੀਂ ਬਿਠਾਉਂਦੇ ਸਗੋਂ ਮੇਜ਼ ਦੇ ਦੂਜੇ ਪਾਸੇ ਬਿਠਾਉਂਦੇ ਹਨ। ਅਕਸਰ ਆਪ ਮੂੰਹ ਉੱਪਰ ਮਾਸਕ ਪਾ ਕੇ ਨੇੜੇ ਆਉਂਦੇ ਹਨ। ਮਰੀਜ਼ ਨੂੰ ਹੱਥ ਲਗਾਉਣ ਵੇਲੇ ਦਸਤਾਨੇ ਚੜ੍ਹਾ ਲੈਂਦੇ ਹਨ। ਬਹੁਤੇ ਟੈੱਸਟ ਜਿਵੇਂ ਥਰਮਾਮੀਟਰ ਨਾਲ ਬੁਖਾਰ ਦੇਖਣਾ, ਸਟੈਥੋਂ ਨਾਲ ਸਾਹ ਅਤੇ ਧੜਕਨ ਦੇਖਣੀ, ਬਲੱਡ ਪ੍ਰੈਸ਼ਰ ਚੈੱਕ ਕਰਨ ਦਾ ਕੰਮ ਹੇਠਲਾ ਅਮਲਾ ਫੈਲਾ ਕਰਦਾ ਹੈ ਪਰ ਡਾਕਟਰ ਗਾਂਧੀ ਜਿੰਨਾ ਚਿਰ ਹਰ ਮਰੀਜ਼ ਦੇ ਸਾਹਾਂ ਨੂੰ ਸੁੰਘ ਨਾ ਲਵੇ, ਬਲੱਡ ਪ੍ਰੈਸ਼ਰ ਚੈੱਕ ਨਾ ਕਰ ਲਵੇ, ਇੱਕ ਦੋ ਪਿੱਠ ਤੇ ਥੱਫੇ ਨਾ ਮਾਰ ਲਵੇ, ਦੋ ਚਾਰ ਗੱਲਾਂ ਨਾ ਕਰ ਲਵੇ, ਡਾਕਟਰ ਗਾਂਧੀ ਨੂੰ ਲੱਗਦੈ ਕਿ ਮਰੀਜ਼ ਦੇਖਿਆ ਨਹੀਂ ਗਿਆ, ਨਾ ਮਰੀਜ਼ ਨੂੰ ਲੱਗਦਾ ਹੈ ਕਿ ਡਾਕਟਰ ਗਾਂਧੀ ਕੋਲ ਆਇਆ ਹਾਂ। ਅਸਲ ਵਿੱਚ ਡਾਕਟਰ ਗਾਂਧੀ ਇਸ ਮੱਤ ਦਾ ਧਾਰਨੀ ਹੈ ਕਿ ਮਰੀਜ਼ ਨੂੰ ਕੇਵਲ ਟੈਸਟ ਪੜ੍ਹਕੇ ਜਾਂ ਦੂਰੋਂ ਦੇਖ ਕੇ ਬਿਮਾਰੀ ਨੂੰ ਲੱਭੀ ਜਾ ਸਕਦੀ, ਇਸ ਲਈ ਉਸ ਦਾ ਪਰਿਵਾਰਕ ਪਿਛੋਕੜ ਅਤੇ ਨਿੱਜੀ ਮਾਨਸਿਕ ਦੁੱਖ ਦਰਦ ਵੀ ਦੂਰ ਕਰਨੇ ਜ਼ਰੂਰੀ ਹਨ। ਇਸੇ ਨੇੜਤਾ ਕਾਰਨ ਕਿਸੇ ਮਰੀਜ਼ ਨੇ ਅੱਖਾਂ ਨੂੰ ਫੰਗਸ ਦੀ ਲਾਗ ਵੰਡੀ ਹੋਵੇਗੀ।

ਡਾਕਟਰ ਗਾਂਧੀ ਨੂੰ ਮਾਈਗ੍ਰੇਨ ਦੀ ਬੀਮਾਰੀ ਹੈ, ਕਈ ਵਾਰ ਟੈਲੀਫ਼ੋਨ ਬੰਦ, ਲਾਈਟ ਬੰਦ, ਦਵਾਈ ਅੰਦਰ, ਹਨੇਰਾ ਕਰਕੇ ਪੈ ਜਾਂਦਾ ਹੈ। ਘੱਟ ਜਾਨਣ ਵਾਲੇ ਆਖਦੇ ਹਨ ਲਓ ਜੀ, ਜਿੱਤ ਕੇ ਸਾਰੇ ਇਉਂ ਕਰਦੇ ਨੇ, ਹੁਣ ਨੀ ਚੱਕਦਾ ਫੋਨ। ਇੰਜ ਹੀ ਇੱਕ ਵਾਰ ਰਸਤੇ ਵਿੱਚ ਮਿਗਰੇਨ ਦੀ ਦਵਾਈ ਖਾ ਕੇ ਜ਼ਮੀਨ ਤੇ ਲੇਟ ਗਿਆ ਸੀ, ਅਚਾਨਕ ਪਹੁੰਚੇ ਪੁਲਿਸ ਵਾਲਿਆਂ ਨੇ ਨਸ਼ਈ ਸਮਝ ਲਿਆ, ਉਸ ਨੇ ਉੱਠ ਕੇ ਗੱਲ ਕੀਤੀ ਕਿ ਮੈਂ ਖੁਦ ਡਾਕਟਰਾਂ ਹਾਂ, ਕੋਈ ਨਸ਼ਾ ਨਹੀਂ ਕੀਤਾ ਦਵਾਈ ਖਾਧੀ ਹੈ, ਇਸ ਲਈ ਮਿਗਰੇਨ ਟਿਕਣ ਦਾ ਇੰਤਜ਼ਾਰ ਕਰ ਰਿਹਾ ਹਾਂ। ਪੁਲਿਸ ਵਾਲੇ ਹੱਸਦੇ ਹੱਸਦੇ ਚਲੇ ਗਏ ਹੋਣਗੇ ਕਿ ਅੱਜ ਕੱਲ੍ਹ ਡਾਕਟਰ ਵੀ ਨਸ਼ੇ ਕਰਨ ਲੱਗਪੇ ਜਾਂ ਨਸ਼ੇ ਕਰਨ ਅੱਜ ਕੱਲ ਆਪਣੇ ਆਪ ਨੂੰ ਡਾਕਟਰ ਸਮਝਣ ਲੱਗ ਪਏ ਹਨ।

ਗਾਂਧੀ ਕੋਈ ਦੇਵਤਾ ਨਹੀਂ ਉਸ ਵਿੱਚ ਗੁਣਾਂ ਦੀ ਭਰਮਾਰ ਹੈ ਪਰ ਔਗੁਣ ਵੀ ਹਨ ਇੱਕ ਔਗੁਣ ਗੱਲਾਂ ਵਿੱਚ ਆ ਜਾਣਾ ਅਤੇ ਅਚਾਨਕ ਭਾਵੁਕ ਹੋ ਜਾਣਾ ਵੀ ਹੈ। ਜਿਹੜਾ ਆਦਮੀ ਵੀ ਆਪਣੀ ਗੱਲ ਸੁਣਾ ਦੇਵੇ ਪਹਿਲੀ ਪੱਧਰ ਤੇ ਬਿਨਾਂ ਸ਼ੱਕ ਕੀਤੇ, ਦੂਜੇ ਦਾ ਪੱਖ ਸੁਣਿਆ, ਉਹ ਸਿੱਟੇ ਤੇ ਪੁੱਜ ਜਾਂਦਾ ਹੈ, ਖਾਸ ਕਰਕੇ ਜੇ ਸੁਣਾਉਣ ਵਾਲਾ ਜ਼ਿਆਦਾ ਸ਼ਾਤਰ ਹੋਵੇ ਅਤੇ ਉਸ ਦੀ ਵਿਚਾਰਧਾਰਕ ਖ਼ੁਸ਼ਾਮਦ ਕਰ ਦੇਵੇ ਜਾਂ ਉਸ ਦੀ ਕਿਸੇ ਪੂਰਵ ਧਾਰਨਾ ਦੇ ਮੇਚ ਦਾ ਹੋ ਜਾਵੇ। ਉਸਨੂੰ ਕੁਝ ਵੀ ਝੂਠ ਨਹੀਂ ਲੱਗਦਾ। ਸਿਆਸਤ ਵਿੱਚ ਕਾਫੀ ਗਿਣਤੀ ਅਜਿਹੇ ਦਲਾਲ ਕਿਸਮ ਦੇ ਵਿਅਕਤੀਆਂ ਦੀ ਹੁੰਦੀ ਹੈ ਜੋ ਕਿਸੇ ਵਿਚਾਰਧਾਰਾ ਸੋਚ ਨਾਲ ਪ੍ਰਤੀਬੱਧਤਾ ਨਹੀਂ ਰੱਖਦੇ, ਉਨ੍ਹਾਂ ਨੂੰ ਆਪਣੇ ਕੰਮ ਨਾਲ ਮਤਲਬ ਹੁੰਦਾ ਹੈ ਇਸ ਲਈ ਗੰਗਾ ਗਏ ਗੰਗਾ ਰਾਮ ਅਤੇ ਜਮਨਾ ਗਏ ਜਮਨਾ ਦਾਸ ਹੀ ਨਹੀਂ ਬਣਦੇ ਸਗੋਂ ਗਿਰਗਟ ਵਾਂਗ ਪਲ ਪਲ ਰੰਗ ਨਹੀਂ ਬਦਲਦੇ ਹਨ। ਲੀਡਰ ਦੀ ਭਾਸ਼ਾ ਵੀ ਤੋਤੇ ਵਾਂਗ ਬੋਲਣ ਲੱਗਦੇ ਹਨ, ਅਜਿਹੇ ਅਨਸਰਾਂ ਦੀ ਪਛਾਣ ਕਰਨ ਵਿੱਚ ਉਹ ਹਮੇਸ਼ਾ ਨਾਕਾਮ ਰਿਹਾ ਹੈ। ਉਸ ਨੂੰ ਅੰਡਰ ਗਰਾਊਂਡ, ਜਨਤਕ ਅਤੇ ਵੋਟ ਪਾਲੇਟਿਕਸ ਸਾਰੀ ਸਿਆਸਤ ਦੀ ਸਮਝ ਹੈ ਪਰ ਇਸ ਦੇ ਬਾਵਜੂਦ ਸੀਜ਼ਨਡ ਪਾਲੇਟੀਸ਼ਨ ਨਹੀਂ, ਅਕਸਰ ਭਾਵੁਕ ਹੋ ਜਾਂਦਾ ਹੈ। ਉਹ ਸਿਆਸੀ ਤੌਰ 'ਤੇ ਮਾਰਕਸਵਾਦ ਦਾ ਅਨੁਆਈ ਸੀ ਪਰ ਜਿਵੇਂ ਕਾਮਰੇਡ ਖੱਖੜੀਆਂ ਕਰੇਲੇ ਹੋਏ ਅਤੇ ਪੰਜਾਬ ਦੇ ਸਥਾਨਕ ਹਾਲਾਤਾਂ ਤੋਂ ਮੂੰਹ ਮੋੜਦੇ ਰਹੇ। ਉਸ ਨੇ ਆਪਣੀ ਜ਼ਿੰਦਗੀ ਦੇ ਅਨੁਭਵ ਅਤੇ ਕਿਤਾਬੀ ਗਿਆਨ ਵਿੱਚੋਂ ਫੈਡਰਲ ਇੰਡੀਆ ਡੈਮੋਕ੍ਰੇਟਿਕ ਪੰਜਾਬ ਦਾ ਨਾਅਰਾ ਘੜਿਆ, ਸਿਧਾਂਤ ਦਿੱਤਾ। ਇਨਕਲਾਬ ਦਾ ਅਭਿਲਾਸ਼ੀ ਹੈ ਪਰ ਇਨਕਲਾਬ ਤੱਕ ਸਭ ਕੁਝ ਛੱਡ ਛਡਾਕੇ ਬੈਠਣ ਵਾਲਿਆਂ ਵਿੱਚ ਨਹੀਂ। ਫੌਰੀ ਰਾਹਤ ਦੇਣ ਵਾਲਿਆਂ ਵਿੱਚ ਹੈ। ਇਸ ਲਈ ਜੇ ਨਿੱਜੀ ਤੌਰ 'ਤੇ ਵੱਸ ਵਿੱਚ ਹੈ ਤਾਂ ਮੁਫ਼ਤ ਦਵਾਈ ਦੇ ਦਿੰਦਾ ਹੈ, ਜੇ ਸਰਕਾਰੀ ਪੱਧਰ ਤੇ ਸੰਭਵ ਹੈ ਤਾਂ ਸਕੂਲ ਦੇ ਬੱਚਿਆਂ ਦੇ ਬੈਠਣ ਲਈ ਬੈਂਚ ਦੇ ਦਿੰਦਾ ਹੈ, ਆਰ ਓ ਦੇ ਦਿੰਦਾ ਹੈ, ਜੇ ਰਾਜਪੁਰਾ ਰੇਲਵੇ ਲਿੰਕ ਬਣਾਉਣ ਲਈ ਭੱਜਾ ਫਿਰਦਾ ਹੈ। ਰੀਜ਼ਨਲ ਪਾਸਪੋਰਟ ਦਫਤਰ ਬਣਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਦਿੰਦਾ ਹੈ। ਹਰ ਪੱਧਰ ਤੇ ਕੰਮ ਕਰਨਾ ਚਾਹੁੰਦਾ ਹੈ।


ਇੱਕ ਮੁਹਾਵਰਾ ਹੈ ਕਿ ਜੇ ਕਿਸੇ ਨੇ ਆਪਣੇ ਖਾਨਦਾਨ ਬਾਰੇ ਪਤਾ ਕਰਨਾ ਹੋਵੇ ਤਾਂ ਵੋਟਾਂ ਵਿੱਚ ਖੜ੍ਹਾ ਹੋ ਜਾਵੇ, ਵਿਰੋਧੀ ਆਪੇ ਸਭ ਕੱਢ ਲਿਆਉਂਦੇ ਹਨ। ਅਫਵਾਹਾਂ ਵੀ ਫੈਲਾਉਂਦੇ ਹਨ ਜਦੋਂ ਗਾਂਧੀ ਖੜ੍ਹਾ ਹੋਇਆ ਤਾਂ ਵਿਰੋਧੀਆਂ ਦੇ ਨਾਲੋਂ ਨਾਲ ਪੱਖੀਆਂ ਵਿੱਚ ਵੀ ਗਾਂਧੀ ਦੀ ਜਾਤ ਜਾਣਨ ਵਿੱਚ ਦਿਲਚਸਪੀ ਪੈਦਾ ਹੋਈ। ਇੱਕ ਆਮ ਆਦਮੀ ਪਾਰਟੀ ਦਾ ਕਾਰਕੁਨ ਪੁੱਛਣ ਲੱਗਿਆ, ਭਲਾ ਪਾਰਟੀ ਕਮਲੀ ਹੋ ਗਈ, ਜਨਰਲ ਸੀਟਾਂ ਤੇ ਵੀ ਐੱਸ ਸੀਂ ਖੜ੍ਹੇ ਕਰ ਰਹੀਂ ਹੈ। ਮੈਂ ਪੁੱਛਿਆ ਕਿੱਥੇ? ਕਹਿੰਦਾ ਪਟਿਆਲੇ, ਮੈਂ ਪੁੱਛਿਆ ਤੈਨੂੰ ਕਿਵੇਂ ਪਤਾ ਹੈ ਕਿ ਗਾਂਧੀ ਐੱਸ ਸੀ ਹੈ। ਕਹਿੰਦਾ ਗਾਂਧੀ ਤਾਂ ਐਵੇਂ ਨਾਂ ਨਾਲ ਲਗਾਉਂਦਾ ਹੈ ਹਰ ਵੇਲੇ ਗੱਲ ਤਾਂ ਦਲਿਤਾਂ ਦੀ ਕਰਦਾ ਰਹਿੰਦਾ। ਉਸ ਦੀ ਦੋਵੇਂ ਗੱਲਾਂ ਸੱਚੀਆਂ ਸਨ ਉਹ ਗਾਂਧੀ ਨਹੀਂ ਸੀ, ਇਹ ਤਾਂ ਐਮਰਜੈਂਸੀ ਵੇਲੇ ਜੇਲ੍ਹ ਕੱਟਣ ਕਰਕੇ ਅੱਲ ਪਈ ਸੀ, ਉਹ ਦਲਿਤ ਦਲਿਤ ਵੀ ਕੂਕਦਾ ਰਹਿੰਦਾ ਹੈ। ਉਸਦੀ ਪਤਨੀ ਨੂੰ ਸਾਰੇ ਮੈਡਮ ਪਦਮਾ, ਪਦਮਾ ਕਹਿੰਦੇ ਹਨ, ਕਾਗਜ਼ਾਂ ਵਿੱਚ ਨਾਂ ਜਗਦੰਬਾ ਕੌਸ਼ਲ ਹੈ। ਬੇਟਾ ਬੇਟੀ ਵੀ ਡਾਕਟਰ ਹਨ। ਡੀਕਲਾਸ ਤਾਂ ਸੁਣਿਆਂ ਸੀ, ਪਰ ਗਾਂਧੀ ਡੀ ਕਾਸਟ ਹੋਇਆ ਹੈ। ਧਰਮਵੀਰ ਦੇ ਨਾਂ ਦਾ ਅਰਥ ਸਦਾ ਧਰਮ ਨਿਭਾਉਣ ਲਈ ਤਤਪਰ ਵਿਅਕਤੀ ਦਾ ਹੈ ਅਤੇ ਇੱਥੇ ਧਰਮ ਦਾ ਅਰਥ ਮਾਨਵਤਾ ਦੀ ਭਲਾਈ ਹੈ। ਇਸ ਪ੍ਰਕਾਰ ਉਸ ਨੇ ਆਪਣੇ ਨਾਂ ਦਾ ਸਾਕਾਰ ਕੀਤਾ ਹੈ। ਉਸ ਦੇ ਕਲੀਨਿਕ ਵਿੱਚ ਕੋਈ ਧਾਰਮਿਕ ਫੋਟੋ ਨਹੀਂ ਹੈ, ਬਾਹਰਲੇ ਕਮਰੇ ਵਿੱਚ ਭਗਤ ਸਿੰਘ ਦੀ ਫ਼ੋਟੋ ਤੇ ਅੰਦਰਲੇ ਕਮਰੇ ਵਿੱਚ ਲੈਨਿਨ ਦਾ ਬੁੱਤ ਹੈ। ਮਰੀਜ਼ਾਂ ਲਈ ਸਾਰੀਆਂ ਹਦਾਇਤਾਂ ਪੰਜਾਬੀ ਵਿੱਚ ਲਿਖੀਆਂ ਹਨ। ਉਹ ਬੜਾ ਹੀ ਸਾਫ ਦਿਲ ਹੈ ਪਰ ਵਿਅਕਤੀ ਨੂੰ ਫੇਸ ਵੈਲੀਊ ਉੱਤੇ ਹੀ ਲੈਂਦਾ ਹੈ ਜਿਸ ਦਾ ਅੱਜ ਜ਼ਮਾਨਾਂ ਨਹੀਂ ਹੈ।

ਅੱਜ ਕੱਲ ਉਸ ਨੂੰ ਲੱਗਦਾ ਹੈ ਕਿ ਅਜੇ ਸਾਰਾ ਦੇਸ਼ ਤਬਦੀਲੀ ਲਈ ਤਿਆਰ ਨਹੀਂ, ਹਰ ਇਲਾਕੇ ਦੀਆਂ ਆਪਣੀਆਂ ਸਮੱਸਿਆਵਾਂ ਹਨ ਅਤੇ ਆਪਣੇ ਸੰਘਰਸ਼ ਦੇ ਢੰਗ ਹਨ। ਪੰਜਾਬੀਆਂ ਨੂੰ ਇੱਕ ਲੜਾਈ ਸੈਂਟਰ ਨਾਲ ਲੜਨੀ ਪਵੇਗੀ; ਰਾਜਾਂ ਨੂੰ ਵਧੇਰੇ ਅਧਿਕਾਰਾਂ ਲਈ। ਧਰਮਵੀਰ ਗਾਂਧੀ ਨੇ ਆਮ ਆਦਮੀ ਪਾਰਟੀ ਛੱਡੀ, ਪੰਜਾਬ ਦੀ ਭਲਾਈ ਲਈ ਇੱਕ ਵੱਖਰੀ ਪਾਰਟੀ ਬਣਾਉਣ ਦੀ ਕੋਸ਼ਿਸ਼ ਕੀਤੀ, ਇਕੱਲਿਆਂ ਆਜ਼ਾਦ ਲੜਾਈ ਲੜੀ ਪਰ ਅਖੀਰ ਉਨ੍ਹਾਂ ਨੂੰ ਲੱਗਿਆ ਕਿ ਦੇਸ਼ ਵਿੱਚ ਜਿਹੋ ਜਿਹਾ ਮਾਹੌਲ ਹੈ ਉਸ ਵਿੱਚ ਸਭ ਤੋਂ ਪਹਿਲਾਂ ਕੰਮ ਭਾਰਤੀ ਜਨਤਾ ਪਾਰਟੀ ਅਤੇ ਮੋਦੀ ਨੂੰ ਹਰਾਉਣਾ ਹੈ, ਜੋ ਨਾ ਕੇਵਲ ਦੇਸ਼ ਨੂੰ ਧਰਮ ਅਧਾਰ ਤੇ ਵੰਡ ਰਹੇ ਹਨ ਸਗੋਂ ਕਾਰਪੋਰੇਟ ਦੇ ਮੱਕੜ ਜਾਲ ਰਾਹੀਂ ਸਾਰੀ ਧਨ ਦੌਲਤ ਕੁਝ ਘਰਾਣਿਆਂ ਤੱਕ ਸੀਮਤ ਕਰ ਰਹੇ ਹਨ। ਉਸ ਸਮੇਂ ਉਨ੍ਹਾਂ ਨੇ ਆਪਣੇ ਸ਼ਬਦਾਂ ਵਿੱਚ ਇਤਿਹਾਸ ਦੇ ਸਹੀ ਪਾਸੇ ਖੜ੍ਹਨ ਦੀ ਜੁਅਰਤ ਕੀਤੀ। ਕੁਝ ਮਿਲਣ ਦੀ ਝਾਕ ਵਿੱਚ ਜਾਂ ਕੋਈ ਆਪਣਾ ਦੋਸ਼ ਛਪਾਉਣ ਲਈ ਸੱਤਾਧਾਰੀਆਂ ਨਾਲ ਸਭ ਜੁੜਦੇ ਹਨ ਪਰ ਸੱਤਾ ਨੂੰ ਚੁਣੌਤੀ ਦੇਣ ਦਾ ਫੈਸਲਾ ਕੋਈ ਕੋਈ ਹੀ ਕਰਦਾ ਹੈ ਅਤੇ ਧਰਮਵੀਰ ਗਾਂਧੀ ਉਨ੍ਹਾਂ ਕੋਈ ਕੋਈ ਵਿੱਚ ਸ਼ਾਮਿਲ ਹੈ। ਮੈਨੂੰ ਜਿਵੇਂ ਲੱਗਿਆ, ਲਿਖ ਦਿੱਤਾ, ਤੁਹਾਨੂੰ ਜਿਵੇਂ ਲੱਗਿਆ, ਪੜ੍ਹ ਲੈਣਾ, ਭਾਵੇਂ ਲਿਖ ਵੀ ਦੇਣਾ।

# ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦ ਨਾ ਆਇਆ ?

ਬੁੱਧ ਸਿੰਘ ਨੀਲੋਂ
94643 70823

ਜੇ ਜ਼ਿੰਦਗੀ ਵਿੱਚ ਪਰਾਇਆ ਦਰਦ ਮਹਿਸੂਸ ਕਰਨ ਦਾ ਗੁਣ ਨਾ ਹੁੰਦਾ ਤਾਂ ਬੰਦਾ ਵੀ ਬੰਦਾ ਨਹੀਂ, ਸਗੋਂ ਕੁਝ ਹੋਰ ਹੋਣਾ ਸੀ। ਧੁੱਪ ਤੇ ਛਾਂ, ਦਿਨ ਤੇ ਰਾਤ, ਦੁੱਖ ਤੇ ਸੁੱਖ, ਚੁੱਪ ਤੇ ਸ਼ੋਰ, ਖ਼ੁਸ਼ੀ ਤੇ ਗਮੀ, ਨੇੜੇ ਤੇ ਦੂਰ, ਸਰਦੀ ਤੇ ਗਰਮੀ, ਜੀਵਨ ਤੇ ਮੌਤ, ਇਹ ਪਉੜੀ ਚੜ੍ਹਦਿਆਂ ਜ਼ਿੰਦਗੀ ਦਾ ਪ੍ਰਵਾਹ ਚੱਲਦਾ ਆਇਆ ਹੈ ਤੇ ਚੱਲਦਾ ਰਹੇਗਾ? ਹੁਣ ਜਿਸ ਤਰ੍ਹਾਂ ਦਾ ਕੁਹਿਲਣਾ ਸਮਾਂ ਚੱਲ ਰਿਹਾ ਹੈ, ਉਸਨੇ ਲੋਕਾਂ ਦੇ ਮਨਾਂ ਅੰਦਰ ਪਦਾਰਥ ਇਕੱਠੇ ਕਰਨ ਦੀ ਹੋੜ ਪੈਦਾ ਕਰ ਦਿੱਤੀ ਹੈ। ਕੁਦਰਤੀ ਸੋਮਿਆਂ ਦੀ ਦੁਰਵਰਤੋਂ ਹੋ ਰਹੀ ਹੈ। ਲਾਲਚੀ ਬਿਰਤੀ ਵਾਲਿਆਂ ਵੱਲੋਂ ਆਪਣੀਆਂ ਕਈ ਕਈ ਪੁਸ਼ਤਾਂ ਦੇ ਵਿਹਲੇ ਬਹਿ ਕੇ ਖਾਣ ਦਾ ਸਾਜ਼ੋ ਸਾਮਾਨ ਇਕੱਠਾ ਕਰਨ ਲਈ ਧਰਤੀ ਦੀ ਹਿੱਕ ਪਾੜੀ ਜਾ ਰਹੀ ਹੈ। ਇਸ ਨਾਲ ਵਧ ਰਹੀ ਗਰਮਾਇਸ਼ ਕਾਰਨ ਪਾਣੀ ਦਾ ਠੋਸ ਰੂਪ ਤੇਜ਼ੀ ਨਾਲ ਤਰਲ ਰੂਪ ਵਿੱਚ ਬਦਲ ਰਿਹਾ ਹੈ ਜੋ ਮੌਸਮ ਦੇ ਵਿਗਾੜ ਦਾ ਕਾਰਨ ਬਣ ਰਿਹਾ ਹੈ। ਇੰਞ ਲਗਦਾ ਹੈ ਕਿ ਜਿਸ ਪਾਣੀ ਵਿੱਚੋਂ ਜੀਵਨ ਉਗਮਿਆ ਸੀ, ਉਹ ਪਾਣੀ ਹੀ ਇਸ ਜੀਵਨ ਦੇ ਖ਼ਤਮ ਹੋਣ ਦਾ ਕਾਰਨ ਬਣੇਗਾ। ਕੀ ਮਨੁੱਖ ਕੁਦਰਤ ਦੇ ਕਹਿਰ ਤੋਂ ਬੇਖ਼ਬਰ ਹੈ? ਧਰਤੀ ਦੀ ਅੱਠ ਅਰਬ ਦੀ ਆਬਾਦੀ ਵਿੱਚੋਂ ਕੁਦਰਤੀ ਸੋਮਿਆਂ ਨੂੰ ਤਹਿਸ ਨਹਿਸ ਕਰਨ ਵਾਲੇ ਬਹੁਤੇ ਨਹੀਂ, ਬਸ ਮੁੱਠੀ ਕੁ ਭਰ ਲੋਕ ਹੀ ਹਨ। ਬਹੁਗਿਣਤੀ ਤਾਂ ਅਜੇ ਵੀ ਕੁਦਰਤ ਦੇ ਅੰਗ ਸੰਗ ਵੱਸਦੀ ਹੈ ਪਰ ਕੁਝ ਬਦਬਖ਼ਤਾਂ ਦੀਆਂ ਗਲਤੀਆਂ ਦਾ ਖਮਿਆਜ਼ਾ ਪੂਰੀ ਲੋਕਾਈ ਭੁਗਤ ਰਹੀ ਹੈ। ਧਰਤੀ ਦੇ ਕੁਝ ਘਰਾਣਿਆਂ ਨੇ ਆਮ ਲੋਕਾਂ ਨੂੰ ਰੰਡੀ ਤੇ ਮੰਡੀ ਸਮਝਿਆ ਹੋਇਆ ਹੈ। ਉਹ ਆਪਣੀ ਇਜਾਰੇਦਾਰੀ ਦੀ ਸਦਾ ਹੀ ਦੁਰਵਰਤੋਂ ਕਰਦੇ ਹਨ। ਪਹਿਲਾਂ ਜਦੋਂ ਦੁਨੀਆਂ ਵਿੱਚ ਕੋਈ ਲਾਗ ਵਾਲੀ ਮਹਾਂਮਾਰੀ ਫੈਲਦੀ ਸੀ ਤਾਂ ਉਸਦੀ ਰੋਕਥਾਮ ਲਈ ਸਾਲਾਂਬੱਧੀ ਖੋਜ ਪੜਤਾਲ ਤੋਂ ਬਾਅਦ ਨਵੀਂ ਵੈਕਸੀਨ ਬਣਾਈ ਜਾਂਦੀ ਸੀ। ਪਰ ਹੁਣ ਵੈਕਸੀਨਾਂ ਪਹਿਲਾਂ ਤੇ ਬਿਮਾਰੀਆਂ ਬਾਅਦ 'ਚ ਪੈਦਾ ਕੀਤੀਆਂ ਜਾਂਦੀਆਂ ਹਨ। ਹੁਣ ਇਸ ਗੱਲ ਦਾ ਕੋਈ ਅਤਾ ਪਤਾ ਨਹੀਂ ਹੈ ਕਿ ਭਵਿੱਖ ਵਿੱਚ ਕਿਸ ਮੰਡੀ ਵਿੱਚ ਕਿਹੜੀ ਚੀਜ਼ ਕਿਸ ਭਾਅ ਵਿਕਣੀ ਹੈ। ਹਰਾ ਇਨਕਲਾਬ ਆਉਣ ਤੇ ਖੇਤੀਬਾੜੀ ਦਾ ਮਸ਼ੀਨੀਕਰਨ ਹੋ ਗਿਆ ਜਿਸ ਨਾਲ ਜ਼ਿਆਦਾਤਰ ਗਰੀਬ ਤੇ ਅਨਪੜ੍ਹ ਲੋਕਾਂ ਦੇ ਹੱਥਾਂ ਦੀ ਕਿਰਤ ਖੁਸ ਗਈ। ਖੇਤੀਬਾੜੀ ਦੇ ਜਿੰਨੇ ਵੀ ਆਧੁਨਿਕ ਸੰਦ ਹਨ, ਇਹ ਕਿਰਤੀਆਂ ਦੀ ਰੋਜ਼ੀ ਰੋਟੀ ਖੋਹਣ ਵਾਲੀ ਹਥਿਆਰਬੰਦ ਸੈਨਾ ਹੈ, ਟਰੈਕਟਰ ਨੂੰ ਜੇ ਮਸ਼ੀਨਗੰਨ ਮੰਨ ਲਿਆ ਜਾਵੇ ਤਾਂ ਕੰਬਾਈਨ ਤੋਪ ਦੇ ਗੋਲੇ ਜਾਂ ਮਿਜ਼ਾਇਲ ਦੇ ਬਰਾਬਰ ਦਾ ਹਥਿਆਰ ਹੈ। ਹੁਣ ਇਹ ਪੁੱਠੇ ਅਰਥਾਂ ਵਾਲੀਆਂ ਗੱਲਾਂ ਸਿੱਧ ਪੱਧਰੇ ਦਿਮਾਗ਼ ਵਾਲਿਆਂ ਦੇ ਸਮਝ ਨਹੀਂ ਪੈਣੀਆਂ। ਕਿਰਤ ਦੀ ਲੁੱਟ ਤੇ ਪੁਲਿਸ ਦੀ ਕੁੱਟ ਇਕ ਬਰਾਬਰ ਹੁੰਦੀ ਹੈ ਪਰ ਸਮਾਜ ਵਿੱਚ ਬਰਾਬਰੀ ਦਾ ਤਾਂ ਕਿੱਧਰੇ ਵੀ ਨਾਮੋ ਨਿਸ਼ਾਨ ਨਹੀਂ ਰਿਹਾ। ਪਹਿਲਾਂ ਜੱਟ ਤੇ ਸੀਰੀ ਦੋਵੇਂ ਕਿਰਤੀ ਸਨ ਪਰ ਹੁਣ ਜੱਟ ਜੱਟ ਹੈ ਤੇ ਸੀਰੀ ਤਾਂ ਖ਼ਤਮ ਹੀ ਹੈ। ਜੱਟ ਤੇ ਸੀਰੀ ਦੀ ਦਿਲੀ ਸਾਂਝ ਦੀ ਥਹੁ ਤਾਂ ਸੰਤ ਰਾਮ ਉਦਾਸੀ ਵਰਗਾ ਕੋਈ ਉਹ ਕਵੀ ਹੀ ਪਾ ਸਕਦਾ ਹੈ ਜਿਸਦੀਆਂ ਜੜ੍ਹਾਂ ਆਪਣੇ ਵਤਨ ਦੀ ਮਿੱਟੀ ਵਿੱਚ ਡੂੰਘੀਆਂ ਲੱਗੀਆਂ ਹੋਣ:



**ਗਲ ਲੱਗ ਕੇ ਸੀਰੀ ਦੇ ਜੱਟ ਰੋਵੇ,**
**ਬੋਹਲਾਂ ਵਿਚੋਂ ਨੀਰ ਵਗਿਆ।**
**ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ,**
**ਤੂੜੀ ਵਿਚੋਂ ਪੁੱਤ 'ਜੱਗਿਆ'।**

ਹੁਣ ਤਾਂ ਸੀਰੀ ਦੀ ਥਾਂ ਮਸ਼ੀਨਰੀ ਆ ਗਈ ਹੈ। ਭਲਿਆਂ ਸਮਿਆਂ ਵਿਚ ਜੱਟ ਤੇ ਸੀਰੀ ਦੀ ਸਾਂਝ ਭਿਆਲੀ ਨੂੰ 'ਨਹੁੰ ਤੇ ਮਾਸ ਦਾ ਰਿਸ਼ਤਾ' ਕਹਿ ਕੇ ਵਡਿਆਇਆ ਜਾਂਦਾ ਸੀ। ਦੋਹਾਂ ਦੇ ਦੁੱਖ ਦਰਦ, ਹਾਸੇ ਮਜ਼ਾਕ, ਚੋਹਲ ਮੋਹਲ, ਨਾਜ਼ ਨਖਰੇ, ਸਭ ਸਾਂਝੇ ਸਨ। ਹੁਣ ਮਸ਼ੀਨਰੀ ਨਾਲ ਤਾਂ ਦੁੱਖ ਵੰਡਾਇਆ ਨਹੀਂ ਜਾ ਸਕਦਾ ਸਗੋਂ ਇਸਨੇ ਤਾਂ ਜ਼ਿਮੀਂਦਾਰ ਦੀਆਂ ਪ੍ਰੇਸ਼ਾਨੀਆਂ ਨੂੰ ਵਧਾਇਆ ਹੀ ਹੈ। ਖੇਤੀਬਾੜੀ ਦੇ ਮਸ਼ੀਨੀਕਰਨ ਤੋਂ ਪਹਿਲਾਂ ਕਿਸਾਨ ਕਿਸਾਨ ਤੇ ਸੀਰੀ ਸੀਰੀ ਸੀ ਪਰ ਜਦ ਖੇਤੀਬਾੜੀ ਦਾ ਮੁਕੰਮਲ ਮਸ਼ੀਨੀਕਰਨ ਹੋ ਗਿਆ ਤਾਂ ਹਰ ਕਿਸਾਨ ਜੱਟ ਹੋ ਗਿਆ। ਫਿਰ ਜੱਟ ਤੋਂ ਜਾਗੀਰਦਾਰ ਹੋ ਗਿਆ। ਜਾਗੀਰਦਾਰੀ ਤੇ ਸਰਮਾਏਦਾਰੀ ਦਾ ਆਪਸੀ ਰਿਸ਼ਤਾ ਵੀ ਨਹੁੰ ਮਾਸ ਵਾਲਾ ਹੀ ਹੈ। ਇਨ੍ਹਾਂ ਦੋਹਾਂ ਨੇ ਰਲ ਕੇ ਕਿਰਤੀ ਵਰਗ ਨੂੰ ਲੁੱਟਿਆ ਤੇ ਕੁੱਟਿਆ ਹੈ। ਗੀਤਾਂ ਤੇ ਫਿਲਮਾਂ ਰਾਹੀ ਚਾਰੇ ਪਾਸੇ ਜੱਟਵਾਦ ਦਾ ਬੋਲਬਾਲਾ ਏਨਾ ਵਧਿਆ ਕਿ ਪੰਜਾਬ ਦੀ ਧਰਤੀ ਤੇ ਰਚੇ ਜਾਂਦੇ ਸਾਹਿਤ ਵਿੱਚੋਂ ਬਾਕੀ ਬਰਾਦਰੀਆਂ ਦੀ ਫੱਟੀ ਪੋਚ ਦਿੱਤੀ ਗਈ। ਨਾ ਕੋਈ ਜੀਵ, ਨਾ ਜੰਤੂ ਤੇ ਨਾ ਕੋਈ ਚਿੜੀ ਜਨੌਰ, ਸਭ ਨਿਗੂਣੇ ਹੋ ਗਏ। ਹੁਣ ਤਾਂ ਚਾਰੇ ਪਾਸੇ ਮਸ਼ੀਨਰੀ ਦਾ ਬੋਲਬਾਲਾ ਹੈ । ਹੁਣ ਇਨ੍ਹਾਂ ਕੁ ਸਾਲਾਂ ਦੀ ਉਮਰ ਹੰਢਾਉਣ ਵਾਲੀਆਂ ਮਸ਼ੀਨਾਂ ਨਾਲ ਰਿਸ਼ਤਿਆਂ ਦੀ ਪੱਕੀ ਪੀਡੀ ਸਾਂਝ ਭਲਾ ਕੌਣ ਪਾਉਣੀ ਚਾਹੇਗਾ? ਹੁਣ ਧਰਤੀ ਤੇ ਕਿਰਤੀਆਂ ਦੇ ਦਰਦ ਕੌਣ ਸੁਣੇਗਾ? ਕੌਣ ਸੱਥ ਵਿੱਚ ਬੈਠ ਕੇ ਵਾਰਿਸ ਸ਼ਾਹ ਦੀ ਹੀਰ ਸੁਣੇਗਾ? ਬਾਬਾ ਨਾਨਕ ਜੀ ਦੀ ਬਾਣੀ ਸੁਣ ਕੌਣ ਸੁਣੇਗਾ ਤੇ ਉਸ ਤੇ ਅਮਲ ਕਰੇਗਾ:

**ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥ ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥ ਬਾਬਾ ਮਾਇਆ ਸਾਥਿ ਨ ਹੋਇ ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥**

ਜਗਤ ਗੁਰ ਬਾਬੇ ਨੇ ਸਿੱਧਾਂ ਦੇ ਵਲ ਵਿੰਙ ਕੱਢਦਿਆਂ ਕਿਹਾ ਸੀ:

**ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥**
**ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥**

ਪਰ ਨਾ ਹੁਣ ਕਿਸੇ ਨੂੰ ਸ਼ਬਦ ਗੁਰੂ ਦੇ ਸਿਧਾਂਤ ਤੇ ਨਾ ਧੁਨੀ ਦਾ ਗਿਆਨ ਹੈ। ਉਂਞ ਗੁਰੂ ਸਾਡਾ ਅੱਜ ਵੀ ਸ਼ਬਦ ਹੀ ਹੈ। ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸਾਡੇ ਕੋਲ ਸਿੱਖੀ ਵਾਲਾ ਬਾਣਾ ਤਾਂ ਹੈ, ਪਰ ਗੁਰਮਤਿ ਆਸ਼ੇ ਤੇ ਪੂਰੀ ਤਰ੍ਹਾਂ ਢੁੱਕਦੀ ਗੁਰਬਾਣੀ ਦੀ ਵਿਚਾਰ ਨਹੀਂ ਹੈ। ਭੇਖਧਾਰੀ ਤਾਂ ਬਥੇਰੇ ਹਨ ਪਰ ਗਿਆਨਵਾਨ ਕੋਈ ਵਿਰਲਾ ਟਾਵਾਂ ਵੀ ਨਹੀਂ ਲੱਭਦਾ। ਗਿਆਨ ਹਾਸਲ ਕਰਨ ਲਈ 'ਸ਼ਬਦ ਤੇ ਧੁਨਿ' ਸੰਗ ਜੁੜਨਾ ਪਵੇਗਾ ਪਰ ਇਹ ਤਰੱਦਦ ਕੌਣ ਕਰੇਗਾ? ਕੌਣ ਇਹ ਹਾਅ ਦਾ ਨਾਹਰਾ ਮਾਰੇਗਾ:

**ਏਤੀ ਮਾਰ ਪਈ ਕਰਲਾਣੇ**
**ਤੈ ਕੀ ਦਰਦੁ ਨ ਆਇਆ ॥**

ਬਾਬਰ ਬਾਣੀ ਕੌਣ ਪੜ੍ਹੇਗਾ ਤੇ ਗੁਰਬਾਣੀ ਪੜ੍ਹ ਕੇ ਅਮਲ ਕੌਣ ਕਰੇਗਾ? ਅਮਲਾਂ ਬਾਝੋਂ ਰਵਾਇਤੀ ਬਾਣਾ ਤੇ ਗਿਆਨ ਦੀ ਬੱਧੀ ਪੰਡ, ਦੋਵੇਂ ਬੇਕਾਰ ਹਨ। ਇਹ ਕੇਹੀ ਰੁੱਤ ਆ ਗਈ ਹੈ? ਅੰਦਰ ਤੇ ਬਾਹਰ ਦੋਵੇਂ ਪਾਸੇ ਸਾੜਾ ਹੈ। ਬਸ ਮੈਂ ਇੱਕਲਾ ਹੀ ਚੰਗਾ ਤੇ ਬਾਕੀ ਸਭ ਜਗ ਮੰਦਾ। ਜਦ ਕਿ ਮਾੜਾ ਬੰਦਾ ਨਹੀਂ, ਉਸਦੇ ਕੰਮ ਮਾੜੇ ਹੁੰਦੇ ਹਨ ਪਰ ਚੰਗੇ ਕੰਮ ਕੌਣ ਕਰੇਗਾ? ਮਨੁੱਖ ਨੂੰ ਮਨੁੱਖ ਕੌਣ ਸਮਝੇਗਾ? ਕੌਣ ਬਰਾਬਰੀ ਦੀ ਬਾਤ ਪਾਵੇਗਾ? ਕੌਣ ਕਿਰਤੀਆਂ ਦੇ ਦਰਦ ਸੁਣੇਗਾ? ਡਰ ਦਾ ਮਾਹੌਲ ਬਣਿਆ ਹੋਇਆ ਹੈ, ਜੰਗ ਦੇ ਬੱਦਲ ਮੰਡਰਾ ਰਹੇ ਹਨ। ਲੋਕਾਂ ਜੀ ਜਾਨ ਮੁੱਠੀ ਵਿੱਚ ਆਈ ਹੋਈ ਹੈ।

# ਤ੍ਰਿਭਾਸ਼ੀ .ਫ਼ਾਰਮੂਲਾ ਅਤੇ ਵਿੱਦਿਆ ਅੰਦਰ ਬੋਲੀ/ਭਾਸ਼ਾ ਦਾ ਸਵਾਲ

ਪ੍ਰਿਤਪਾਲ ਸਿੰਘ
9876060280




ਪਿਛਲੇ ਦਿਨਾਂ ਵਿੱਚ ਵਿਦਿਆ ਨੀਤੀ 2020 ਤਹਿਤ ਤਿੰਨ ਭਾਸ਼ਾਈ ਫਾਰਮੂਲੇ ਨੂੰ ਲਾਗੂ ਕਰਨ ਦਾ ਤਾਮਿਲਨਾਡੂ ਸਰਕਾਰ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਇਸ ਖਿੱਚੋਤਾਣ ਅੰਦਰ ਮੋਦੀ-ਅਮਿਤਸ਼ਾਹ ਜੋੜੀ ਵੱਲੋਂ ਆਪਣੀਆਂ ਕੇਂਦਰੀਕ੍ਰਿਤ ਸ਼ਕਤੀਆਂ ਦੀ ਵਰਤੋਂ ਕਰਕੇ ਤਾਮਿਲਨਾਡੂ ਨੂੰ ਦਿੱਤੇ ਜਾਣ ਵਾਲੇ ਫੰਡ ਰੋਕੇ ਗਏ ਹਨ। ਅਜਿਹੇ ਸਮੇਂ ਹੀ ਸੀਬੀਐਸਈ ਵੱਲੋ ਪੰਜਾਬੀ ਨੂੰ ਜਰੂਰੀ ਵਿਸ਼ੇ ਵਜੋਂ ਪਾਸੇ ਕੀਤਾ ਗਿਆ ਹੈ ਭਾਵੇਂ ਕਿ ਬਾਅਦ 'ਚ ਬੋਰਡ ਵੱਲੋਂ ਅਜਿਹੀ ਕਿਸੇ ਗੱਲ ਨੂੰ ਨਕਾਰਿਆ ਗਿਆ ਹੈ। ਤਾਮਿਲਨਾਡ ਦੇ ਮੁਖ ਮੰਤਰੀ ਨੇ ਖਦਸ਼ਾ ਜ਼ਾਹਰ ਕੀਤਾ ਹੈ ਕਿ ਜਿਵੇਂ ਅਜੋਕੀ ਹਿੰਦੀ ਭਾਸ਼ਾ ਨੇ ਯੂਪੀ, ਬਿਹਾਰ, ਰਾਜਸਥਾਨ, ਹਰਿਆਣਾ, ਮੱਧ ਪ੍ਰਦੇਸ਼, ਛਤੀਸਗੜ ਆਦਿ ਹਿੰਦੀ ਬੈਲਟ ਵਜੋਂ ਜਾਣੇ ਜਾਂਦੇ ਸੂਬਿਆਂ ਅੰਦਰ ਓਥੋਂ ਦੀਆਂ ਸਥਾਨਕ ਬੋਲੀਆਂ ਮਸਲਨ ਭੋਜਪੁਰੀ, ਗੜ੍ਹਵਾਲੀ, ਅਵਧੀ, ਹਰਿਆਣਵੀ ਆਦਿ ਨੂੰ ਨਿਗਲ ਲਿਆ ਹੈ ਇਵੇਂ ਹੀ ਤੈਲਗੂ, ਤਾਮਿਲ, ਕੰਨੜ, ਮਲਿਯਾਲੀ ਆਦਿ ਵੱਖੋ-ਵੱਖਰੀਆਂ ਬੋਲੀਆਂ ਵੀ ਕਿਧਰੇ ਨਿਗਲ ਲਈਆਂ ਨਾ ਜਾਣ। ਐਥੇ ਇਹ ਵੀ ਇੱਕ ਮਹੱਤਵਪੂਰਨ ਗੱਲ ਹੈ ਕਿ ਮੌਜੂਦਾ ਹਿੰਦੀ ਬੋਲੀ ਆਗਰਾ ਨੇੜਲੇ ਇੱਕ ਛੋਟੇ ਜਿਹੇ ਖਿੱਤੇ ਦੀ ਹੀ ਬੋਲੀ ਹੈ ਪਰ ਇਸ ਨੂੰ ਕੌਮੀ ਭਾਸ਼ਾ ਵਜੋਂ ਸਥਾਪਤ ਕਰਨ ਲਈ ਜੋਰ ਲਾਇਆ ਜਾ ਰਿਹਾ ਹੈ। ਅਤੇ ਸਾਡੇ ਸੂਬੇ ਪੰਜਾਬ ਦੇ ਲੋਕ ਵੀ ਅਜਿਹਾ ਖਤਰਾ ਮਹਿਸੂਸ ਕਰ ਰਹੇ ਹਨ। ਇਸ ਲਈ ਇਓਂ ਦੇਖਿਆਂ ਹਿੰਦੋਸਤਾਨ ਵਰਗੇ ਬਹੁ ਭਾਸ਼ਾਈ ਦੇਸ਼ ਵਿੱਚ ਵੱਖੋ-ਵੱਖਰੀਆਂ, ਵੰਨ-ਸੁਵੰਨੀਆਂ ਭਾਸ਼ਾਵਾਂ ਦੀ ਅਹਿਮੀਅਤ ਅਤੇ ਦੇਸ਼ ਦੇ ਲੋਕਾਂ ਦੇ ਆਪਸੀ ਮੇਲ ਮਿਲਾਪ ਅਤੇ ਵਾਰਤਾਲਾਪ ਲਈ ਕਿਸੇ ਸਾਂਝੀ ਭਾਸ਼ਾ ਦੀ ਲੋੜ ਉਪਰ ਚਰਚਾ ਕਰਨ ਦੀ ਜਰੂਰਤ ਹੈ।

**ਵੀਹ ਕੋਹ 'ਤੇ ਬੋਲੀ ਬਦਲ ਜਾਂਦੀ ਆ**

ਆਓ ਦੇਖੀਏ ਕਿ ਆਮ ਵਰਤੀ ਜਾਂਦੀ ਹਰ ਵੀਹ ਕੋਹ 'ਤੇ ਬੋਲੀ ਬਦਲ ਜਾਣ ਦੀ ਕਹਾਵਤ ਦੀ ਹਕੀਕੀ ਬੁਨਿਆਦ ਕੀ ਹੈ? ਖੁਦ ਮਨੁੱਖ ਦੇ ਵਿਕਾਸ ਵਿੱਚ ਕਿਰਤ ਦੀ ਪ੍ਰਮੁੱਖ ਭੂਮਿਕਾ ਹੈ ਅਤੇ ਅਤੇ ਇਸ ਵਿਕਾਸ ਅੰਦਰ ਬੋਲੀ-ਭਾਸ਼ਾ ਦਾ ਅਹਿਮ ਯੋਗਦਾਨ ਹੈ। ਖੁਰਾਕ ਦੀ ਭਾਲ, ਜੰਗਲੀ ਜਾਨਵਰਾਂ ਦੀ ਮਾਰ, ਕੁਦਰਤੀ ਸ਼ਕਤੀਆਂ ਦੇ ਸੰਤਾਪ ਤੋਂ ਬਚਣ ਲਈ ਪਹਿਲ-ਪ੍ਰਿਥਮੇ ਮਨੁੱਖ ਆਪਣੇ ਹੋਰਨਾਂ ਸਾਥੀਆਂ ਨਾਲ ਆਪਸੀ ਤਾਲਮੇਲ ਬਿਠਾਉਣ ਲਈ ਇਸ਼ਾਰਿਆਂ ਦੀ ਵਰਤੋਂ ਕੀਤੀ ਅਤੇ ਫਿਰ ਅੱਖਾਂ, ਕੰਨਾਂ ਤੇ ਆਵਾਜ਼ ਯੰਤਰ ਦੇ ਸੁਰਤਾਲ ਬਿਠਾਏ ਉਹਨਾਂ ਮੁੱਢਲੇ ਇਸ਼ਾਰਿਆਂ ਦੇ ਸੁਮੇਲ 'ਚੋਂ ਹੀ ਬੋਲੀ ਵਿਕਸਤ ਹੋਈ। ਉਹਨਾਂ ਵੇਲਿਆਂ 'ਚ ਮਨੁੱਖਾਂ ਦੇ ਝੁੰਡ ਕਿਸੇ ਖਾਸ ਖੇਤਰ ਅੰਦਰ ਹੀ ਰਹਿੰਦੇ ਸਨ ਅਤੇ ਉਹਨਾਂ ਲੋਕਾਂ ਦਾ ਆਪਣੇ ਖ਼ਿੱਤੇ ਤੋਂ ਬਾਹਰ ਵੱਸਦੇ ਮਨੁੱਖਾਂ ਨਾਲ ਸੰਪਰਕ ਬਹੁਤ ਹੀ ਘੱਟ ਸਨ। ਜਿਹਨਾਂ ਥਾਵਾਂ 'ਤੇ ਇਹ ਲੋਕ ਵਾਸਾ ਕਰਦੇ ਸਨ ਉੱਥੋਂ ਦੇ ਲੋਕਾਂ ਨੂੰ ਆਪਣੀ ਸਹੂਲੀਅਤ ਲਈ ਆਪਣੀ ਭਾਂਤ ਦੀ ਹੀ ਬੋਲੀ ਵਿਕਸਤ ਕਰ ਲਈ। ਅਜਿਹੀਆਂ ਬੋਲੀਆਂ ਵਾਲੀਆਂ ਮਨੁੱਖਾਂ ਦੀਆਂ ਬਸਤੀਆਂ ਥਾਂ-ਪੁਰ-ਥਾਂ ਵਿਕਸਤ ਹੋਈਆਂ ਅਤੇ ਹਰ ਥਾਂ ਦੀ ਆਪਣੀ ਵਿਸ਼ੇਸ਼ ਬੋਲੀ ਸੀ ਅਤੇ ਅੱਜ ਤੱਕ ਵੀ ਹੈ। ਇਓਂ ਅਸੀਮਤ ਗਿਣਤੀ 'ਚ ਬੋਲੀਆਂ ਵਿਕਸਤ ਹੋਈਆਂ। ਅਗਰ ਪੰਜਾਬ ਦੀ ਹੀ ਗੱਲ ਕਰੀਏ ਤਾਂ ਦੇਖਦੇ ਹਾਂ ਕਿ ਅੱਜ ਪੰਜਾਬ ਅੰਦਰ ਹੀ ਮਝੈਲੀ, ਮਾਲਵਈ, ਦੁਆਬੀ, ਪੁਆਧੀ, ਡੋਗਰੀ ਆਦਿ ਬੋਲੀਆਂ ਬੋਲੀਆਂ ਜਾਂਦੀਆਂ ਹਨ। ਅਜਿਹਾ ਹਰ ਖ਼ਿੱਤੇ ਅੰਦਰ ਹੀ ਹੈ ਅਜਿਹੀਆਂ ਬੋਲੀਆਂ ਇੱਕ ਹੱਦ ਤੱਕ ਆਪਸ 'ਚ ਮਿਲਦੀਆਂ-ਜੁਲਦੀਆਂ ਵੀ ਹਨ ਅਤੇ ਉਹਨਾਂ ਦਾ ਆਪਣਾ ਨਿਵੇਕਲਾਪਣ ਵੀ ਹੈ ਜਿਵੇਂ ਮਲਵਈਆਂ ਦੀ ਬੋਲੀ ਦੇ ਕੁੱਝ ਵਿਸ਼ੇਸ਼ ਸ਼ਬਦ ਮਾਝੇ ਵਾਲਿਆਂ ਲਈ ਵੱਖਰੇ ਹਨ (ਮਸਲਨ ਵਹੁਟੀ ਅਤੇ ਬੁੱਢੀ)। ਇਓ ਅਲੱਗ ਅਲੱਗ ਖਿਤਿਆਂ ਵਿੱਚ ਮਨੁੱਖ ਦੇ ਵਿਕਾਸ ਨਾਲ ਅਲੱਗ ਅਲੱਗ ਅਣਗਿਣਤ ਬੋਲੀਆਂ-ਭਾਸ਼ਾਵਾਂ ਦਾ ਵਿਕਾਸ ਹੋਇਆ, ਇਹ ਸੰਸਾਰ ਵਿਆਪੀ ਵਰਤਾਰਾ ਹੈ। ਅਗਰ ਭਾਰਤ ਅੰਦਰ ਅਨੇਕਾਂ ਬੋਲੀਆ ਹਨ ਤਾਂ ਯੂਰਪ ਵੀ ਇਸ ਤੋਂ ਅਛੂਤਾ ਨਹੀਂ ਹੈ। ਸਵਿਟਰਜ਼ਲੈਂਡ ਵਰਗੇ ਇੱਕ ਛੋਟੇ ਜਿਹੇ ਮੁਲਕ ਅੰਦਰ ਤਿੰਨ ਮੁਖ ਬੋਲੀਆਂ ਤੋਂ ਇਲਾਵਾ ਹੋਰ ਵੀ ਬਹੁਤ ਬੋਲੀਆਂ ਹਨ ਜਿਹੜੀਆਂ ਦੇਸ਼ ਅੰਦਰ ਬੋਲੀਆਂ ਜਾਂਦੀਆਂ ਹਨ।

ਅੱਗੋਂ ਮਨੁੱਖ ਦੇ ਅਗਲੇਰੇ ਵਿਕਾਸ ਵਿੱਚ ਬੋਲਾਂ 'ਚੋਂ ਨਿਕਲੇ ਲਫ਼ਜ਼ਾਂ ਨੂੰ ਰੂਪ ਦੇਣ ਦਾ ਯਾਨੀ ਕਿ ਇਹਨਾਂ ਨੂੰ ਲਿੱਪੀਆਂ 'ਚ ਧਾਰਣ ਦਾ ਵਿਕਾਸ ਹੋਇਆ। ਵਧੇਰੇ ਆਪਸ਼ੀ ਮਿਲਵਰਤਣ ਰੱਖਣ ਵਾਲੇ ਖਿੱਤਿਆਂ ਦੇ ਲੋਕਾਂ ਦੀਆਂ ਬੋਲੀਆਂ/ਭਾਸ਼ਾਵਾਂ ਦੀ ਲਿੱਪੀ ਦੀ ਵੀ ਸਾਂਝ ਬਣ ਗਈ ਜਿਵੇਂ ਅੰਗਰੇਜੀ, ਫਰਾਂਸੀਸੀ, ਪੁਰਤਗੇਜ਼ੀ, ਸਪੇਨੀ ਅਤੇ ਯੂਰਪ ਦੀਆਂ ਹੋਰ ਬੋਲੀਆਂ ਦੀਆਂ ਲਿੱਪੀਆਂ 'ਚ ਸਾਂਝੀ ਗੱਲ ਇਹਨਾਂ ਦਾ ਰੋਮਨ ਲਿੱਪੀ 'ਚ ਲਿਖਿਆ ਜਾਣਾ ਹੈ। ਅਤੇ ਕਈ ਥਾਵਾਂ 'ਤੇ ਇਹ ਵੀ ਹੈ ਕਿ ਬੋਲੀ ਤਾਂ ਭਾਵੇਂ ਇੱਕੋ ਹੀ ਹੈ ਪਰ ਲਿੱਪਈਆਂ ਵੱਖ-ਵੱਖ ਹਨ ਮਿਸਾਲ ਵਜੋਂ ਦੇਖ ਸਕਦੇ ਹਾਂ ਕਿ ਪੰਜਾਬੀ ਬੋਲੀ ਨੂੰ ਗੁਰਮੁਖੀ ਲਿੱਪੀ ਤੇ ਸ਼ਾਹਮੁਖੀ ਲਿੱਪੀ ਦੋਹਾਂ 'ਕੱਚ ਹੀ ਲਿਖਿਆ ਜਾਂਦਾ ਹੈ। ਇਸ ਲਈ ਅਨੇਕਾਂ ਬੋਲੀਆਂ/ਭਾਸ਼ਾਵਾਂ/ਜ਼ੁਬਾਨਾਂ ਦਾ ਹੋਣਾ ਨਾ ਤਾਂ ਗੈਰਕੁਦਰਤੀ ਹੈ ਅਤੇ ਨਾ ਹੀ ਨਾਂਹ-ਪੱਖੀ। ਬਲਕਿ ਇਹ ਤਾਂ ਮਨੁੱਖ ਦੇ ਆਪੋ-ਆਪਣੇ ਖਿੱਤਿਆਂ ਯਾਨੀ ਕਿ ਭਾਸ਼ਾ ਦੇ ਸਹਿਜ ਵਿਕਾਸ ਦਾ ਸਿੱਟਾ ਹੈ।

**ਬੋਲੀ ਨੂੰ ਹਾਕਮਾਂ ਵੱਲੋਂ ਹਥਿਆਰ ਵਜੋਂ ਵਰਤਣਾ** : ਕਿਸੇ ਵੀ ਖ਼ਿੱਤੇ ਦੇ ਲੋਕ ਆਪਣੀ ਜ਼ੁਬਾਨ ਵਿੱਚ ਹੀ ਆਪਣੇ ਆਲੇ ਦੁਆਲੇ ਨੂੰ ਸਮਝ ਸਕਦੇ ਹਨ ਅਤੇ ਆਪਣੇ ਮਸਲਿਆਂ ਸਮੱਸਿਆਵਾਂ ਦੀ ਜੜ ਨੂੰ ਜਾਣ-ਸਮਝ ਸਕਦੇ ਹਨ। ਉਸੇ ਹੀ ਜ਼ੁਬਾਨ 'ਚ ਉਹ ਇੱਕ ਦੂਜੇ ਨਾਲ ਵਿਚਾਰ-ਵਟਾਂਦਰਾ ਕਰਦੇ ਹਨ ਅਤੇ ਅੱਗੋਂ ਆਪਣੀਆਂ ਹਾਲਤਾਂ ਮੁਤਾਬਕ ਉਹਨਾਂ ਦੇ ਢੁੱਕਵੇਂ ਹੱਲ ਕੱਢਣ ਵੱਲ ਤੁਰ ਸਕਦੇ ਹਨ। ਉਹਨਾਂ ਦੀ ਆਪਣੀ ਬੋਲੀ ਹੀ ਇਸ ਕੰਮ 'ਚ ਉਹਨਾਂ ਦੀ ਲਖਾਇਕ ਬਣੇਗੀ। ਉਹਨਾਂ ਦੀ ਮਾਦਰੀ ਜ਼ੁਬਾਨ/ਬੋਲੀ ਤੋਂ ਬਿਨਾ ਕੋਈ ਹੋਰ ਬੋਲੀ ਕਿਸੇ ਵੀ ਹਾਲਤ ਵਿੱਚ ਉਸਦੀ ਥਾਂ ਨਹੀਂ ਲੈ ਸਕਦੀ। ਪਰ ਕਿਉਂਕਿ ਹਾਕਮ ਲੋਕਾਂ ਨੂੰ ਹਮੇਸ਼ਾਂ ਹਨੇਰੇ ਵਿੱਚ ਰੱਖਣਾ ਚਾਹੁੰਦੇ ਆਏ ਹਨ, ਉਹ ਲੋਕਾਈ ਨੂੰ ਮੁਕੰਮਲ ਗਿਆਨ ਤੋਂ ਕੋਰੇ ਰੱਖਣਾ ਚਾਹੁੰਦੇ ਹਨ ਅਤੇ ਉਹ ਚਾਹੁੰਦੇ ਹਨ ਕਿ ਉਹਨਾਂ ਦੀਆਂ ਲੋਕ ਵਿਰੋਧੀ ਨੀਤੀਆਂ ਬਾਰੇ ਲੋਕ ਭੁਲੇਖੇ ਵਿੱਚ ਰਹਿਣ। ਇਓਂ ਰਾਜ ਕਰਨ ਲਈ ਭਾਸ਼ਾ ਹਾਕਮਾਂ ਹੱਥ ਇੱਕ ਬਹੁਤ ਹੀ ਅਹਿਮ ਹਥਿਆਰ ਹੈ। ਉਹ ਅਜਿਹੀ ਬੋਲੀ/ਭਾਸ਼ਾ 'ਚ ਸਰਕਾਰੀ ਤੇ ਹੋਰ ਕੰਮਾਂਕਾਰਾਂ ਨੂੰ ਉਤਸ਼ਾਹਤ ਕਰਨਗੇ ਤਾਂਕਿ ਆਮ ਲੋਕਾਈ ਉਹਨਾਂ ਦੀਆਂ ਨਾਪਾਕ ਚਾਲਾਂ ਨੂੰ ਬੁੱਝ ਨਾ ਲਵੇ। ਇਹ ਉਹਨਾਂ ਦਾ ਇੱਕ ਜਰੂਰੀ ਮਕਸਦ ਹੈ। ਇਸੇ ਕਰਕੇ ਹੀ ਹਾਕਮਾਂ ਵੱਲੋਂ ਹਮੇਸ਼ਾਂ ਹੀ ਲੋਕਾਂ ਦੀ ਸਥਾਨਕ ਬੋਲੀ ਤੋਂ ਓਪਰੀ ਕਿਸੇ ਹੋਰ ਬੋਲੀ/ਭਾਸ਼ਾ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦਿੱਤਾ ਜਾਂਦਾ ਹੈ ਤਾਂ ਕਿ ਉਸ ਜ਼ੁਬਾਨ 'ਚ ਕੀਤੇ ਜਾਂਦੇ ਸਰਕਾਰੀ ਕੰਮ ਕਾਜ ਲੋਕਾਂ ਦੀ ਸਮਝ ਤੋਂ ਬਾਹਰ ਹੀ ਰਹਿਣ ਅਤੇ ਉਹ ਆਪਣੇ ਆਪ ਨੂੰ ਬੌਣੇ ਮਹਿਸੂਸ ਕਰਨ। ਜਿਵੇ ਕਿ ਹਿੰਦੋਸਤਾਨ ਸਮੇਤ ਆਪਣੀਆਂ ਹੋਰਨਾਂ ਬਸਤੀਆਂ ਅੰਦਰ ਅੰਗਰੇਜ਼ ਹੁਕਮਰਾਨਾਂ ਨੇ ਸਰਕਾਰੀ ਕੰਮ ਕਾਜ ਨੂੰ ਸਿਰਫ ਅੰਗਰੇਜੀ ਵਿੱਚ ਹੀ ਕਰਨ ਦਾ ਰਾਸਤਾ ਅਖਤਿਆਰ ਕੀਤਾ।

**ਬੋਲੀਆਂ ਵਿਕਾਸ 'ਚ ਅੜਿੱਕਾ ਨਹੀਂ** : ਹਾਕਮਾਂ ਦੇ ਇਹ ਬਿਰਤਾਂਤ ਕਿ ਅਨੇਕਾਂ ਬੋਲੀਆਂ/ਭਾਸ਼ਾਵਾਂ ਭਾਰਤ ਦੇ ਵਿਕਾਸ ਲਈ ਅੜਿੱਕਾ ਹਨ ਜਾਂ ਕੇਵਲ ਭਾਰਤ ਅੰਦਰ ਹੀ ਅਜਿਹੇ ਹਾਲਾਤ ਹਨ ਜਿਹਨਾਂ ਤੋਂ ਧੱਕੇ ਦੇ ਜ਼ੋਰ ਛੁਟਕਾਰ ਪਾਇਆ ਜਾਣਾ ਚਾਹੀਦਾ ਹੈ, ਹਕੀਕਤਾਂ ਤੋਂ ਕੋਹਾਂ ਦੂਰ ਹਨ ਅਤੇ ਸਰਾਸਰ ਗਲਤ ਹੈ। ਹਕੀਕਤ ਇਹ ਹੈ ਕਿ ਹਾਕਮ ਲੋਕਾਂ ਨੂੰ ਗਿਆਨ ਅਤੇ ਜਾਣਕਾਰੀ ਤੋਂ ਕੋਰੇ ਰੱਖਣਾ ਲੋਚਦੇ ਹਨ ਕਿਉਂਕਿ ਇਸੇ 'ਚ ਉਹਨਾ ਦਾ ਹਿਤ ਹੈ। ਇਸ ਲਈ ਉਹ ਹਰ ਵਖਰੇਵੇਂ ਵਾਲੇ ਵਿਚਾਰ, ਬੋਲੀ, ਸਭਿਆਚਾਰ, ਪਹਿਰਾਵੇ, ਖਾਣਪੀਣ ਰਹਿਣ-ਸਹਿਣ ਨੂੰ ਧੱਕੇ ਨਾਲ ਇੱਕ ਰੰਗ 'ਚ ਰੰਗਣਾ ਚਾਹੁੰਦੇ ਹਨ। ਇਸੇ ਕਰਕੇ ਉਹ ਇੱਕ ਮੁਲਕ, ਇੱਕ ਭਾਸ਼ਾ, ਇੱਕ ਧਰਮ, ਇੱਕ ਕਾਨੂੰਨ, ਇੱਕੋ ਕਿਸਮ ਦੇ ਰਸਮੋਂ-ਰਿਵਾਜ ਥੋਪਣ ਲਈ ਤਰਲੋ ਮੱਛੀ ਹੋ ਰਹੇ ਹਨ। ਇਸੇ ਸੋਚ ਤਹਿਤ ਹੀ ਉਹ ਦੇਸ਼ ਅੰਦਰ ਹਿੰਦੀ ਥੋਪਣ ਦੇ ਰਾਹ ਪਏ ਹੋਏ ਹਨ ਅਤੇ ਹਿੰਦੀ ਤੇ ਅੰਗਰੇਜੀ ਨੂੰ ਵਧੇਰੇ ਵਿਕਸਤ ਬੋਲੀ-ਭਾਸ਼ਾ ਹੋਣ ਵਜੋਂ ਅਹਿਮੀਅਤ ਦੇ ਰਹੇ ਹਨ।

**ਹਰ ਬੋਲੀ ਦੀ ਆਪਣੀ ਥਾਂ** : ਹਾਲਾਂਕਿ ਹਰ ਬੋਲੀ-ਭਾਸ਼ਾ ਦੀ ਆਪਣੀ-ਆਪਣੀ ਅਹਿਮੀਅਤ ਹੈ ਅਤੇ ਆਪੋ ਆਪਣੀਆਂ ਇਲਾਕਾਈ ਖਾਸੀਅਤਾਂ ਮੁਜਬ ਉਸਦਾ ਸ਼ਬਦ ਭੰਡਾਰ ਹੈ। ਅਗਰ ਪੰਜਾਬ ਦੀ ਜ਼ਮੀਨ ਦੇ ਵਧੇਰੇ ਉਪਜਾਊ ਹੋਣ ਕਾਰਨ ਇਸ ਖ਼ਿੱਤੇ ਅੰਦਰ ਖੇਤੀ ਦਾ ਵਿਕਾਸ ਹੋਇਆ ਹੈ ਤਾਂ ਹੀ ਤਾਂ ਪੰਜਾਬੀ ਦੇ ਸ਼ਬਦ ਭੰਡਾਰ ਅੰਦਰ ਕਹੀ, ਹਲ, ਪੰਜਾਲੀ, ਜ਼ਬਰ, ਟਾਕਰਾ, ਤਨੋਂ-ਮਨੋਂ, ਸਰਬੱਤ ਦਾ ਭਲਾ, ਵੰਡ ਛਕਣਾ ਆਦਿ ਵਰਗੇ ਲਫ਼ਜ਼ ਮੌਜੂਦ ਹਨ। ਇਓਂ ਹੀ ਯੂਰਪ ਵਿੱਚ ਸਨਅਤੀ ਵਿਕਾਸ ਦੇ ਹੋਣ ਨਾਲ ਸਨਅਤ ਨਾਲ ਜੁੜੇ ਲਫਜ਼ ਮਸ਼ੀਨ, ਕੰਪਿਊਟਰ, ਮੈਡੀਕਲ, ਸਰਮਾਏਦਾਰੀ, ਪ੍ਰੋਲੇਤਾਰੀ, ਸਮਾਜਵਾਦ ਆਦਿ ਸ਼ਬਦ ਹੋਂਦ ਵਿੱਚ ਆਏ ਹਨ। ਮਨੁੱਖ ਦੇ ਆਪੋ 'ਚ ਘੁਲਣ-ਮਿਲਣ ਕਾਰਨ ਅਲੱਗ-ਅਲੱਗ ਖਿੱਤਿਆਂ ਅੰਦਰ ਹੋਂਦ 'ਚ ਆਏ ਸ਼ਬਦ ਹੋਰਨਾਂ ਭਾਸ਼ਾਵਾਂ/ਬੋਲੀਆਂ ਦੇ ਅੰਗ ਬਣਦੇ ਗਏ ਹਨ।

ਭਾਸ਼ਾ ਵਪਾਰ ਤੇ ਅਦਾਨ ਪ੍ਰਦਾਨ ਵਿੱਚ ਵੀ ਅਹਿਮ ਭੂਮਿਕਾ ਅਦਾ ਕਰਦੀ ਹੈ। ਸਨਅਤੀ ਵਿਕਾਸ ਨਾਲ ਕਿਸੇ ਸਮੇਂ ਬਹੁਤਾ ਕਰਕੇ ਕੁੱਝ ਖਾਸ ਖਿੱਤਿਆਂ ਚ ਵਸਦੇ ਲੋਕਾਂ ਦਾ ਹੋਰਨਾ ਖਿਤਿਆਂ ਅਤੇ ਦੇਸ਼ਾਂ 'ਚ ਘੁਲਣ ਮਿਲਣ ਦਾ ਵਰਤਾਰਾ ਉਭਰਦਾ ਹੈ। ਪਰ ਇਸ ਅਮਲ ਦੌਰਾਨ ਉਹ ਆਪਣੇ ਨਾਲ ਆਪਣੀ ਬੋਲੀ/ਭਾਸ਼ਾ ਤੇ ਸੱਭਿਆਚਾਰ ਨੂੰ ਵੀ ਆਪਣੇ ਨਾਲ ਹੀ ਲੈ ਕੇ ਜਾਂਦੇ ਹਨ ਅਤੇ ਉਸਦੇ ਵਿਕਾਸ ਲਈ ਤਾਂਘਦੇ ਰਹਿੰਦੇ ਹਨ। ਸਨਅਤੀ ਵਿਕਾਸ ਕਾਰਨ ਉਭਰਕੇ ਆਈ ਸਰਮਾਏਦਾਰੀ ਜਮਾਤ ਦੀ ਲੋੜ ਇੱਕ ਵਿਸ਼ਾਲ ਮੰਡੀ ਹੈ ਜਿਸਦਾ ਘੇਰਾ ਇੱਕ ਖਿੱਤੇ ਤੋਂ ਲੈ ਕੇ ਪੂਰੇ ਦੇਸ਼ ਅਤੇ ਅਗਾਂਹ ਵਿਸ਼ਵ ਵਿਆਪੀ ਹੋਣ ਦੀ ਹੈ ਅਤੇ ਇਸਦੇ ਅਗਾਂਹ ਹੋਰਨਾਂ ਖਿੱਤਿਆਂ ਵਿੱਚ ਵਿਕਾਸ ਲਈ ਕੋਈ ਇੱਕ ਭਾਸ਼ਾ ਹੋਣ ਦੀ ਲੋੜ ਉਭਾਰੀ ਜਾ ਰਹੀ ਹੈ।

**ਤਿੰਨ ਭਾਸ਼ਾਈ ਸਿੱਖਿਆ .ਫ਼ਾਰਮੂਲਾ ਅਤੇ ਮਾਤ ਭਾਸ਼ਾ ਦਰਮਿਆਨ ਰਿਸ਼ਤਾ** : ਵਿੱਦਿਆ ਜਿਥੇ ਮਨੁੱਖ ਨੂੰ ਆਪਣਾ ਆਲਾ ਦੁਆਲਾ ਸਮਝਣ ਤੇ ਉਸਦੇ ਬੌਧਿਕ ਵਿਕਾਸ ਦਾ ਮੁੱਖ ਜ਼ਰੀਆ ਹੈ ਉੱਥੇ ਅੱਜ ਦੀਆਂ ਹਾਲਤਾਂ 'ਚ ਇਹ ਆਪਣਾ ਜੀਵਨ ਬਸਰ ਕਰਨ ਲਈ ਰੁਜ਼ਗਾਰ ਪ੍ਰਾਪਤੀ ਦਾ ਸਾਧਨ ਵੀ ਹੈ। ਇਹ ਗੱਲ ਸਰਵ ਪ੍ਰਵਾਨਤ ਹੈ ਕਿ ਬੱਚੇ ਦੇ ਆਪਣਾ ਆਲਾ ਦੁਆਲਾ ਜਾਣਨ, ਬੋਧਿਕ, ਸੱਭਿਆਚਾਰਕ ਵਿਕਾਸ ਲਈ ਮਾਤ ਭਾਸ਼ਾ ਦਾ ਅਹਿਮ ਯੋਗਦਾਨ ਹੈ। ਮਾਂ ਬੋਲੀ ਦਾ ਕੋਈ ਹੋਰ ਬਦਲ ਨਹੀਂ ਹੋ ਸਕਦਾ। ਇਸ ਲਈ ਕਿਸੇ ਖ਼ਿੱਤੇ ਦੇ ਵਿਕਾਸ ਦਾ ਸੁਆਲ ਉੱਥੋਂ ਦੇ ਲੋਕਾਂ ਦੇ ਵਿਕਾਸ ਨਾਲ ਗੁੱਥਮਗੁੱਥਾ ਹੈ। ਇਸ ਲਈ ਉਸ ਖਿੱਤੇ ਇਲਾਕੇ ਦਾ ਕੁੱਲ ਕੰਮ ਕਾਜ, ਵਿਦਿਆ ਉਸ ਖਿੱਤੇ ਦੀ ਬੋਲੀ ਵਿੱਚ ਹੀ ਹੋਣਾ ਚਾਹੀਦਾ ਹੈ।

ਇੱਥੇ ਇਸ ਘਟਨਾ ਵਿਕਾਸ ਦਾ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੈ ਕਿ ਉਨੀ ਸੌ ਸੰਤਾਲੀ ਤੋਂ ਬਾਅਦ ਲੋਕਾਂ ਅੰਦਰ ਆਈ ਸਮਾਜਕ ਜਾਗਰਤੀ ਦੇ ਕਾਰਨ ਲੋਕਾਂ ਦੀਆਂ ਸਾਂਝੀਆਂ ਜੱਦੋਜਹਿਦਾਂ ਦੌਰਾਨ ਜਦੋਂ ਬੋਲੀਆਂ/ਭਾਸ਼ਾਵਾਂ ਦਾ ਸਵਾਲ ਉੱਭਰਕੇ ਸਾਹਮਣੇ ਆਇਆ ਤਾਂ ਮੌਕੇ ਦੀ ਹੁਕਮਰਾਨ ਪਾਰਟੀ ਕਾਂਗਰਸ ਨੇ ਬੋਲੀਆਂ-ਭਾਸ਼ਾਵਾਂ ਦੇ ਅਧਾਰ 'ਤੇ ਸੂਬੇ ਗਠਿਤ ਕਰਨ ਦੀ ਓਪਰੀ ਹਮਾਇਤ ਤਾਂ ਭਾਵੇਂ ਕੀਤੀ, ਪਰ ਆਪਣੇ ਹਾਕਮ ਜਮਾਤੀ ਸੁਭਾਅ ਦੇ ਮੱਦੇਨਜ਼ਰ ਹਾਕਮ ਜਮਾਤ ਮੁਲਕ ਦੀ ਪੂਰੀ ਸੂਰੀ ਮੰਡੀ ਨੂੰ ਆਪਣੇ ਗਲਬੇ ਹੇਠ ਕਰਨ ਲਈ ਵੱਖ-ਵੱਖ ਖਿੱਤਿਆਂ ਅੰਦਰਲੇ ਖਣਿਜ ਭੰਡਾਰਾਂ ਸਮੇਤ ਸਾਧਨਾਂ ਨੂੰ ਅਤੇ ਉੱਥੋਂ ਦੇ ਸਥਾਨਕ ਕਾਰੋਬਾਰਾਂ ਨੂੰ ਕਬਜ਼ੇ ਹੇਠ ਕਰਨ ਦੇ ਰਾਹ ਪਈ ਹੋਈ ਹੈ ਅਤੇ ਇਸੇ ਹੀ ਸਕੀਮ ਤਹਿਤ 1947 ਤੋਂ ਸੱਤ ?ਹਾ ਬਦਲੀ ਬਾਅਦ ਦੇਸ਼ ਅੰਦਰ ਅੰਗਰੇਜ਼ੀ ਦੇ ਸਰਕਾਰੀ ਰੁਤਬੇ ਨੂੰ ਬਰਕਰਾਰ ਰੱਖਿਆ ਗਿਆ। ਹਾਕਮ ਜਮਾਤ ਵੱਖ-ਵੱਖ ਇਲਾਕਿਆਂ ਦੇ ਸੱਭਿਆਚਾਰਾਂ ਅਤੇ ਬੋਲੀਆਂ ਨੂੰ ਦਬਾਉਣ ਦੇ ਰਾਹ ਪਈ ਹੋਈ ਹੈ। ਪਰ ਫਿਰ ਵੀ ਲੋਕਾਂ ਦੀਆਂ ਜਦੋਜਹਿਦਾਂ ਤੇ ਖਾਹਸ਼ਾਂ ਦੇ ਦਬਾਅ ਹੇਠ ਬੰਗਾਲ, ਆਂਧਰਾ, ਉੜੀਸਾ, ਤਾਮਿਲਨਾਡੂ, ਕਰਨਾਟਕ, ਮਹਾਰਾਸ਼ਟਰ, ਕੇਰਲਾ, ਗੁਜਰਾਤ ਆਦਿ ਭਾਸ਼ਾ ਅਧਾਰਤ ਸੂਬੇ ਹੋਂਦ ਵਿੱਚ ਆਏ ਅਤੇ ਇਸੇ ਲੜੀ ਤਹਿਤ ਹੀ ਪੰਜਾਬ ਵੀ ਇੱਕ ਲੰਗੜੇ ਸੂਬੇ ਵਜੋਂ ਹੋਂਦ ਵਿੱਚ ਆਇਆ, ਜਿਸ ਨੂੰ ਅਜੇ ਤੱਕ ਵੀ ਉਹਦੀ ਰਾਜਧਾਨੀ ਤੋਂ ਹੀ ਵਾਂਝਿਆ ਰੱਖਿਆ ਹੋਇਆ ਹੈ। ਸੰਵਿਧਾਨ ਅੰਦਰ ਕੁੱਝ ਬੋਲੀਆਂ/ਭਾਸ਼ਾਵਾਂ ਨੂੰ ਸੰਵਿਧਾਨ ਦੀ ਅੱਠਵੀ ਸੂਚੀ ਵਿੱਚ ਦਰਜ ਕਰਕੇ ਇਹਨਾਂ ਬੋਲੀਆਂ/ਭਾਸ਼ਾਵਾਂ ਦੇ ਵਿਕਾਸ ਲਈ ਵਾਅਦਾ ਵੀ ਕੀਤਾ ਗਿਆ। ਇਸੇ ਦੀ ਹੀ ਲੜੀ ਵਜੋਂ ਅੱਜ ਅਤੇ ਇਸ ਤੋਂ ਪਹਿਲਾਂ ਵੀ ਮੁਲਕ ਪੱਧਰ 'ਤੇ ਤਿੰਨ ਭਾਸ਼ਾਈ ਫ਼ਾਰਮੂਲੇ ਨੂੰ ਲਾਗੂ ਕੀਤਾ ਜਾਂਦਾ ਰਿਹਾ ਹੈ। ਯਾਨੀ ਕਿ ਹਰ ਵਿਦਿਆਰਥੀ ਨੂੰ ਤਿੰਨ ਮੁੱਖ ਭਾਸ਼ਾਵਾਂ ਦਾ ਲਾਜ਼ਮੀ ਪੜ੍ਹਾਇਆ ਜਾਣਾ। ਭਾਵ ਹਰ ਵਿਦਿਆਰਥੀ ਨੂੰ ਅੰਗ੍ਰੇਜ਼ੀ, ਹਿੰਦੀ ਤੇ ਸਥਾਨਕ ਭਾਸ਼ਾ ਪੜ੍ਹਾਈ ਜਾਣੀ। ਪ੍ਰਚਾਰਿਆ ਇਹ ਜਾਂਦਾ ਹੈ ਕਿ ਅੰਗ੍ਰੇਜ਼ੀ ਕਿਉਂਕਿ ਇੱਕ ਆਲਮੀ ਜ਼ਬਾਨ ਹੈ ਇਸਲਈ ਇਸਦਾ ਗਿਆਨ ਵਿਦਿਆਰਥੀ ਨੂੰ ਆਲਮੀ ਪੱਧਰ ਦੇ ਰੁਜ਼ਗਾਰ ਲਈ ਅਤੇ ਸੰਸਾਰ ਪੱਧਰ ਤੇ ਵਾਪਰਦੇ ਵਰਤਾਰਿਆਂ ਨੂੰ ਸਮਝਣ ਲਈ ਤਿਆਰ ਕਰੇਗਾ। ਹਿੰਦੀ ਕਿਓਂਕਿ ਭਾਰਤ ਦੀ ਰਾਸ਼ਟਰੀ ਭਾਸ਼ਾਵਾਂ ਇਸਲਈ ਮੁਲਕ ਪੱਧਰੇ ਗਿਆਨ ਤੇ ਹੋਰ ਕੰਮਾਂਕਾਰਾਂ ਲਈ ਇਹ ਵੀ ਜ਼ਰੂਰੀ ਹੈ ਅਤੇ ਸਥਾਨਕ ਭਾਸ਼ਾ ਕਿਓਂਕਿ ਉਸ ਖ਼ਿੱਤੇ ਦੀ ਬੋਲੀ ਹੈ ਇਸ ਲਈ ਇਹ ਲਾਜ਼ਮੀ ਹੈ।

ਪਰ ਇਹ ਫ਼ਾਰਮੂਲਾ ਸਥਾਨਕ ਬੋਲੀਆਂ ਨੂੰ ਉਤਸ਼ਾਹਤ ਕਰਨ ਦੀ ਤਾਂ ਉਹਨਾਂ ਨੂੰ ਵਿਸਾਰਦਾ ਹੈ ਅਤੇ ਉਹਨਾਂ ਦੇ ਵਿਕਾਸ 'ਚ ਅੜਿੱਕੇ ਡਾਹੁੰਦਾ ਹੈ। ਸਮੱਸਿਆ ਇਹ ਹੈ ਕਿ ਇਹ ਸਾਰੀਆਂ ਭਾਸ਼ਾਵਾਂ ਲਾਜ਼ਮੀ ਵਿਸ਼ਿਆਂ ਵਜੋਂ ਪੜ੍ਹਾਈਆਂ ਜਾਂਦੀਆਂ ਹਨ। ਪਰ ਵਿਗਿਆਨ, ਇੰਜੀਨੀਅਰਿੰਗ, ਮੈਡੀਕਲ, ਕਾਮਰਸ ਤੇ ਹੋਰਨਾਂ ਵਿਸ਼ਿਆਂ ਲਈ ਮਾਧਿਅਮ ਅੰਗ੍ਰੇਜ਼ੀ ਹੈ ਜਾਂ ਫਿਰ ਕੁੱਝ ਖਿੱਤਿਆਂ ਅੰਦਰ ਹਿੰਦੀ। ਜਦਕਿ ਮਾਂ ਬੋਲੀ ਵਿੱਚ ਵਿਦਿਆ ਦਾ ਅਰਥ ਵਿੱਦਿਆ ਦਾ ਮਾਧਿਅਮ ਹਰ ਪੱਧਰ 'ਤੇ ਸਮੇਤ ਹਰ ਕਿਸਮ ਸਮਾਜਕ, ਇਤਿਹਾਸਕ, ਨੈਤਿਕ, ਆਰਥਕ, ਤਕਨੀਕੀ ਅਤੇ ਮੈਡੀਕਲ ਵਿਗਿਆਨ ਦਾ ਉਸਦੀ ਮਾਂ ਬੋਲੀ 'ਚ ਹੋਣਾ ਹੈ। ਮਾਤ ਭਾਸ਼ਾ ਨੂੰ ਇੱਕ ਵਿਸ਼ੇ ਵਜੋਂ ਪੜ੍ਹਾਉਣਾ ਪਰ ਬਾਕੀ ਦੇ ਵਿਸ਼ਿਆਂ ਦੇ ਮਾਧਿਅਮਾਂ ਦਾ ਕਿਸੇ ਓਪਰੀ ਬੋਲੀ ਵਿੱਚ ਹੋਣਾ ਸਰਾਸਰ ਵਧੀਕੀ ਹੈ ਅਤੇ ਇਹ ਹਾਕਮਾਂ ਵੱਲੋਂ ਵਿਦਿਆਰਥੀਆਂ-ਬੱਚਿਆਂ ਨਾਲ ਧੋਖਾ ਅਤੇ ਉਹਨਾਂ ਦੀ ਸਮਝ ਦੇ ਵਿਕਾਸ ਨੂੰ ਮੋਂਦਾ ਲਾਉਣਾ ਹੈ। ਆਲਮੀ ਪੱਧਰ 'ਤੇ ਇਹ ਗੱਲ ਜਾਣੀ ਜਾਂਦੀ ਹੈ ਅਤੇ ਇਸ ਸਬੰਧ 'ਚ ਹੋਈ ਖੋਜ ਵੀ ਇਹ ਦਿਖਾਉਂਦੀ ਹੈ ਕਿ ਬੱਚੇ ਦੀ ਪ੍ਰਾਈਮਰੀ ਵਿੱਦਿਆ ਤੋਂ ਲੈ ਕੇ ਉੱਚ ਵਿੱਦਿਆ ਉਸ ਦੀ ਮਾਂ ਬੋਲੀ ਭਾਸ਼ਾ ਵਿੱਚ ਕਰਵਾਈ ਜਾਣੀ ਚਾਹੀਦੀ ਹੈ। ਪਰ ਇੱਥੇ ਤਾਂ ਭਾਸ਼ਾਵਾਂ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣਾ ਵਿਦਿਆਰਥੀਆਂ ਨੂੰ ਭਾਸ਼ਾਵਾਂ ਦੇ ਬੋਝ ਥੱਲੇ ਦੱਬਣਾ ਹੈ ਅਤੇ ਉਹਨਾਂ ਦੀ ਸਿੱਖਣ-ਗ੍ਰਹਿਣ ਕਰਨ ਦੀ ਪ੍ਰਕ੍ਰਿਆ-ਅਮਲ ਨੂੰ ਖੁੰਢਾ ਕਰਨਾ ਹੈ। ਮਾਤਾ ਭਾਸ਼ਾ ਤੋਂ ਬਿਨਾ ਕਿਸੇ ਹੋਰ ਭਾਸ਼ਾ ਦਾ ਲਾਜ਼ਮੀ ਵਿਸ਼ਾ ਬੱਚਿਆਂ ਲਈ ਵਿਸ਼ੇਸ਼ ਕਰਕੇ ਮੁੱਢਲੀ ਵਿੱਦਿਆ 'ਚ ਬੱਚਿਆਂ ਲਈ ਬੋਝ ਅਤੇ ਉਲਝੇਵੇਂ ਦਾ ਕਾਰਨ ਬਣਦਾ ਹੈ। ਇਹ ਇੱਕ ਹਕੀਕਤ ਹੈ ਕਿ ਸਮਾਜ ਦਾ ਵੱਡਾ ਹਿੱਸਾ ਮੁੱਢਲੀ ਵਿੱਦਿਆ ਗ੍ਰਹਿਣ ਕਰਕੇ ਉਸ ਖਿੱਤੇ ਵਿੱਚ ਹੀ ਆਪਣਾ ਰੁਜਗਾਰ ਪ੍ਰਾਪਤ ਕਰਕੇ ਆਪਣਾ ਜੀਵਨ ਬਸਰ ਕਰਨ ਲੱਗਦਾ ਹੈ ਉਸ ਨੂੰ ਸਥਾਨਕ ਬੋਲੀ ਤੋਂ ਬਿਨਾ ਕਿਸੇ ਹੋਰ ਬੋਲੀ ਦੀ ਜਰੂਰਤ ਬਹੁਤ ਘੱਟ ਮਹਿਸੂਸ ਹੁੰਦੀ ਹੈ। ਇਸ ਤੋਂ ਅੱਗੇ ਵਿਦਿਆਰਥੀਆਂ ਨੂੰ ਕਿਸੇ ਵੀ ਹੋਰ ਬੋਲੀ-ਭਾਸ਼ਾ ਨੂੰ ਇੱਕ ਚੋਣਵੇਂ ਵਿਸ਼ੇ ਵਜੋਂ ਗ੍ਰਹਿਣ ਕਰਨ ਦੀ ਹਰ ਸਹੂਲਤ ਉਪਲਬੱਧ ਹੋਣੀ ਚਾਹੀਦੀ ਹੈ।

ਧਰਾਤਲ ਨਾਲੋਂ ਟੁੱਟੀ ਹੋਈ ਸਤਾ ਦਾ ਕੰਮ ਕਾਜ ਪੰਜਾਬੀ ਵਿੱਚ ਨਾ ਹੋ ਕੇ ਮੁਖ ਰੂਪ ਵਿੱਚ ਅੰਗਰੇਜ਼ੀ ਵਿੱਚ ਹੈ, ਇਸ ਕਰਕੇ ਰੁਜਗਾਰ ਪ੍ਰਾਪਤੀ ਲਈ ਕਿਸੇ ਵਿਅਕਤੀ ਦੇ ਹੁਨਰ, ਗਿਆਨ, ਸਿਆਣਪ ਦਾ ਪੈਮਾਨਾ ਅੰਗਰੇਜੀ ਭਾਸ਼ਾ 'ਤੇ ਮੁਹਾਰਤ ਨਾਲ ਹੀ ਮਾਪਿਆ ਜਾਂਦਾ ਹੈ। ਅਗਰ ਕੋਈ ਵੀ ਵਿਅਕਤੀ ਅੰਗਰੇਜੀ 'ਚ ਮੁਹਾਰਤ ਨਹੀਂ ਰੱਖਦਾ, ਉਸਨੂੰ ਦੂਜੇ ਦਰਜੇ ਦਾ ਸਮਝਿਆ ਜਾਂਦਾ ਹੈ ਅਤੇ ਵਿਦਿਆਰਥੀਆਂ ਨੂੰ ਮਾਤ ਭਾਸ਼ਾ ਵਿੱਚ ਚੰਗੇਰੀ ਵਿਦਿਆ ਮਹੁੱਈਆ ਕਰਵਾਉਣ ਦੀ ਬਜਾਏ ਅੰਗੇਰਜੀ ਦਾ ਗਿਆਨ ਦੇਣ ਲਈ ਅੰਗਰੇਜ਼ੀ ਨੂੰ ਇੱਕ ਲਾਜ਼ਮੀ ਵਿਸ਼ਾ ਬਣਾਇਆ ਹੋਇਆ ਹੈ। ਇਓਂ ਬੱਚਿਆਂ ਦੀ ਗਿਆਨ ਪ੍ਰਾਪਤੀ ਅਤੇ ਬੁੱਧੀ ਵਿਕਾਸ ਲਈ ਹੋਰ ਵਿਸ਼ਿਆਂ ਦੇ ਨਾਲ-ਨਾਲ ਤਿੰਨ ਭਾਸ਼ਾਵਾਂ ਦਾ ਬੋਝ ਪਾਇਆ ਹੋਇਆ ਹੈ। ਬੱਚਾ ਮੁੱਢ ਵਿੱਚ ਹੀ ਬੋਲੀਆਂ-ਭਾਸ਼ਾਵਾਂ ਸਿੱਖਣ ਅਤੇ ਸ਼ਬਦਾਂ ਦੇ ਜਾਲ ਵਿੱਚ ਉਲਝ ਜਾਦਾ ਹੈ ਅਤੇ ਆਲੇ ਦੁਆਲੇ ਬਾਰੇ ਸਿੱਖਿਅਤ ਹੋਣ ਅਤੇ ਇਸ ਢੰਗ ਨਾਲ ਉਸਦੇ ਬੁੱਧੀ ਦੇ ਵਿਕਾਸ ਦਾ ਅਮਲ ਦਬਾਅ ਹੇਠ ਆ ਜਾਂਦਾ ਹੈ।

ਕੌਮੀ ਵਿਦਿਅਕ ਨੀਤੀ 2020 ਤਹਿਤ ਤਿੰਨ ਭਾਸ਼ਾਈ ਫਾਰਮੱਲੇ ਤਹਿਤ ਭਾਵੇਂ ਮਾਂ ਬੋਲੀ-ਭਾਸ਼ਾ ਦਾ ਵੀ ਵਰਨਣ ਕੀਤਾ ਹੋਇਆ ਹੈ ਪਰ ਨਾਲ ਹੀ ਅੰਗੇਰਜ਼ੀ ਨੂੰ ਕੌਮਾਂਤਰੀ ਭਾਸ਼ਾ ਅਤੇ ਹਿੰਦੀ ਨੂੰ ਕੌਮੀ ਭਾਸ਼ਾ ਵਜੋਂ ਮਹੱਤਤਾ ਦੇ ਕੇ ਵਿਦਿਅਕ ਢਾਂਚੇ ਵਿੱਚ ਲਾਜ਼ਮੀ ਵੀ ਕੀਤਾ ਹੋਇਆ ਹੈ।

ਇਸ ਸਬੰਧ 'ਚ ਧਿਆਨ ਦੇਣ ਯੋਗ ਕੁੱਝ ਨੁਕਤੇ ਇਹ ਹਨ- ਹਰ ਪੱਧਰ 'ਤੇ ਵਿੱਦਿਆ ਦਾ ਮਾਧਿਅਮ ਮਾਤ ਭਾਸ਼ਾ ਹੋਣਾ ਚਾਹੀਦਾ ਹੈ ਅਤੇ ਰੁਜਗਾਰ ਪ੍ਰਾਪਤੀ ਸਮੇ ਗਿਆਨ-ਬੁੱਧੀ ਦਾ ਮੁਲਾਂਕਣ ਉਸਦੀ ਮਾਤ ਭਾਸ਼ਾ ਵਿੱਚ ਕੀਤਾ ਜਾਣਾ ਚਾਹੀਦਾ ਹੈ। ਕਿਸੇ ਵੀ ਭਾਸ਼ਾ ਨੂੰ ਲਾਜ਼ਮੀ ਵਿਸ਼ੇ ਵਜੋਂ ਨਹੀਂ ਪੜ੍ਹਾਇਆ ਜਾਣਾ ਚਾਹੀਦਾ। ਕਿਸੇ ਬਾਹਰਲ ਸੂਬੇ ਨਾਲ ਸੰਬੰਧਤ ਕਿਸੇ ਵਿਅਕਤੀ ਦੇ ਕਿਸੇ ਹੋਰ ਸੂਬੇ ਅੰਦਰ ਨੌਕਰੀ ਮਿਲਣ ਦੀ ਹਾਲਤ 'ਚ ਸਬੰਧਤ ਸੂਬੇ ਵਿੱਚ ਸਰਕਾਰੀ ਕੰਮਕਾਜ ਲਈ ਉਸ ਲਈ ਭਾਸ਼ਾ ਦੇ ਗਿਆਨ ਦਾ ਮੁਲਾਂਕਣ ਸਿਰਫ ਇੱਕ ਪੇਪਰ ਜਿਵੇ ਦਸਵੀਂ ਪਾਸ ਹੋਣਾ ਉਚਿਤ ਨਹੀਂ ਹੈ, ਸਗੋਂ ਇਸ ਖਾਤਰ ਹੋਰ ਵੱਧ ਵਾਜਬ ਵਿਧੀ ਆਪਣਾਈ ਜਾਣੀ ਚਾਹੀਦੀ ਹੈ, ਕਿਉਂਕਿ ਇਸ ਭ੍ਰਿਸ਼ਟ ਢਾਂਚੇ ਅੰਦਰ ਦਸਵੀਂ ਪਾਸ ਦਾ ਸਰਟੀਫੀਕੇਟ ਹਾਸਲ ਕਰਨ ਵਾਲਾ ਵਿਅਕਤੀ ਜਰੂਰੀ ਨਹੀਂ ਕਿ ਉਸ ਭਾਸ਼ਾ ਦੀ ਅਮਲੀ ਕੰਮਕਾਜੀ ਮੁਹਾਰਤ ਵਾਲਾ ਵੀ ਹੋਵੇ।

ਇਹ ਵੀ ਕੋਈ ਘੱਟ ਅਹਿਮੀਅਤ ਵਾਲੀ ਗੱਲ ਨਹੀਂ ਹੈ ਕਿ ਵਿਕਾਸ ਕਾਰਨ ਲੋਕਾਂ ਦੇ ਆਪਸੀ ਮੇਲਜੋਲ ਵਧਦੇ ਜਾਣ ਕਾਰਨ ਵੱਖ ਵੱਖ ਇਲਾਕਿਆਂ ਅਤੇ ਰਲੀ ਮਿਲੀ ਆਬਾਦੀ ਦੇ ਖ਼ਿੱਤਿਆਂ ਅਤੇ ਸ਼ਹਿਰਾਂ ਜਿਵੇਂ ਚੰਡੀਗੜ, ਦਿੱਲੀ ਆਦਿ ਵਰਗੇ ਸ਼ਹਿਰਾਂ/ਇਲਾਕਿਆਂ ਵਿੱਚ ਵੱਖ ਵੱਖ ਬੋਲੀਆਂ ਬੋਲਦੇ ਲੋਕਾਂ ਦੇ ਉਹਨਾਂ ਖਿੱਤਿਆਂ ਅੰਦਰ ਵਸੇਬੇ ਕਾਰਨ ਉਹਨਾਂ ਭਾਈਚਾਰਿਆਂ ਦੇ ਬੱਚਿਆਂ ਲਈ ਉਹਨਾਂ ਦੀ ਮਾਤ-ਭਾਸ਼ਾ ਵਿੱਚ

ਬਤੌਰ ਮਾਧਿਅਮ ਅਤੇ ਭਾਸ਼ਾ ਦੇ ਗਿਆਨ ਦੇਣ ਦਾ ਪ੍ਰਬੰਧ ਸਰਕਾਰੀ ਤੌਰ 'ਤੇ ਕੀਤਾ ਜਾਣਾ ਚਾਹੀਦਾ ਹੈ। ਭਾਸ਼ਾ ਆਧਾਰਤ ਸੂਬਿਆਂ ਦੇ ਗਠਨ ਸਮੇਂ ਜੋ ਊਣਤਾਈਆਂ ਰਹਿ ਗਈਆਂ ਹਨ, ਉਹਨਾਂ ਨੂੰ ਦੂਰ ਕਰਨਾ ਚਾਹੀਦਾ ਹੈ ਅਤੇ ਫਿਰ ਵੀ ਜੇ ਕਿਸੇ ਬਲਾਕ, ਜ਼ਿਲ੍ਹੇ ਵਿੱਚ ਕੋਈ ਹੋਰ ਮਾਤਭਾਸ਼ਾ ਬੋਲਣ ਵਾਲੇ ਲੋਕਾਂ ਦੀ ਬਹੁਗਿਣਤੀ ਬਣਦੀ ਹੈ ਤਾਂ ਉਸ ਇਲਾਕੇ ਦਾ ਸਰਕਾਰੀ ਕੰਮ ਕਾਜ ਉਨ੍ਹਾਂ ਦੀ ਭਾਸ਼ਾ ਵਿੱਚ ਕੀਤਾ ਜਾਣਾ ਚਾਹੀਦਾ ਹੈ ਅਤੇ ਉਹਨਾਂ ਦੇ ਬੱਚਿਆਂ ਲਈ ਵਿੱਦਿਆ ਵੀ ਉਹਨਾਂ ਦੀ ਬੋਲੀ 'ਚ ਕਰਵਾਏ ਜਾਣ ਦੇ ਬੰਦੋਬਸਤ ਕੀਤੇ ਜਾਣੇ ਚਾਹੀਦੇ ਹਨ ਭਾਵੇਂ ਕਿ ਉਸ ਖਾਸ ਇਲਾਕੇ 'ਚ ਅਜਿਹੇ ਬੱਚਿਆਂ ਦੀ ਗਿਣਤੀ 20-25 ਵੀ ਕਿਉਂ ਨਾ ਹੋਵੇ। ਕਿਸੇ ਵੀ ਭਾਸ਼ਾ ਨੂੰ ਠੋਸੇ ਜਾਣ ਨਾਲ ਲੋਕਾਂ ਦਰਮਿਆਨ ਅਲਹਿਦਗੀ ਦੇ ਵਿਚਾਰ ਪਣਪਦੇ ਹਨ, ਰਾਸ਼ਟਰੀ ਇੱਕਮੁੱਠਤਾ ਕਮਜ਼ੋਰ ਪੈਂਦੀ ਹੈ। ਇਸ ਸਚਾਈ ਨੂੰ ਜੋਰ ਨਾਲ ਪੱਲੇ ਬੰਨ੍ਹਣ ਦੀ ਲੋੜ ਹੈ ਕਿ ਕੋਈ ਬੋਲੀ-ਭਾਸ਼ਾ ਭਾਵੇਂ ਕਿੰਨੇ ਵੀ ਘੱਟ ਲੋਕਾਂ, ਕਿੰਨੀ ਵੀ ਘੱਟ ਵਿਕਸਤ ਕਿਓਂ ਨਾ ਹੋਵੇ, ਭਾਵੇਂ ਉਸਦੀ ਲਿਪੀ ਦੀ ਵੀ ਅਣਹੋਂਦ ਹੋਵੇ, ਉਸਦੀ ਮਹੱਤਤਾ ਨੂੰ ਘਟਾਕੇ ਨਹੀਂ ਦੇਖਿਆ ਜਾਣਾ ਚਾਹੀਦਾ ਅਤੇ ਉਸ ਨਾਲ ਬਰਾਬਰਤਾ ਦਾ ਸਲੂਕ ਕੀਤਾ ਜਾਣਾ ਚਾਹੀਦਾ ਹੈ।

ਇੱਕ ਹੋਰ ਮਸਲਾ ਸਾਨੂੰ ਧਿਆਨ 'ਚ ਰੱਖਣ ਦੀ ਲੋੜ ਹੈ। ਸਾਡੇ ਮੁਲਕ ਅੰਦਰ ਬੋਲੀਆਂ ਲਿਖੀਆਂ ਜਾਂਦੀਆਂ ਭਾਸ਼ਾਵਾਂ ਦੀ ਗਿਣਤੀ ਵਧੇਰੇ ਹੋਣ ਨੂੰ ਇੱਕ ਨਾਂਹ ਪੱਖੀ ਕਾਰਕ ਦੇ ਰੂਪ 'ਚ ਪੇਸ਼ ਕੀਤਾ ਜਾ ਰਿਹਾ ਹੈ। ਜੋ ਕਿ ਅਸਲ 'ਚ ਨਹੀਂ ਹੈ। ਪਰ ਸਾਨੂੰ ਯੂਰਪ ਦੇ ਇੱਕ ਨਿੱਕੇ ਜਿਹੇ ਮੁਲਕ ਸਵਿਟਜ਼ਰਲੈਂਡ ਤੋਂ ਸੇਧ ਲੈਣੀ ਚਾਹੀਦੀ ਹੈ ਜਿਸ ਨੇ ਅੱਜ ਤੋਂ 100 ਪਹਿਲਾਂ ਹੀ ਭਾਸ਼ਾ ਦੇ ਸਵਾਲ ਨੂੰ ਹੱਲ ਕਰ ਲਿਆ ਹੋਇਆ ਹੈ। ਉਸ ਮੁਲਕ ਅੰਦਰ ਇੱਕ ਨਹੀਂ, ਦੋ ਨਹੀਂ ਬਲਕਿ ਤਿੰਨ-ਤਿੰਨ ਸਰਕਾਰੀ ਜ਼ੁਬਾਨਾਂ ਹਨ- ਜਰਮਨ, ਫਰਾਂਸੀਸੀ ਤੇ ਇਤਾਲਵੀ। ਹਕੀਕਤ ਇਹ ਹੈ ਕਿ ਸਵਿਟਜ਼ਰਲੈਂਡ ਦੀ 70ਫੀਸਦੀ ਵਸੋਂ ਜਰਮਨ ਹੈ ਅਤੇ 7ਫੀਸਦੀ ਇਤਾਲਵੀ। ਉਥੇ ਕਿਸੇ ਵੀ ਭਾਸ਼ਾ ਨੂੰ ਹੋਰਨਾਂ 'ਤੇ ਨਾ ਥੋਪਕੇ ਭਾਸ਼ਾ ਦੇ ਮਸਲੇ ਨੂੰ ਇੱਕ ਜਮਹੂਰੀ ਤਰੀਕੇ ਨਾਲ ਹੱਲ ਕਰ ਲਿਆ ਗਿਆ ਹੈ। ਅੱਜ ਤਾਂ ਉੱਚ ਦਰਜੇ ਦੀ ਤਕਨੀਕ ਉਪਲਭਦ ਹੈ ਜਿਸਦੀ ਮੱਦਦ ਨਾਲ ਕੋਈ ਜਣਾ ਕਿਸੇ ਵੀ ਹੋਰ ਭਾਸ਼ਾ ਵਿੱਚ ਹਾਸਲ ਜਾਣਕਾਰੀ ਨੂੰ ਆਪਣੀ ਮਾਤਭਾਸ਼ਾ ਵਿੱਚ ਪ੍ਰਾਪਤ ਕਰ ਸਕਦਾ ਹੈ ਅਤੇ ਆਉਣ ਵਾਲੇ ਸਮੇਂ 'ਚ ਹੋਣ ਵਾਲੇ ਅਗਲੇਰੇ ਵਿਕਾਸ ਨੇ ਇਸ ਮਸਲੇ ਨੂੰ ਹੋਰ ਸਰਲ ਢੰਗ ਨਾਲ ਅਤੇ ਹੋਰ ਵਧੇਰੇ ਪਹੁੰਚ ਵਾਲਾ ਬਣਾ ਦੇਣਾ ਹੈ।

ਇੱਕ ਹੋਰ ਮਸਲਾ ਨਵੇਂ-ਨਵੇਂ ਲਫ਼ਜ਼ਾਂ ਨੂੰ ਭਾਸ਼ਾ ਅੰਦਰ ਸਮੋਣ ਨਾਲ ਜੁੜਿਆ ਹੋਇਆ ਹੈ। ਸਨਅਤੀ ਵਿਕਾਸ ਹੋ ਜਾਣ ਕਾਰਨ ਹੋਂਦ 'ਚ ਆਏ ਨਵੇਂ ਲਫ਼ਜ਼ਾਂ ਤੇ ਲਕਬਾਂ ਨੂੰ ਸਬੰਧਤ ਭਾਸ਼ਾ ਵਿੱਚ ਸਮੋਣ ਨਾਲ ਭਾਸ਼ਾ ਕਮਜੋਰ ਨਹੀਂ ਹੁੰਦੀ ਬਲਕਿ ਹੋਰ ਵਧੇਰੇ ਉੱਨਤ ਹੀ ਹੁੰਦੀ ਹੈ। ਦੁਨੀਆਂ ਦੀਆਂ ਉੱਨਤ ਭਾਸ਼ਾਵਾਂ ਅਤੇ ਵਿਕਸਤ ਕੌਮੀਅਤਾਂ ਹੋਰਨਾਂ ਭਾਸ਼ਾਵਾਂ ਦੇ ਸ਼ਬਦ ਆਪਣੇ ਵਿੱਚ ਸਮੋਂਦੀਆਂ ਆਈਆਂ ਹਨ, ਹਰ ਬੋਲੀ ਦੀ ਆਪਣੀ ਵਿਲੱਖਣਤਾ ਹੁੰਦੀ ਹੈ, ਆਪਣਾ ਖਾਸਾ ਹੁੰਦਾ ਹੈ। ਜਮਹੂਰੀ ਤਰਜ਼ 'ਤੇ ਮਨੁੱਖ ਦੇ ਬੁੱਧੀ ਵਿਕਾਸ ਹੋ ਜਾਣ ਨਾਲ ਭਾਸ਼ਾ ਪ੍ਰਤੀ ਕੱਟੜਤਾ ਘਟਦੀ ਜਾਣੀ ਹੈ। ਇੱਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਮੁਲਕ ਦੇ ਅਜਾਦੀ ਸੰਗਰਾਮ ਦੇ ਘੁਲਾਟੀਆਂ ਨੇ ਮੁਲਕ ਭਰ ਅੰਦਰ ਆਪਸੀ ਆਦਾਨਪ੍ਰਦਾਨ ਦੇ ਮਕਸਦ ਨਾਲ ਇੱਕ ਹਿੰਦੋਸਤਾਨੀ ਭਾਸ਼ਾ ਨੂੰ ਵਿਕਸਤ ਕਰਨ ਦਾ ਤਹੱਈਆ ਕੀਤਾ ਸੀ ਜਿਹੜੀ ਹਰ ਥਾਂ ਸਮਝੀ ਜਾ ਸਕਦੀ ਸੀ। ਪਰ 1947 ਤੋਂ ਬਾਅਦ ਦੇ ਹਾਕਮਾਂ ਨੇ ਹਿੰਦੋਸਤਾਨੀ ਭਾਸ਼ਾ ਦਾ ਬਦਲ ਹਿੰਦੀ ਕਰ ਦਿੱਤਾ ਹੈ, ਜਿਸ ਦਾ ਕਿ ਅੱਗੋਂ ਸੰਸਕ੍ਰਿਤੀਕਰਨ ਕੀਤਾ ਜਾ ਰਿਹਾ ਹੈ ਜਿਹੜਾ ਕਿ ਸਰਾਸਰ ਗੈਰ ਜਮਹੂਰੀ ਹੈ।

ਹਾਕਮਾਂ ਵੱਲੋਂ ਆਪਣੇ ਮਨ ਮਾਫਕ ਤੇ ਆਪਣੀਆਂ ਆਰਥਕ ਲੋੜਾਂ ਤਹਿਤ ਜਿਵੇਂ ਹੋਰ ਗੈਰ ਜਮਹੂਰੀ ਕਦਮ ਚੁੱਕੇ ਜਾਂਦੇ ਹਨ ਉਵੇਂ ਹੀ ਜਮਹੂਰੀ ਚੇਤਨਾ ਪ੍ਰਦਾਨ ਕਰਨ ਦੇ ਮਾਮਲੇ 'ਚ ਬਹੁਤ ਹੀ ਅਹਿਮੀਅਤ ਰੱਖਣ ਵਾਲੇ ਵਿੱਦਿਅਕ ਖੇਤਰ ਅੰਦਰ ਅਤੇ ਉਹ ਵੀ ਭਾਸ਼ਾ ਦੇ ਖੇਤਰ 'ਚ ਅਮਲ 'ਚ ਲਿਆਂਦੇ ਜਾ ਰਹੇ ਹਨ। ਇਹਨਾਂ ਵੱਲੋਂ ਚੁੱਕੇ ਗਏ ਅਜਿਹੇ ਕਦਮ ਇੱਕ ਅਜਿਹੀ ਸੋਚ ਦਾ ਮੁਜ਼ਾਹਰਾ ਕਰਦੇ ਹਨ ਜਿਹੜੀ ਕਿ ਜ਼ਿੰਦਗੀ ਦੇ ਹਰ ਮੁਆਸ਼ਿਰੇ ਨੂੰ ਆਪਣੇ ਰੰਗ 'ਚ ਰੰਗਣ ਵੱਲ ਵਧ ਰਹੀ ਹੈ। ਅਜਿਹੇ ਫਾਸ਼ੀਵਾਦੀ ਕਦਮਾਂ ਦਾ ਹਰ ਪੱਧਰ 'ਤੇ ਜ਼ੋਰਦਾਰ ਵਿਰੋਧ ਕੀਤੇ ਜਾਣ ਦੀ ਬਹੁਤ ਜ਼ਰੂਰਤ ਹੈ।

# ਆਦਿਵਾਸੀ ਇਲਾਕਿਆਂ ਵਿਚ ਕਤਲੇਆਮ ਵਿਰੁੱਧ

## ਲੋਕ-ਜਮਹੂਰੀ ਜਥੇਬੰਦੀਆਂ, ਬੁੱਧੀਜੀਵੀਆਂ, ਲੇਖਕਾਂ, ਕਲਾਕਾਰਾਂ, ਵਕੀਲਾਂ, ਪੱਤਰਕਾਰਾਂ ਅਤੇ ਲੋਕਪੱਖੀ ਅਗਾਂਹਵਧੂ ਸੰਸਥਾਵਾਂ ਨੂੰ ਅਪੀਲ

ਸਾਥੀਓ, ਆਰ.ਐੱਸ.ਐੱਸ.-ਭਾਜਪਾ ਸਰਕਾਰ ਨੇ ਭਾਰਤ ਦੇ ਜੰਗਲੀ-ਪਹਾੜੀ ਇਲਾਕਿਆਂ ਨੂੰ ਪੂਰੀ ਤਰ੍ਹਾਂ ਕਾਰਪੋਰੇਟ ਸਰਮਾਏਦਾਰੀ ਦੇ ਹਵਾਲੇ ਕਰਨ ਅਤੇ ਉੱਥੋਂ ਦੇ ਲੋਕ ਸੰਘਰਸ਼ਾਂ ਨੂੰ ਕੁਚਲਣ ਲਈ ਅਤਿਅੰਤ ਕਰੂਰ ਫ਼ੌਜੀ ਹਮਲਾ ਵਿੱਢਿਆ ਹੋਇਆ ਹੈ। ਛੱਤੀਸਗੜ੍ਹ ਵਿਚ 'ਓਪਰੇਸ਼ਨ ਕਗਾਰ' ਅਤੇ ਹੋਰ ਓਪਰੇਸ਼ਨ ਇਸ ਹਮਲੇ ਦਾ ਸਭ ਤੋਂ ਖ਼ੂਨੀ ਰੂਪ ਹਨ ਜਿਨ੍ਹਾਂ ਦੇ ਤਹਿਤ ਜਨਵਰੀ 2024 ਤੋਂ ਲੈ ਕੇ ਹੁਣ ਤੱਕ ਬਸਤਰ ਖੇਤਰ ਵਿਚ ਸਾਢੇ ਚਾਰ ਸੌ ਤੋਂ ਵੱਧ ਮਾਓਵਾਦੀ ਇਨਕਲਾਬੀਆਂ ਅਤੇ ਆਦਿਵਾਸੀਆਂ ਨੂੰ ਕਤਲ ਕੀਤਾ ਗਿਆ ਹੈ। ਇਹ ਸਭ 31 ਮਾਰਚ 2026 ਤੱਕ ਭਾਰਤ ਨੂੰ 'ਨਕਸਲ-ਮੁਕਤ' ਬਣਾਉਣ ਦੇ ਐਲਾਨੀਆ ਫਾਸ਼ੀਵਾਦੀ ਟੀਚੇ ਤਹਿਤ ਕੀਤਾ ਜਾ ਰਿਹਾ ਹੈ। ਡਰੋਨਾਂ, ਹੈਲੀਕਾਪਟਰਾਂ ਅਤੇ ਅਤਿ-ਆਧੁਨਿਕ ਫ਼ੌਜੀ ਹਥਿਆਰਾਂ ਨਾਲ ਲੈਸ ਵੀਹ-ਪੰਝੀ ਹਜ਼ਾਰ ਨੀਮ-ਫ਼ੌਜੀ ਤਾਕਤਾਂ ਅਤੇ ਵਿਸ਼ੇਸ਼ ਪੁਲਿਸ ਵੱਲੋਂ ਇਕ-ਦੋ ਦਰਜਨ ਮਾਓਵਾਦੀਆਂ ਨੂੰ ਘੇਰਾ ਪਾ ਕੇ ਗ੍ਰਿਫ਼ਤਾਰ ਕਰਨਾ ਅਤੇ ਫਿਰ ਉਨ੍ਹਾਂ ਨੂੰ ਬੇਰਹਿਮੀ ਨਾਲ ਕਤਲ ਕਰਕੇ 'ਮੁਕਾਬਲੇ' ਵਿਚ ਮਰੇ ਦਿਖਾ ਦੇਣਾ ਆਮ ਗੱਲ ਬਣ ਚੁੱਕੀ ਹੈ। ਅਣਐਲਾਨੀਆਂ ਸਖ਼ਤ ਪਾਬੰਦੀਆਂ ਕਾਰਨ ਮਨੁੱਖੀ-ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਅਤੇ ਖੋਜੀ ਪੱਤਰਕਾਰ ਇਨ੍ਹਾਂ 'ਮੁਕਾਬਲਿਆਂ' ਦੀ ਸੁਤੰਤਰ ਜਾਂਚ ਨਹੀਂ ਕਰ ਸਕਦੇ। ਇੰਨਾ ਹੀ ਨਹੀਂ, ਇਨ੍ਹਾਂ ਕਤਲੇਆਮਾਂ ਨੂੰ ਅੰਜਾਮ ਦੇਣ ਵਾਲੇ 'ਕਾਨੂੰਨ ਦੇ ਰਾਖੇ' ਕਥਿਤ ਇਨਾਮੀ ਮਾਓਵਾਦੀਆਂ ਦਾ ਸਫ਼ਾਇਆ ਕਰਨ ਦੀ ਖ਼ੁਸ਼ੀ 'ਚ ਭੰਗੜੇ ਪਾਉਂਦੇ ਹਨ, ਇਸਦੇ ਵੀਡੀਓ ਕਲਿੱਪ ਸੋਸ਼ਲ ਮੀਡੀਆ ਤੇ ਨਿਊਜ਼ ਚੈਨਲਾਂ ਉੱਪਰ ਦਿਖਾਏ ਜਾਂਦੇ ਹਨ ਅਤੇ ਕੇਂਦਰੀ ਗ੍ਰਹਿ ਮੰਤਰੀ ਤੇ ਪ੍ਰਧਾਨ ਮੰਤਰੀ ਉਨ੍ਹਾਂ ਨੂੰ 'ਇਤਿਹਾਸਕ ਸਫ਼ਲਤਾ' ਲਈ ਵਧਾਈ ਦਿੰਦੇ ਹਨ। ਕਥਿਤ ਇਨਾਮੀ ਨਕਸਲੀਆਂ ਨੂੰ ਗ੍ਰਿਫਤਾਰ ਕਰਕੇ ਕਾਨੂੰਨੀ ਕਾਰਵਾਈ ਕਰਨ ਦੀ ਬਜਾਏ ਹਕੂਮਤ ਨੇ ਉਨ੍ਹਾਂ ਦੇ ਸਿਰਾਂ ਦੇ ਮੁੱਲ ਰੱਖਕੇ ਪੁਲਿਸ ਅਤੇ ਨੀਮ-ਫ਼ੌਜੀ ਤਾਕਤਾਂ ਨੂੰ ਗ਼ੈਰਅਦਾਲਤੀ ਕਤਲਾਂ ਲਈ ਉਕਸਾਉਣ ਅਤੇ ਉਤਸ਼ਾਹਤ ਕਰਨ ਦੀ ਫਾਸ਼ੀਵਾਦੀ ਨੀਤੀ ਅਖ਼ਤਿਆਰ ਕੀਤੀ ਹੋਈ ਹੈ।

**ਇਸ ਖ਼ੂਨੀ ਜੰਗ ਦੇ ਅਸਲ ਮਨੋਰਥ ਨੂੰ ਸਮਝੋ:** ਭਾਰਤੀ ਰਾਜ ਵੱਲੋਂ ਆਪਣੇ ਹੀ ਲੋਕਾਂ ਵਿਰੁੱਧ ਇਹ ਖ਼ੂਨੀ ਜੰਗ ਆਖਿਰ ਕਿਉਂ ਲੜੀ ਜਾ ਰਹੀ ਹੈ? ਫਾਸ਼ੀਵਾਦੀ ਹਕੂਮਤ ਅਤੇ ਗੋਦੀ ਮੀਡੀਆ ਇਹ ਪ੍ਰਚਾਰ ਰਹੇ ਹਨ ਕਿ 'ਮਾਓਵਾਦੀ ਸੰਵਿਧਾਨ ਨੂੰ ਨਹੀਂ ਮੰਨਦੇ' ਅਤੇ ਹਥਿਆਰਬੰਦ ਇਨਕਲਾਬ ਰਾਹੀਂ 'ਸੰਵਿਧਾਨਕ ਤੌਰ 'ਤੇ ਚੁਣੀ ਹੋਈ' ਸਰਕਾਰ ਨੂੰ ਉਲਟਾਉਣਾ ਚਾਹੁੰਦੇ ਹਨ। ਕਿ ਮਾਓਵਾਦੀ ਆਦਿਵਾਸੀ ਇਲਾਕਿਆਂ ਦਾ 'ਵਿਕਾਸ' ਨਹੀਂ ਹੋਣ ਦਿੰਦੇ, ਸਰਕਾਰ ਇਨ੍ਹਾਂ ਇਲਾਕਿਆਂ ਦਾ ਵਿਕਾਸ ਕਰਨ ਲਈ 'ਲਾਲ ਆਤੰਕ' ਨੂੰ ਖ਼ਤਮ ਕਰ ਰਹੀ ਹੈ।

ਇਹ ਕਤਲੇਆਮ ਨੂੰ ਵਾਜਬ ਠਹਿਰਾਉਣ ਲਈ ਘੜਿਆ ਪੂਰੀ ਤਰ੍ਹਾਂ ਝੂਠਾ ਬਿਰਤਾਂਤ ਹੈ। ਪਹਿਲਾਂ ਤਾਂ ਸਰਕਾਰ ਤੋਂ ਇਹ ਜਵਾਬ ਮੰਗਣਾ ਚਾਹੀਦਾ ਹੈ ਕਿ ਜਿੱਥੇ ਮਾਓਵਾਦੀ ਲਹਿਰ ਨਹੀਂ ਹੈ, ਉਨ੍ਹਾਂ ਰਾਜਾਂ ਵਿਚ 'ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ' ਦਾ ਵਿਕਾਸ ਕਿਉਂ ਨਹੀਂ ਪਹੁੰਚਿਆ! ਦੂਜਾ, 'ਕਾਨੂੰਨ ਦੇ ਰਾਜ' ਦੇ ਦਾਅਵੇ ਕਰਨ ਵਾਲੀ ਹਕੂਮਤ ਗ੍ਰਿਫ਼ਤਾਰ ਮਾਓਵਾਦੀਆਂ ਨੂੰ ਅਦਾਲਤਾਂ ਵਿਚ ਪੇਸ਼ ਕਰਨ ਅਤੇ ਕਾਨੂੰਨੀ ਪ੍ਰਕਿਰਿਆ ਰਾਹੀਂ ਉਨ੍ਹਾਂ ਦੇ ਦੋਸ਼ ਸਾਬਤ ਕਰਨ ਦੀ ਬਜਾਏ ਗ਼ੈਰਅਦਾਲਤੀ ਕਤਲ ਕਰਕੇ ਕੀ ਸੰਵਿਧਾਨ ਨੂੰ ਲਾਗੂ ਕਰ ਰਹੀ ਹੈ? ਕੀ ਸੰਵਿਧਾਨ ਸਰਕਾਰ ਨੂੰ 'ਨਕਸਲ-ਮੁਕਤ ਭਾਰਤ' ਦਾ ਟੀਚਾ ਮਿੱਥਕੇ ਮਹਿਜ਼ ਵਿਚਾਰਾਂ ਦੇ ਆਧਾਰ 'ਤੇ ਮਾਓਵਾਦੀਆਂ ਨੂੰ ਮਾਰਨ, ਉਨ੍ਹਾਂ ਦੀਆਂ ਲਾਸ਼ਾਂ ਦੀ ਬੇਹੁਰਮਤੀ ਕਰਨ, ਜਨਤਕ ਅਤੇ ਸਿਆਸੀ ਜਥੇਬੰਦੀਆਂ ਨੂੰ ਪਾਬੰਦੀਸ਼ੁਦਾ ਐਲਾਨਕੇ ਕੁਚਲਣ ਅਤੇ ਲੋਕਾਂ ਦੇ ਹੱਕਾਂ ਦੀ ਗੱਲ ਕਰਨ ਵਾਲੇ ਬੁੱਧੀਜੀਵੀਆਂ ਤੇ ਹੱਕਾਂ ਦੇ ਹੋਰ ਪਹਿਰੇਦਾਰਾਂ ਨੂੰ 'ਸ਼ਹਿਰੀ ਨਕਸਲੀ' ਕਰਾਰ ਦੇ ਕੇ ਜੇਲ੍ਹਾਂ ਵਿਚ ਸੁੱਟਣ ਦਾ ਅਧਿਕਾਰ ਦਿੰਦਾ ਹੈ? ਮਾਓਵਾਦੀ ਪਾਰਟੀ ਕਈ ਵਾਰ ਗੱਲਬਾਤ ਦੀ ਪੇਸ਼ਕਸ਼ ਕਰ ਚੁੱਕੀ ਹੈ ਪਰ ਕੇਂਦਰ ਸਰਕਾਰ ਵੱਲੋਂ ਗੱਲਬਾਤ ਨੂੰ ਹੁੰਗਾਰਾ ਦੇਣ ਦੀ ਬਜਾਏ ਸਗੋਂ ਮਾਓਵਾਦੀ ਆਗੂਆਂ ਅਤੇ ਕਾਡਰਾਂ ਦੇ ਕਤਲੇਆਮ ਵਿਚ ਹੋਰ ਤੇਜ਼ੀ ਲਿਆਉਣ ਤੋਂ ਸਪਸ਼ਟ ਹੈ ਕਿ ਮਸਲਿਆਂ ਦਾ ਹੱਲ ਹਕੂਮਤ ਲਈ ਕੋਈ ਮਾਇਨੇ ਨਹੀਂ ਰੱਖਦਾ ਕਿਉਂਕਿ ਇਸਦਾ ਇੱਕੋਇਕ ਮਨੋਰਥ ਨੰਗੀ ਦਹਿਸ਼ਤ ਦਾ ਰਾਜ ਸਥਾਪਤ ਕਰਨਾ ਹੈ।

ਹਕੀਕਤ ਇਹ ਹੈ ਕਿ ਆਦਿਵਾਸੀ ਖੇਤਰ, ਖ਼ਾਸ ਕਰਕੇ ਬਸਤਰ ਦੇ ਜੰਗਲਾਂ-ਪਹਾੜਾਂ ਹੇਠ ਵਡਮੁੱਲੇ ਕੁਦਰਤੀ ਖਣਿਜ ਪਦਾਰਥਾਂ ਦੇ ਭੰਡਾਰ ਹਨ ਜਿਨ੍ਹਾਂ ਉੱਪਰ ਵਿਦੇਸ਼ੀ-ਦੇਸੀ ਕਾਰਪੋਰੇਟ ਸਰਮਾਏਦਾਰੀ ਦੀ ਗਿਰਝ ਨਜ਼ਰ ਟਿਕੀ ਹੋਈ ਹੈ। ਸਰਕਾਰਾਂ ਨੇ ਵਿਦੇਸ਼ੀ-ਦੇਸੀ ਕਾਰਪੋਰੇਟਾਂ ਨਾਲ ਖਣਨ ਪ੍ਰੋਜੈਕਟਾਂ ਦੇ ਸੈਂਕੜੇ ਇਕਰਾਰਨਾਮੇ ਕੀਤੇ ਹੋਏ ਹਨ। ਇਹ 'ਵਿਕਾਸ' ਨਹੀਂ ਦਰਅਸਲ 'ਵਿਨਾਸ਼' ਦੇ ਪ੍ਰੋਜੈਕਟ ਹਨ ਕਿਉਂਕਿ ਨਾ ਇਸ ਕਥਿਤ ਵਿਕਾਸ ਦਾ ਉਦੇਸ਼ ਆਦਿਵਾਸੀਆਂ ਤੇ ਹੋਰ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣਾ ਹੈ ਅਤੇ ਨਾ ਇਨ੍ਹਾਂ ਪ੍ਰੋਜੈਕਟਾਂ ਲਈ ਆਦਿਵਾਸੀਆਂ ਦੀ ਸਹਿਮਤੀ ਲਈ ਜਾ ਰਹੀ ਹੈ। ਆਦਿਵਾਸੀ ਖੇਤਰਾਂ ਨੂੰ ਸੰਵਿਧਾਨ ਦੀ ਪੰਜਵੀਂ ਅਨੁਸੂਚੀ ਅਤੇ ਹੋਰ ਵਿਸ਼ੇਸ਼ ਸੰਵਿਧਾਨਕ ਵਿਵਸਥਾਵਾਂ ਤਹਿਤ ਵਿਸ਼ੇਸ਼ ਤੌਰ 'ਤੇ ਸੁਰੱਖਿਆ ਦਿੱਤੀ ਗਈ ਹੈ। ਕਿਸੇ ਵੀ ਪ੍ਰੋਜੈਕਟ ਲਈ ਆਦਿਵਾਸੀਆਂ ਦੀ ਜ਼ਮੀਨ ਗ੍ਰਾਮ ਸਭਾਵਾਂ ਦੀ ਮਨਜ਼ੂਰੀ ਤੋਂ ਬਿਨਾਂ ਐਕਵਾਇਰ ਨਹੀਂ ਕੀਤੀ ਜਾ ਸਕਦੀ। ਆਦਿਵਾਸੀਆਂ ਦੇ ਨਾਂ 'ਤੇ ਬਣਾਏ ਤਮਾਮ ਕਾਨੂੰਨਾਂ ਦੀਆਂ ਧੱਜੀਆਂ ਉਡਾਕੇ ਚਾਰ-ਛੇ ਮਾਰਗੀ ਸੜਕਾਂ ਅਤੇ ਸੁਰੱਖਿਆ ਕੈਂਪਾਂ ਦਾ ਜਾਲ ਵਿਛਾਉਣ ਦਾ ਇੱਕੋਇਕ ਮਨੋਰਥ ਆਦਿਵਾਸੀਆਂ ਦੇ ਜਲ-ਜੰਗਲ-ਜ਼ਮੀਨਾਂ ਹਥਿਆਉਣਾ ਹੈ। ਆਦਿਵਾਸੀਆਂ ਨੂੰ ਪਤਾ ਹੈ ਕਿ ਖਣਨ ਪ੍ਰੋਜੈਕਟ ਉਨ੍ਹਾਂ ਦੀ ਤਬਾਹੀ ਦੇ ਵਾਰੰਟ ਹਨ ਇਸ ਲਈ ਉਹ ਇਨ੍ਹਾਂ ਪ੍ਰੋਜੈਕਟਾਂ ਵਿਰੁੱਧ ਜਾਨ-ਹੂਲਵੀਂ ਲੜਾਈ ਲੜ ਰਹੇ ਹਨ। ਉਨ੍ਹਾਂ ਇਲਾਕਿਆਂ ਵਿਚ ਦਹਾਕਿਆਂ ਤੋਂ ਕੰਮ ਕਰ ਰਹੇ ਮਾਓਵਾਦੀ, ਆਦਿਵਾਸੀਆਂ ਨਾਲ ਮਿਲਕੇ ਇਨ੍ਹਾਂ ਪ੍ਰੋਜੈਕਟਾਂ ਵਿਰੁੱਧ ਸੰਘਰਸ਼ ਕਰ ਰਹੇ ਹਨ। ਜਿੱਥੇ ਮਾਓਵਾਦੀ ਲਹਿਰ ਮੌਜੂਦ ਨਹੀਂ, ਅਤੇ ਜਿੱਥੇ ਸੰਘਰਸ਼ ਪੂਰੀ ਤਰ੍ਹਾਂ ਸ਼ਾਂਤੀਪੂਰਨ ਹਨ, ਉੱਥੇ ਵੀ ਹਕੂਮਤ ਆਦਿਵਾਸੀਆਂ ਤੇ ਹੋਰ ਦੱਬੇਕੁਚਲੇ ਦੀ ਹੱਕ-ਜਤਾਈ ਨੂੰ ਇਸੇ ਤਰ੍ਹਾਂ ਵਹਿਸ਼ੀ ਜਬਰ ਨਾਲ ਕੁਚਲ ਰਹੀ ਹੈ। 'ਮੂਲਵਾਸੀ ਬਚਾਓ ਮੰਚ' ਵਰਗੇ ਸ਼ਾਂਤਮਈ ਅੰਦੋਲਨਾਂ ਨੂੰ ਸਿਰਫ਼ ਇਸ ਕਰਕੇ ਗ਼ੈਰਕਾਨੂੰਨੀ ਕਰਾਰ ਦੇ ਦਿੱਤਾ ਜਾਂਦਾ ਹੈ ਕਿ ਲੋਕਾਂ ਕੋਲ ਕਾਰਪੋਰੇਟ ਪ੍ਰੋਜੈਕਟਾਂ ਦੇ ਜਨਤਕ ਵਿਰੋਧ ਲਈ ਕੋਈ ਜਥੇਬੰਦੀ ਨਾ ਰਹਿਣ ਦਿੱਤੀ ਜਾਵੇ। ਨਿਆਮਗਿਰੀ (ਉੜੀਸਾ) ਆਦਿਵਾਸੀ ਸੰਘਰਸ਼ ਅਤੇ ਕੁਦਰਤੀ ਚੌਗਿਰਦੇ ਨੂੰ ਬਚਾਉਣ ਲਈ ਹੋਰ ਬਹੁਤ ਸਾਰੇ ਪੁਰਅਮਨ ਸੰਘਰਸ਼ਾਂ ਉੱਪਰ ਜਬਰ ਇਸ ਦੀਆਂ ਉੱਘੜਵੀਂਆਂ ਮਿਸਾਲਾਂ ਹਨ। ਆਦਿਵਾਸੀਆਂ ਅਤੇ ਇਨਕਲਾਬੀ-ਜਮਹੂਰੀ ਲਹਿਰ ਵਿਰੁੱਧ ਸੇਧਤ ਇਹ ਜਾਬਰ ਹੱਲਾ ਦਿਨੋਦਿਨ ਹੋਰ ਵੀ ਤਿੱਖਾ ਅਤੇ ਤੇਜ਼ ਹੋ ਰਿਹਾ ਹੈ। ਇਹੀ ਜਾਬਰ ਹੱਲਾ ਵੱਖਰੇ ਰੂਪ 'ਚ ਪੰਜਾਬ ਦੇ ਜਨਤਕ ਸੰਘਰਸ਼ਾਂ ਉੱਪਰ ਸਟੇਟ ਦੇ ਗਿਣੇ-ਮਿੱਥੇ ਹਮਲਿਆਂ ਅਤੇ ਪੰਜਾਬ ਨੂੰ ਪੁਲਿਸ ਸਟੇਟ ਬਣਾਉਣ 'ਚ ਵੀ ਦੇਖਿਆ ਜਾ ਸਕਦਾ ਹੈ।

ਹਮਲਾ ਹਰ ਤਬਦੀਲੀਪਸੰਦ ਅਗਾਂਹਵਧੂ ਵਿਚਾਰ ਵਿਰੁੱਧ ਸੇਧਤ: ਸਾਨੂੰ ਇਹ ਹਕੀਕਤ ਸਮਝ ਲੈਣੀ ਚਾਹੀਦੀ ਹੈ ਕਿ ਮੌਜੂਦਾ ਸਰਕਾਰ ਦੇ 'ਨਕਸਲ-ਮੁਕਤ ਭਾਰਤ' ਨਾਅਰੇ ਦਾ ਉਦੇਸ਼ ਸਿਰਫ਼ ਦੇਸ਼ ਦੇ ਵਸੀਲਿਆਂ ਉੱਪਰ ਕਾਰਪੋਰੇਟਾਂ ਦਾ ਕਬਜ਼ਾ ਕਰਾਉਣਾ ਨਹੀਂ ਹੈ। ਇਸ ਤੋਂ ਵੀ ਅੱਗੇ ਇਸਦਾ ਨਿਸ਼ਾਨਾ ਤਬਦੀਲੀ ਦੇ ਹਰ ਅਗਾਂਹਵਧੂ ਵਿਚਾਰ ਨੂੰ ਕੁਚਲਣਾ ਹੈ। ਕਰੂਰ ਤੋਂ ਕਰੂਰ ਤਰੀਕਿਆਂ ਨਾਲ ਲੋਕ ਸੰਘਰਸ਼ਾਂ ਤੇ ਮਾਓਵਾਦੀ ਲਹਿਰ ਦੇ ਕਤਲੇਆਮ ਨੂੰ ਅੰਜਾਮ ਦਿੰਦੇ ਹੋਏ ਇਸਦਾ ਉਦੇਸ਼ ਲੋਕ ਮਨਾਂ 'ਚ ਇਹ ਧਾਰਨਾ ਪੱਕੀ ਕਰਨਾ ਹੈ ਕਿ ਨੰਗੇ ਅਨਿਆਂ ਅਤੇ ਘੋਰ ਵਿਤਕਰੇ 'ਤੇ ਆਧਾਰਤ ਮੌਜੂਦਾ ਰਾਜ ਪ੍ਰਬੰਧ ਹੀ ਭਾਰਤੀ ਲੋਕਾਂ ਦੀ ਹੋਣੀ ਹੈ; ਕਿ ਸਥਾਪਤ ਪ੍ਰਬੰਧ ਨੂੰ ਚੁਣੌਤੀ ਦੇਣ ਵਾਲੇ ਕਿਸੇ ਵੀ ਹੱਕੀ ਸੰਘਰਸ਼ ਨੂੰ ਇਸੇ ਤਰ੍ਹਾਂ ਕੁਚਲ ਦਿੱਤਾ ਜਾਵੇਗਾ, ਅਤੇ ਇਸ ਪ੍ਰਬੰਧ ਵਿਚ ਲੋਕਪੱਖੀ ਤਬਦੀਲੀ ਲਿਆਉਣ ਦੇ ਕੋਈ ਵੀ ਯਤਨ ਕਾਮਯਾਬ ਨਹੀਂ ਹੋਣਗੇ। ਬੇਰੋਕ-ਟੋਕ ਕਾਰਪੋਰੇਟ ਰਾਜ ਅਤੇ ਆਰਐੱਸਐੱਸ ਦਾ 'ਹਿੰਦੂ ਰਾਸ਼ਟਰ' ਦਾ ਸੁਪਨਾ ਫਿਰ ਹੀ ਸਾਕਾਰ ਹੋ ਸਕਦਾ ਹੈ ਜੇ ਹਾਕਮ ਜਮਾਤ ਲੁਟੀਂਦੇ ਤੇ ਦੱਬੇ-ਕੁਚਲੇ ਲੋਕਾਂ ਦੀ ਮੁਕਤੀ ਦੀ ਰੀਝ ਨੂੰ ਬੇਵਸੀ 'ਚ ਬਦਲ ਦਿੰਦੀ ਹੈ, ਬੌਧਿਕਤਾ ਦੇ ਕੇਂਦਰ ਯੂਨੀਵਰਸਿਟੀਆਂ ਦੇ ਵਿਦਵਾਨ ਅਤੇ ਵਿਦਿਆਰਥੀ ਵੀ ਦਹਿਸ਼ਤ ਦੇ ਸਾਏ ਹੇਠ ਬੋਲਣਾ ਬੰਦ ਕਰ ਦਿੰਦੇ ਹਨ ਅਤੇ ਲੋਕ ਇਸੇ ਮੁਰਦਾ ਸ਼ਾਂਤੀ ਨੂੰ ਆਪਣੀ ਹੋਣੀ ਮੰਨ ਲੈਂਦੇ ਹਨ।

**ਦਹਿਸ਼ਤ ਦੇ ਕਾਲੇ ਦੌਰ ਵਿਚ ਜਾਗਰੂਕ ਹਿੱਸਿਆਂ ਦੀ ਭੂਮਿਕਾ:** ਮਾਨਵਤਾ ਉੱਪਰ ਸੰਕਟ ਦੇ ਗਹਿਰੇ ਬੱਦਲ ਬਣ ਕੇ ਛਾਏ ਅਜਿਹੇ ਕਾਲੇ ਦੌਰਾਂ ਵਿਚ ਹਕੂਮਤ ਦੇ ਝੂਠ ਨੂੰ ਨੰਗਾ ਕਰਕੇ ਹਨੇਰਾ ਢੋਂਦੀ ਲੋਕਾਈ ਨੂੰ ਹਕੀਕਤ ਤੋਂ ਜਾਣੂ ਕਰਾਉਣਾ ਅਤੇ ਬੇਵਸੀ ਮਹਿਸੂਸ ਕਰ ਰਹੇ ਲੋਕਾਂ ਨੂੰ ਸਮੂਹਿਕ ਸੰਘਰਸ਼ ਦੀ ਤਾਕਤ ਨਾਲ ਹਕੂਮਤੀ ਹਮਲੇ ਨੂੰ ਠੱਲ੍ਹ ਪਾਉਣ ਲਈ ਜਗਾਉਣਾ ਉਨ੍ਹਾਂ ਰੌਸ਼ਨ-ਖਿਆਲ ਹਿੱਸਿਆਂ ਦੀ ਜ਼ਿੰਮੇਵਾਰੀ ਹੁੰਦੀ ਹੈ ਜਿਨ੍ਹਾਂ ਕੋਲ ਗਿਆਨ ਅਤੇ ਚੇਤਨਾ ਦਾ ਚਾਨਣ ਹੈ। ਉਨ੍ਹਾਂ ਨੇ ਆਪਣੇ ਗਿਆਨ, ਸੋਝੀ, ਕਲਮ ਅਤੇ ਕਲਾ ਦੇ ਹੁਨਰ ਰਾਹੀਂ ਲੋਕਾਈ ਨੂੰ ਖ਼ਬਰਦਾਰ ਵੀ ਕਰਨਾ ਹੁੰਦਾ ਹੈ ਅਤੇ ਸੰਘਰਸ਼ਾਂ ਨਾਲ ਆਪਣੀ ਗੂੜ੍ਹੀ ਸਾਂਝ ਰਾਹੀਂ ਯੁੱਗ-ਪਲਟਾਉਣ 'ਚ ਆਪਣੀ ਇਤਿਹਾਸਕ ਭੂਮਿਕਾ ਵੀ ਨਿਭਾਉਣੀ ਹੁੰਦੀ ਹੈ। ਵਿਸ਼ਾਲ ਲੋਕ-ਰਾਇ ਉਸਾਰਨ ਦੁਆਰਾ ਹਕੂਮਤੀ ਦਹਿਸ਼ਤ ਨੂੰ ਤੋੜਦੇ ਹੋਏ ਉਪਰੋਕਤ ਹਕੂਮਤੀ ਮਨਸੂਬੇ ਨੂੰ ਜਨਤਕ ਚੁਣੌਤੀ ਦੇਣਾ ਅੱਜ ਸਮੇਂ ਦੀ ਸਖ਼ਤ ਲੋੜ ਹੈ ਜੋ ਜਾਗਰੂਕ, ਚਿੰਤਨਸ਼ੀਲ ਹਲਕਿਆਂ ਲਈ ਗੰਭੀਰ ਸੋਚ-ਵਿਚਾਰ ਦੀ ਮੰਗ ਕਰਦਾ ਹੈ।

ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਇਸੇ ਲੋੜ ਨੂੰ ਹੁੰਗਾਰਾ ਦੇਣ ਲਈ ਬਣਾਇਆ ਜਮਹੂਰੀ ਮੰਚ ਹੈ। ਇਸ ਹਕੂਮਤੀ ਹਮਲੇ ਵਿਰੁੱਧ ਜਮਹੂਰੀ ਰਾਇ ਉਸਾਰਨ ਲਈ ਫਰੰਟ ਨੇ ਜਨਵਰੀ 2025 ਤੋਂ ਲੈ ਕੇ ਤਿੰਨ ਵੱਡੀਆਂ ਮੁਹਿੰਮਾਂ ਚਲਾਈਆਂ ਹਨ। ਫਰੰਟ ਵੱਲੋਂ ਸਮੂਹ ਕਿਸਾਨ, ਮਜ਼ਦੂਰ, ਮੁਲਾਜ਼ਮ, ਔਰਤ, ਨੌਜਵਾਨ-ਵਿਦਿਆਰਥੀ, ਤਰਕਸ਼ੀਲ, ਜਮਹੂਰੀ, ਵਕੀਲਾਂ ਦੀਆਂ ਜਥੇਬੰਦੀਆਂ, ਲੇਖਕ ਸਭਾਵਾਂ, ਸੱਭਿਆਚਾਰਕ ਮੰਚਾਂ ਸਮੇਤ ਸਾਰੀਆਂ ਹੀ ਇਨਸਾਫ਼ਪਸੰਦ ਤਾਕਤਾਂ ਨਾਲ ਸੰਪਰਕ ਕਰਕੇ ਇਸ ਮੁਹਿੰਮ ਨਾਲ ਜੁੜਨ ਦੀ ਅਪੀਲ ਕੀਤੀ ਗਈ ਹੈ। ਇਸ ਅਪੀਲ ਨੂੰ ਭਰਵਾਂ ਹੁੰਗਾਰਾ ਦਿੰਦਿਆਂ ਸਮੂਹ ਲੋਕਪੱਖੀ ਤਾਕਤਾਂ ਇਸ ਮੁਹਿੰਮ ਵਿਚ ਸ਼ਾਮਲ ਹੋਈਆਂ ਹਨ। ਇਹ ਸਪਸ਼ਟ ਹੈ ਕਿ ਦਿਨੋਦਿਨ ਹੋਰ ਵੀ ਗੰਭੀਰ ਹੋ ਰਹੇ ਹਾਲਾਤਾਂ ਅਨੁਸਾਰ ਇਹ ਹੁੰਗਾਰਾ ਕਾਫ਼ੀ ਨਹੀਂ ਹੈ, ਹਮਲੇ ਨੂੰ ਵਧੇਰੇ ਗੰਭੀਰਤਾ ਨਾਲ ਲੈਂਦੇ ਹੋਏ ਇਸ ਹੁੰਗਾਰੇ ਨੂੰ ਜ਼ਰਬਾਂ ਦੇਣ ਦੀ ਲੋੜ ਹੈ। ਸਾਡੇ ਸਾਰਿਆਂ ਦੇ ਅੱਗੇ ਸਟੇਟ ਦੇ ਜਾਬਰ ਹੱਲੇ ਵਿਰੁੱਧ ਜਨਤਕ ਜਮਹੂਰੀ ਲਾਮਬੰਦੀ ਦਾ ਘੇਰਾ ਵਿਸ਼ਾਲ ਕਰਨ ਦਾ ਬੇਹੱਦ ਮਹੱਤਵਪੂਰਨ ਕਾਰਜ ਹੈ। ਆਓ, ਜਬਰ ਵਿਰੁੱਧ ਰੋਹਲੀ ਆਵਾਜ਼ ਉਠਾਉਣ ਦੇ ਸਿਲਸਿਲੇ ਨੂੰ ਜਾਰੀ ਰੱਖਦੇ ਹੋਏ ਆਉਣ ਵਾਲੇ ਦਿਨਾਂ 'ਚ ਜ਼ਿਲ੍ਹਾ ਅਤੇ ਇਲਾਕਾ ਪੱਧਰ 'ਤੇ ਜਿੱਥੇ ਵੀ ਸੰਭਵ ਹੋਵੇ, ਮੀਟਿੰਗਾਂ, ਵਿਚਾਰ-ਵਟਾਂਦਰਾ ਮਿਲਣੀਆਂ, ਕਨਵੈਨਸ਼ਨਾਂ, ਰੋਸ ਮੁਜ਼ਾਹਰੇ ਆਦਿ ਜਥੇਬੰਦ ਕਰੀਏ ਅਤੇ ਪ੍ਰਚਾਰ ਦੇ ਹਰ ਸੰਭਵ ਤਰੀਕੇ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਇਸ ਕਤਲੇਆਮ ਪਿੱਛੇ ਕੰਮ ਕਰਦੀ ਆਰਐੱਸਐੱਸ-ਭਾਜਪਾ ਦੀ ਲੋਕ ਵਿਰੋਧੀ ਅਤੇ ਦੇਸ਼ ਵਿਰੋਧੀ ਸਾਜ਼ਿਸ਼ ਬਾਰੇ ਜਾਗਰੂਕ ਤੇ ਚੁਕੰਨੇ ਕਰੀਏ। ਛੋਟੇ ਇਕੱਠਾਂ ਤੋਂ ਇਸ ਨੂੰ ਜ਼ਬਰਦਸਤ ਵਿਰੋਧ ਲਹਿਰ ਬਣਾਈਏ।

ਫਰੰਟ ਵੱਲੋਂ ਦੇਸ਼-ਵਿਦੇਸ਼ ਵਿਚਲੀਆਂ ਸਮੂਹ ਲੋਕਪੱਖੀ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਜ਼ੋਰਦਾਰ ਅਪੀਲ ਹੈ ਕਿ ਤੁਸੀਂ ਇਸ ਜਾਬਰ ਹੱਲੇ ਵਿਰੁੱਧ ਜਨਤਕ ਜਮਹੂਰੀ ਲਹਿਰ ਦੀ ਉਸਾਰੀ ਵਿਚ ਜਿਸ ਤਰ੍ਹਾਂ ਵੀ ਹੱਥ ਵਟਾ ਸਕਦੇ ਹੋ, ਉਸ ਤਰ੍ਹਾਂ ਦਾ ਯੋਗਦਾਨ ਪਾਉਣ ਲਈ ਧੜੱਲੇ ਨਾਲ ਅੱਗੇ ਆਓ। ਤੁਹਾਡਾ ਇਹ ਯੋਗਦਾਨ ਜਿੱਥੇ ਆਦਿਵਾਸੀ ਇਲਾਕਿਆਂ 'ਚ ਹਕੂਮਤੀ ਦਹਿਸ਼ਤਵਾਦ ਵਿਰੁੱਧ ਲੋਕ ਆਵਾਜ਼ ਬੁਲੰਦ ਕਰਨ 'ਚ ਸਹਾਈ ਹੋਵੇਗਾ ਉੱਥੇ ਇਹ ਦੇਸ਼ ਦੇ ਮੌਜੂਦਾ ਹਾਲਾਤ 'ਚ ਜਨਤਕ ਜਮਹੂਰੀ ਲਹਿਰ ਨੂੰ ਆਪਣੀ ਸਾਰਥਕ ਭੂਮਿਕਾ ਨਿਭਾਉਣ ਲਈ ਵੀ ਤਾਕਤ, ਉਤਸ਼ਾਹ ਅਤੇ ਹੁਲਾਰਾ ਦੇਵੇਗਾ।

**ਆਓ, ਜ਼ੋਰਦਾਰ ਲੋਕ-ਰਾਇ ਉਸਾਰਦੇ ਹੋਏ ਮੰਗ ਕਰੀਏ:**

1. ਬਸਤਰ ਅਤੇ ਹੋਰ ਆਦਿਵਾਸੀਆਂ ਇਲਾਕਿਆਂ 'ਚ 'ਓਪਰੇਸ਼ਨ ਕਗਾਰ' ਅਤੇ ਅਜਿਹੇ ਸਾਰੇ ਨੀਮ-ਫੌਜੀ ਓਪਰੇਸ਼ਨ ਤੁਰੰਤ ਬੰਦ ਕੀਤੇ ਜਾਣ।
2. ਮਾਓਵਾਦੀ ਕਾਰਕੁਨਾਂ ਦੇ 'ਮੁਕਾਬਲੇ' ਬਣਾਉਣੇ ਬੰਦ ਕੀਤਾ ਜਾਣ।
3. ਸੁਰੱਖਿਆ ਬਲਾਂ ਦੇ ਨਵੇਂ ਕੈਂਪ ਬਣਾਉਣੇ ਬੰਦ ਕੀਤੇ ਜਾਣ, ਮੌਜੂਦਾ ਕੈਂਪ ਹਟਾਏ ਜਾਣ ਅਤੇ ਵਿਸ਼ੇਸ਼ ਸੁਰੱਖਿਆ ਤਾਕਤਾਂ ਨੂੰ ਆਦਿਵਾਸੀ ਇਲਾਕਿਆਂ, ਕਸ਼ਮੀਰ ਅਤੇ ਉੱਤਰ-ਪੂਰਬੀ ਰਾਜਾਂ 'ਚੋਂ ਤੁਰੰਤ ਬਾਹਰ ਕੱਢਿਆ ਜਾਵੇ।
4. ਕਾਰਪੋਰੇਟ ਹਿਤਾਂ ਲਈ ਆਦਿਵਾਸੀਆਂ ਦੀ ਨਸਲਕੁਸ਼ੀ ਅਤੇ ਉਜਾੜਾ ਬੰਦ ਕੀਤਾ ਜਾਵੇ। ਉਦਾਰੀਕਰਨ-ਨਿੱਜੀਕਰਨ-ਵਿਸ਼ਵੀਕਰਨ ਦਾ ਆਰਥਕ ਮਾਡਲ ਰੱਦ ਕੀਤਾ ਜਾਵੇ। ਜਲ-ਜੰਗਲ-ਜ਼ਮੀਨ ਉੱਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ, ਜਾਬਰ ਮਸ਼ੀਨਰੀ ਦੇ ਜ਼ੋਰ ਆਦਿਵਾਸੀਆਂ ਤੇ ਹੋਰ ਲੋਕਾਂ ਉੱਪਰ ਕਥਿਤ ਵਿਕਾਸ ਪ੍ਰੋਜੈਕਟ ਥੋਪਣੇ ਬੰਦ ਕੀਤੇ ਜਾਣ।
5. 'ਮੂਲਵਾਸੀ ਬਚਾਓ ਮੰਚ' ਅਤੇ ਹੋਰ ਜਨਤਕ ਜਥੇਬੰਦੀਆਂ ਉੱਪਰ ਲਗਾਈ ਪਾਬੰਦੀ ਤੁਰੰਤ ਹਟਾਈ ਜਾਵੇ, ਪਾਬੰਦੀ ਲਾਉਣ ਦੀ ਤਾਨਾਸ਼ਾਹ ਨੀਤੀ ਬੰਦ ਕੀਤੀ ਜਾਵੇ ਅਤੇ ਲੋਕਾਂ ਦੇ ਆਪਣੇ ਹਿਤਾਂ ਲਈ ਤੇ ਬਿਹਤਰ ਜ਼ਿੰਦਗੀ ਲਈ ਸੰਘਰਸ਼ ਕਰਨ ਅਤੇ ਜਥੇਬੰਦੀ ਬਣਾਉਣ ਦੇ ਜਮਹੂਰੀ ਹੱਕ ਉੱਪਰ ਛਾਪੇ ਮਾਰਨੇ ਬੰਦ ਕੀਤੇ ਜਾਣ।
6. ਗ਼ੈਰਕਾਨੂੰਨੀ ਕਾਰਵਾਈਆਂ ਦੇ ਬਹਾਨੇ ਗ੍ਰਿਫ਼ਤਾਰੀਆਂ ਅਤੇ ਛਾਪੇਮਾਰੀਆਂ ਦਾ ਹਕੂਮਤੀ ਦਹਿਸ਼ਤਵਾਦ ਬੰਦ ਕੀਤਾ ਜਾਵੇ। ਝੂਠੀਆਂ ਐੱਫਆਈਆਰ ਖ਼ਤਮ ਕੀਤੀਆਂ ਜਾਣ। ਕੌਮੀ ਜਾਂਚ ਏਜੰਸੀ ਖ਼ਤਮ ਕੀਤੀ ਜਾਵੇ।
7. ਜੇਲ੍ਹਾਂ 'ਚ ਡੱਕੇ ਆਦਿਵਾਸੀ ਕਾਰਕੁਨਾਂ, ਬੁੱਧੀਜੀਵੀਆਂ ਅਤੇ ਰਾਜਨੀਤਕ ਕੈਦੀਆਂ ਨੂੰ ਬਿਨਾਂਸ਼ਰਤ ਰਿਹਾ ਕੀਤਾ ਜਾਵੇ।
8. ਤਿੰਨ ਫ਼ੌਜਦਾਰੀ ਕਾਨੂੰਨ, ਚਾਰ ਕਿਰਤ ਕੋਡ, ਯੂਏਪੀਏ, ਅਫਸਪਾ, ਪਬਲਿਕ ਸਕਿਊਰਿਟੀ ਐਕਟ ਅਤੇ ਅਜਿਹੇ ਹੋਰ ਕਾਲੇ ਕਾਨੂੰਨ ਤੁਰੰਤ ਰੱਦ ਕੀਤੇ ਜਾਣ।

**ਵੱਲੋਂ: ਸੂਬਾ ਕਮੇਟੀ, ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ।**

**ਸੰਪਰਕ:**
**ਡਾ. ਪਰਮਿੰਦਰ ਸਿੰਘ**, 95010-25030,
**ਪ੍ਰੋਫੈਸਰ ਏ.ਕੇ.ਮਲੇਰੀ** 98557-00310,
**ਬੂਟਾ ਸਿੰਘ ਮਹਿਮੂਦਪੁਰ** 94634-74342,
**ਯਸ਼ਪਾਲ** 98145-35005

# 1975 ਦੀ ਐਮਰਜੈਂਸੀ ਅਤੇ ਅੱਜ ਦੇ ਹਾਲਾਤ



ਤਰਸੇਮ ਲਾਲ
94632-18707
tarsemgoyal.54@gmail.com



12 ਜੂਨ 1975 ਨੂੰ ਅਲਾਹਾਬਾਦ ਹਾਈਕੋਰਟ ਦਾ ਫੈਸਲਾ ਆਉਂਦਾ ਹੈ। ਸਵੇਰੇ 10.05 ਵਜੇ ਇੰਦਰਾ ਗਾਂਧੀ ਦੀ ਚੋਣ ਗੈਰ ਕਾਨੂੰਨੀ ਠਹਿਰਾ ਦਿੱਤੀ ਗਈ। ਇੰਦਰਾ ਗਾਂਧੀ ਦੇ ਪ੍ਰਚਾਰ ਦੇ ਬਾਵਜੂਦ ਗੁਜਰਾਤ ਵਿਚ ਕਾਂਗਰਸ ਚੋਣਾਂ ਹਾਰ ਗਈ। ਇੰਦਰਾ ਦੀ ਦੁਰਗਾ ਵਾਲੀ ਛਬੀ ਮੱਧਮ ਪੈਣ ਲੱਗ ਪਈ। 24 ਜੂਨ ਨੂੰ ਸੁਪਰੀਮ ਕੋਰਟ ਨੇ ਵੀ ਫੈਸਲੇ 'ਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ। 15 ਅਗਸਤ 1975 ਮੁਜੀਬ ਰਹਿਮਾਨ ਦੇ ਕਤਲ ਤੋਂ ਬਾਅਦ ਇੰਦਰਾ ਗਾਂਧੀ ਨੂੰ ਵੀ ਹੱਤਿਆ ਦਾ ਫਿਕਰ ਲੱਗਣ ਲੱਗ ਪਿਆ ਸੀ। ਉਸੇ ਦਿਨ ਜੈ ਪ੍ਰਕਾਸ਼ ਨਾਰਾਇਣ ਨੇ ਰਾਮਲੀਲਾ ਮੈਦਾਨ ਵਿਚ ਵੱਡੀ ਰੈਲੀ ਰੱਖੀ ਸੀ। 25 ਜੂਨ 1975 ਦੀ ਸ਼ਾਮ ਉਹ ਗਾਂਧੀ ਪੀਸ ਫਾਊਂਡੇਸ਼ਨ ਵਿਖੇ ਅਰਾਮ ਕਰ ਰਹੇ ਸਨ। ਉਸੇ ਰਾਤ ਇੰਦਰਾ ਗਾਂਧੀ ਨੇ ਐਮਰਜੈਂਸੀ ਦਾ ਐਲਾਨ ਕਰ ਦਿੱਤਾ। ਜੈ ਪ੍ਰਕਾਸ਼ ਨਾਰਾਇਣ ਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਦੇਸ਼ ਭਰ ਵਿਚ 1,10,000 ਗ੍ਰਿਫ਼ਤਾਰੀਆਂ ਹੋਈਆਂ। ਸਾਰੇ ਅਖ਼ਬਾਰਾਂ ਅਤੇ ਮੀਡੀਆ ਤੇ ਸੈਂਸਰਸ਼ਿਪ ਲਗਾ ਦਿੱਤੀ ਗਈ। ਪੇਜਾਂ ਦੇ ਪੇਜ ਕਾਲੇ ਖਾਲੀ ਨਜ਼ਰ ਆਉਣ ਲੱਗੇ। ਸੰਜੇ ਗਾਂਧੀ ਦੀ ਨਲਬੰਦੀ (ਜਬਰੀ) ਦਾ ਦੌਰ ਜ਼ੋਰ ਸ਼ੋਰ ਨਾਲ ਜਾਰੀ ਸੀ। ਇਸ ਐਮਰਜੈਂਸੀ ਦੀ ਖੱਬੀਆਂ ਪਾਰਟੀਆਂ ਨੇ ਹਮਾਇਤ ਕਰ ਦਿੱਤੀ। ਵਵਾ ਭਾਵੇ ਨੇ ਵੀ ਇਸ ਦੀ ਹਮਾਇਤ ਕੀਤੀ। ਪ੍ਰੰਤੂ ਖੇਤਰੀ ਪਾਰਟੀਆਂ, ਅਗਾਂਹਵਧੂ ਵਕੀਲ, ਲੇਖਕ, ਜਮਹੂਰੀ ਕਾਰਕੁੰਨ, ਟਰੇਡ ਜਥੇਬੰਦੀਆਂ ਨੇ ਜਬਰਦਸਤ ਵਿਰੋਧ ਖੜ੍ਹੇ ਕੀਤੇ। 21 ਮਹੀਨਿਆਂ ਬਾਅਦ ਐਮਰਜੈਂਸੀ ਖਤਮ ਕਰਕੇ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ। ਕਾਂਗਰਸ ਚੋਣਾਂ ਹਾਰ ਗਈ। ਉਸ ਸਮੇਂ ਦੀਆਂ ਹਾਕਮ ਜਮਾਤਾਂ ਅੱਜ ਦੀ ਤਰ੍ਹਾਂ ਜ਼ਾਲਮ ਅਤੇ ਗੈਰ ਮਨੁੱਖੀ ਨਹੀਂ ਸਨ। ਵਿਰੋਧੀ ਤਾਕਤਾਂ ਦੇ ਘੋਲ ਤਿੱਖੇ ਸਨ। ਜੇ ਸੀ ਸ਼ਾਹ ਕਮਿਸ਼ਨ ਨੇ ਕਾਂਗਰਸ ਦੀ ਇੰਦਰਾ ਗਾਂਧੀ ਸਰਕਾਰ ਨੂੰ ਸ਼ਕਤੀ ਦੀ ਦੁਰਵਰਤੋਂ, ਨਾਗਰਿਕ ਅਜ਼ਾਦੀਆਂ ਕੁਚਲਣ, ਜ਼ਬਰੀ ਨਸਬੰਦੀ ਅਤੇ 25000 ਜਬਰੀ ਸੇਵਾ ਮੁਕਤੀਆਂ ਦਾ ਦੋਸ਼ੀ ਠਹਿਰਾ ਦਿੱਤਾ।

ਅੱਜ ਦੀਆਂ ਹਾਲਤਾਂ ਵਿਚ ਅੰਤਰਰਾਸ਼ਟਰੀ ਪੱਧਰ 'ਤੇ ਬਸਤੀਵਾਦੀ ਯੁੱਗ ਦੇ ਖਾਤਮੇ ਤੋਂ ਬਾਅਦ ਬਣੇ ਸਰਵ ਸਪੰਨ ਦੇਸ਼ਾਂ ਨੂੰ ਮੁੜ ਅਮਰੀਕਾ ਰੂਪੀ ਠਾਣੇਦਾਰ ਨਵੇਂ ਡੰਡੇ ਨਾਲ ਹੱਕਣ ਦੀ ਕੋਸ਼ਿਸ਼ ਕਰ ਰਿਹਾ ਹੈ। ਕਿਊਬਾ, ਵੀਅਤਨਾਮ, ਇਰਾਕ ਅਤੇ ਅਫ਼ਗਾਨਿਸਤਾਨ ਵਿਚ ਵੱਡੀਆਂ ਤਬਾਹੀਆਂ ਕਰਨ ਤੋਂ ਬਾਅਦ ਅੱਜ ਉਹ ਇਜ਼ਰਾਇਲ ਨੂੰ ਸ਼ਹਿ ਦੇ ਕੇ ਫਿਲਸਤੀਨ ਲੋਕਾਂ ਦੀ ਨਸਲਕੁਸ਼ੀ ਕਰ ਰਿਹਾ ਹੈ। ਮਨੁੱਖੀ ਅਧਿਕਾਰ ਕੇਂਦਰਾਂ ਵਿਚ ਹਥਿਆਰਬੰਦ ਇਜ਼ਰਾਇਲੀ ਗ੍ਰਹਿ ਰਾਸ਼ਨ ਦੇਣ ਸਮੇਂ ਬੱਚਿਆਂ ਅਤੇ ਔਰਤਾਂ ਨੂੰ ਮੌਤ ਦੇ ਘਾਟ ਉਤਾਰ ਰਿਹਾ ਹੈ। 70,000 ਤੋਂ ਵੱਧ ਲੋਕਾਂ ਦਾ ਕਤਲ ਕਰਨ ਦੇ ਬਾਅਦ ਵੀ ਉਹ ਬਾਜ਼ ਨਹੀਂ ਆ ਰਿਹਾ। ਇਰਾਨ ਵਿਚ ਪ੍ਰਮਾਣੂ ਹਥਿਆਰਾਂ ਦਾ ਹੋ ਹੱਲਾ ਪੈਦਾ ਕਰਕੇ ਉਥੇ ਸੱਤਾ ਤਬਦੀਲੀ ਦੀ ਖਾਹਸ਼ ਨਾਲ ਇਜ਼ਰਾਇਲ ਵਲੋਂ ਹਵਾਈ ਹਮਲੇ ਕਰਵਾਉਣ ਤੋਂ ਬਾਅਦ ਅਮਰੀਕਾ ਆਪ ਉਸ ਦੇ ਪ੍ਰਮਾਣੂ ਟਿਕਾਣਿਆਂ 'ਤੇ ਬੇਹੱਦ ਭਾਰੀ (ਅੱਜ ਤੱਕ ਨਾ ਵਰਤੇ) ਬੰਬ ਸੁੱਟ ਕੇ ਦਹਿਲ ਪੈਦਾ ਕਰ ਰਿਹਾ ਹੈ। ਆਪਣੇ ਦੇਸ਼ ਅੰਦਰ ਬੇਹੱਦ ਵਿਰੋਧ ਦੇ ਬਾਵਜੂਦ ਉਚ ਕੋਟੀ ਯੂਨੀਵਰਸਿਟੀਆਂ, ਹਾਰਵਰਡ, ਬਰਕੱਲੇ ਯੇਲ ਆਦਿ ਨਾਲ ਅਜ਼ਾਦ ਆਵਾਜ਼ਾਂ ਬੰਦ ਕਰਨ ਦੀ ਲੜਾਈ ਲੜ ਰਿਹਾ ਹੈ। ਗਾਜ਼ਾ ਅੰਦਰ ਪੰਜ ਸਿਤਾਰਾ ਹੋਟਲ ਬਣਾਉਣ ਦੀਆਂ ਗੱਲਾਂ ਕਰਦਾ ਹੈ। ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੀਆਂ ਗੱਲਾਂ ਕਰਦਾ ਹੈ। ਪ੍ਰਵਾਸੀ ਭਾਰਤੀਆਂ, ਮੈਕਸੀਕਨਾ ਅਤੇ ਹੋਰ ਦੇਸ਼ਾਂ ਦੇ ਲੋਕਾਂ ਨੂੰ ਦੀਮਕ (ਅਮਿਤ ਸ਼ਾਹ ਦੀ ਤਰ੍ਹਾਂ) ਐਲਾਨ ਕੇ ਬਾਹਰ ਕੱਢਣ ਅਤੇ ਮੇਕ ਅਮਰੀਕਾ ਗਰੇਟ ਅਗੇਨ (MAGA) ਦੀਆਂ ਗੱਲਾਂ ਕਰਦਾ ਹੈ। ਹਰ ਪਾਸੇ ਬਾਦਸ਼ਾਹ ਦੀ ਤਰ੍ਹਾਂ ਆਪਣੀ ਥਾਣੇਦਾਰੀ ਲਾਗੂ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਭਾਰਤ ਪਾਕਿ ਜੰਗ ਖਤਮ ਕਰਵਾਉਣ ਦੀਆਂ ਟਾਹਰਾਂ ਮਾਰਦਾ ਹੈ। ਵੱਖ-ਵੱਖ ਦੇਸ਼ਾਂ ਵਿਚ 750 ਅੱਡੇ ਹੋਣ ਦੇ ਬਾਵਜੂਦ ਆਪਣਾ ਰੋਹਬ ਪੂਰੇ ਵਿਸ਼ਵ 'ਤੇ ਪਾਉਣ ਲਈ ਤਾਹੂ ਹੈ। ਹਰ ਤਰ੍ਹਾਂ ਦੇ ਰਾਸ਼ਟਰੀ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਨੂੰ ਲਤਾੜ ਕੇ ਸਾਰੀਆਂ ਅੰਤਰ ਰਾਸ਼ਟਰੀ ਏਜੰਸੀਆਂ ਨੂੰ ਪੰਗੂ ਬਣਾ ਕੇ ਆਪਣੀ ਚੌਧਰ ਜਮ੍ਹਾ ਰਿਹਾ ਹੈ। ਇਹ ਨਵੀਂ ਕਿਸਮ ਦਾ ਸਾਮਰਾਜ ਪੂਰੇ ਸੰਸਾਰ ਦੇ ਦੇਸ਼ਾਂ ਨੂੰ ਆਪਣੀ ਬਸਤੀ ਸਮਝਣ 'ਤੇ ਉਤਾਰੂ ਹੈ।

ਭਾਰਤ ਦੇਸ਼ 3.8 ਟ੍ਰਿਲੀਅਨ ਡਾਲਰ ਦੀ ਅਰਥ ਵਿਵਸਥਾ ਨਾਲ ਵਿਸ਼ਵ ਦੀ ਚੌਥੀ ਵੱਡੀ ਅਰਥ ਵਿਵਸਥਾ ਹੋਣ ਦੀਆਂ ਟਾਹਰਾਂ ਮਾਰ ਰਿਹਾ ਹੈ। ਜਦੋਂਕਿ ਪ੍ਰਤੀ ਵਿਅਕਤੀ ਆਮਦਨ 2800 ਡਾਲਰ ਭਾਵ 2.33 ਲੱਖ ਪ੍ਰਤੀ ਸਾਲ ਬਣਦੀ ਹੈ ਜੋ ਚੀਨ ਨਾਲੋਂ ਚੌਥੇ ਹਿੱਸੇ ਤੋਂ ਵੀ ਘੱਟ ਹੈ। ਜੇ ਉਪਰਲੇ 1% ਅਮੀਰਾਂ ਦੀ 40% ਆਮਦਨ ਘਟਾ ਦੇਈਏ ਤਾਂ ਪ੍ਰਤੀ ਵਿਅਕਤੀ ਆਮਦਨ 82,000 ਰੁਪਏ ਭਾਵ 6200 ਪ੍ਰਤੀ ਮਹੀਨਾ ਹੀ ਬਣਦੀ ਹੈ। ਬੇਹੱਦ ਅਸਮਾਨਤਾਵਾਂ ਵਾਲੇ ਦੇਸ਼ ਵਿਚ ਜੋ ਗੁਲਾਮੀ ਸਮੇਂ ਨਾਲੋਂ ਵੀ ਵੱਧ ਹਨ ਇਹ ਅਸਲ ਆਮਦਨ 5000 ਰੁਪਏ ਪ੍ਰਤੀ ਮਹੀਨਾ ਅਤੇ 200 ਰੁਪਏ ਪ੍ਰਤੀ ਦਿਨ ਤੋਂ ਵੀ ਘੱਟ ਬੈਠਦੀ ਹੈ। ਨੌਜਵਾਨਾਂ ਅੰਦਰ ਬੇਰੁਜ਼ਗਾਰੀ ਸਿਖਰਾਂ 'ਤੇ ਹੈ। ਸਿੱਖਿਆ ਮੰਤਵਹੀਣ ਬਣਾ ਦਿੱਤੀ ਗਈ ਹੈ। ਕੇਵਲ ਆਪਣਾ ਹਿੰਦੂਤਵੀ ਪ੍ਰਚਾਰ ਕਰਨ 'ਤੇ ਜ਼ੋਰ ਹੈ। ਗੈਰ ਵਿਗਿਆਨਕ ਕਦਰਾਂ ਕੀਮਤਾਂ ਸਥਾਪਤ ਕੀਤੀਆਂ ਜਾ ਰਹੀਆਂ ਹਨ। ਨੌਜਵਾਨਾ ਵਿਚ ਬੇਚੈਨੀ ਸਿਖਰਾਂ 'ਤੇ ਹੈ ਜੋ ਆਤਮ ਹੱਤਿਆ ਤੇ ਗਲਤ ਕਿਸਮ ਦੇ ਵਰਤਾਰਿਆਂ ਦੇ ਰੂਪ ਵਿਚ ਨਜ਼ਰ ਆ ਰਹੀ ਹੈ। ਖੇਤੀ 'ਤੇ ਨਿਰਭਰ 60% ਅਬਾਦੀ ਕੌਮੀ ਉਤਪਾਦ ਵਿਚ 14% ਹਿੱਸਾ ਪਾਉਂਦੀ ਹੈ। 90% ਜੋਤਾ 5 ਏਕੜ ਤੋਂ ਘੱਟ ਹਨ। ਲਾਗਤ ਕੀਮਤਾਂ ਦੇ ਵਾਧੇ ਨੇ ਖੇਤੀ ਸੰਕਟ ਵਧੇਰੇ ਡੂੰਘਾ ਕਰ ਦਿੱਤਾ ਹੈ। ਖੇਤਰੀ ਪਾਰਟੀਆਂ ਕਮਜ਼ੋਰ ਸਥਿਤੀ ਵਿਚ ਹਨ। ਅੱਜ ਦੀਆਂ ਹਾਲਤਾਂ ਵਿਚ ਸੰਘਰਸ਼ ਕਰ ਰਹੀਆਂ ਜਮਾਤਾਂ ਦੀ ਏਕਤਾ ਬਣੇਗੀ ਤੇ ਪਾਇਦਾਰ ਸੰਘਰਸ਼ ਖੜ੍ਹੇ ਹੋਣਗੇ ਤਾਂ ਜਮਹੂਰੀ ਲਹਿਰ ਬਚੇਗੀ।

1200 ਕਿਲੋਮੀਟਰ ਦੇ ਸੰਘਣੀ ਕਾਲੇ ਜੰਗਲ ਵਿਚ ਸਦੀਆਂ ਤੋਂ ਰਹਿ ਰਹੇ ਕਬਾਇਲੀ ਲੋਕਾਂ ਨੂੰ ਉਜਾੜ ਕੇ ਉਥੇ ਮਿੱਤਲ, ਅੰਬਾਨੀ ਅਡਾਨੀ ਨੂੰ ਖਣਨ ਕਰਨ ਦੀ ਖੁੱਲ੍ਹ ਦੇ ਕੇ ਉਥੇ ਰਹਿ ਰਹੇ ਸਥਾਨਕ ਆਦਿਵਾਸੀਆਂ ਨੂੰ ਉਜਾੜਿਆ ਜਾ ਰਿਹਾ ਹੈ। ਉਨ੍ਹਾਂ ਦੇ ਜਮਹੂਰੀ ਸੰਵਿਧਾਨਕ ਨਗਰ ਪੰਚਾਇਤ, ਜੰਗਲ ਅਧਿਕਾਰ ਕਾਨੂੰਨ ਅਤੇ ਜਨਤਕ ਵਿਰੋਧ ਨੂੰ ਨਜ਼ਰ ਅੰਦਾਜ਼ ਕਰਕੇ ਚਾਰ ਲੇਨ ਛੇ ਲੇਨ ਸੜਕਾਂ ਦਾ ਜਾਲ ਬਣਾ ਕੇ ਅਤੇ 30,000 ਸੁਰੱਖਿਆ ਫੌਜਾਂ ਤੈਨਾਤ ਕਰਕੇ ਥਾਂ-ਥਾਂ ਤੇ ਪੁਲਿਸ ਚੌਕੀਆਂ ਬਣਾ ਕੇ ਆਦਿਵਾਸੀਆਂ ਦਾ ਸ਼ਿਕਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਸਿਆਸੀ ਸੋਝੀ ਅਤੇ ਪ੍ਰਤੀਰੋਧ ਦੀ ਆਵਾਜ਼ ਬੁਲੰਦ ਕਰਨ ਵਾਲੀ ਮਾਓਵਾਦੀ ਪਾਰਟੀ ਨੂੰ ਖਤਮ ਕਰਨ ਲਈ ਉਨ੍ਹਾਂ ਦੇ ਵਿਚੋਂ ਕਮਜ਼ੋਰ ਤੱਤਾਂ ਨੂੰ ਰਿਜ਼ਰਵ ਗਾਰਡ ਭਰਤੀ ਕਰਕੇ ਉਨ੍ਹਾਂ ਖਿਲਾਫ਼ ਵਰਤਿਆ ਜਾ ਰਿਹਾ ਹੈ। ਉਨ੍ਹਾਂ ਤੋਂ ਕੁੱਟਮਾਰ ਕਰਕੇ ਸੂਹਾਂ ਲੈ ਕੇ ਮਾਓਵਾਦੀ ਪਾਰਟੀ ਦੇ ਲੋਕਾਂ ਨੂੰ ਫੜਿਆ ਜਾ ਰਿਹਾ ਹੈ ਤਸੀਹੇ ਦਿੱਤੇ ਜਾਂਦੇ ਹਨ ਅਤੇ ਮੌਤ ਦੇ ਘਾਟ ਉਤਾਰ ਕੇ ਵਾਰਸਾਂ ਨੂੰ ਲਾਸ਼ਾਂ ਵੀ ਨਹੀਂ ਦਿੱਤੀਆਂ ਜਾਂਦੀਆਂ। ਦੇਸ਼ ਦੇ ਆਪਣੇ ਲੋਕਾਂ ਦਾ ਬੀਜ ਨਾਸ਼ ਕਰਨ ਲਈ ਵੱਡੀ ਜੰਗ ਦੇਸ਼ ਦੇ ਅੰਦਰ ਲੜੀ ਜਾ ਰਹੀ ਹੈ। ਸਰਕਾਰਾਂ ਵਲੋਂ ਬਣਾਏ ਕਮਿਸ਼ਨਾਂ ਵਲੋਂ ਵੀ ਇਸ ਖੇਤਰ ਦੀ ਸਮੱਸਿਆ ਨੂੰ ਅਮਨ ਕਾਨੂੰਨ ਦੀ ਸਮੱਸਿਆ ਨਹੀਂ ਮੰਨਿਆ ਗਿਆ। ਸਮਾਜਿਕ, ਆਰਥਿਕ ਸਮੱਸਿਆ ਕਿਹਾ ਗਿਆ। ਜੋ ਸਥਾਨਕ ਲੋਕਾਂ ਦੀ ਸਿੱਖਿਆ, ਸਿਹਤ ਅਤੇ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਨਾਲ ਜੁੜੀ ਹੋਈ ਹੈ। ਆਪਣੀ ਵੱਖਰੀ ਬੋਲੀ, ਪਹਿਰਾਵਾ, ਫਸਲਾਂ, ਜੰਗਲੀ ਪੌਦਿਆਂ ਨਾਲ ਪਿਆਰ ਕਰਨ ਵਾਲੇ ਲੋਕਾਂ ਨੂੰ ਸਲੀਪ ਚੇਂਜ, ਥੰਡਰ ਸਟੋਰਮ, ਪਰਿਹਾਰ, ਡਬਲ ਬੁਲ, ਪਰਿਹਾਰ ਔਕਟੋਪਸ ਸਮਾਧਾਨ, ਗਰੀਨ ਹੰਟ ਅਤੇ ਕਾਗਾਰ ਅਪ੍ਰੇਸ਼ਨਾਂ ਰਾਹੀਂ ਕੁਚਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪ੍ਰੰਤੂ ਮੁੱਖ ਸਮੱਸਿਆਵਾਂ ਉਥੇ ਦੀ ਉਥੇ ਹਨ। ਕਾਰਪੋਰੇਟ ਲੁੱਟ ਦਾ ਇਹ ਸਰਕਾਰੀ ਮਾਡਲ ਲੋਕ ਵਿਰੋਧੀ ਹੈ।

5 ਅਗਸਤ 2019 ਨੂੰ ਧਾਰਾ ਧਾਰਾ 370 ਅਤੇ 35 ਏ ਹਟਾ ਕੇ 5000 ਆਗੂਆਂ ਤੇ ਸਾਧਾਰਨ ਲੋਕਾਂ ਨੂੰ ਗ੍ਰਿਫਤਾਰ ਕਰਕੇ ਸੂਚਨਾ ਦੇ ਸਾਰੇ ਅਧਿਕਾਰ ਖਤਮ ਕਰਕੇ, ਇੰਟਰਨੈਟ ਬੰਦ ਕਰਕੇ, ਲੋਕਾਂ ਦੇ ਮੂੰਹਾਂ 'ਤੇ ਤਾਲੇ ਲਾ ਕੇ ਚੱਪੇ ਚੱਪੇ 'ਤੇ ਸੁਰੱਖਿਆ ਸੈਨਾਵਾਂ ਦਾ ਜਾਲ ਖੜ੍ਹਾ ਕਰਕੇ ਪੱਥਰਬਾਜ਼ੀ ਬੰਦ ਹੋਣ ਦੇ ਦਾਅਵੇ, ਕਸ਼ਮੀਰੀ ਲੋਕਾਂ ਦੀ ਬੇਬਸ ਚੁੱਪ ਦਾ ਸੰਕੇਤ ਹੈ। ਕਸ਼ਮੀਰ ਅੰਦਰ ਟੂਰਿਜ਼ਮ ਵਧਾਉਣ ਦੇ ਦਾਅਵੇ, ਵੱਡੇ-ਵੱਡੇ ਸਿਨਪਲੈਕਸ ਖੋਲ੍ਹਣ, ਪਾਰਸ ਹਸਪਤਾਲ, ਹੈਲਕਾਪਟਰ ਖਰੀਦ, ਡੈਮ ਉਸਾਰੀ ਆਦਿ ਦੀਆਂ ਗੱਲਾਂ ਵਿਚ ਵੱਡਾ ਭ੍ਰਿਸ਼ਟਾਚਾਰ ਛੁਪਿਆ ਹੋਇਆ ਹੈ। ਨਿਊ ਨਾਰਮਲ ਦੀ ਰੱਟ ਲਾਉਣ ਵਾਲੇ ਹਾਕਮ ਕਸ਼ਮੀਰੀ ਲੋਕਾਂ ਦਾ ਅਸਲ ਦਰਦ ਨਹੀਂ ਸਮਝ ਰਹੇ। ਲੇਲੜੀਆਂ ਕੱਢ ਕੇ ਪੂਰੇ ਰਾਜ ਦੀ ਮੰਗ ਕਰ ਰਿਹਾ, ਮੁੱਖ ਮੰਤਰੀ ਉਮਰ ਉਬਦੱਲਾ ਬੇਹੱਦ ਵਿਚਾਰਾ ਲੱਗਦਾ ਹੈ। ਉਧਰ ਲੇਹ ਲੱਦਾਖ ਦੇ ਲੋਕ ਵੀ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰਦੇ ਹਨ। 23% ਦੀ ਬੇਰੁਜ਼ਗਾਰੀ ਦਰ ਨਾਲ ਕਸ਼ਮੀਰ ਬੇਹੱਦ ਅਪਮਾਨਿਤ ਮਹਿਸੂਸ ਕਰ ਰਿਹਾ ਹੈ।

ਅੱਜ ਦੇ ਹਿੰਦੂਤਵੀ ਸਭਿਆਚਾਰਕ ਸਾਮਰਾਜੀ ਸ਼ਹਿ ਪ੍ਰਾਪਤ ਕਾਰਪੋਰੇਟੀ ਰਾਸ਼ਟਰਵਾਦ ਦੀਆਂ ਜੜ੍ਹਾਂ 1920-30 ਵਿਚ ਸਾਵਰਕਰ ਦੀਆਂ ਨੀਤੀਆਂ ਨਾਲ ਜੁੜੀਆਂ ਹੋਈਆਂ ਹਨ। ਸਾਵਰਕਰ ਦੀ ਜੀਵਨੀ ਦੇ ਲੇਖਕ ਵਿਕਰਮ ਸੰਪਤ ਅਤੇ ਪ੍ਰੋ. ਜਾਨਕੀਵਾਖਲੇ ਜਿਨ੍ਹਾਂ ਨੇ ਸਾਵਰਕਾਰ ਮਰਾਠੀ ਸਹਿਤ ਦਾ ਦਸ ਸਾਲ ਅਧਿਐਨ ਕਰਨ ਤੋਂ ਬਾਅਦ ਲਿਖੀ ਪੁਸਤਕ, "ਸਾਵਰਕਰ ਤੇ ਹਿੰਦੂਤਵੀ ਵਿਚਾਰਧਾਰਾ" ਵਿਚ ਪੂਰੀ ਵਿਚਾਰਧਾਰਾ ਦਾ ਵਿਸ਼ੇਸ਼ਲਣ ਕੀਤਾ ਹੈ। ਸਾਵਰਕਰ, ਗਾਂਧੀ ਅਤੇ ਅੰਬੇਡਕਰ ਦਾ ਸਮਕਾਲੀ ਹੈ। ਜਾਤਪਾਤ ਉਸ ਸਮੇਂ ਵੀ ਵੱਡਾ ਮਸਲਾ ਸੀ। ਮਹਾਤਮਾ ਗਾਂਧੀ ਅਛੂਤ ਦੇ ਸਵਾਲ ਤੇ ਉਨ੍ਹਾਂ ਨੂੰ ਮੂਲ ਅਧਿਕਾਰਾਂ ਤੋਂ ਵੰਚਿਤ ਕਰਨ ਦੇ ਖਿਲਾਫ਼ ਸੀ। ਜਾਤੀ ਵਿਵਸਥਾ ਵਿਚ ਸੁਧਾਰਾਂ ਦੀ ਗੱਲ ਕਰਦਾ ਸੀ ਪ੍ਰੰਤੂ ਕਿੱਤਾ ਵੰਡ ਤੇ ਉਸਨੂੰ ਇਤਰਾਜ਼ ਨਹੀਂ ਸੀ। ਅੰਬੇਡਕਰ ਪੂਰੀ ਤਰ੍ਹਾਂ ਜਾਤੀ ਵਿਵਸਥਾ ਖਤਮ ਕਰਨ ਦੀ ਗੱਲ ਕਰਦਾ ਹੈ। ਉਹ ਬ੍ਰਾਹਮਣੀ ਹਿੰਦੂਤਵੀ ਵਿਚਾਰਾਂ ਨੂੰ ਜਾਤੀ ਵਿਵਸਥਾ ਦਾ ਅਧਾਰ ਮੰਨਦਾ ਹੈ। ਉਸਨੂੰ ਬ੍ਰਾਹਮਣਵਾਦੀ ਰੂੜੀਵਾਦੀ ਵਿਚਾਰਾਂ ਤੇ ਸਖ਼ਤ ਇਤਰਾਜ਼ ਹੈ। ਇਸੇ ਲਈ ਉਹ ਕਹਿੰਦਾ ਹੈ ਕਿ ਮੈਂ ਜਨਮਿਆ ਹਿੰਦੂ ਹਾਂ, ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਉਸ ਨੇ ਬੁੱਧ ਧਰਮ ਧਾਰਨ ਕੀਤਾ। ਸਾਵਰਕਰ ਵੀ ਜਾਤੀ ਵਿਵਸਥਾ ਦਾ ਵਿਰੋਧੀ ਸੀ। ਇਹ ਇਸ ਨੂੰ ਮੂਰਖਤਾ ਪੂਰਨ ਵਹਿਮ ਕਹਿੰਦਾ ਹੈ। ਗਊ, ਵੈਦਿਕ ਪ੍ਰੰਪਰਾਵਾਂ, ਪ੍ਰਾਰਥਨਾਵਾਂ ਆਪਣੇ ਆਪ ਵਿਚ ਪਵਿੱਤਰ ਨਹੀਂ ਹਨ। ਬ੍ਰਾਹਮਣਾ ਨੂੰ ਵਿਸ਼ੇਸ਼ ਦਰਜਾ ਨਹੀਂ ਦੇਣਾ ਚਾਹੀਦਾ। ਖੱਤਰੀ ਤੇ ਵੈਸ਼ ਆਪਣੇ ਤੋਂ ਹੇਠਲੀਆਂ ਜਾਤਾਂ ਨੂੰ ਦਬਾਉਂਦੇ ਹਨ। ਉਚ ਜਾਤੀ ਸ਼ੂਦਰ ਵੀ ਹੇਠਲੀਆਂ ਸ਼ੂਦਰ ਜਾਤਾਂ ਨੂੰ ਦਬਾਅ ਕੇ ਰੱਖਦੇ ਹਨ ਜਿਨ੍ਹਾਂ ਵਿਚ ਅੰਬੇਡਕਰ ਪੈਦਾ ਹੋਇਆ। ਸਾਨੂੰ ਆਪਣਾ ਮਨ ਬਦਲਣ ਦੀ ਲੋੜ ਹੈ। ਬੁਰੇ ਵਰਤਾਓ ਵਾਲੇ ਨਿਯਮ ਵੀ ਬਦਲਣ ਦੀ ਲੋੜ ਹੈ। ਸਾਰਿਆਂ ਨੂੰ ਵੈਦਿਕ ਸਿੱਖਿਆ ਦਾ ਹੱਕ ਮਿਲਣਾ ਚਾਹੀਦਾ। ਪਰ ਇਸ ਨੂੰ ਇਹ ਸਦੀਆਂ ਪੁਰਾਣੀ ਸੋਸ਼ਣ ਅਤੇ ਦਾਬ ਦੀ ਵਿਵਸਥਾ ਨਹੀਂ ਮੰਨਦਾ। ਅਸਲ ਵਿਚ ਉਹ ਜਾਗਰੂਕ ਬ੍ਰਾਹਮਣਾ ਦੀ ਅਗਵਾਈ ਹੇਠ ਹਿੰਦੂ ਏਕਤਾ ਦਾ ਪ੍ਰੋਜੈਕਟ ਪੂਰਾ ਕਰਨਾ ਜ਼ਰੂਰੀ ਸਮਝਦਾ ਸੀ। ਅਜਿਹਾ ਕਰਦੇ ਹੋਏ ਇਲੀਟ ਤਬਕੇ 'ਤੇ ਵੀ ਬੁਰਾ ਅਸਰ ਨਹੀਂ ਪੈਣਾ ਚਾਹੀਦਾ। ਹਿੰਦੂਆਂ ਨੂੰ ਮੁਸਲਮਾਨਾਂ ਖਿਲਾਫ਼ ਇਕਜੁਟ ਕਰਨ ਦੀ ਧਾਰਨਾ ਨੂੰ, ਉਹ ਅੰਗਰੇਜ਼ ਸਾਮਰਾਜ ਦੇ ਵਿਰੋਧ ਨਾਲੋਂ ਵੱਧ ਜ਼ਰੂਰੀ ਸਮਝਦਾ ਸੀ ਤਾਂ ਜੋ ਸ਼ੂਦਰ ਜਮਾਤਾਂ ਧਰਮ ਪਰਿਵਰਤਨ ਕਰਕੇ ਮੁਸਲਮਾਨ ਧਰਮ ਨਾ ਅਪਨਾ ਲੈਣ ਅਤੇ ਹਿੰਦੂਆਂ ਲਈ ਖਤਰਾ ਨਾ ਖੜ੍ਹਾ ਕਰਨ। ਪਹਿਲਾ ਅੰਬੇਡਕਰ ਦਾ ਹਮਦਰਦ ਰਹਿਣ ਵਾਲਾ ਸਾਵਰਕਰ ਆਖਰ ਵਿਚ ਅੰਬੇਡਕਰ ਨੂੰ "ਹਿੰਦੂਤਵੀ ਨਫ਼ਰਤ ਨਾਲ ਜਲ ਰਿਹਾ ਇਨਸਾਨ" ਕਹਿੰਦਾ ਹੈ। ਅਮਿਤ ਸ਼ਾਹ ਦਾ ਲੋਕ ਸਭਾ ਵਿਚ ਬਿਆਨ "ਅੰਬੇਡਕਰ ਦਾ ਨਾਮ ਲੈਣਾ ਸਿਆਸੀ ਫੈਸ਼ਨ ਬਣ ਗਿਆ ਹੈ, ਜੇ ਇੰਨਾ ਨਾਮ ਰੱਬ ਦਾ ਲਿਆ ਜਾਂਦਾ ਤਾਂ ਸਵਰਗ ਪ੍ਰਾਪਤ ਹੋ ਜਾਣਾ ਸੀ।" ਅਤੇ ਯੋਗੀ ਦਾ ਨਾਅਰਾ "ਬਟੇਂਗੇ ਤੋਂ ਕਟੇਂਗੇ" ਦੀਆਂ ਜੜ੍ਹਾਂ 1920-30 ਦੇ ਸਾਵਰਕਰ ਪ੍ਰੋਜੈਕਟ ਨਾਲ ਜੁੜ ਜਾਂਦੀਆਂ ਹਨ। ਪਿਛੇ ਜਿਹੇ ਭਾਰਤੀ ਫਾਊਂਡੇਸ਼ਨ ਦੇ ਪ੍ਰਧਾਨ ਰਾਮ ਮਾਧਵ ਬੌਸਟਨ ਵਿਖੇ "ਕੰਜ਼ਰਵੇਟਿਵ ਪੁਲੀਟੀਕਲ ਐਕਸ਼ਨ ਕਾਨਫਰੰਸ" (CAPC) ਵਿਚ ਸ਼ਾਮਲ ਹੋਣ ਲਈ ਗਿਆ, ਜਿਸ ਵਿਚ ਸੱਜੇਪੱਖੀਆਂ ਦਾ ਵਿਸ਼ਵ ਪੱਧਰੀ ਇਕੱਠ ਸੀ। ਹੰਗਰੀ ਦੇ ਪ੍ਰਧਾਨ ਮੰਤਰੀ ਵਿਕਟਰ ਆਰਬਨ ਦੀ ਪ੍ਰਧਾਨਗੀ ਵਿਚ ਬਹੁਤ ਸਾਰੇ ਦੇਸ਼ਾਂ ਦੇ ਮੌਜੂਦਾ ਤੇ ਸਾਬਕਾ ਮੰਤਰੀ, ਐੱਮ.ਪੀ. ਸ਼ਾਮਲ ਹੋਏ। ਜਾਰਜੀਆ, ਇਟਲੀ, ਫਰਾਂਸ, ਜਰਮਨੀ, ਨੀਦਰਲੈਂਡ, ਸਵੀਡਨ ਆਸਟ੍ਰੇਲੀਆ, ਸਲਵਾਕੀਆ ਅਤੇ ਚੈਕ ਰਿਪਬਲਿਕ ਦੇ ਨੁਮਾਇੰਦਿਆਂ ਤੋਂ ਇਲਾਵਾ ਟਰੰਪ ਦਾ ਵੀਡੀਓ ਸੰਦੇਸ਼ ਵੀ ਸ਼ਾਮਲ ਸੀ। ਉਥੇ ਹੰਗਰੀ ਦੀ ਅਵਾਸ ਨੀਤੀ ਖਿਲਾਫ਼ ਸੈਂਟਰਿਸਟ, ਲਿਬਰਲ, ਸੋਸਲਿਸਟ, ਲਿਬਰਲ ਅਤੇ ਲੈਫਟ ਲਿਬਰਲ ਦੇ ਸਤਰੰਗੀ ਗਠਜੋੜ ਦੇ ਵਿਰੋਧ ਕਾਰਨ 10 ਲੱਖ ਯੂਰੋ ਪ੍ਰਤੀ ਦਿਨ ਜੁਰਮਾਨਾ ਭੁਗਤਨ ਦੀ ਗੱਲ ਕੀਤੀ ਗਈ। ਉਹ ਰਾਸ਼ਟਰਵਾਦੀ ਨੀਤੀਆਂ ਦੀ ਹਮਾਇਤ ਅਤੇ ਆਵਾਸ ਨੀਤੀ, ਕੱਟੜ ਇਸਲਾਮ, ਵਿਸ਼ਵੀਕਰਨ ਅਤੇ ਖੱਬੇਪੱਖੀ ਤਾਕਤਾਂ ਦੇ ਲਿਬਰਲ ਫਾਸ਼ਿਜ਼ਮ ਦੇ ਵਿਰੋਧ ਖਿਲਾਫ਼ ਇਕ ਮੱਤ ਸਨ। ਉਨ੍ਹਾਂ ਇਸ ਗੱਲ 'ਤੇ ਮਾਣ ਮਹਿਸੂਸ ਕੀਤਾ ਕਿ ਸਤਰੰਗੀ ਗਠਜੋੜ ਦੇ ਵਿਰੋਧਾਂ ਦੇ ਬਾਵਜੂਦ ਸੱਜੇਪੱਖੀ ਤਾਕਤਾਂ ਮਜਬੂਤ ਹੋ ਰਹੀਆਂ ਹਨ। ਦੇਸ਼ ਭਗਤਾਂ ਦਾ ਸਮਾਂ ਆ ਗਿਆ ਹੈ। ਰਾਮ ਮਾਧਵ ਨੇ ਇਸ ਸੱਜੇਪੱਖੀ ਗਠਜੋੜ ਵਿਚ ਭਾਰਤ ਨੂੰ ਰਲਾਉਣ ਦੀ ਅਪੀਲ ਕੀਤੀ। ਉਸ ਨੇ ਦੱਸਿਆ ਕਿ ਭਾਰਤ ਵੀ, ਰੱਬ, ਧਰਮ, ਪਰਿਵਾਰ ਅਤੇ ਦੇਸ਼ ਭਗਤੀ ਨੂੰ ਮੰਨਣ ਵਾਲਾ ਪ੍ਰਭੂਸੱਤਾ ਸੰਪੰਨ ਦੇਸ਼ ਹੈ ਜੋ ਗੈਰ ਕਾਨੂੰਨੀ ਆਵਾਸ ਦਾ ਵਿਰੋਧੀ ਹੈ। ਉਸ ਨੇ ਦਾਅਵਾ ਕੀਤਾ ਕਿ ਮੋਦੀ ਨੇ ਕਸ਼ਮੀਰੀ ਆਤੰਕੀ ਹਮਲੇ ਸਮੇਂ ਉਦਾਰਪੰਥੀਆਂ ਦੀ ਹਮਾਇਤ ਵੀ ਹਾਸਲ ਕਰ ਲਈ ਹੈ। ਵੱਡਾ ਬੁੱਧੀਜੀਵੀ ਵਰਗ ਅਤੇ ਮੀਡੀਏ ਦਾ ਵੱਡਾ ਹਿੱਸਾ ਵੀ ਸਾਡੇ ਵਿਚਾਰਾਂ ਦਾ ਹਮਾਇਤੀ ਹੈ। ਰਾਮ ਮੰਦਰ ਦੀ ਉਸਾਰੀ ਨੇ ਨਕਲੀ ਧਰਮ ਨਿਰਪੱਖ ਤਾਕਤਾਂ ਨੂੰ ਕਮਜ਼ੋਰ ਕਰ ਦਿੱਤਾ ਹੈ ਅਤੇ ਧਾਰਾ 370 ਦੇ ਖਾਤਮੇ ਨੇ ਵੱਖਵਾਦੀ ਕੱਟੜਵਾਦੀ ਤਾਕਤਾਂ ਨੂੰ ਨਸ਼ਟ ਕਰ ਦਿੱਤਾ ਹੈ। ਭਾਰਤ ਜਿਸ ਦੇ ਤਾਕਤ ਦੋ ਯੂਰੋਪ 4 ਅਮਰੀਕਾ ਅਤੇ 140 ਹੰਗਰੀਆਂ ਦੇ ਬਰਾਬਰ ਹੈ, ਨੂੰ ਵੀ ਇਸ ਗਠਜੋੜ ਵਿਚ ਸ਼ਾਮਲ ਕਰਨਾ ਚਾਹੀਦਾ ਹੈ। ਭਾਵ ਵਿਸ਼ਵ ਪੱਧਰ 'ਤੇ ਸੱਜੇਪੱਖੀ ਤਾਕਤਾਂ ਇਕੱਠੀਆਂ ਹੋ ਕੇ ਲਿਬਰਲ ਖੱਬੇਪੱਖੀ ਵਿਰੋਧ ਦਾ ਸਾਹਮਣਾ ਕਰ ਸਕਦੀਆਂ ਹਨ।

ਅਜਿਹੇ ਸਮੇਂ ਜਦੋਂ ਕੁਦਰਤੀ ਸ੍ਰੋਤਾਂ ਤੇ ਕਾਰਪੋਰੇਟ ਦਾ ਕਬਜ਼ਾ ਸਰਕਾਰ ਵਲੋਂ ਯਕੀਨੀ ਬਣਾਇਆ ਜਾ ਰਿਹਾ ਹੈ। ਨਿੱਜੀ ਸਰਮਾਏ ਦੀ ਸਰਦਾਰੀ ਹੈ। ਆਮ ਜਨਤਾ ਸੰਕਟਗ੍ਰਸਤ ਹੈ। ਮਿਹਨਤਕਸ਼ ਤਬਕੇ ਜਿਲ੍ਹਣ ਦੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ। ਕਿਸਾਨੀ ਸੰਕਟ ਵਿਚ ਹੈ। ਸੰਘਰਸ਼ਾਂ ਨੂੰ ਬੇਕਿਰਕੀ ਨਾਲ ਕੁਚਲਿਆ ਜਾ ਰਿਹਾ ਹੈ। ਕਾਨੂੰਨ ਦੀ ਭੇਦਭਾਵੀ ਢੰਗ ਨਾਲ ਵਰਤੋਂ ਕਰਕੇ ਬੇਕਸੂਰਾਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਹੋਇਆ ਹੈ ਅਤੇ ਕਸੂਰਵਾਰ ਅਜ਼ਾਦ ਹੀ ਨਹੀਂ ਘੁੰਮ ਰਹੇ ਸਗੋਂ ਸੱਤਾ ਦਾ ਅਨੰਦ ਮਾਣ ਰਹੇ ਹਨ। ਜਮਹੂਰੀ ਕਾਰਕੁੰਨਾਂ ਤੇ ਤਸ਼ੱਦਦ ਕਰਕੇ ਮਾਰਿਆ ਜਾ ਰਿਹਾ ਹੈ। ਮੁਸਲਮਾਨਾਂ ਤੇ ਘੱਟ ਗਿਣਤੀਆਂ 'ਤੇ ਨਿੱਤ ਦਿਨ ਜਬਰ ਜਾਰੀ ਹੈ। ਸੰਸਥਾਵਾਂ ਦਾ ਭਗਵਾਂਕਰਨ ਕੀਤਾ ਜਾ ਰਿਹਾ ਹੈ। ਈਡੀ, ਸੀਬੀਆਈ, ਚੋਣ ਕਮਿਸ਼ਨ ਸੱਤਾ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੇ ਹਨ। ਫੌਜ ਦੇ ਜਰਨੈਲ ਫੌਜੀ ਵਰਦੀ ਵਿਚ ਸਾਧਾਂ ਅੱਗੇ ਮੱਥੇ ਟੇਕਦੇ ਹਨ। ਮੁੱਖ ਜੱਜ ਹਾਕਮਾਂ ਨਾਲ ਹਿੰਦੂਤਵੀ ਧਾਰਮਿਕ ਕਾਰਜ ਕਰਕੇ ਫੋਟੋਆਂ ਖਿਚਾਉਂਦੇ ਹਨ। ਖੇਤਰੀ ਪਾਰਟੀਆਂ ਕਮਜ਼ੋਰ ਹੋ ਰਹੀਆਂ ਹਨ। ਹਾਕਮ ਤਕੜੇ ਹੋ ਰਹੇ ਹਨ। ਅਜਿਹੇ ਸਮਿਆਂ ਵਿਚ ਧਰਮ ਨਿਰਪੱਖ ਜਮਹੂਰੀ ਤਾਕਤਾਂ ਦੀ ਵਿਸ਼ਾਲ ਏਕਤਾ ਕਰਕੇ ਤਿੱਖੇ ਘੋਲ ਕਰਨ ਦੀ ਲੋੜ ਹੈ। ਕਿਸਾਨਾਂ ਮਜ਼ਦੂਰਾਂ, ਬੁੱਧੀਜੀਵੀਆਂ, ਵਿਦਿਆਰਥੀਆਂ ਦੇ ਸਾਂਝੇ ਗਠਜੋੜ ਪਾਏਦਾਰ ਵਿਰੋਧ ਕਰਨ ਲਈ ਲਾਮਬੰਦ ਹੋਣੇ ਚਾਹੀਦੇ ਹਨ। ਫਿਰ ਹੀ ਜਮਹੂਰੀ ਅਧਿਕਾਰਾਂ ਦੀ ਜਾਮਨੀ ਮਿਲਣੀ ਲਾਜ਼ਮੀ ਬਣੇਗੀ ਅਤੇ ਐਮਰਜੈਂਸੀਆਂ ਦੇ ਦੌਰ ਖਤਮ ਹੋਣਗੇ।

**ਸੂਬਾ ਵਿੱਤ ਸਕੱਤਰ ਜਮਹੂਰੀ ਅਧਿਕਾਰ ਸਭਾ, ਪੰਜਾਬ**

# ਵਾਰਿੰਦਰ ਰਾਮਗੜ੍ਹੀਆ ਦੀ ਨਿਰਦੇਸ਼ਨਾ ਹੇਠ ਬਣੀ ਫ਼ਿਲਮ 'ਇੱਲਤੀ' ਨੂੰ ਦਰਸ਼ਕਾਂ ਵਲੋਂ ਭਰਪੂਰ ਹੁੰਗਾਰਾ

ਗੁਰਮੀਤ ਸਿੰਘ ਸੁਖਪੁਰਾ
(9465915763)








ਸੁਰਿੰਦਰ ਸ਼ਰਮਾ ਮੁੱਲਾਂਪੁਰ ਵਲੋਂ ਭੰਡਾਂ ਦੇ ਰੂਪ ਵਿੱਚ ਇੱਕ ਸ਼ਾਨਦਾਰ ਫਿਲਮ ਵਾਰਿੰਦਰ ਰਾਮਗੜ੍ਹੀਆ ਦੀ ਨਿਰਦੇਸ਼ਨਾ ਹੇਠ ਪਿਛਲੇ ਦਿਨੀ ਫ਼ਿਲਮ ਜਗਤ ਵਿੱਚ ਹਾਜ਼ਰ ਹੁੰਦੇ ਹੋਏ ਲਾਮਿਸਾਲ ਸੁਨੇਹਾ ਦਿੰਦੀ ਪ੍ਰਤੀਤ ਹੁੰਦੀ ਹੈ। ਇਸ ਫ਼ਿਲਮ ਦਾ ਨਾਂ ਹੈ 'ਇਲਤੀ' (illti) ਇਲਤੀ ਫਿਲਮ ਦੀ ਸ਼ੁਰੂਆਤ ਆਦਿਵਾਸੀ ਜਾਂ ਆਦਿ ਮਨੁੱਖ ਤੋਂ ਸ਼ੁਰੂ ਹੁੰਦੀ ਹੈ ਤੇ ਮਨੁੱਖ ਪੱਥਰਾਂ ਤੋਂ ਹਥਿਆਰ ਬਣਾ ਕੇ (ਕੁਹਾੜਾ) ਜੰਗਲ ਕੱਟ ਕੇ ਆਦਿ ਮਾਨਵਾਂ ਵਿੱਚ ਪਹਿਲੀ ਜਿੱਤ ਦਾ ਇਜ਼ਹਾਰ ਕਰਦਾ ਲਗਦਾ ਹੈ ਤੇ ਫਿਰ ਅੱਗੇ ਪਹੀਏ ਬਣਾਉਣ ਕੇ ਰੇੜੀ ਨੁਮਾ ਯੰਤਰ ਬਣਾ ਕੇ ਨਵੀਂ ਤਕਨੀਕ ਦਾ ਆਗਾਜ਼ ਕਰਦਾ ਨਜ਼ਰ ਆਉਂਦਾ ਹੈ ਤੇ ਇੰਨੇ ਨੂੰ ਭੰਡਾਂ ਦੇ ਘਰ ਇਲਤੀ ਨਾਂ ਦਾ ਬੱਚਾ ਪੈਦਾ ਹੁੰਦਾ ਹੀ ਭੰਡ ਬਾਪੂ ਨੂੰ ਕਹਿੰਦਾ ਕਿ ਜੰਮ ਤਾਂ ਲਿਆ ਹੁਣ ਸਾਂਭ ਵੀ ਲਵੇਂਗਾ। ਜਲਦੀ ਹੀ ਵੱਡਾ ਹੋ ਇੱਲਤਾਂ ਕਰਦਾ ਕਰਦਾ ਪਿਆਰ ਕਰ ਬਹਿੰਦਾ ਹੈ ਤੇ ਮਾਂ ਬਾਪ ਨੂੰ ਵਿਆਹ ਲਈ ਮਨਾਉਂਦਾ ਹੈ ਤੇ ਫਿਲਮ ਆਪਣੇ ਅਸਲੀ ਰੂਪ ਵਿੱਚ ਆਉਂਦੀ ਹੋਈ ਜੰਗਲਾਂ ਨੂੰ ਕੱਟਣ ਵਿੱਚ ਸ਼ਾਮਲ ਸਰਕਾਰਾਂ ਦੇ ਨੁਮਾਇੰਦੇ ਐਮ ਪੀ, ਸਰਪੰਚ ਦੇ ਰੂਪ ਵਿੱਚ ਸਰਮਾਏਦਾਰ ਤੇ ਪੁਲਿਸ ਦੇ ਠਾਣੇਦਾਰ ਦੇ ਰੂਪ ਵਿੱਚ ਸਟੇਟ ਮਸ਼ੀਨਰੀ ਦੇ ਰੋਲ ਨੂੰ ਬਾਖ਼ੂਬੀ ਨੰਗਾ ਕਰਦੀ ਹੈ। ਸਰਮਾਏਦਾਰੀ ਵਿੱਚ ਰਿਸ਼ਤਿਆਂ ਦੇ ਟੁੱਟਣ ਨੂੰ ਬਾਖ਼ੂਬੀ ਬਿਆਨ ਕਰਦੀ ਲਾਲਚੀਪੁਣੇ ਦੀ ਚਰਮਸੀਮਾਂ ਤੇ ਪਹੁੰਚੇ ਚਾਚੇ ਨੂੰ ਪਬਲਿਕ ਅੱਗੇ ਪੇਸ਼ ਕੀਤਾ ਜਾਂਦਾ ਹੈ ਤੇ ਸਰਦਾਰਾਂ/ ਸਰਮਾਏਦਾਰਾਂ ਵੱਲੋਂ ਘਰਾਂ ਤੇ ਕਬਜ਼ਾ ਕਰਾਉਣ ਤੋਂ ਲੈਕੇ ਜੰਗਲਾਂ ਤੇ ਕਬਜ਼ਾ ਕਰਾਉਣ ਦੇ ਸਰਵੇ ਕਰਵਾਏ ਜਾਂਦੇ ਹਨ ਇਹ ਸਾਰੇ ਕੰਮ ਸਰਕਾਰੀ ਸ਼ਹਿ ਪਲ ਰਹੇ ਗੁੰਡਿਆਂ ਵਲੋਂ ਕੀਤੇ ਜਾ ਰਹੇ ਹਨ ਤੇ ਪੁਰਾਣਾ ਬੋਹੜ ਜੋ ਸੜਕਾਂ ਦੇ ਮੋੜ ਵਿੱਚ ਆ ਕੇ ਡਿੱਕਾ ਬਣਦਾ ਸੀ ਨੂੰ ਕੱਟਣ ਵੇਲੇ ਫ਼ਿਲਮ ਦੇ ਹੀਰੋ ਇੱਲਤੀ ਵਲੋਂ ਆਪਣੇ ਪਿਆਰ ਕਰਨ ਵਾਲੀ ਕੁੜੀ ਨੂੰ ਇਹ ਕਹਿਣਾ ਕਿ ਤੇਰੇ ਪਿਆਰ ਅਤੇ ਜੰਗਲ ਵਿੱਚੋਂ ਇੱਕ ਚੁਣਨਾ ਪਿਆ ਤਾਂ ਮੈਂ ਜੰਗਲ ਚੁਣਦਾ ਹਾਂ ਤਾਂ ਉਹ ਕੁੜੀ ਵੀ ਜੰਗਲ ਬਚਾਉਣ ਦੀ ਹਾਮੀ ਭਰਦੀ ਹੋਈ ਘਰ ਛੱਡ ਇੱਲਤੀ ਨਾਲ ਹੋ ਤੁਰਦੀ ਹੈ ਤੇ ਅਖੀਰ ਜੰਗਲ ਬਚਾਉਣ ਦਾ ਸੁਨੇਹਾ ਦਿੰਦੀ ਫਿਲਮ ਅੱਜ ਦੇ ਹਾਕਮਾਂ ਦਾ ਚੰਗੀ ਤਰ੍ਹਾਂ ਹੀਜ ਪਿਆਜ਼ ਨੰਗਾ ਕਰਦੀ ਹੋਈ ਜੰਗਲਾਂ ਦੇ ਬੇਸ਼ੁਮਾਰ ਕੀਮਤੀ ਖਣਿਜਾਂ ਨੂੰ ਬਹੁਕੌਮੀ ਕੰਪਨੀਆਂ ਨੂੰ ਲੁਟਾਉਣ ਤੋਂ ਵਰਜਦੀ ਹੈ। ਲੋਕਾਂ ਨੂੰ ਆਪਣੇ ਜੰਗਲੀ ਜੀਵਨ ਵਿੱਚ ਆਪਣੇ ਮੁਤਾਬਕ ਜ਼ਿੰਦਗੀ ਜਿਉਣ ਦੀ ਮੰਗ ਕਰਦੀ ਪ੍ਰਤੀਤ ਹੁੰਦੀ ਹੈ।

ਬੇਸ਼ੱਕ ਇਹ ਫਿਲਮ ਭਾਵੇਂ ਕੁਝ ਆਮ ਲੋਕਾਂ ਨੂੰ ਨਾ ਚੰਗੀ ਲੱਗੀ ਹੋਵੇ ਪਰ ਇਸ ਨੂੰ ਦੂਜੇ ਏਂਗਲ ਤੋਂ ਦੇਖਣ ਤੋਂ ਪਤਾ ਚਲਦਾ ਹੈ ਕਿ ਅੱਜ ਸਰਮਾਏਦਾਰਾਂ ਨੂੰ ਇਥੋਂ ਦੀਆਂ ਸਰਕਾਰਾਂ ਨੇ ਸਾਰਾ ਕੁਝ ਵੇਚ ਦਿੱਤਾ ਹੈ। ਲੋਕਾਂ ਤੋਂ ਉਨ੍ਹਾਂ ਦੇ ਵਸੀਲੇ ਖੋਹੇ ਜਾ ਰਹੇ ਹਨ ਤੇ ਜਿੰਨਾ ਚਿਰ ਤੱਕ ਆਮ ਲੋਕ ਇਸ ਵਿਰੁੱਧ ਉਠਦੇ ਨੀ, ਬੋਲਦੇ ਨੀ ਉਨ੍ਹੀਂ ਦੇਰ ਇਸ ਸਭ ਕੁਝ ਨੂੰ ਬਚਾਇਆ ਨਹੀਂ ਜਾ ਸਕਦਾ ਹੈ। ਇਹੋ ਸੁਨੇਹਾ ਇਸ ਫਿਲਮ ਵਿਚ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਫੂਹੜ ਕਾਮੇਡੀ ਤੋਂ ਹੱਟ ਕੇ ਇਕ ਵਿਅੰਗ ਫਿਲਮ ਹੈ।

ਸੁਰਿੰਦਰ ਸ਼ਰਮਾ ਇਕ ਸਟੇਜ ਦਾ ਜਾਣਿਆ ਪਹਿਚਾਣਿਆ ਚਿਹਰਾ ਹੈ ਜਿਹਨੂੰ ਅਸੀਂ ਪਿਛਲੇ 40 ਸਾਲਾਂ ਤੋਂ ਪੰਜਾਬ ਦੀਆਂ ਇਨਕਲਾਬੀ ਸਟੇਜਾਂ ਤੇ ਆਪਣੀ ਕਲਾ ਦੇ ਜੌਹਰ ਦਿਖਾਉਂਦੇ ਨੂੰ ਦੇਖਦੇ ਆ ਰਹੇ ਹਾਂ। ਅੱਜ ਭੰਡਾ ਦੇ ਰੂਪ ਵਿਚ ਵੱਡੇ ਪਰਦੇ ਤੇ ਦੇਖ ਕੇ ਬਹੁਤ ਚੰਗਾ ਲਗਿਆ।

ਫਿਲਮ ਦਾ ਨਿਰਦੇਸ਼ਨ ਵਰਿੰਦਰ ਰਾਮਗੜ੍ਹੀਆ ਨੇ ਕੀਤਾ ਹੈ ਜੋਕਿ 23 ਸਾਲ ਦਾ ਯੰਗ ਮੁੰਡਾ ਹੈ। ਲੇਖਕ ਨੂੰ ਵੀ ਦਾਦ ਦੇਣੀ ਬਣਦੀ ਹੈ। ਫਿਲਮ ਵਿਚ ਮੁੱਖ ਭੂਮਿਕਾ ਵਿਚ ਜਗਤੀਤ ਸੰਧੂ ਅਤੇ ਤਣੀਆਂ ਨਾਂ ਦੀ ਕੁੜੀ ਨੇ ਨਿਭਾਈ ਹੈ। ਬਹੁਤ ਵਧੀਆ ਐਕਟਿੰਗ ਕੀਤੀ ਹੈ। ਇਸ ਫਿਲਮ ਵਿਚ ਪੰਜਾਬੀ ਥੀਏਟਰ ਦੇ ਬਹੁਤ ਸਾਰੇ ਕਲਾਕਾਰ ਦੇਖਣ ਨੂੰ ਮਿਲੇ ਜਿਵੇਂ ਭੰਡਾਂ ਦੇ ਰੂਪ ਵਿਚ ਪਿਓ ਸੁਰਿੰਦਰ ਸ਼ਰਮਾ, ਮਾਂ ਅਨੀਤਾ ਦੇਵਗਨ, ਚਾਚਾ ਇੱਕਤਰ ਸਿੰਘ, ਤਾਇਆ ਬਸ਼ੀਰ ਦੀਨ ਅਤੇ ਹੋਰ ਵੀ ਬਹੁਤ ਸਾਰੇ। ਕੁਲ ਮਿਲਾ ਕੇ ਇੱਲਤੀ ਫਿਲਮ ਇਕ ਨਵਾਂ ਕਨਸੈਪਟ ਲੈਕੇ ਆਈ ਹੈ ਇਸ ਨੂੰ ਜਰੂਰ ਦੇਖਣਾ ਚਾਹੀਦਾ ਹੈ।

# ਜ਼ਮੀਨ ਦੇ ਹੱਕ ਲਈ ਮਜ਼ਦੂਰ ਵਿਸ਼ੇਸ਼ ਕਰਕੇ ਦਲਿਤ ਵਰਗ ਦੀ ਪਹਿਲ ਕਦਮੀ

ਬੇਗਮਪੁਰੇ ਨੂੰ ਜਾਂਦੇ ਸੈਂਕੜੇ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਸਰਕਾਰ ਕੋਲ ਜੇਲਾਂ ਘੱਟ ਗਈਆਂ ਅਤੇ ਜਥੇਬੰਦੀ ਨੇ ਮੁੜ ਸੰਗਰੂਰ ਧਰਨੇ ਦਾ ਐਲਾਨ ਕੀਤਾ ਤਾਂ ਸਰਕਾਰ ਨੇ ਗ੍ਰਿਫਤਾਰ ਲੋਕਾਂ ਨੂੰ ਰਿਹਾਅ ਕਰਨਾ ਸ਼ੁਰੂ ਕਰ ਦਿੱਤਾ। ਪ੍ਰੰਤੂ ਉਸ ਤੋਂ ਪਹਿਲਾਂ ਜਥੇਬੰਦੀ ਦੇ ਜਥੇਬੰਦਕ ਢਾਂਚੇ ਨੂੰ ਢਾਹ ਲਾਉਣ ਅਤੇ ਮਿਸ਼ਨ ਬੇਗਮਪੁਰਾ ਨੂੰ ਖ਼ਤਮ ਕਰਨ ਦੇ ਇਰਾਦੇ ਨਾਲ ਹਾਕਮਾਂ ਨੇ ਇੱਕ ਗਿਣੀ ਮਿਥੀ ਸਾਜਿਸ਼ ਤਹਿਤ ਦਲਿਤਾਂ ਨੂੰ ਪੇਂਡੂ ਧਨਾਡ ਚੌਧਰੀਆਂ ਨੂੰ ਬੁਲਾ ਕੇ ਉਹਨਾਂ ਰਾਹੀਂ ਛੱਡਣਾ ਸ਼ੁਰੂ ਕੀਤਾ ਤਾਂ ਕਿ ਦਲਿਤਾਂ ਉੱਪਰ ਪੇਂਡੂ ਧਨਾਡ ਚੌਧਰੀਆਂ ਦਾ ਦਬਦਬਾ ਬਣਿਆ ਰਹੇ। ਜਥੇਬੰਦੀ ਨਾਲੋਂ ਲੋਕ ਟੁੱਟਣ। ਅਫ਼ਸੋਸ ਦੀ ਗੱਲ ਇਹ ਹੈ ਕਿ ਅਜਿਹੇ ਸਮੇਂ ਬੀ ਐਸ ਪੀ ਸੰਘਰਸ਼ ਵਿੱਚ ਸਾਥ ਦੇਣ ਦੀ ਥਾਂ ਆਮ ਆਦਮੀ ਪਾਰਟੀ ਦੀ 2 ਟੀਮ ਵਜੋਂ ਕੰਮ ਕਰ ਰਹੀ ਹੈ। ਅਜਿਹੇ ਸਮੇਂ ਜਦੋਂ ਦਲਿਤਾਂ ਵਲੋਂ ਪੇਂਡੂ ਧਨਾਡ ਚੌਧਰੀਆਂ ਦੇ ਦਾਬੇ ਨੂੰ ਤੋੜਦੇ ਹੋਏ 'ਜੋ ਜ਼ਮੀਨ ਸਰਕਾਰੀ ਹੈ ਵੋ ਜ਼ਮੀਨ ਹਮਾਰੀ ਹੈ' ਦੇ ਨਾਅਰੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਲਹਿਰ ਖੜ੍ਹੀ ਕੀਤੀ ਜਾ ਰਹੀ ਹੈ ਉਸ ਸਮੇਂ 'ਪੜ੍ਹੋ ਜੁੜੋ ਸੰਘਰਸ਼ ਕਰੋ' ਦੇ ਨਾਅਰੇ ਨੂੰ ਰੱਦ ਕਰਦੇ ਹੋਏ ਇਹ ਪ੍ਰਚਾਰ ਕਰਨਾ ਕਿ ਧਰਨੇ ਮੁਜਾਹਰੇ ਨਾਲ ਜ਼ਮੀਨਾਂ ਨਹੀਂ ਮਿਲਦੀਆਂ। ਜਦੋਂ ਇੱਕ ਪਾਸੇ ਸੰਘਰਸ਼ ਕਮੇਟੀ ਦੇ ਆਗੂਆਂ ਉੱਪਰ ਪੁਲਿਸ ਛਾਪੇਮਾਰੀ ਕਰਕੇ ਗ੍ਰਿਫਤਾਰ ਕਰਨ ਲਈ ਪੱਬਾਂ ਭਾਰ ਹੋਈ ਹੈ ਉਥੇ ਜੇਲ੍ਹ ਤੋਂ ਬਾਹਰ ਆਉਂਦੇ ਦਲਿਤਾਂ ਦੇ ਗਲਾਂ ਵਿਚ ਹਾਰ ਪਾਕੇ ਪੇਂਡੂ ਧਨਾਡ ਚੌਧਰੀਆਂ ਦੀ ਬੋਲੀ ਬੋਲਦੇ ਹੋਏ ਇਹ ਕਹਿਣਾ ਕਿ ਉਹਨਾਂ ਦੀ ਰਿਹਾਈ ਕਰੀਮਪੁਰੀ ਦੇ ਡੀ ਸੀ ਸੰਗਰੂਰ ਨੂੰ ਘੁਰਕੀ ਮਾਰਨ ਨਾਲ ਹੋਈ ਹੈ ਤੁਹਾਡੇ ਆਗੂ ਤਾਂ ਭੱਜ ਗਏ। ਇਹ ਚੀਚੀ ਉੱਪਰ ਲਹੂ ਲਾਕੇ ਸ਼ਹੀਦ ਬਣਨ ਵਾਲੀ ਗੱਲ ਹੈ। ਹੁਣ ਮਿਸ਼ਨ ਬੇਗਮਪੁਰਾ ਨੂੰ ਫੇਲ੍ਹ ਕਰਨ ਲਈ ਸੰਘਰਸ਼ ਦੀ ਥਾਂ ਇਹ ਪ੍ਰਚਾਰ ਕਰਨਾ ਕਿ ਸਾਨੂੰ ਵੋਟਾਂ ਪਾਕੇ ਸਾਡੀ ਸਰਕਾਰ ਬਣਾਓ ਅਸੀਂ ਤੁਹਾਨੂੰ ਜ਼ਮੀਨਾਂ ਵੰਡਾਂਗੇ। ਇਹ ਦਾਅਵਾ ਕਰਨਾ ਕਿ ਯੂਪੀ ਵਿੱਚ ਲੱਖਾਂ ਏਕੜ ਜਮੀਨਾਂ ਮਾਇਆਵਤੀ ਨੇ ਵੰਡ ਦਿੱਤੀਆਂ, ਅਸਲ ਵਿੱਚ ਇਹ ਸਾਰਾ ਕੋਰਾ ਝੂਠ ਹੈ। ਜਿਵੇਂ ਆਮ ਆਦਮੀ ਪਾਰਟੀ ਦਿੱਲੀ ਦਾ ਝੂਠਾ ਪ੍ਰਚਾਰ ਕਰਦੀ ਹੈ, ਉਵੇਂ ਬੀ ਐਸ ਪੀ ਯੂਪੀ ਦਾ ਕਰਦੀ ਹੈ। ਯੂਪੀ ਵਿੱਚ ਬੀਐਸਪੀ ਦੀ ਸਾਂਝੀ ਸਰਕਾਰ ਵੀ ਰਹੀ 'ਤੇ ਇਕੱਲਿਆਂ ਦੀ ਸਰਕਾਰ ਵੀ ਰਹੀ, ਪ੍ਰੰਤੂ ਅੱਜ ਵੀ ਉੱਥੇ ਹਜ਼ਾਰਾਂ ਏਕੜ ਵਾਲੇ ਵੱਡੇ ਭੂਮੀਪਤੀ ਬੈਠੇ ਹਨ ਜਿਨ੍ਹਾਂ ਨਾਲ ਇਹਨਾਂ ਦੀ ਸਾਂਝ ਪਿਆਲੀ ਹੈ। ਬੀਐਸਪੀ ਦੀ ਸੁਪਰੀਮੋ ਮਾਇਆਵਤੀ ਅਤੇ ਇਸਦੇ ਲੀਡਰਾਂ ਨੇ ਦਲਿਤਾਂ ਵਿੱਚ ਜਮੀਨਾਂ ਵੰਡਣ ਦੇ ਨਾਮ ਹੇਠ ਆਪ ਜਮੀਨਾਂ ਹੜੱਪ ਕਰ ਲਈਆਂ ਅਤੇ ਦਲਿਤਾਂ ਦਾ ਭਾਂਡਾ ਖਾਲੀ ਹੀ ਰਿਹਾ। ਇਸੇ ਕਰਕੇ ਮਾਇਆਵਤੀ ਸਮੇਤ ਹੋਰ ਲੀਡਰਾਂ ਉੱਪਰ ਜਮੀਨ ਹੜੱਪਣ ਦੇ ਕਈ ਪਰਚੇ ਦਰਜ ਹਨ। ਜਿਸ ਪਾਰਟੀ ਨੂੰ ਇਹ ਭੰਡਦੇ ਨਹੀਂ ਥੱਕਦੇ ਸੀ ਤੇ ਬ੍ਰਾਹਮਣਵਾਦ ਦਾ ਰੌਲਾ ਪਾਉਂਦੇ ਸੀ, ਯੂਪੀ ਵਿੱਚ ਉਸੇ ਬੀਜੇਪੀ/ਆਰਐਸਐਸ ਨਾਲ ਸਾਂਝੀ ਸਰਕਾਰ ਬਣਾਉਂਦੇ ਰਹੇ। ਪੰਜਾਬ ਵਿੱਚ ਅੱਜ ਵੀ ਬੀਐਸਪੀ ਦੇ ਬਹੁਤ ਸਾਰੇ ਪਿੰਡਾਂ ਵਿੱਚ ਸਰਪੰਚ ਹਨ ਪ੍ਰੰਤੂ ਇਹ ਦੱਸਣ ਕਿ ਕਿੰਨੇ ਪਿੰਡਾਂ ਵਿੱਚ ਪੰਚਾਇਤੀ ਜਮੀਨਾਂ ਦਾ ਤੀਸਰਾ ਹਿੱਸਾ ਦਲਿਤਾਂ ਨੂੰ ਸਾਂਝੀ ਖੇਤੀ ਲਈ ਲੈਕੇ ਦਿੱਤਾ। ਜਿਹੜਾ ਸਰਪੰਚ ਬਣਦਾ ਹੈ ਉਹ ਲੋਕਾਂ ਦੀਆਂ ਜਮੀਨਾਂ ਆਪ ਖਾ ਜਾਂਦਾ ਹੈ। ਦਲਿਤਾਂ ਨੂੰ ਇਹ ਪਲਾਟ ਕਿਉਂ ਨਹੀਂ ਦਵਾਉਂਦੇ ? ਅਸਲ ਵਿੱਚ ਇਹ ਵੀ ਇਸੇ ਲੁੱਟ ਕਰਨ ਵਾਲੀ ਸਿਆਸਤ ਵਿੱਚ ਗਰਕ ਗਏ ਹਨ। ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦਾਅਵਾ ਕਰਦੀ ਹੈ ਕਿ ਉਸਨੇ ਸੰਘਰਸ਼ ਸਦਕਾ ਸੈਂਕੜੇ ਪਿੰਡਾਂ ਵਿੱਚ 20 ਹਜਾਰ ਬਿੱਘੇ ਤੋਂ ਉੱਪਰ ਜਮੀਨ ਦਵਾਈ ਹੈ। ਨਜ਼ੂਲ ਜਮੀਨਾਂ ਦੇ ਸੈਂਕੜੇ ਏਕੜ ਤੋਂ ਕਬਜ਼ੇ ਛਡਵਾਏ ਹਨ। ਸੰਘਰਸ਼ਾਂ ਦੀ ਪ੍ਰਾਪਤੀ ਬਾਰੇ ਵੀ ਇਹਨਾਂ ਦਾ ਪ੍ਰਚਾਰ ਝੂਠਾ ਹੈ ਕਿਸਾਨਾਂ ਨੇ ਦਿੱਲੀ ਧਰਨਾ ਲਾ ਕੇ ਮੋਦੀ ਹਕੂਮਤ ਦਾ ਮੂੰਹ ਮੋੜਿਆ 'ਤੇ ਆਪਣੀਆਂ ਜਮੀਨਾਂ ਕਾਰਪੋਰੇਟਾਂ ਤੋਂ ਬਚਾਈਆਂ। ਇਸ ਤੋਂ ਪਹਿਲਾਂ ਖੁਸ਼ਹਤੀ ਟੈਕਸ ਮੋਰਚਾ, ਪੰਜਾਬੀ ਬੋਲਦੇ ਇਲਾਕਿਆਂ ਤੇ ਪਾਣੀਆਂ ਲਈ ਲੱਗੇ ਮੋਰਚੇ, ਮੁਜ਼ਾਹਰਾ ਲਹਿਰ ਆਦਿ ਸੈਂਕੜੇ ਉਦਾਹਰਨਾਂ ਹਨ। ਪ੍ਰੰਤੂ ਚੋਣਾਂ ਜਿੱਤ ਕੇ ਸੱਤਾ ਵਿੱਚ ਜਾ ਕੇ ਕੋਈ ਲੋਕਾਂ ਦੀ ਗੱਲ ਕਰਦਾ ਹੋਵੇ ਇਸ ਦੀ ਕੋਈ ਉਦਾਹਰਨ ਨਹੀਂ। ਬੀਐਸਪੀ ਦੇ ਦਾਅਵਿਆਂ ਦੇ ਉਲਟ ਡਾਕਟਰ ਭੀਮ ਰਾਓ ਅੰਬੇਦਕਰ, ਬਾਬਾ ਮੰਗੂ ਰਾਮ ਮੂਗੋਵਾਲੀਆ ਹੋਰੀਂ ਵੀ ਜ਼ਮੀਨ ਦੇ ਮਸਲੇ 'ਤੇ ਧਰਨੇ ਮੁਜ਼ਾਹਰੇ ਕਰਦੇ ਰਹੇ। ਉਹਨਾਂ ਦੀ ਪਾਰਟੀ ਦੇ ਅਨੇਕਾਂ ਲੋਕਾਂ ਨੇ ਜ਼ਮੀਨ ਦੇ ਮਸਲੇ ਨੂੰ ਲੈ ਕੇ ਮਹਾਰਾਸ਼ਟਰ ਅਤੇ ਹੋਰ ਸੂਬਿਆਂ ਦੇ ਵਿੱਚ ਕਈ ਵਾਰ ਗ੍ਰਿਫਤਾਰੀਆਂ ਦਿੱਤੀਆਂ, ਜੇਲਾਂ ਵਿੱਚ ਵੀ ਗਏ। ਬੀਐਸਪੀ ਦਾ ਸੰਘਰਸ਼ਾਂ ਪ੍ਰਤੀ ਨਿਰਾ ਕੋਰਾ ਝੂਠ ਹੈ। ਜੇਕਰ ਇਸ ਪਾਰਲੀਮੈਂਟ ਰਾਹੀਂ ਕੁਝ ਲੋਕਾਂ ਦਾ ਸੁਧਰਦਾ ਹੁੰਦਾ ਤਾਂ ਬਾਬਾ ਸਾਹਿਬ ਕਾਨੂੰਨ ਮੰਤਰੀ ਵਜੋਂ ਆਪ ਅਸਤੀਫਾ ਦੇ ਕੇ ਵਾਪਸ ਨਾ ਆਉਂਦੇ।

ਉੱਚ ਜਾਤੀ ਦੀਆਂ ਬਣੀਆਂ ਜਥੇਬੰਦੀਆਂ ਜਿਹੜੀਆਂ ਦਾਅਵੇ ਕਰਦੀਆਂ ਹਨ ਕਿ ਅਸੀਂ ਮਿਹਨਤ ਕਰਕੇ ਜਮੀਨਾਂ ਬਣਾਈਆਂ ਹਨ। ਦਲਿਤਾਂ ਨੇ ਮਿਹਨਤ ਹੀ ਨਹੀਂ ਕੀਤੀ। ਇਹ ਅਸਲ ਵਿੱਚ ਬਾਬੇ ਨਾਨਕ ਦੀ ਵਿਚਾਰਧਾਰਾ ਨੂੰ ਛੱਡ ਕੇ ਮਲਿਕ ਭਾਗੋ ਵਾਲੇ ਰਾਹ ਪਏ ਹੋਏ ਹਨ। ਦਲਿਤਾਂ ਦੀਆਂ ਪੀੜ੍ਹੀਆਂ ਸੀਰ ਕਰਦੀਆਂ ਰਹੀਆਂ। ਉਹ ਇਕੱਲਾ ਬੰਦਾ ਸੀਰੀ ਨਹੀਂ ਹੁੰਦਾ ਸੀ ਸਾਰੇ ਦਾ ਸਾਰਾ ਟੱਬਰ ਸੀਰ ਦੇ ਥੱਲੇ ਵਗਾਰ ਕਰਦਾ ਸੀ। ਜੇਕਰ ਅਸੀਂ ਉਹਨਾਂ ਦੀ ਮਿਹਨਤ ਨਹੀਂ ਗਿਣਾਂਗੇ ਤਾਂ ਇਹ ਬੇਈਮਾਨੀ ਹੈ। ਇਹ ਉੱਚ ਜਾਤੀ ਯੂਨੀਅਨਾ ਕਹਿ ਰਹੀਆਂ ਹਨ ਕਿ ਇਹ ਜੱਟਾਂ ਦੀਆਂ ਜਮੀਨਾਂ ਖੋਹ ਲੈਣਗੇ। ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਜੱਟਾਂ ਦੀਆਂ ਜਮੀਨਾਂ ਨਹੀਂ ਬਲਕਿ ਧਨਾਢਾਂ ਦੀਆਂ ਸਾਢੇ 17 ਏਕੜ ਤੋਂ ਉੱਪਰਲੀਆਂ ਜਮੀਨਾਂ ਵੰਡਣ ਦੀ ਗੱਲ ਕਰਦੀ ਹੈ। ਬੇਜ਼ਮੀਨੇ 'ਤੇ ਛੋਟੇ ਕਿਸਾਨਾਂ ਨੂੰ ਆਪਣੇ ਨਾਲ ਲੈਂਦੀ ਹੈ। ਇਹ ਜਿਹੜੇ ਕਹਿੰਦੇ ਹਨ ਕਿ ਛੋਟੇ ਫਾਰਮਾਂ ਨਾਲ ਖੇਤੀ ਤੇ ਆਮਦਨ ਘਟਦੀ ਹੈ ਇਸ ਲਈ ਵੱਡੇ ਫਾਰਮ ਹੋਣੇ ਚਾਹੀਦੇ ਹਨ। ਅਸਲ ਵਿੱਚ ਇਹ ਕਾਰਪੋਰੇਟ ਤੇ ਜਗੀਰਦਾਰੀ ਪੱਖੀ ਲੋਕ ਹਨ। ਇਹ ਉਹੀ ਲੋਕ ਹਨ ਕਿ ਜਦੋਂ ਕਿਸਾਨ ਮੋਦੀ ਖਿਲਾਫ ਦਿੱਲੀ ਦੇ ਬਾਰਡਰਾਂ 'ਤੇ ਸੀ ਅਤੇ ਇਹ ਮੋਦੀ ਦੀ ਹਮਾਇਤ ਕਰਦੇ ਸੀ। ਇਹ ਉਹੀ ਲੋਕ ਨੇ ਜਿਹੜੇ ਆਪਣੇ ਨਾਲ ਦੇ ਛੋਟੇ ਕਿਸਾਨ ਦੀ ਜਮੀਨ 'ਤੇ ਅੱਖ ਰੱਖਦੇ ਹਨ ਕਿ ਕਦੋਂ ਉਹ ਘਰੇਲੂ ਸਮੱਸਿਆ ਵਿੱਚ ਫਸੇ 'ਤੇ ਇਹ ਉਸਦੀ ਜਮੀਨ ਖਰੀਦ ਲੈਣ। ਅਸਲ ਵਿੱਚ ਇਹਨਾਂ ਨੂੰ ਬਾਬੇ ਨਾਨਕ ਦੀ ਸਾਂਝੀ ਖੇਤੀ ਅਤੇ ਗੁਰੂ ਰਵਿਦਾਸ ਦੇ ਬੇਗਮਪੁਰੇ ਦੀ ਖੇਤੀ ਨਹੀਂ ਦਿਖਦੀ । ਇਹ ਗੁਰਬਾਣੀ ਤੋਂ ਮਨਮੁਖ ਹੋ ਚੁੱਕੇ ਹਨ। ਅਸਲ ਵਿੱਚ ਇਹ ਗੱਲ ਤਾਂ ਇਹਨਾਂ ਨੂੰ ਚੁਭਦੀ ਹੈ ਕਿ ਜਥੇਬੰਦੀ ਨੇ ਇਹ ਮਾਡਲ ਲਾਗੂ ਕੀਤਾ ਕਿ ਜ਼ਮੀਨ ਆਪਣੀ ਆਪਣੀ ਤੇ ਕੰਮ ਸਾਂਝਾ ਅਤੇ ਪ੍ਰਬੰਧ ਸਾਂਝਾ। ਜਿਹੜਾ 927 ਏਕੜ ਬਾਰੇ ਝੂਠ ਪ੍ਰਚਾਰਿਆ ਜਾ ਰਿਹਾ ਹੈ ਕਿ ਇਹ ਜੀਂਦ ਰਿਆਸਤ ਦੀ ਮਾਲਕੀ ਦੀ ਜ਼ਮੀਨ ਨਹੀਂ ਹੈ, ਇਸ ਬਾਰੇ ਜਥੇਬੰਦੀ ਨੇ ਕਈ ਵਾਰ ਤੱਥ ਪੇਸ਼ ਕੀਤੇ ਹਨ ਹੁਣ ਇੱਕ ਵਾਰ ਫਿਰ ਦੱਸ ਰਹੇ ਹਾਂ ਕਿ ਕੁੱਲ ਜ਼ਮੀਨ 927 ਏਕੜ ਹੈ ਜਿਸ ਵਿੱਚ



ਜੰਗਲ ਹੇਠ ਲਗਭਗ 625 ਏਕੜ ਜਮੀਨ ਹੈ ਅਤੇ ਰਫਾਇਨਰੀ ਅਧੀਨ 125 ਏਕੜ ਜ਼ਮੀਨ ਜਿਸਦਾ ਪੈਸਾ ਅੱਜ ਵੀ ਮਰਨ ਦੇ ਬਾਵਜੂਦ ਮਹਿਕਮਾ ਜੀਂਦ ਦੇ ਸਰਦਾਰ ਦੇ ਖਾਤੇ ਵਿੱਚ ਪਾ ਰਿਹਾ ਹੈ ਕਿਉਂਕਿ ਇਹ ਲੀਜ ਉੱਪਰ ਲਈ ਹੋਈ ਹੈ। ਬਾਕੀ ਜਮੀਨ 'ਤੇ ਕੁਝ ਲੋਕ ਰਾਜੇ ਦੇ ਮਰਨ ਤੋਂ ਬਾਅਦ ਮੈਨੇਜਰ ਬਣ ਕੇ ਕਬਜ਼ਾ ਕਰੀ ਬੈਠੇ ਹਨ। ਮਾਲਕੀ ਵਾਲੇ ਖਾਨੇ ਵਿੱਚ ਫਰਦ ਅੰਦਰ 2023 ਤੱਕ ਇਹ ਕਾਸਤਕਾਰ ਦੇ ਖਾਨੇ ਵਿੱਚ ਸੀ। 2023 ਤੋਂ ਬਾਅਦ ਪੰਜਾਬ ਸਰਕਾਰ ਨੇ ਇਹ ਮਾਲਕੀ ਆਪਣੇ ਨਾਮ ਕਰ ਲਈ। ਇਸਤੋਂ ਇਲਾਵਾ ਜਥੇਬੰਦੀ ਦੀ ਮੰਗ ਹੈ ਕਿ ਇਸ ਜ਼ਮੀਨ 'ਤੇ 1972 ਵਿੱਚ ਬਣਿਆ ਸੀਲਿੰਗ ਐਕਟ ਲਾਗੂ ਕੀਤਾ ਜਾਵੇ। ਪ੍ਰੰਤੂ ਇਹ ਲਾਗੂ ਕਿਉਂ ਨਹੀਂ ਕੀਤਾ ਗਿਆ ? ਅਸਲ ਵਿੱਚ ਇਹ ਹਾਕਮ ਅਤੇ ਪੇਂਡੂ ਧਨਾਡ ਦਲਿਤਾਂ ਨੂੰ ਜਮੀਨ ਹੀ ਨਹੀਂ ਦੇਣਾ ਚਾਹੁੰਦੇ। ਇਸੇ 927 ਏਕੜ ਵਿੱਚ ਜਿੱਥੇ ਜੰਗਲ ਦਾ ਦਾਅਵਾ ਕੀਤਾ ਜਾ ਰਿਹਾ ਹੈ ਉਸ ਵਿੱਚ ਕੰਮੋ ਮਾਜਰੇ ਦੇ 40 ਦਲਿਤਾਂ ਦੇ 10-10 ਮਰਲੇ ਦੇ ਪਲਾਟ ਹਨ ਅਤੇ ਫਰਦ ਵਿੱਚ ਮਾਲਕੀ ਖਾਨੇ ਦੇ ਵਿੱਚ ਅੱਜ ਵੀ ਬੋਲ ਰਹੇ ਹਨ। ਇਸੇ ਜ਼ਮੀਨ ਦੇ ਨੇੜੇ ਲਗਦੇ ਪਿੰਡਾਂ ਵਿੱਚ ਵੱਡੇ ਭੂਮੀਪਤੀਆਂ ਦੀ ਲਗਭਗ ਚਾਰ ਹਜ਼ਾਰ ਏਕੜ ਉਹ ਜ਼ਮੀਨ ਹੈ ਜੋ ਸੀਲਿੰਗ ਐਕਟ ਤੋਂ ਉਪਰ ਦੀ ਬਣਦੀ ਹੈ। ਇਹ ਵੱਡੇ ਬਣੇ ਬੁੱਧੀਜੀਵੀ, ਕਾਨੂੰਨਦਾਨ ਅਸਲ ਵਿੱਚ ਕਾਣੇ ਅਤੇ ਦਲਿਤ ਵਿਰੋਧੀ ਹਨ। ਇਸੇ ਕਰਕੇ ਇਹਨਾਂ ਨੂੰ ਸਹੀ ਦਿਖਾਈ ਨਹੀਂ ਦਿੰਦਾ। ਅਸਲ ਵਿੱਚ ਇਹ ਲੋਕ ਨਹੀਂ ਚਾਹੁੰਦੇ ਕਿ ਦਲਿਤਾਂ ਨੂੰ ਜਮੀਨ ਮਿਲੇ, ਇਹ ਵੀ ਬਰਾਬਰ ਕੁਰਸੀ ਤੇ ਬੈਠਣ ਜੋਗੇ ਹੋਣ, ਆਪਣੇ ਖੇਤਾਂ ਵਿੱਚ ਕੱਖ ਕੰਡਾ ਲੈ ਕੇ ਆਉਣ, ਉਹਨਾਂ ਦੇ ਘਰ ਵੀ ਦਾਣੇ ਆਉਣ। ਇਹਨਾਂ ਦਾ ਸੁਪਨਾ ਤਾਂ ਇਹ ਹੈ ਕਿ ਦਲਿਤਾਂ ਦੀਆਂ ਆਟੇ ਦਾਲ ਦੀਆਂ ਲਾਈਨਾਂ ਲੰਬੀਆਂ ਹੋਣ, ਕਈ ਵਾਰ ਤਾਂ ਇਹ ਆਟੇ ਦਾਲ 'ਤੇ ਵੀ ਸਵਾਲ ਖੜ੍ਹੇ ਕਰ ਦਿੰਦੇ ਹਨ ? ਇਹ ਨਹੀਂ ਚਾਹੁੰਦੇ ਕਿ ਦਲਿਤਾਂ ਦੇ ਮੁੰਡਿਆਂ ਦੇ ਵੀ ਜ਼ਮੀਨਾਂ ਦੇ ਨਾਂ ਤੇ ਵਿਆਹ ਹੋਣ। ਜਾਤ ਪਾਤ ਦਾ ਪਾੜਾ ਮਿਟੇ। ਸਾਰੀਆਂ ਜਾਤਾਂ ਇੱਕ ਹੋਣ ਤੇ ਇੱਕ ਦੂਸਰੇ ਦੇ ਵਿੱਚ ਰਿਸ਼ਤੇਦਾਰੀਆਂ ਬਣਨ। ਇਹ ਸਿਰਫ ਦਲਿਤਾਂ ਦੀਆਂ ਔਰਤਾਂ ਨੂੰ ਬੇਗਾਨੀਆਂ ਵੱਟਾਂ 'ਤੇ ਦੇਖਣਾ ਚਾਹੁੰਦੇ ਹਨ। ਪੰਜਾਬ ਵਿੱਚ ਅੱਜ ਵੀ ਜ਼ਮੀਨ ਦੀ ਕਾਣੀ ਵੰਡ ਹੈ, ਇੱਕ ਪਾਸੇ ਲੱਖਾਂ ਏਕੜ ਜ਼ਮੀਨ 'ਤੇ ਸੈਂਕੜੇ ਲੋਕ ਕਾਬਜ਼ ਹਨ ਅਤੇ ਦੂਸਰੇ ਪਾਸੇ ਲੱਖਾਂ ਲੋਕਾਂ ਕੋਲ ਕੋਈ ਜ਼ਮੀਨ ਨਹੀਂ ਹੈ। ਇਹ ਲੜਾਈ ਅੱਜ ਦਲਿਤਾਂ ਅਤੇ ਬੇਜ਼ਮੀਨਿਆਂ ਦੀ ਹੈ। ਇਹ ਸੰਘਰਸ਼ ਹੱਕ ਸੱਚ ਦਾ ਸੰਘਰਸ਼ ਹੈ। ਜ਼ਿਕਰਯੋਗ ਹੈ ਵਿੱਤ ਸਕੱਤਰ ਬਿੱਕਰ ਹਥੋਆ, ਜੋਨਲ ਆਗੂ ਗੁਰਵਿੰਦਰ ਸਾਦੀਹਰੀ ਸਮੇਤ 2 ਔਰਤਾ ਅਤੇ 9 ਬੰਦੇ ਜੇਲ੍ਹਾਂ 'ਚ ਬੰਦ ਹਨ ਜਿਨ੍ਹਾਂ ਨੂੰ ਛੁਡਾਉਣ ਲਈ ਸੰਘਰਸ਼ ਜਾਰੀ ਹੈ।

**ਵਲੋਂ -ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ**
8437153001,
8427312495,
8437805419.

ਜਥੇਬੰਦਕ ਧਰਮਾਂ ਦਾ ਮਾਇਆ ਜਾਲ

19

# ਹੀਣ-ਭਾਵਨਾ ਅਧਾਰਿਤ ਨਕਲੀ ਧਰਮ

**ਨੋਟ: ਅੱਜ ਦੇ ਪ੍ਰਚਲਤ ਜਥੇਬੰਦਕ ਧਰਮਾਂ (ਧਾਰਮਿਕ ਫਿਰਕਿਆਂ) ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ ।ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਮਾਇਆ ਜਾਲ ਵਿੱਚ ਫਸਾ ਲੈਂਦੇ ।ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**



ਹਰਚਰਨ ਸਿੰਘ ਪਰਹਾਰ
403-681-8689
hp8689@gmail.com

**'ਆਪਣੇ ਮਨ ਨੂੰ ਜਿੱਤਣ ਦਾ ਨਾਮ ਧਰਮ ਹੈ ਅਤੇ ਦੂਜਿਆਂ ਨੂੰ ਜਿੱਤਣ ਦਾ ਨਾਮ ਰਾਜਨੀਤੀ ਹੈ'**

**ਨਕਲੀ** ਧਰਮਾਂ ਦੀ ਇਸ ਲੇਖ ਲੜੀ ਵਿਚ ਇਹ ਦੱਸਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਪ੍ਰਚਲਿਤ ਜਥੇਬੰਦਕ ਹੋ ਚੁੱਕੇ ਫਿਰਕਿਆਂ (ਧਰਮਾਂ) ਜਾਂ ਨਵੇਂ ਜਥੇਬੰਦਕ ਹੋ ਰਹੇ ਫਿਰਕਿਆਂ ਵਿਚ ਜੋ ਪ੍ਰਚਲਤ ਹੈ, ਉਸ ਸਭ ਨੂੰ ਧਰਮ ਨਾ ਸਮਝ ਲਿਆ ਜਾਵੇ। ਧਰਮ ਦੇ ਨਾਮ 'ਤੇ ਪ੍ਰਚਲਤ ਵੱਖ-ਵੱਖ ਫਿਰਕਿਆਂ ਵਿੱਚ ਬਹੁਤ ਕੁਝ ਨਕਲੀ ਪ੍ਰਚਲਤ ਹੈ, ਜਿਸਨੂੰ ਆਮ ਸ਼ਰਧਾਲੂ ਅਸਲੀ ਧਰਮ ਮੰਨ ਕੇ ਸਾਰੀ ਉਮਰ ਤੁਰਿਆ ਰਹਿੰਦਾ ਹੈ, ਉਹ ਕਦੇ ਆਪਣੇ ਬਿਬੇਕ ਨਾਲ ਸੋਚਣ ਦੀ ਕੋਸ਼ਿਸ਼ ਨਹੀਂ ਕਰਦਾ ਕਿ ਉਸਦੇ ਫਿਰਕੇ ਵਾਲੇ ਧਰਮ ਵਿੱਚ ਕੀ ਅਸਲੀ ਹੈ ਤੇ ਕੀ ਨਕਲੀ ਹੈ? ਅਸਲ ਵਿੱਚ ਉਸਨੂੰ ਕਦੇ ਸੋਚਣ ਵਾਲੇ ਪਾਸੇ ਲਾਇਆ ਹੀ ਨਹੀਂ ਜਾਂਦਾ ਕਿਉਂਕਿ ਉਸ ਨੂੰ ਬਚਪਨ ਵਿੱਚ ਹੀ ਸਿਖਾ ਦਿੱਤਾ ਜਾਂਦਾ ਹੈ ਕਿ ਧਰਮ ਸੋਚਣ ਜਾਂ ਜਾਨਣ ਦਾ ਵਿਸ਼ਾ ਨਹੀਂ, ਸਿਰਫ ਮੰਨਣ ਦਾ ਵਿਸ਼ਾ ਹੈ। ਜੋ ਕੁਝ ਸੋਚਣ ਜਾਂ ਵਿਚਾਰਨ ਵਾਲਾ ਸੀ, ਉਹ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ। ਸਾਡੇ ਧਰਮ ਗ੍ਰੰਥਾਂ ਵਿਚ ਉਹ ਸਚਾਈਆਂ ਪਹਿਲਾਂ ਹੀ ਲਿਖੀਆਂ ਜਾ ਚੁੱਕੀਆਂ ਹਨ। ਉਸਨੂੰ ਇਹ ਵੀ ਸਮਝਾਇਆ ਜਾਂਦਾ ਹੈ ਕਿ ਆਮ ਇਨਸਾਨ ਦੀ ਇਤਨੀ ਬੁੱਧੀ ਕਿੱਥੇ ਕਿ ਉਹ ਕੁਝ ਨਵਾਂ ਸੋਚ ਜਾਂ ਵਿਚਾਰ ਸਕੇ, ਉਹ 'ਤੇ ਇਸ ਜਨਮ ਵਿੱਚ ਮੰਨ ਹੀ ਲਵੇ ਇਹ ਹੀ ਬਹੁਤ ਹੈ।

ਅੱਜ ਦਾ ਸਾਡਾ ਵਿਸ਼ਾ ਰਾਜਨੀਤੀ ਜਾਂ ਸਿਆਸਤ ਅਧਾਰਿਤ ਨਕਲੀ ਧਰਮ ਨੂੰ ਵਿਚਾਰਨਾ ਹੈ। ਆਮ ਤੌਰ 'ਤੇ ਧਰਮ ਵਿੱਚ ਜਦੋਂ ਸਿਆਸਤ ਦੀ ਗੱਲ ਹੁੰਦੀ ਹੈ ਤਾਂ ਬਹੁਤੇ ਧਰਮ ਤਾਂ ਦੂਰੋਂ ਹੀ ਪੱਲਾ ਝਾੜ ਲੈਂਦੇ ਹਨ ਕਿ ਨਹੀਂ, ਸਾਡੇ ਧਰਮ ਦਾ ਸਿਆਸਤ ਨਾਲ ਕੋਈ ਸਬੰਧ ਨਹੀਂ। ਅਸੀਂ ਧਰਮ ਨੂੰ ਸਿਆਸਤ ਨਾਲੋਂ ਵੱਖ ਸਮਝਦੇ ਹਾਂ। ਪਰ ਕਈ ਧਾਰਮਿਕ ਫਿਰਕੇ ਅਜਿਹੇ ਹਨ, ਜੋ ਸਪੱਸ਼ਟ ਕਹਿੰਦੇ ਹਨ ਕਿ ਸਾਡਾ ਧਰਮ ਅਤੇ ਰਾਜਨੀਤੀ ਇੱਕ ਹੈ। ਪਰ ਨਾਲ ਹੀ ਉਹ ਇਹ ਵੀ ਜ਼ੋਰ ਨਾਲ ਕਹਿੰਦੇ ਹਨ, ਸਾਡੀ ਰਾਜਨੀਤੀ ਧਰਮ ਅਧਾਰਤ ਜਾਂ ਧਰਮ ਦੇ ਅਧੀਨ ਹੈ। ਧਰਮ ਸਭ ਤੋਂ ਉੱਪਰ ਹੈ। ਕੁਝ ਫਿਰਕੇ ਅਜਿਹੀ ਸੋਚ ਵੀ ਰੱਖਦੇ ਹਨ ਕਿ ਰਾਜਨੀਤੀ ਕੋਲ਼ ਤਾਕਤ ਹੁੰਦੀ ਹੈ, ਇਸ ਲਈ ਧਰਮ ਦੀ ਪ੍ਰਫੁੱਲਤਾ ਲਈ ਰਾਜਨੀਤੀ ਨੂੰ ਵਰਤਣਾ ਜਾਇਜ ਹੈ ਜਾਂ ਰਾਜਨੀਤਕ ਤਾਕਤ ਤੋਂ ਬਿਨਾਂ ਧਰਮ ਕਾਇਮ ਹੀ ਨਹੀਂ ਰਹਿ ਸਕਦਾ। ਅਸਲ ਵਿੱਚ ਇਸ ਸਾਰੇ ਵਰਤਾਰੇ ਵਿੱਚ ਧਰਮ ਤੋਂ ਅਰਥ ਰੱਬ ਦੇ ਨਾਮ 'ਤੇ ਬਣਾਏ ਇੱਕ ਫਿਰਕੇ ਤੋਂ ਹੈ, ਉਨ੍ਹਾਂ ਮੁਤਾਬਿਕ ਆਪਣੇ ਫਿਰਕੇ ਦੀ ਹੋਂਦ ਕਾਇਮ ਰੱਖਣ, ਆਪਣੇ ਫਿਰਕੇ ਦੀ ਸਰਦਾਰੀ ਕਾਇਮ ਰੱਖਣ, ਆਪਣੇ ਫਿਰਕੇ ਦੀ ਗਿਣਤੀ ਵਧਾਉਣ ਲਈ ਰਾਜਨੀਤੀ ਦਾ ਅਹਿਮ ਰੋਲ ਹੈ, ਇਸ ਲਈ ਧਰਮ ਅਧਾਰਿਤ ਰਾਜਨੀਤੀ ਜਾਇਜ ਹੈ। ਧਰਮ ਅਧਾਰਿਤ ਸਾਰੇ ਫਿਰਕੇ ਬਾਹਰੋਂ ਜੋ ਮਰਜੀ ਕਹਿਣ, ਪਰ ਅੰਦਰਖਾਤੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਰਾਜਨੀਤੀ ਨੂੰ ਆਪਣੇ ਫਿਰਕੇ ਲਈ ਵਰਤਦੇ ਹਨ ਤੇ ਇਸਦੇ ਇਵਜ ਵਿੱਚ ਆਪਣੇ ਫਿਰਕੇ ਦੇ ਸ਼ਰਧਾਲੂਆਂ ਨੂੰ ਰਾਜਨੀਤੀ ਦਾ ਸੰਦ ਬਣਾ ਕੇ ਵਰਤਦੇ ਹਨ।

ਇਸ ਤੋਂ ਪਹਿਲਾਂ ਕਿ ਅਸੀਂ ਰਾਜਨੀਤੀ ਅਧਾਰਿਤ ਨਕਲੀ ਧਰਮ ਦੀ ਗੱਲ ਅੱਗੇ ਤੋਰੀਏ, ਇੱਥੇ ਇਹ ਸਮਝ ਲੈਣਾ ਜਰੂਰੀ ਹੈ ਕਿ ਅਸਲ **ਵਿਚ ਰਾਜਨੀਤੀ ਕੀ ਹੈ? ਇਸ ਦਾ ਇਤਿਹਾਸ ਕੀ ਹੈ?** ਇਸ ਨੂੰ ਸਮਝਣ ਲਈ ਜੇ ਅਸੀਂ ਮਨੁੱਖੀ ਇਤਿਹਾਸ ਵੱਲ ਝਾਤੀ ਮਾਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਜਦੋਂ ਮਨੁੱਖ ਨੇ ਜੰਗਲੀ ਜੀਵਾਂ ਵਾਂਗ ਜੀਣਾ ਛੱਡ ਕੇ ਮਨੁੱਖ ਵਾਂਗ ਵਿਚਰਨਾ ਸ਼ੁਰੂ ਕੀਤਾ ਤਾਂ ਸਭ ਤੋਂ ਪਹਿਲਾਂ ਉਸਨੇ ਦੂਸਰੇ ਜੰਗਲੀ ਜਾਨਵਰਾਂ ਤੇ ਕੁਦਰਤੀ ਆਫਤਾਂ ਤੋਂ ਬਚਣ ਲਈ ਸਮੂਹ ਵਿੱਚ ਰਹਿਣਾ ਸ਼ੁਰੂ ਕੀਤਾ। ਮਨੁੱਖਾਂ ਦੇ ਇਹ ਸਮੂਹ (ਝੁੰਡ) ਆਰੰਭਿਕ ਦੌਰ ਵਿੱਚ ਇਕੱਠੇ ਹੋ ਕੇ ਖਾਣ ਲਈ ਸ਼ਿਕਾਰ ਆਦਿ ਕਰਦੇ, ਫਿਰ ਰਲ ਮਿਲ ਕੇ ਖਾ ਲੈਂਦੇ। ਜਿਹੜੇ ਸਮੂਹ ਸਰੀਰਕ ਤੌਰ 'ਤੇ ਤਕੜੇ ਸਨ, ਉਹ ਵੱਧ ਸ਼ਿਕਾਰ ਜਾਂ ਭੋਜਨ ਭਵਿੱਖ ਲਈ ਇਕੱਠਾ ਕਰਨ ਲੱਗੇ। ਫਿਰ ਹੋਰ ਤਾਕਤਵਰ ਸਮੂਹ ਆਪ ਸ਼ਿਕਾਰ ਕਰਕੇ ਖਾਣ ਦੀ ਥਾਂ ਦੂਜਿਆਂ 'ਤੇ ਹਮਲੇ ਕਰਨ ਲੱਗੇ। ਫਿਰ ਇਹ ਸਮੂਹ ਰਲ਼ ਕੇ ਕਬੀਲੇ ਬਣੇ, ਹੌਲੀ-ਹੌਲੀ ਇਨ੍ਹਾਂ ਕਬੀਲਿਆਂ ਦੇ ਤਾਕਤਵਰ ਵਿਅਕਤੀ ਕਬੀਲਾ ਮੁਖੀ ਬਣੇ। ਜਿੱਥੋਂ ਰਾਜਨੀਤੀ ਦੀ ਸ਼ੁਰੂਆਤ ਹੋਈ। ਸ਼ੁਰੂਆਤੀ ਦੌਰ ਵਿੱਚ ਸਰੀਰਕ ਤੌਰ 'ਤੇ ਤਕੜੇ ਲੋਕ ਆਪਣੇ ਸਾਥੀਆਂ ਨਾਲ ਰਲ਼ ਕੇ ਆਪ ਕਬੀਲੇ ਦੇ ਮੁਖੀ ਤੇ ਸਾਥੀਆਂ ਦੀ ਫੌਜ ਬਣਾ ਲੈਂਦੇ ਸਨ। ਜਿਨ੍ਹਾਂ ਦਾ ਮੁੱਖ ਕੰਮ ਆਪਣੇ ਕਬੀਲੇ ਦੀ ਰਾਖੀ ਕਰਨਾ ਹੁੰਦਾ ਸੀ। ਇਸ ਦੇ ਇਵਜ ਵਿੱਚ ਬਾਕੀ ਕਬੀਲਾ ਮੈਂਬਰ ਉਨ੍ਹਾਂ ਦੇ ਖਾਣ ਪੀਣ ਦਾ ਪ੍ਰਬੰਧ ਕਰਨ ਲੱਗੇ। ਫਿਰ ਹੌਲੀ ਹੌਲੀ ਤਕੜੇ ਕਬੀਲੇ ਮਾੜੇ ਕਬੀਲੇ ਵਾਲਿਆਂ ਨੂੰ ਹਰਾ ਕੇ ਆਪਣੇ ਕਬੀਲੇ ਵਿੱਚ ਸ਼ਾਮਿਲ ਕਰਨ ਤੇ ਉਨ੍ਹਾਂ ਦੇ ਸਰਮਾਏ 'ਤੇ ਕਮਾਈ ਦੇ ਸਾਧਨਾਂ ਨੂੰ ਆਪਣੇ ਲਈ ਵਰਤਣ ਲੱਗੇ। ਇਸ ਸਾਰੇ ਵਰਤਾਰੇ ਵਿੱਚ ਤਾਕਤ ਦੀ ਵਾਗਡੋਰ ਮਰਦ ਹੱਥ ਰਹਿਣ ਕਾਰਨ ਜਦੋਂ ਕਬੀਲੇ ਹਮਲੇ ਕਰਦੇ ਸਨ ਤਾਂ ਹਾਰੇ ਕਬੀਲੇ ਦੇ ਸਾਜੋ-ਸਮਾਨ, ਗੁਲਾਮ ਬਣਾਏ ਪਸ਼ੂਆਂ, ਜ਼ਮੀਨ ਤੇ ਕਮਾਈ ਦੇ ਸਾਧਨਾਂ ਦੇ ਨਾਲ ਨਾਲ ਔਰਤਾਂ ਨੂੰ ਸਮਾਨ ਵਾਂਗ ਕਬਜ਼ੇ ਵਿੱਚ ਲੈਣ ਲੱਗੇ। ਬਾਅਦ ਵਿੱਚ ਦੂਜੇ ਕਬੀਲੇ ਦੇ ਫੜੇ ਮਰਦਾਂ ਤੋਂ ਆਪਣੇ ਕਬੀਲੇ ਲਈ ਕੰਮ ਕਰਾਉਣ ਵਿਚੋਂ ਗੁਲਾਮ ਪ੍ਰਥਾ ਦੀ ਸ਼ੁਰੂਆਤ ਹੋਈ। ਇਸ ਵਿਚੋਂ ਹੀ ਮਰਦ ਪ੍ਰਧਾਨ ਸਮਾਜ ਦੀ ਸਿਰਜਨਾ ਹੋਈ। ਇਹ ਸਭ ਲਿਖਣ ਤੋਂ ਭਾਵ ਹੈ ਕਿ ਰਾਜਨੀਤੀ ਦਾ ਅਸਲ ਅਰਥ ਆਪਣੀ ਤਾਕਤ ਨਾਲ ਦੂਜਿਆਂ ਤੇ ਰਾਜ ਕਰਨਾ ਸੀ। ਜੋ ਸਮੇਂ ਨਾਲ਼ ਬਦਲ ਕੇ ਦੂਜਿਆਂ 'ਤੇ ਨੀਤੀ (ਤਰੀਕੇ) ਨਾਲ਼ ਰਾਜ ਕਰਨ ਵਿੱਚ ਬਦਲ ਗਿਆ। ਜਿਸ ਨੂੰ ਰਾਜਨੀਤੀ ਕਿਹਾ ਜਾਣ ਲੱਗਾ।

ਇਸਦੇ ਅਗਲੇ ਦੌਰ ਵਿੱਚ ਰਾਜਨੀਤੀ ਦਾ ਘੇਰਾ ਵਧਣ ਨਾਲ ਇਸਦੀ ਤਾਕਤ ਵੀ ਵਧਣ ਲੱਗੀ। ਹੌਲੀ ਹੌਲੀ ਕਬੀਲਿਆਂ ਦੀ ਇਹ ਰਾਜਨੀਤੀ ਇਲਾਕਿਆਂ ਅਤੇ ਦੇਸ਼ਾਂ ਦੀ ਰਾਜਨੀਤੀ ਬਣ ਗਈ। ਫਿਰ ਰਾਜਨੀਤੀ ਦੀ ਤਾਕਤ ਦੇ ਨਸ਼ੇ ਵਿੱਚ ਆਪਣੀਆਂ ਬੁਨਿਆਦੀ ਕਮਜ਼ੋਰੀਆਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਵੱਸ ਤਾਕਤਵਰ ਮਨੁੱਖਾਂ ਨੇ ਆਮ ਮਨੁੱਖਾਂ 'ਤੇ ਅਨੇਕ ਤਰ੍ਹਾਂ ਦੇ ਜ਼ੁਰਮ ਅਤੇ ਕੁਕਰਮ ਕਰਨੇ ਸ਼ੁਰੂ ਕਰ ਦਿੱਤੇ। ਜਿੱਥੋਂ ਧਰਮ ਦੀ ਸ਼ੁਰੂਆਤ ਹੋਈ। ਸਮਾਜ ਦਾ ਭਲਾ ਚਾਹੁਣ ਵਾਲੇ ਲੋਕ, ਮਨੁੱਖ ਤੋਂ ਮਨੁੱਖ ਦੇ ਕਤਲੇਆਮ ਜਾਂ ਲੁੱਟ ਵਿਰੁੱਧ ਅਵਾਜ਼ ਉਠਾਉਣ ਲੱਗੇ। ਧਰਮ ਦੇ ਇਸ ਸ਼ੁਰੂਆਤੀ ਦੌਰ ਵਿੱਚ ਮਨੁੱਖ ਨੂੰ ਸਮਝਾਉਣ ਲਈ ਜਿਥੇ ਇੱਕ ਪਾਸੇ ਰਲ਼ ਮਿਲ਼ ਕੇ ਰਹਿਣ ਦਾ ਪ੍ਰੇਰਨਾ ਵਾਲਾ ਰਸਤਾ ਅਪਨਾਇਆ ਗਿਆ, ਉੱਥੇ ਦੂਜੇ ਪਾਸੇ ਕੁਦਰਤੀ ਸ਼ਕਤੀਆਂ (ਅੱਗ, ਹਵਾ, ਮੀਂਹ, ਬਰਫ, ਪਾਣੀ, ਬਿਜਲੀ ਚਮਕਣਾ, ਬੱਦਲ ਗਰਜਣਾ ਆਦਿ) ਦੇ ਡਰ ਦਾ ਸਹਾਰਾ ਵੀ ਲਿਆ ਗਿਆ। ਇਨ੍ਹਾਂ ਕੁਦਰਤੀ ਸ਼ਕਤੀਆਂ ਦੇ ਪ੍ਰਕੋਪ ਤੋਂ ਬਚਣ ਲਈ ਪੂਜਾ-ਪਾਠ ਦੇ ਤਰੀਕੇ ਬਣਾਏ ਗਏ ਤਾਂ ਕਿ ਮਨੁੱਖ ਨੂੰ ਬੁਰੇ ਕਰਮਾਂ ਤੋਂ ਰੋਕਿਆ ਜਾਵੇ। ਸਮੇਂ ਨਾਲ ਸਮਾਜ ਵਿਚ ਜਿੱਥੇ ਇੱਕ ਪਾਸੇ ਰਾਜਨੀਤੀ ਵਿਕਸਤ ਹੋਈ, ਉਥੇ ਦੂਜੇ ਪਾਸੇ ਧਰਮ ਵੀ ਵਿਕਸਤ ਹੋਣਾ ਸ਼ੁਰੂ ਹੋਇਆ। ਕੁਦਰਤੀ ਸ਼ਕਤੀਆਂ ਦੀ ਪੂਜਾ ਤੋਂ ਸ਼ੁਰੂ ਹੋਏ ਧਰਮ ਵਿੱਚ ਹੌਲੀ ਹੌਲੀ ਦੇਵੀ ਦੇਵਤਿਆਂ ਦੀ ਪੂਜਾ ਤੇ ਫਿਰ ਇੱਕ ਰੱਬ ਦਾ ਸੰਕਲਪ ਵਿਕਸਤ ਹੋਇਆ। ਜਿੱਥੇ ਹੌਲੀ ਹੌਲੀ ਰਾਜਨੀਤੀ ਲੋਕਾਂ ਤੇ ਸਰੀਰਕ ਰਾਜ ਕਰਨ ਦਾ ਸਾਧਨ ਬਣੀ, ਉਥੇ ਧਰਮ ਹੌਲੀ ਹੌਲੀ ਲੋਕਾਂ ਦੇ ਮਨਾਂ ਤੇ ਰਾਜ ਕਰਨ ਦਾ ਸਾਧਨ ਬਣਿਆ। ਇਸ ਤਰ੍ਹਾਂ ਸਮੇਂ ਨਾਲ ਰਾਜਨੀਤੀ ਤੇ ਧਰਮ ਦੀ ਲੋਕਾਂ ਤੇ ਰਾਜ ਕਰਨ ਦੀ ਦੌੜ ਲੱਗ ਗਈ। ਇਤਿਹਾਸ ਵਿਚ ਅਨੇਕਾਂ ਵਾਰ ਰਾਜਨੀਤਕ ਲੋਕ ਜਿੱਤ ਕੇ ਧਰਮ ਨੂੰ ਹਰਾ ਦਿੰਦੇ ਰਹੇ ਤੇ ਬਹੁਤ ਵਾਰ ਧਰਮੀ ਲੋਕ ਰਾਜਨੀਤਕਾਂ ਨੂੰ ਹਰਾਉਣ ਵਿੱਚ ਕਾਮਯਾਬ ਰਹੇ। ਹੌਲੀ ਹੌਲੀ ਇੱਕ ਪਾਸੇ ਰਾਜਨੀਤੀ ਸਰੀਰਕ ਤਾਕਤ ਦੀ ਖੇਡ ਬਣ ਗਈ ਤੇ ਦੂਜੇ ਪਾਸੇ ਧਰਮ ਮਾਨਸਿਕ ਤਾਕਤ ਦੀ ਖੇਡ। ਅਜਿਹੇ ਸਮੇਂ ਵੀ ਆਏ ਜਦੋਂ ਇਨ੍ਹਾਂ ਦੋਵਾਂ ਧਿਰਾਂ ਨੇ ਗੱਠਜੋੜ ਕਰ ਲਿਆ ਤੇ ਰਲ਼ ਕੇ ਲੋਕਾਂ ਦੀ ਲੁੱਟ ਕੀਤੀ। ਪਰ ਇਸ ਦੌਰ ਵਿੱਚ ਸਮੇਂ-ਸਮੇਂ ਭਲੇ ਅਤੇ ਧਰਮੀ ਪੁਰਸ਼ ਪੈਦਾ ਹੁੰਦੇ ਰਹੇ। ਜਿਨ੍ਹਾਂ ਨੂੰ ਧਰਮ ਆਗੂ, ਗੁਰੂ, ਮਹਾਂਪੁਰਸ਼, ਪੀਰ, ਪੈਗੰਬਰ ਆਦਿ ਦੇ ਨਾਮ ਦਿੱਤੇ ਗਏ, ਜੋ ਮਨੁੱਖ ਨੂੰ ਸੱਚ ਦਾ ਮਾਰਗ ਦਿਖਾਉਂਦੇ ਰਹੇ। ਉਹ ਮਨੁੱਖ ਨੂੰ ਉਸ ਦੀਆਂ ਮੂਲ ਪ੍ਰਵਿਰਤੀਆਂ (ਕਾਮ, ਕ੍ਰੋਧ, ਲੋਭ ਮੋਹ, ਹੰਕਾਰ) ਤੋਂ ਬਚਣ ਜਾਂ ਉਸ ਨੂੰ ਆਪਣੇ ਅਤੇ ਸਮਾਜ ਦੇ ਭਲੇ ਲਈ ਵਰਤਣ ਦੇ ਰਾਹ ਦੱਸਦੇ ਰਹੇ। ਪਰ ਹਰ ਵਾਰ ਅਜਿਹੇ ਪੈਗੰਬਰੀ ਪੁਰਸ਼ਾਂ ਦੇ ਸੀਨ ਤੋਂ ਲਾਂਭੇ ਹੋਣ ਤੋਂ ਬਾਅਦ ਸ਼ੈਤਾਨ ਦਿਮਾਗ ਲੋਕ (ਜੋ ਬਾਅਦ ਵਿਚ ਧਰਮ ਪੁਜਾਰੀ ਬਣੇ) ਬਣੀ ਬਣਾਈ ਸਟੇਜ 'ਤੇ ਆ ਕਾਬਜ਼ ਹੁੰਦੇ ਅਤੇ ਮਨੁੱਖਤਾ ਦੀ ਸਾਂਝੇ ਦੁੱਖਾਂ ਦਰਦਾਂ ਦੀ ਧਰਮੀ ਸੋਚ ਨੂੰ ਫਿਰਕਿਆਂ ਵਿੱਚ ਬਦਲ ਦਿੰਦੇ ਰਹੇ। ਇਸ ਤਰਾਸਦੀ ਤਕਰੀਬਨ ਹਰ ਧਾਰਮਿਕ ਰਹਿਬਰ ਜਾਂ ਫਿਰਕੇ ਨਾਲ਼ ਵਾਪਰੀ ਹੈ। ਸ਼ੁਰੂਆਤੀ ਦੌਰ ਦੇ ਇਨਕਲਾਬੀ ਫਿਰਕੇ ਸਮੇਂ ਦੇ ਗੇੜ ਨਾਲ਼ ਧਰਮ ਅਤੇ ਰਾਜਨੀਤੀ ਦੇ ਸੁਮੇਲ ਵਾਲ਼ੇ ਮਨੁੱਖਤਾ ਵਿਰੋਧੀ ਫਿਰਕੇ ਬਣ ਗਏ। ਧਰਮਾਂ ਦੀ ਦੁਂਮੀਂ ਵਿੱਚ ਇਸਦੀ ਤਾਜ਼ਾ ਉਦਾਹਰਣ ਸਿੱਖ ਫਿਰਕਾ ਹੈ। ਜੋ ਹੁਣ ਪੂਰੀ ਤਰ੍ਹਾਂ ਹਿੰਸਾ ਤੇ ਨਫਰਤ ਦੀ ਰਾਜਨੀਤੀ ਦਾ ਸ਼ਿਕਾਰ ਹੋ ਚੁੱਕਾ ਹੈ। ਧਾਰਮਿਕਤਾ ਬਿਲਕੁਲ ਆਲੋਪ ਹੋ ਚੁੱਕੀ ਹੈ ਅਤੇ ਪਾਖੰਡ ਤੇ ਰਾਜਨੀਤੀ ਸਭ ਪਾਸੇ ਪ੍ਰਧਾਨ ਹੈ।

ਇਸ ਤਰ੍ਹਾਂ ਇਤਿਹਾਸ ਵਿੱਚ ਅਸੀਂ ਦੇਖਦੇ ਹਾਂ ਕਿ ਫਿਰਕਿਆਂ ਦੀ ਰਾਜਨੀਤੀ ਅਤੇ ਫਿਰਕਿਆਂ ਦਾ ਧਰਮ, ਕਦੀ ਰਲ਼ ਕੇ ਮਨੁੱਖੀ ਸਮਾਜ ਦਾ ਸੋਸ਼ਣ ਕਰਦਾ ਰਿਹਾ ਅਤੇ ਕਦੀ ਵੱਖਰੇ-ਵੱਖਰੇ ਤੌਰ 'ਤੇ। ਪਰ ਦੋਨਾਂ ਦਾ ਮਕਸਦ ਆਪਣੀ ਸਰਦਾਰੀ ਕਾਇਮ ਕਰਨਾ ਹੀ ਰਿਹਾ ਹੈ। ਇਸ ਨੂੰ **ਜੇ ਇਉਂ ਵੀ ਕਿਹਾ ਜਾਵੇ ਕਿ ਰਾਜਨੀਤੀ ਤਾਂ ਰਾਜਨੀਤੀ ਹੁੰਦੀ ਹੀ ਹੈ, ਅਸਲ ਵਿੱਚ ਨਕਲੀ ਧਰਮ ਵੀ ਰਾਜਨੀਤੀ ਹੀ ਹੁੰਦਾ ਹੈ।** ਇਹੀ ਕਾਰਨ ਹੈ ਕਿ ਧਾਰਮਿਕ ਫਿਰਕਿਆਂ ਨੂੰ ਆਪਣੀ ਤਾਕਤ ਵਧਾਉਣ ਲਈ ਜਾਂ ਆਪਣਾ ਫਿਰਕਾ (ਧਰਮ) ਵੱਡਾ ਕਰਨ ਲਈ ਅਨੇਕਾਂ ਵਾਰ ਜਬਰੀ ਧਰਮ ਪ੍ਰਵਰਤਨ ਕਰਨੇ ਪੈਂਦੇ ਹਨ ਜਾਂ ਧਰਮ ਯੁੱਧ ਲੜਨੇ ਪੈਂਦੇ ਹਨ ਜਾਂ ਫਿਰ ਰਾਜਨੀਤਕ ਲੋਕਾਂ ਨਾਲ ਰਲ਼ ਕੇ ਵੱਡੇ ਪੱਧਰ 'ਤੇ ਧਰਮ ਪ੍ਰਚਾਰ ਕਰਨਾ ਪੈਂਦਾ ਹੈ। ਧਰਮ ਜੋ ਕਿ ਮਨੁੱਖ ਦੇ ਅੰਦਰ ਦੀ ਗੱਲ ਹੈ, ਅੰਦਰੋਂ ਜਾਗਣ ਦੀ ਗੱਲ ਹੈ, ਕੁਦਰਤ ਦੇ ਅਟੱਲ ਨਿਯਮਾਂ ਨੂੰ ਸਮਝ ਕੇ ਉਸ ਨਾਲ ਇੱਕਮਿੱਕ ਹੋ ਕੇ ਚੱਲਣ ਦਾ ਨਾਮ ਹੈ। ਮਨੁੱਖ ਦੀਆਂ ਬੁਨਿਆਦੀ ਕਮਜ਼ੋਰੀਆਂ ਪ੍ਰਤੀ ਸੁਚੇਤ ਹੋ ਕੇ ਉਨ੍ਹਾਂ ਨੂੰ ਆਪਣੇ ਅਤੇ ਸਮਾਜ ਦੇ ਭਲੇ ਲਈ ਵਰਤਣ ਦਾ ਨਾਮ ਹੈ। ਇਸ ਲਈ ਅਸਲੀ ਧਰਮੀ ਮਨੁੱਖ ਨੂੰ ਕਿਸੇ ਧਰਮ ਪ੍ਰਵਰਤਨ ਦੀ ਕਦੇ ਲੋੜ ਨਹੀਂ ਪੈਂਦੀ। ਅਸਲ ਵਿੱਚ ਇਨ੍ਹਾਂ ਦਾ ਧਰਮ ਪ੍ਰਵਰਤਨ ਇੱਕ ਪੁਜਾਰੀ ਵਰਗ ਵਲੋਂ ਪੁਆਏ ਨਕਲੀ ਧਰਮ ਦੇ ਚਿੰਨ੍ਹਾਂ ਨੂੰ ਲੁਹਾ ਕੇ, ਦੂਜੇ ਪੁਜਾਰੀ ਦੇ ਚਿੰਨ੍ਹ ਪਾਉਣ ਤੋਂ ਵੱਧ ਕੁਝ ਨਹੀਂ ਜਾਂ ਇਉਂ ਕਹਿ ਲਉ ਕਿ ਇੱਕ ਪੁਜਾਰੀ ਦੀ ਗੁਲਾਮੀ ਦੇ ਸੰਗਲ਼ ਲਾਹ ਕੇ ਦੂਜੇ ਦੇ ਪਾ ਲੈਣ ਦਾ ਨਾਮ ਹੀ ਧਰਮ ਪ੍ਰਵਰਤਨ ਹੈ।

ਨਹੀਂ ਤਾਂ ਅਸਲੀ ਧਰਮ ਤਾਂ ਇੱਕ ਹੀ ਹੈ, ਉਸਦਾ ਕੋਈ ਨਾਮ ਨਹੀਂ, ਉਸਦੇ ਕੋਈ ਚਿੰਨ੍ਹ ਨਹੀਂ, ਉਸਦਾ ਕੋਈ ਫਿਰਕਾ ਨਹੀਂ ਉਹ ਧਰਮ ਇਨਸਾਨੀਅਤ ਹੈ। ਇਨਸਾਨੀਅਤ ਤੋਂ ਉਪਰ ਕੋਈ ਧਰਮ ਨਹੀਂ। ਇਸ ਲਈ ਉਸਨੂੰ ਬਦਲਣ ਦਾ ਕੋਈ ਮਤਲਬ ਹੀ ਨਹੀਂ ਬਣਦਾ। ਆਪਣੇ ਸ਼ਰਧਾਲੂਆਂ ਨੂੰ ਪੁਆਏ ਚਿੰਨ੍ਹਾਂ ਦੇ ਸਹਾਰੇ ਪੁਜਾਰੀ ਉਨ੍ਹਾਂ ਦੇ ਸਾਧਨਾਂ 'ਤੇ ਪਲ਼ਦੇ ਹਨ, ਆਪਣਾ ਧਰਮ ਰਾਜ ਕਾਇਮ ਰੱਖਦੇ ਹਨ, ਆਪਣੇ ਸ਼ਰਧਾਲੂਆਂ ਦੀ ਗਿਣਤੀ ਦਿਖਾ ਕੇ ਰਾਜਨੀਤਕ ਲੋਕਾਂ ਤੋਂ ਲਾਭ ਲੈਂਦੇ ਹਨ ਜਾਂ ਰਾਜਨੀਤਕ ਲਾਭਾਂ ਵਿੱਚੋਂ ਹਿੱਸਾ-ਪੱਤੀ ਕਰਦੇ ਹਨ। ਇਹੀ ਵਜ੍ਹਾ ਹੈ ਕਿ ਅਸਲੀ ਧਰਮ ਪੈਗੰਬਰਾਂ ਨੇ ਕਦੇ ਕੋਈ ਧਰਮ ਪ੍ਰਵਰਤਨ ਨਹੀਂ ਕੀਤੇ, ਧਰਮ ਪ੍ਰਵਰਤਨ ਹਮੇਸ਼ਾਂ ਪੁਜਾਰੀ ਹੀ ਆਪਣੇ ਰਾਜਨੀਤਕ ਲਾਭਾਂ ਅਤੇ ਆਪਣੇ ਫਿਰਕੇ ਦੀ ਗਿਣਤੀ ਵਧਾਉਣ ਲਈ ਕਰਦੇ ਹਨ। ਧਰਮ ਪ੍ਰਵਰਤਨ ਇੱਕ ਫਿਰਕੇ ਦੇ ਧਾਰਮਿਕ ਚਿੰਨ੍ਹ ਲੁਹਾ ਦੇਣ, ਇੱਕ ਦੀ ਮਰਿਆਦਾ ਛੱਡ ਦੇਣ, ਰੱਬ ਦਾ ਨਾਮ ਬਦਲ ਲੈਣ, ਪੂਜਾ ਪਾਠ ਦੇ ਸਾਧਨ ਬਦਲ ਲੈਣ, ਇੱਕ ਧਰਮ ਮੰਦਰ ਦੀ ਥਾਂ ਦੂਜੇ ਧਰਮ ਮੰਦਰ ਵਿਚ ਚਲੇ ਜਾਣ ਦਾ ਨਾਮ ਨਹੀਂ, ਸਗੋਂ ਧਰਮ ਪ੍ਰਵਰਤਨ ਤਾਂ ਮਾਨਸਿਕ ਕਮਜ਼ੋਰੀਆਂ ਵੱਸ ਵਿਕਾਰਾਂ ਵਿੱਚ ਫਸੇ ਕੁਕਰਮੀ ਮਨੁੱਖ ਤੋਂ ਸਦਾਚਾਰਕ ਜੀਵਨ ਵਾਲ਼ੇ ਭਲੇ ਪੁਰਸ਼ ਬਣ ਕੇ ਮਨੁੱਖਤਾਵਾਦੀ ਸੋਚ ਦਾ ਧਾਰਨੀ ਹੋ ਜਾਣ ਦਾ ਨਾਮ ਹੈ। ਧਰਮੀ ਮਹਾਂਪੁਰਸ਼ਾਂ ਜਾਂ ਪੀਰਾਂ-ਪੈਗੰਬਰਾਂ ਦੇ ਜੀਵਨ ਨਾਲ ਅਨੇਕਾਂ ਗਾਥਾਵਾਂ ਪੜ੍ਹਨ ਸੁਣਨ ਨੂੰ ਮਿਲਦੀਆਂ ਹਨ, ਜਦ ਉਨ੍ਹਾਂ ਨੇ ਕੁਕਰਮੀ ਤੇ ਦੁਰਾਚਾਰੀ ਲੋਕਾਂ ਨੂੰ ਆਪਣੀ ਸਿੱਖਿਆ ਜਾਂ ਵਿਚਾਰਧਾਰਾ ਨਾਲ ਸੱਚੇ ਪੁਰਸ਼ ਬਣਾਇਆ। ਪਰ ਕਿਸੇ ਦਾ ਧਰਮ ਪ੍ਰੀਵਰਤਨ ਕੀਤਾ ਨਹੀਂ ਸੁਣਿਆ। ਜਿਹੜੇ ਲੋਕ ਧਰਮ ਦੀ ਗਿਣਤੀ ਵਧਾਉਣ ਲਈ ਧਰਮ ਪ੍ਰਵਰਤਨ ਦੇ ਨਾਅਰੇ ਮਾਰਦੇ ਹਨ, ਧਰਮ ਦੀ ਘਟਦੀ ਗਿਣਤੀ ਲਈ ਧਰਮ ਨੂੰ ਖਤਰੇ ਦਾ ਰੌਲਾ ਪਾਉਂਦੇ ਹਨ, ਧਰਮ ਚਲਾਉਣ ਲਈ ਰਾਜ ਦੀ ਵਕਾਲਤ ਕਰਦੇ ਹਨ, ਅਸਲ ਵਿੱਚ ਉਹ ਨਕਲੀ ਧਰਮੀ ਹਨ, ਉਨ੍ਹਾਂ ਦੇ ਧਰਮ, ਰਾਜਨੀਤੀ ਅਧਾਰਿਤ ਨਕਲੀ ਧਰਮ ਹਨ। ਧਰਮ ਨੂੰ ਕਦੇ ਕਿਸੇ ਕੋਲੋਂ ਕੋਈ ਖਤਰਾ ਨਹੀਂ ਹੁੰਦਾ, ਖਤਰਾ ਹਮੇਸ਼ਾਂ ਫਿਰਕੇ ਨੂੰ ਹੁੰਦਾ ਹੈ। ਇਹੀ ਕਾਰਨ ਹੈ ਨਕਲੀ ਧਰਮ ਤੁਹਾਨੂੰ ਜਗਾਉਂਦੇ ਨਹੀਂ, ਸਗੋਂ ਸੁਆਉਂਦੇ ਹਨ। ਤੁਹਾਡੀ ਸੋਚ ਨੂੰ ਮਨੁੱਖਤਾਵਾਦੀ ਬਣਾਉਣ ਦੀ ਥਾਂ ਫਿਰਕਾਵਾਦੀ ਬਣਾਉਂਦੇ ਹਨ। ਤੁਹਾਨੂੰ ਬੰਧਨਾਂ ਤੋਂ ਮੁਕਤ ਕਰਨ ਦੀ ਥਾਂ ਚਿੰਨ੍ਹਾਂ ਅਤੇ ਮਰਿਆਦਾ ਦੇ ਸੰਗਲ ਪਾਉਂਦੇ ਹਨ।

ਹੁਣ **ਸਵਾਲ ਪੈਦਾ ਹੁੰਦਾ ਹੈ ਕਿ ਮਨੁੱਖ ਨਕਲੀ ਧਰਮਾਂ ਵਿਚ ਫਸਦਾ ਕਿਉਂ ਹੈ?**

ਇਸ ਦਾ ਕਾਰਨ ਹੈ ਕਿ ਬਚਪਨ ਤੋਂ ਹੀ ਪਰਿਵਾਰ ਤੇ ਸਮਾਜ ਵਲੋਂ ਧਰਮ, ਸੱਭਿਆਚਾਰ, ਭਾਸ਼ਾ, ਜਾਤ, ਕਬੀਲਾ, ਨਸਲ, ਇਲਾਕਾ, ਕੌਮ, ਦੇਸ਼ ਆਦਿ ਦੀ ਅਜਿਹੀ ਪਾਣ ਚਾੜ੍ਹੀ ਜਾਂਦੀ ਹੈ ਕਿ ਮਨੁੱਖ ਨੀਮ ਬੇਹੋਸ਼ੀ ਦੀ ਹਾਲਤ ਵਿੱਚ ਇਸ ਸਭ ਨੂੰ ਅਸਲੀ ਧਰਮ ਸਮਝਦਾ ਹੈ। ਇਥੋਂ ਤੱਕ ਕਿ ਬਹੁਤ ਸਾਰੇ ਲੋਕ ਤਾਂ ਇਨ੍ਹਾਂ ਨਕਲੀ ਧਰਮਾਂ ਲਈ ਜਾਨ ਦੀਆਂ ਬਾਜੀਆਂ ਲਾਉਂਦੇ ਰਹੇ ਹਨ ਅਤੇ ਲਾ ਰਹੇ ਹਨ। ਜਦੋਂ ਕੋਈ ਵਿਅਕਤੀ ਬਚਪਨ ਵਿਚੋਂ ਨਿਕਲ ਕੇ, ਸੁਰਤ ਸੰਭਾਲ ਕੇ, ਆਪ ਜਾਨਣ ਲਈ ਤੁਰਦਾ ਹੈ ਤਾਂ ਪੁਜਾਰੀ ਉਸਨੂੰ ਜਾਨਣ ਦੀ ਥਾਂ ਮੰਨਣ ਦਾ ਅਜਿਹਾ ਟੀਕਾ ਲਗਾਉਂਦਾ ਹੈ ਕਿ ਉਸ ਦੇ ਜਾਗਣ ਦੀਆਂ ਸਾਰੀਆਂ ਸੰਭਾਵਨਾਵਾਂ ਖਤਮ ਹੋ ਜਾਂਦੀਆਂ ਹਨ। ਕੁਝ ਲੋਕ ਨੀਮ ਬੇਹੋਸ਼ੀ ਵਿੱਚ ਬਗਾਵਤ (ਧਰਮ ਪ੍ਰੀਵਰਤਨ) ਕਰਦੇ ਵੀ ਹਨ ਤਾਂ ਇੱਕ ਪੁਜਾਰੀ ਦਾ ਸੰਗਲ ਉਤਾਰ ਕੇ ਦੂਜੇ ਦਾ ਪੁਆ ਲੈਣ ਨੂੰ ਧਰਮ ਪ੍ਰੀਵਰਤਨ ਸਮਝਦੇ ਹਨ।

ਫਿਰ **ਇਸ ਦਾ ਹੱਲ ਕੀ ਹੋਵੇ?**

ਜਦ ਤੱਕ ਮਨੁੱਖ ਨਕਲੀ ਧਰਮਾਂ ਦੇ ਚਿੰਨ੍ਹਾਂ, ਮਰਿਆਦਾਵਾਂ, ਪੂਜਾ-ਪਾਠਾਂ, ਪ੍ਰੰਪਰਾਵਾਂ ਦੇ ਬੰਧਨਾਂ ਨੂੰ ਤੋੜ ਕੇ ਆਪਣੇ ਆਪ ਨੂੰ ਇਨਸਾਨ ਹੋਣ ਦੇ ਲੈਵਲ 'ਤੇ ਆ ਕੇ ਨਹੀਂ ਸੋਚਦਾ, ਉਤਨਾ ਚਿਰ ਨਕਲੀ ਧਰਮਾਂ ਦੀ ਦਲ-ਦਲ ਵਿਚੋਂ ਨਹੀਂ ਨਿਕਲ ਸਕਦਾ। ਜੇ ਕੋਈ ਸੋਚਦਾ ਹੋਵੇ ਕਿ ਉਹ ਨਕਲੀ ਧਰਮ ਦੀ ਦੁਕਾਨ 'ਤੇ ਬੈਠ ਕੇ ਕੋਈ ਸੁਧਾਰ ਕਰ ਸਕੇਗਾ, ਅਜਿਹਾ ਸੰਭਵ ਨਹੀਂ। ਸਾਰੇ ਧਰਮਾਂ ਦਾ ਇਤਿਹਾਸ ਪੜ੍ਹ ਕੇ ਵੇਖ ਲਵੋ, ਜੇ ਕੋਈ ਧਰਮੀ ਮਹਾਂਪੁਰਸ਼ ਥੋੜਾ ਬਹੁਤ ਕੁਝ ਸਮੇਂ ਲਈ ਕਰਨ ਵਿੱਚ ਕਾਮਯਾਬ ਹੋਇਆ ਹੈ, ਉਹ ਸਿਰਫ ਇਨ੍ਹਾਂ ਬੰਧਨਾਂ ਤੋਂ ਆਜ਼ਾਦ ਹੋ ਕੇ ਹੀ ਹੋਇਆ ਹੈ। ਮੁਕਦੀ ਗੱਲ ਇਹ ਹੈ ਕਿ ਪਿਛਲੇ 5-6 ਹਜ਼ਾਰ ਸਾਲ ਦੇ ਲਿਖਤੀ ਮਨੁੱਖੀ ਜਾਂ ਧਰਮਾਂ ਦੇ ਇਤਿਹਾਸ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਪੁਜਾਰੀਆਂ ਅਧਾਰਿਤ ਨਕਲੀ ਧਰਮਾਂ ਅਤੇ ਦੇਸ਼ਾਂ ਦੀ ਰਾਜਨੀਤੀ, ਇੱਕੋ ਸਿੱਕੇ ਦੇ ਦੋ ਪਾਸੇ ਹਨ। ਇਹ ਸਰੀਰਕ ਤੇ ਮਾਨਸਿਕ ਤੌਰ 'ਤੇ ਬਲਵਾਨ ਲੋਕਾਂ ਦੀ, ਦੂਜਿਆਂ 'ਤੇ ਸਰੀਰਕ ਅਤੇ ਮਾਨਸਿਕ ਕੰਟਰੋਲ ਕਰਨ, ਉਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਤਾਕਤ ਨੂੰ ਆਪਣੇ ਹਿੱਤਾਂ ਲਈ ਵਰਤਣ, ਉਨ੍ਹਾਂ ਦੇ ਸਾਧਨਾਂ ਨੂੰ ਹਥਿਆਉਣ ਦੀ ਸਾਜ਼ਿਸ਼ੀ ਖੇਡ ਹੈ। ਪੁਜਾਰੀ ਰਾਜੇ ਨੂੰ ਰੱਬ ਦਾ ਅਵਤਾਰ ਅਤੇ ਰਾਜਾ ਪੁਜਾਰੀ ਨੂੰ ਰੱਬ ਦਾ ਵਜ਼ੀਰ ਬਣਾਉਂਦਾ ਰਿਹਾ ਹੈ ਤਾਂ ਕਿ ਆਮ ਲੋਕਾਂ 'ਤੇ ਆਪਣੀ ਪ੍ਰੀਤਭਾ ਦਾ ਪ੍ਰਭਾਵ ਪਾ ਕੇ ਆਮ ਇਨਸਾਨ ਨੂੰ ਨਿਮਾਣਾ ਅਤੇ ਨਿਤਾਣਾ ਬਣਾਇਆ ਜਾ ਸਕੇ। ਮਨੁੱਖੀ ਸੋਸ਼ਣ ਦੀ ਇਹ ਘਟੀਆ ਖੇਡ ਪੁਜਾਰੀ ਅਤੇ ਰਾਜਨੀਤੀਵਾਨ ਕਦੇ ਰਲ਼ ਕੇ ਅਤੇ ਕਦੇ ਵੱਖਰੇ-

ਵੱਖਰੇ ਖੇਡਦੇ ਹਨ। ਪਰ ਪਰਦੇ ਪਿਛੇ ਇਹ ਹਮੇਸ਼ਾਂ ਇਕੱਠੇ ਹੀ ਹੁੰਦੇ ਹਨ। ਪੁਜਾਰੀ ਹਮੇਸ਼ਾਂ ਸ਼ਰਧਾਲੂ ਨੂੰ ਮਾਨਸਿਕ ਤੌਰ 'ਤੇ ਕਮਜ਼ੋਰ ਕਰਨ ਅਤੇ ਸੁਆਉਣ ਦੀ ਲੋਰੀ ਦਿੰਦਾ ਹੈ ਤਾਂ ਕਿ ਰਾਜਨੀਤਕ ਉਸਨੂੰ ਆਸਾਨੀ ਨਾਲ ਲੁੱਟ ਸਕੇ

ਇਹੀ **ਕਾਰਨ ਹੈ ਕਿ ਆਮ ਸ਼ਰਧਾਲੂ ਲਈ ਨਕਲੀ ਧਰਮ, ਜਿਸਨੂੰ ਉਹ ਅਸਲੀ ਸਮਝਦੇ ਹਨ, ਇੱਕ ਨਸ਼ੇ ਤੋਂ ਵੱਧ ਕੁਝ ਨਹੀਂ ਹੁੰਦਾ।ਨਸ਼ੇ ਵਿੱਚ ਨੀਮ ਬੇਹੋਸ਼ ਮਾਨਸਿਕ ਰੋਗੀ ਅਜਿਹੇ ਸ਼ਰਧਾਲੂ ਹੀ ਧਰਮ ਯੁੱਧਾਂ ਵਿੱਚ ਮਨੁੱਖਤਾ ਦਾ ਘਾਣ ਕਰਦੇ ਹਨ ਅਤੇ ਧਰਮ ਅਧਾਰਿਤ ਦੰਗਿਆਂ ਵਿੱਚ ਲੋਕਾਂ ਦੇ ਖੂਨ ਦੀ ਹੋਲੀ ਖੇਡਦੇ ਰਹੇ ਹਨ ਤੇ ਖੇਡ ਰਹੇ ਹਨ। ਇਹੀ ਵਜ੍ਹਾ ਹੈ ਕਿ ਮਨੁੱਖੀ ਇਤਿਹਾਸ ਵਿੱਚ ਪੁਜਾਰੀਆਂ ਅਤੇ ਰਾਜਨੀਤਕਾਂ ਨੇ ਰਲ਼ ਕੇ ਧਰਮ ਯੁੱਧਾਂ ਦੇ ਨਾਮ 'ਤੇ ਕ੍ਰੋੜਾਂ ਲੋਕਾਂ ਦਾ ਖੂਨ ਵਹਾਇਆ ਹੈ ਅਤੇ ਅੱਜ ਵੀ ਜ਼ਿਹਾਦੀ ਬੇਗੁਨਾਹਾਂ ਦਾ ਖੂਨ ਵਹਾ ਰਹੇ ਹਨ। ਨਕਲੀ ਫਿਰਕੂ ਧਰਮਾਂ ਅਤੇ ਰਾਜਨੀਤੀ ਦੇ ਇਸ ਸਾਜ਼ਿਸ਼ੀ ਗੱਠਜੋੜ ਨੂੰ ਪਛਾਨਣ ਅਤੇ ਪਛਾੜਨ ਦੀ ਲੋੜ ਹੈ। ਹਰ ਧਰਮ ਫਿਰਕਾ ਰੱਬ ਦਾ ਵੱਖਰਾ ਨਾਮ ਰੱਖ ਕੇ, ਵੱਖਰੀ ਮਰਿਯਾਦਾ, ਪ੍ਰੰਪਰਾ ਅਤੇ ਚਿੰਨ੍ਹ ਬਣਾ ਕੇ, ਲੋਕਾਂ ਨੂੰ ਕੰਟਰੋਲ ਕਰਨ ਦੀ ਰਾਜਨੀਤੀ ਤੋਂ ਵੱਧ ਕੁਝ ਨਹੀਂ।**

ਰਾਜਨੀਤੀ ਅਧਾਰਿਤ ਇਨ੍ਹਾਂ ਨਕਲੀ ਧਰਮਾਂ ਨੂੰ ਸਮਝਣ ਦੀ ਲੋੜ ਹੈ। ਅਸਲੀ ਧਰਮੀ ਲੋਕ ਹਮੇਸ਼ਾਂ ਮਨੁੱਖਤਾ ਨੂੰ ਸੱਚ ਨਾਲ ਜੋੜਦੇ ਰਹੇ ਹਨ, ਆਪਣੇ ਅੰਦਰ ਦੀ ਪਛਾਣ ਕਰਾਉਂਦੇ ਰਹੇ ਹਨ, ਕੁਦਰਤ ਨਾਲ ਜੁੜਨ ਲਈ ਮਾਰਗ ਦਰਸ਼ਨ ਕਰਦੇ ਰਹੇ ਹਨ। ਉਨ੍ਹਾਂ ਦੇ ਧਰਮੀ ਮਾਰਗ ਨੂੰ ਸਮਝਣ ਤੇ ਅਪਨਾਉਣ ਦੀ ਲੋੜ ਹੈ। ਇਹ ਵੀ ਕੁਦਰਤ ਦਾ ਹੀ ਨਿਯਮ ਹੈ ਕਿ ਸਾਰੇ ਰੱਬੀ ਗੁਣਾਂ ਦੇ ਬੀਜ ਸਾਡੇ ਅੰਦਰ ਹੀ ਅਚੇਤ ਰੂਪ ਵਿੱਚ ਪਏ ਹੁੰਦੇ ਹਨ, ਜਿਨ੍ਹਾਂ ਦੇ ਪੁੰਗਰਨ ਤੋਂ ਪਹਿਲਾਂ ਹੀ ਪਰਿਵਾਰ, ਸਮਾਜ, ਧਰਮ ਦੀਆਂ ਪ੍ਰੰਪਰਾਵਾਂ, ਮਰਿਯਾਦਾਵਾਂ ਆਦਿ ਇਨ੍ਹਾਂ ਨੂੰ ਦਬਾ ਦਿੰਦੀਆਂ ਹਨ। ਪਰ ਇਨ੍ਹਾਂ ਅੰਦਰ ਵਸਦੇ ਰੱਬੀ ਗੁਣਾਂ ਨੂੰ ਜਗਾਉਣਾ ਅਤੇ ਅਗੁਣਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ) ਨੂੰ ਸੁਚੇਤ ਰੂਪ ਵਿੱਚ ਆਪਣੀ ਅਤੇ ਮਨੁੱਖਤਾ ਦੀ ਭਲਾਈ ਲਈ ਵਰਤਣਾ ਹੀ ਅਸਲੀ ਧਰਮ ਹੈ। ਜਦੋਂ ਮਨੁੱਖ ਅੰਦਰੋਂ ਜਾਗ ਪੈਂਦਾ ਹੈ, ਫਿਰ ਕੋਈ ਪੁਜਾਰੀ ਜਾਂ ਰਾਜਨੀਤਕ, ਉਸਦਾ ਸੋਸ਼ਣ ਨਹੀਂ ਕਰ ਸਕਦਾ। ਕੋਈ ਉਸਨੂੰ ਗੁਲਾਮ ਨਹੀਂ ਬਣਾ ਸਕਦਾ। ਇੱਕ ਗੱਲ ਹੋਰ ਸਮਝ ਲੈਣੀ ਬੜੀ ਜ਼ਰੂਰੀ ਹੈ ਕਿ ਜਿਹੜਾ ਵਿਅਕਤੀ ਤੁਹਾਨੂੰ ਜਗਾਉਂਦਾ ਹੈ, ਬੰਧਨਾਂ ਤੋਂ ਮੁਕਤ ਕਰਦਾ ਹੈ, ਕੁਦਰਤ ਦੇ ਨਿਯਮਾਂ ਦੀ ਸੋਝੀ ਕਰਾਉਂਦਾ ਹੈ, ਮਨੁੱਖੀ ਮਨ ਦੀਆਂ ਕਮਜ਼ੋਰੀਆਂ ਤੋਂ ਜਾਣੂ ਕਰਾ ਕੇ ਸੱਚੀ ਜੀਵਨ ਜਾਚ ਬਖਸ਼ਦਾ ਹੈ, ਉਹ ਹੀ ਅਸਲੀ ਧਰਮੀ ਹੈ ਅਤੇ ਉਸਦੀ ਵਿਚਾਰਧਾਰਾ ਹੀ ਅਸਲੀ ਧਰਮ ਹੈ। ਪਰ ਧਰਮ ਪੁਜਾਰੀਆਂ ਵਲੋਂ ਉਸਨੂੰ ਨਾਸਤਿਕ, ਕੁਰਾਹੀਆ, ਧਰਮ ਵਿਰੋਧੀ ਕਹਿ ਕਿ ਭੰਡਿਆ ਜਾਂਦਾ ਰਿਹਾ ਹੈ। ਉਸਦੇ ਰਸਤੇ ਵਿੱਚ ਹਰ ਤਰ੍ਹਾਂ ਦੀਆਂ ਰੁਕਾਵਟਾਂ ਖੜ੍ਹੀਆਂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਅੰਧ-ਵਿਸ਼ਵਾਸ਼ੀ ਅਤੇ ਮੰਦਬੁੱਧੀ ਸ਼ਰਧਾਲੂਆਂ ਰਾਹੀਂ ਨੁਕਸਾਨ ਪਹੁੰਚਾਣ ਦੇ ਯਤਨ ਕੀਤੇ ਜਾਂਦੇ ਰਹੇ ਹਨ। ਜੇ ਫਿਰ ਵੀ ਗੱਲ ਨਾ ਬਣੇ ਤਾਂ ਰਾਜਨੀਤਕ ਲੋਕਾਂ ਨਾਲ ਸਾਜਿਸ਼ ਕਰਕੇ ਸਰੀਰਕ ਨੁਕਸਾਨ ਪਹੁੰਚਾਣ ਦੇ ਯਤਨ ਵੀ ਕੀਤੇ ਜਾਂਦੇ ਰਹੇ ਹਨ, ਸਾਰੇ ਧਰਮੀ ਪੈਗੰਬਰਾਂ ਤੇ ਮਹਾਂਪੁਰਸ਼ਾਂ ਦੇ ਜੀਵਨ ਇਤਿਹਾਸ ਅਜਿਹੀਆਂ ਘਟਨਾਵਾਂ ਨਾਲ ਭਰੇ ਪਏ ਹਨ।

ਪਰ ਇਸਦੇ ਉਲਟ ਜੋ ਤੁਹਾਨੂੰ ਸੁਆਉਂਦਾ ਹੈ, ਬੇਹੋਸ਼ ਕਰਦਾ ਹੈ, ਗੁਲਾਮ ਬਣਾਉਂਦਾ ਹੈ, ਚਿੰਨ੍ਹਾਂ ਮਰਿਆਦਾਵਾਂ ਦੇ ਬੰਧਨਾਂ ਵਿੱਚ ਪਾਉਂਦਾ ਹੈ, ਫਿਰਕੂ ਸੋਚ ਦਾ ਧਾਰਨੀ ਬਣਾਉਂਦਾ ਹੈ, ਉਹ ਪੁਜਾਰੀ ਹੈ, ਉਸਦੀ ਵਿਚਾਰਧਾਰਾ ਵੀ ਨਕਲੀ ਹੈ ਅਤੇ ਉਸਦਾ ਧਰਮ ਵੀ ਨਕਲੀ ਹੈ, ਉਸਦਾ ਕੰਮ ਤੁਹਾਨੂੰ ਮਾਨਸਿਕ ਤੌਰ 'ਤੇ ਕਮਜੋਰ ਕਰਕੇ ਬੰਧਨਾਂ ਵਿੱਚ ਪਾ ਕੇ ਅੱਖਾਂ 'ਤੇ ਅੰਧ-ਵਿਸ਼ਵਾਸ਼ ਦੀ ਪੱਟੀ ਬੰਨ੍ਹ ਕੇ ਅਗਿਆਨਤਾ ਦੀ ਖੱਡ ਵਿਚ ਸੁੱਟਣਾ ਹੈ। ਅਜਿਹਾ ਧਰਮ ਅਸਲ ਵਿੱਚ ਰਾਜਨੀਤੀ ਅਧਾਰਿਤ ਨਕਲੀ ਧਰਮ ਹੈ। ਜਿਸ ਦਿਨ ਅਸੀਂ ਇਸ ਸੰਸਾਰ 'ਤੇ ਆਉਂਦੇ ਹਾਂ, ਉਸ ਦਿਨ ਨਾ ਸਾਡਾ ਕੋਈ ਧਰਮ ਹੁੰਦਾ ਹੈ, ਨਾ ਫਿਰਕਾ, ਨਾ ਬੋਲੀ, ਨਾ ਇਲਾਕਾ, ਨਾ ਦੇਸ਼, ਨਾ ਕੌਮ, ਨਾ ਨਸਲ, ਉਸ ਦਿਨ ਅਸੀਂ ਸਿਰਫ ਇਨਸਾਨ ਦੇ ਬੱਚੇ ਹੁੰਦੇ ਹਾਂ, ਇਹੀ ਕੁਦਰਤ ਦਾ ਵਿਧਾਨ ਹੈ। ਅਸੀਂ ਇਨਸਾਨ ਆਏ ਸੀ ਤੇ ਇਨਸਾਨ ਹੀ ਇੱਥੋਂ ਚਲੇ ਜਾਈਏ, ਇਹੀ ਸਾਡੀ ਪ੍ਰਾਪਤ ਹੋਵੇਗੀ।

ਪੁਸਤਕ ਸਮੀਖਿਆ


# ਪੰਜਾਬ ਸੰਕਟ ਅਤੇ ਖੇਤਰੀ ਅਖ਼ਬਾਰਾਂ ਦੇ ਫਿਰਕੂ ਰੋਲ ਦਾ ਪਰਦਾਫਾਸ਼ ਕਰਦੀ ਪੁਸਤਕ: 'ਵਰਨੈਕੂਲਰ ਪ੍ਰੈਸ ਅਤੇ ਪੰਜਾਬ ਕਰਾਈਸਿਸ: 1978-84'

ਸਮੀਖਿਆਕਾਰ: ਹਰਚਰਨ ਸਿੰਘ ਪ੍ਰਹਾਰ
hparharwriter@gmail.com
Tel. : 403-681-8689

**ਸਾਡੇ** ਵਿਦਵਾਨ ਦੋਸਤ ਅਤੇ ਅਰਥ ਸ਼ਾਸਤਰੀ ਪ੍ਰੋ ਅਮਰਜੀਤ ਭੁੱਲਰ ਦੀ ਸਿਫਾਰਸ਼ 'ਤੇ ਪਿਛਲੇ ਹਫਤੇ ਡਾ. ਗੁਰਸ਼ਰਨ ਸਿੰਘ ਸੋਹਲ ਦੀ 'ਵਰਨੈਕੂਲਰ **ਪ੍ਰੈਸ ਅਤੇ ਪੰਜਾਬ ਕਰਾਈਸਿਸ: 1978-84**' (Vernacjular Press and Punjab Crisis: 1978-84) ਨਵੀਂ ਖੋਜ ਭਰਪੂਰ ਅੰਗਰੇਜ਼ੀ ਪੁਸਤਕ ਪੜ੍ਹਨ ਦਾ ਮੌਕਾ ਮਿਲ਼ਿਆ। ਪੁਸਤਕ ਪੜ੍ਹ ਕੇ ਤਸੱਲੀ ਹੋਈ ਕਿ ਕਿਸੇ ਵਿਦਵਾਨ ਵਲੋਂ ਇਸ ਅਹਿਮ 'ਤੇ ਹੁਣ ਤੱਕ ਅਣਗੌਲ਼ੇ ਵਿਸ਼ੇ 'ਤੇ ਇਤਨੀ ਮਹੱਤਵਪੂਰਨ ਜਾਣਕਾਰੀ ਵਾਲ਼ੀ ਕਿਤਾਬ ਲਿਖੀ ਹੈ। ਅਕਤੂਬਰ, 1984 ਵਿੱਚ ਭਾਰਤੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਉਸਦੇ ਆਪਣੇ ਦੋ ਸੁਰੱਖਿਆ ਗਾਰਡਾਂ ਵਲੋਂ ਹੱਤਿਆ ਤੋਂ ਬਾਅਦ ਸਿੱਖ ਭਾਈਚਾਰੇ ਦੇ ਬੇਕਸੂਰ ਲੋਕਾਂ ਦੇ ਕਤਲੇਆਮ ਸਮੇਤ ਅਪਰੈਲ, 1978 ਦੇ ਸਿੱਖ ਨਿਰੰਕਾਰੀ ਖੂਨੀ ਕਾਂਡ ਤੋਂ ਜੂਨ, 84 ਦੇ ਸਾਕਾ ਨੀਲਾ ਤਾਰਾ ਤੱਕ ਵਾਪਰੀਆਂ ਅਹਿਮ ਦੁਖਦਾਈ ਘਟਨਾਵਾਂ ਬਾਰੇ ਜਲੰਧਰ ਦੀਆਂ ਪੰਜਾਬੀ, ਹਿੰਦੀ, ਉਰਦੂ ਭਾਸ਼ਾਵਾਂ ਦੀਆਂ ਅਖਬਾਰਾਂ, ਖਾਸਕਰ ਕਰਕੇ ਰੋਜ਼ਾਨਾ ਅਜੀਤ, ਜੱਗਬਾਣੀ, ਪੰਜਾਬ ਕੇਸਰੀ (ਹਿੰਦ ਸਮਾਚਾਰ ਸਮੂਹ) ਅਤੇ ਨਵਾਂ ਜ਼ਮਾਨਾ ਆਦਿ ਅਖ਼ਬਾਰਾਂ ਦੀ ਭੂਮਿਕਾ ਬਾਰੇ ਬੜੀ ਬਰੀਕੀ ਨਾਲ਼ ਚਰਚਾ ਕੀਤੀ ਗਈ ਹੈ। ਇਸ ਪੁਸਤਕ ਵਿੱਚ ਲੇਖਕ ਨੇ ਵਿਸ਼ਲੇਸ਼ਣ ਕੀਤਾ ਹੈ ਕਿ ਇਸ ਸੰਕਟ ਦੇ ਦੌਰ ਦੌਰਾਨ ਸਥਾਨਕ ਪ੍ਰੈਸ ਨੇ ਜਨਤਕ ਰਾਏ ਨੂੰ ਕਿਵੇਂ ਪ੍ਰਭਾਵਿਤ ਕੀਤਾ, ਖਾਸਕਰ ਉਨ੍ਹਾਂ ਭਾਈਚਾਰਿਆਂ ਨੂੰ ਜੋ ਸਿਰਫ ਇਨ੍ਹਾਂ ਭਾਸ਼ਾਵਾਂ ਵਿੱਚ ਅਖ਼ਬਾਰਾਂ ਪੜ੍ਹਦੇ ਸਨ।

ਪੁਸਤਕ ਦੇ ਪਹਿਲੇ ਖੰਡ ਵਿੱਚ ਲੇਖਕ ਨੇ ਬੜੀ ਬਰੀਕੀ ਨਾਲ਼ ਇਸ ਸੰਕਟ ਦੇ ਇਤਿਹਾਸਕ ਪਿਛੋਕੜ ਅਤੇ ਦੂਸਰੇ ਖੰਡ ਵਿੱਚ ਇਸ ਖਿੱਤੇ ਅੰਦਰ ਹਿੰਦੂ-ਸਿੱਖ ਕਲੇਸ਼ ਦੀਆਂ ਜੜ੍ਹਾਂ ਤਲਾਸ਼ਦਿਆਂ, ਲੇਖਕ ਅਨੁਸਾਰ ਇਸ ਮੰਦਭਾਗੇ ਵਰਤਾਰੇ ਦਾ ਆਰੰਭ ਸ਼ਾਇਦ ਸਿੱਖ ਪੰਥ ਦੇ ਬਾਨੀ ਗੁਰੂ ਨਾਨਕ ਸਾਹਿਬ ਦੇ ਆਗਮਨ ਦੇ ਨਾਲ਼ ਹੀ ਸ਼ੁਰੂ ਹੋ ਗਿਆ ਦਰਸਾਇਆ ਹੈ। ਲੇਖਕ ਅਨੁਸਾਰ ਬੇਸ਼ੱਕ ਦੋਹਾਂ ਧਰਮਾਂ ਵਿਚਾਲ਼ੇ ਕਲੇਸ਼ ਤਾਂ ਪੁਰਾਣਾ ਹੀ ਸੀ, ਪ੍ਰੰਤੂ ਇਸਨੂੰ ਹੋਰ ਤਿੱਖਾ ਅੰਗਰੇਜ਼ ਹਾਕਮਾਂ ਦੀਆਂ ਆਪਣੇ ਸੌੜੇ ਮਨੋਰਥਾਂ ਲਈ ਅਪਨਾਈਆਂ ਰਾਜਨੀਤਕ ਚਾਲਾਂ ਨੇ ਕੀਤਾ।ਪ੍ਰੇਮ ਕੁਮਾਰ ਦੀ ਪੰਜਾਬ ਅੰਦਰ ਪਿਛਲੀ ਸਦੀ ਦੇ ਵੀਹਵਿਆਂ ਦੌਰਾਨ 'ਧਰਮ ਅਤੇ ਰਾਜਨੀਤੀ', ਬਾਰੇ ਲਿਖੀ ਪੁਸਤਕ ਦੇ ਹਵਾਲੇ ਨਾਲ਼ ਲੇਖਕ ਦੱਸਦਾ ਹੈ ਕਿ ਸਾਲ 1922-1927 ਤੱਕ ਦੇ 5 ਸਾਲਾਂ ਦੇ ਅਰਸੇ ਦੌਰਾਨ ਇਕੱਲੇ ਪੰਜਾਬੀ ਖਿੱਤੇ ਅੰਦਰ 4740 ਫਿਰਕੂ ਫਸਾਦਾਂ ਦੀਆਂ ਨਿੱਕੀਆਂ-ਵੱਡੀਆਂ ਘਟਨਾਵਾਂ ਰਿਕਾਰਡ ਕੀਤੀਆਂ ਗਈਆਂ।ਪ੍ਰੰਤੂ ਇਨ੍ਹਾਂ ਘਟਨਾਵਾਂ ਵਿੱਚੋਂ ਬਹੁਤੇ ਮੌਕਿਆਂ 'ਤੇ ਹਿੰਦੂਆਂ-ਮੁਸਲਮਾਨਾਂ ਨਾਲ਼ ਝਗੜਿਆਂ ਵਿੱਚ ਸਿੱਖਾਂ ਨੇ ਹਿੰਦੂ ਭਾਈਚਾਰੇ ਨਾਲ਼ ਮਿਲ਼ ਕੇ ਲੜਾਈਆਂ ਲੜੀਆਂ।ਭਾਰਤ ਦੇ ਕਥਿਤ ਸੰਵਿਧਾਨਕ ਵਿਕਾਸ ਦੇ ਅਮਲ ਦੌਰਾਨ ਸਾਲ 1919 ਦੇ ਐਕਟ ਅੰਦਰ ਫਿਰਕੂ ਪਹਿਚਾਣਾਂ ਦੇ ਅਧਾਰ 'ਤੇ ਵੋਟ ਦਾ ਅਧਿਕਾਰ ਲਾਗੂ ਕਰਨ ਨਾਲ਼ ਪ੍ਰਮੁੱਖ ਭਾਈਚਾਰਿਆਂ ਅੰਦਰ ਅਜਿਹੀ ਕੁੜੱਤਣ ਘੋਲ਼ੀ ਗਈ ਕਿ ਜਿਸਦੇ ਸਿੱਟੇ ਵਜੋਂ ਹੀ 1947 ਦਾ ਬਟਵਾਰਾ ਅਤੇ ਖੂਨੀ ਦੰਗੇ ਹੋਏ, ਜਿਸ ਵਿੱਚ ਤਿੰਨਾਂ ਭਾਈਚਾਰਿਆਂ ਦੇ ਕਰੋੜਾਂ ਲੋਕ ਉਜੜੇ ਅਤੇ ਲੱਖਾਂ ਬੇਗੁਨਾਹ ਲੋਕ ਮਾਰੇ ਗਏ।ਦੇਸ਼ ਆਜ਼ਾਦ ਹੋਇਆ, ਪਰ ਅੰਗਰੇਜ਼ਾਂ ਵਲੋਂ ਸ਼ੁਰੂ ਕੀਤੀ ਗਈ, ਧਰਮ ਅਤੇ ਜਾਤੀ ਪਹਿਚਾਣ ਦੀ ਗੰਦੀ ਸਿਆਸਤ ਖਤਮ ਨਾ ਹੋਈ।ਸਗੋਂ ਪੂਰਬੀ ਪੰਜਾਬ ਵਿੱਚ ਪਿੱਛੇ ਰਹਿ ਗਏ, ਹਿੰਦੂ ਅਤੇ ਸਿੱਖ ਭਾਈਚਾਰਿਆਂ ਵਿੱਚ ਉਹੀ ਖਿੱਚੋਤਾਣ ਨਵੇਂ ਸਿਰਿਉਂ ਦੁਬਾਰਾ ਸ਼ੁਰੂ ਹੋ ਗਈ ਅਤੇ ਇਹ ਲਗਾਤਾਰ ਵੱਧਦੀ ਹੀ ਚਲੀ ਗਈ ਅਤੇ ਹੁਣ ਤੱਕ ਕਿਸੇ ਨਾ ਕਿਸੇ ਰੂਪ 'ਚ ਜਾਰੀ ਹੈ।

ਲੇਖਕ ਨੇ ਆਪਣੇ ਅਧਿਐਨ ਦੀ ਸ਼ੁਰੂਆਤ ਸਾਲ 13 ਅਪਰੈਲ, 1978 ਦੇ ਅੰਮ੍ਰਿਤਸਰ ਵਿੱਚ ਵਾਪਰੇ ਸਿੱਖ-ਨਿਰੰਕਾਰੀ ਖੂਨੀ ਕਾਂਡ ਤੋਂ ਅਗਲੇ ਦਿਨ ਦੀਆਂ ਅਖ਼ਬਾਰੀ ਖ਼ਬਰਾਂ ਨਾਲ਼ ਕੀਤੀ ਹੈ ਕਿ ਕਿਸ ਪ੍ਰਕਾਰ, ਇਸ ਇੱਕੋ ਘਟਨਾ ਦੀ ਵੱਖ-ਵੱਖ ਅਖ਼ਬਾਰਾਂ ਨੇ ਵੱਖ-ਵੱਖ ਢੰਗਾਂ ਨਾਲ਼ ਮੂਲੋਂ ਹੀ ਇੱਕ-ਦੂਜੇ ਤੋਂ ਵੱਖਰੇ ਅੰਦਾਜ ਵਿੱਚ ਕਵਰੇਜ਼ ਕੀਤੀ ਸੀ। ਇਸ ਘਟਨਾ ਬਾਰੇ ਅਗਲੇ ਦਿਨ ਦੀ 'ਅਜੀਤ' ਅਖਬਾਰ ਵਿੱਚ ਸੁਰਖੀ ਸੀ: 18 ਸਿੰਘ ਸ਼ਹੀਦ, 200 ਤੋਂ ਵੱਧ ਜ਼ਖਮੀ। ਜਦੋਂ ਕਿ 'ਪੰਜਾਬ ਕੇਸਰੀ' ਅਖ਼ਬਾਰ ਵਿੱਚ ਇਸੇ ਖ਼ਬਰ ਦਾ ਹੈਡਿੰਗ ਸੀ: ਨਿਹੰਗਾਂ ਵਲੋਂ ਹਮਲੇ ਵਿੱਚ 17 ਵਿਅਕਤੀ ਮਾਰੇ ਗਏ। 'ਨਵਾਂ ਜਮਾਨਾ' ਅਖ਼ਬਾਰ ਅਨੁਸਾਰ: ਨਿਰੰਕਾਰੀ ਸੰਮੇਲਨ ਉਪਰ ਹਮਲੇ ਵਿੱਚ 16 ਵਿਅਕਤੀ ਮਰੇ। ਕਿਸੇ ਅਖ਼ਬਾਰ ਦੇ ਰਿਪੋਰਟਰ ਨੇ ਇਸ ਘਟਨਾ ਦੀ ਨਿਰਪੱਖ ਜਾਂਚ ਪੜਤਾਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।ਹਰ ਕੋਈ ਆਪਣੀ-ਆਪਣੀ ਅਖ਼ਬਾਰ ਦੇ ਏਜੰਡੇ ਅਨੁਸਾਰ ਰਿਪੋਰਟਿੰਗ ਕਰ ਰਿਹਾ ਸੀ। ਅਜਿਹੀ ਘਟਨਾ ਬਾਰੇ ਮੀਡੀਆ ਵਲੋਂ ਸਿਰਜੇ ਬ੍ਰਿਤਾਂਤਾਂ ਦਾ ਹੀ ਨਤੀਜਾ ਸੀ ਕਿ ਕਿਸੇ ਨੂੰ ਅੱਜ ਤੱਕ ਪਤਾ ਨਹੀਂ ਹੈ ਕਿ ਉਸ ਦਿਨ ਉਥੇ ਕੀ ਅਤੇ ਕਿਵੇਂ ਵਾਪਰਿਆ ਸੀ?




ਸਿੱਖ ਭਾਈਚਾਰੇ ਨਾਲ਼ ਸਬੰਧਤ ਸਭ ਪ੍ਰਮੁੱਖ ਸੰਸਥਾਵਾਂ ਅਤੇ ਲੀਡਰਸ਼ਿਪ, ਹੁਣ ਤੱਕ ਇਸ ਘਟਨਾ ਨੂੰ ਸਿੱਖ ਧਰਮ ਵਿਰੁੱਧ ਨਿਰੰਕਾਰੀ ਕੂੜ ਪ੍ਰਚਾਰ ਖਿਲਾਫ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਸਿੱਖਾਂ ਉਪਰ ਨਿਰੰਕਾਰੀਆਂ ਵਲੋਂ ਕੀਤੇ ਖੂਨੀ ਹਮਲੇ ਵਜੋਂ ਪ੍ਰਚਾਰਦੀ ਆ ਰਹੀ ਹੈ। ਜਦਕਿ ਦੂਜੀ ਧਿਰ ਇਸਨੂੰ ਨਿਰੰਕਾਰੀ ਮਿਸ਼ਨ ਵਲੋਂ ਕੀਤੇ ਜਾ ਰਹੇ ਸ਼ਾਂਤਮਈ ਧਾਰਮਿਕ ਸਮਾਗਮ ਉਪਰ ਸਿੰਘਾਂ ਵਲੋਂ ਕੀਤਾ ਹਮਲਾ ਦਰਸਾਉਂਦੀ ਰਹੀ ਹੈ। ਅੱਜ ਤੱਕ ਕੋਈ ਵੀ ਧਿਰ ਇਹ ਸਾਬਿਤ ਨਹੀਂ ਕਰ ਸਕੀ ਕਿ ਗੋਲ਼ੀਆਂ ਨਾਲ਼ ਮਰਨ ਵਾਲ਼ੇ ਵਿਅਕਤੀ, ਨਿਰੰਕਾਰੀਆਂ, ਪੁਲਿਸ ਜਾਂ ਪ੍ਰਦਰਸ਼ਨਕਾਰੀਆਂ ਵਿਚੋਂ ਕਿਸ ਦੀਆਂ ਗੋਲ਼ੀਆਂ ਨਾਲ਼ ਕਿਤਨੇ ਮਰੇ ਸਨ ਕਿਉਂਕਿ ਮਰਨ ਵਾਲ਼ੇ 16 ਵਿਅਕਤੀਆਂ ਵਿੱਚੋਂ 13 ਪ੍ਰਦਰਸ਼ਨਕਾਰੀ ਅਤੇ 3 ਨਿਰੰਕਾਰੀ ਸਨ। ਕਦੇ ਕਿਸੇ ਨੇ ਇਹ ਜਾਨਣ ਦੀ ਕੋਸ਼ਿਸ਼ ਵੀ ਨਹੀਂ ਕੀਤੀ ਕਿ ਜੇ ਸਾਰੇ ਪ੍ਰਦਰਸ਼ਨਕਾਰੀ ਸ਼ਾਂਤਮਈ ਅਤੇ ਨਿਹੱਥੇ ਸਨ ਤਾਂ 3 ਨਿਰੰਕਾਰੀ ਕਿਸਦੀ ਗੋਲ਼ੀ ਨਾਲ਼ ਮਰੇ ਸਨ?

ਇਸੇ ਤਰ੍ਹਾਂ ਦੀ ਪੱਤਰਕਾਰਤਾ ਦੀ ਝਲਕ, 1978 ਦੀ ਘਟਨਾ ਤੋਂ ਪਿੱਛੋਂ 24 ਅਪਰੈਲ, 1980 ਨੂੰ ਨਿਰੰਕਾਰੀ ਮੁੱਖੀ ਗੁਰਬਚਨ ਸਿੰਘ ਦੇ ਕਤਲ ਤੋਂ ਬਾਅਦ ਵੀ ਮਿਲਦੀ ਹੈ। ਅਜਿਹੀ ਹੀ ਪੱਤਰਕਾਰੀ ਦੇ ਨਮੂਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਦੇ ਪੈਰੋਕਾਰਾਂ ਵਲੋਂ 9 ਸਤੰਬਰ, 1981 ਨੂੰ ਕਤਲ ਕੀਤੇ 'ਪੰਜਾਬ ਕੇਸਰੀ' ਦੇ ਮੁੱਖ ਸੰਪਾਦਕ ਲਾਲਾ ਜਗਤ ਨਰਾਇਣ ਦੇ ਕਤਲ ਤੋਂ ਬਾਅਦ ਵੀ ਸਪੱਸ਼ਟ ਮਿਲਦੇ ਹਨ।

ਅਜਿਹੀਆਂ ਘਟਨਾਵਾਂ ਤੋਂ ਇਲਾਵਾ ਡਾ. ਸੋਹਲ ਨੇ ਬਹੁਤ ਸੁੰਦਰ ਢੰਗ ਨਾਲ਼ 1940 ਵਿੱਚ ਮੁਹੰਮਦ ਅਲੀ ਜਿਨਾਹ ਦੇ 'ਪਾਕਿਸਤਾਨ' ਦੀ ਮੰਗ ਅਤੇ ਦੂਜੇ ਪਾਸੇ 'ਅਜ਼ਾਦ ਪੰਜਾਬ' ਦੀ ਮੰਗ ਦੇ ਮਤਿਆਂ ਦੌਰਾਨ ਚੱਲ ਰਹੀ ਗੰਦੀ ਸਿਆਸਤ ਬਾਰੇ ਉਸ ਵਕਤ ਦੀਆਂ ਪੰਜਾਬ ਨਾਲ਼ ਸਬੰਧਤ ਅਖ਼ਬਾਰਾਂ ਦੇ ਸੰਪਾਦਕਾਂ ਵਲੋਂ ਨਿਭਾਈ ਗੈਰ-ਜ਼ਿੰਮੇਵਾਰਾਨਾ ਅਤੇ ਮੁਜ਼ਰਮਾਨਾ ਭੂਮਿਕਾ ਦੀ ਝਾਤ ਵੀ ਪਵਾਈ ਗਈ ਹੈ।

ਤਕਰੀਬਨ 300 ਸਫਿਆਂ ਦੀ ਇਸ ਕਿਤਾਬ ਨੂੰ ਪੜ੍ਹਦਿਆਂ ਪਾਠਕ ਨੂੰ ਕਿੱਧਰੇ ਇੱਕ ਸਤਰ ਵੀ ਫਾਲਤੂ ਨਜ਼ਰ ਨਹੀਂ ਆਉਂਦੀ। ਸਦੀਆਂ ਤੋਂ ਹਰ ਧਰਮ ਦੇ ਰਹਿਬਰ ਇੱਕੋ ਰੱਬ ਨੂੰ ਸਾਰੀ ਕਾਇਨਾਤ ਦਾ ਸੋਮਾ ਦੱਸਦੇ ਰਹੇ ਹਨ। ਵਿਅਕਤੀ ਨੂੰ ਨੇਕ ਇਨਸਾਨ ਬਣਨ, ਕਿਸੇ ਦਾ ਹੱਕ ਨਾ ਮਾਰਨ, ਕਾਮ-ਕ੍ਰੋਧ-ਲੋਭ-ਮੋਹ-ਹੰਕਾਰ 'ਤੇ ਕਾਬੂ ਪਾਉਣ ਅਤੇ ਸਭ ਦਾ ਭਲਾ ਕਰਨ ਦੀਆਂ ਨਸੀਹਤਾਂ ਦਿੰਦੇ ਆਏ ਹਨ। ਇਨ੍ਹਾਂ ਸਰਬਕਾਲੀ ਕਦਰਾਂ-ਕੀਮਤਾਂ ਦੇ ਅਨੁਸਾਰ ਰਾਜਨੀਤੀ ਨੂੰ ਢਾਲ਼ੇ ਜਾਣ ਦੀ ਕਾਮਨਾ ਵੀ ਕੀਤੀ ਜਾਂਦੀ ਰਹੀ ਹੈ। ਇਸੇ ਪ੍ਰਥਾਏ ਰਾਜਨੀਤੀ ਉਪਰ ਧਰਮ ਦੇ ਕੁੰਡੇ ਦੀ ਵਕਾਲਤ ਕੀਤੀ ਜਾਂਦੀ ਰਹੀ ਹੈ। ਗੁਰਬਾਣੀ ਅਨੁਸਾਰ ਧਰਮ ਦੇ ਕੁੰਡੇ ਵਾਲ਼ੀ ਰਾਜਨੀਤੀ ਦਾ ਅਧਾਰ ਕੀ ਹੋਵੇ, ਬਾਰੇ ਕਬੀਰ ਜੀ ਆਪਣੀ ਬਾਣੀ ਵਿੱਚ ਕੇਂਦਰੀ ਸਿਧਾਂਤਕ ਨੁਕਤਾ ਇਨ੍ਹਾਂ ਸਤਰਾਂ ਵਿੱਚ ਦੱਸਦੇ ਹਨ:

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥** (ਪੰਨਾ: 1349)

ਇਸੇ ਵਿਚਾਰ ਦੀ ਪ੍ਰੋੜਤਾ ਗੁਰੂ ਨਾਨਕ ਸਾਹਿਬ ਆਪਣੀ ਬਾਣੀ ਵਿੱਚ ਇਸ ਤਰ੍ਹਾਂ ਕਰਦੇ ਹਨ:

**ਸਭ ਮਹਿ ਜੋਤਿ ਜੋਤਿ ਹੈ ਸੋਇ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥**
(ਪੰਨਾ : 13)

ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਤਾਂ ਦੋ ਲਾਈਨਾਂ ਵਿੱਚ ਹੀ ਗੱਲ ਮੁਕਾ ਦਿੰਦੇ ਹਨ:

**ਸਭੇ ਸਾਝੀਵਾਲ ਸਦਾਇਨਿ ਤੂ ਕਿਸੈ ਨ ਦਿਸਹਿ ਬਾਹਰਾ ਜੀਉ॥** (ਪੰਨਾ: 97)

ਵਿਚਾਰਨ ਵਾਲ਼ੀ ਗੱਲ ਇਹ ਹੈ ਕਿ ਕੀ ਕਦੇ ਕਿਤੇ ਰਾਜਨੀਤੀ ਇਨ੍ਹਾਂ ਲਾਈਨਾਂ ਅਧਾਰਿਤ ਹੋਈ ਹੈ? ਕੀ ਅਜੋਕੇ ਭਾਰਤ, ਪਾਕਿਸਤਾਨ, ਅਫਗਾਨਿਸਤਾਨ, ਇਰਾਨ, ਸ੍ਰੀ ਲੰਕਾ, ਬੰਗਲਾ ਦੇਸ਼, ਬਰਮਾ ਆਦਿ ਧਰਮ ਦੇ ਬੋਲ-ਬਾਲੇ ਵਾਲ਼ੇ ਏਸ਼ੀਆ ਦੇ ਦੇਸ਼ਾਂ ਅੰਦਰ ਧਰਮ ਦੀ ਆੜ ਹੇਠ ਕੀਤੀ ਜਾਂਦੀ ਰਾਜਨੀਤੀ, ਉਪਰਲੇ ਉਪਦੇਸ਼ਾਂ ਅਨੁਸਾਰ ਕਿਤੇ ਨਜ਼ਰ ਆਉਂਦੀ ਹੈ? ਕੀ ਪੰਜਾਬ ਦੇ ਪਿਛਲੇ 100 ਸਾਲ ਦੇ ਇਤਿਹਾਸ ਅੰਦਰ ਭਾਂਤ-ਭਾਂਤ ਦੇ ਅਕਾਲੀ ਦਲਾਂ ਵਲੋਂ ਮੀਰੀ-ਪੀਰੀ ਦੇ ਸਿਧਾਂਤ ਦੇ ਪੱਜ ਹੇਠ, ਜਿਸ ਕਿਸਮ ਦੀ ਦਿਸ਼ਾਹੀਣ ਰਾਜਨੀਤੀ ਕੀਤੀ ਜਾਂਦੀ ਰਹੀ ਹੈ? ਕੀ ਉਸਨੂੰ ਗੁਰੂਆਂ ਦੇ ਉਪਰਲੇ ਸਿਧਾਂਤਾਂ ਦੀ ਸਪਿਰਟ ਵਾਲ਼ੀ ਰਾਜਨੀਤੀ ਕਿਹਾ ਜਾ ਸਕਦਾ ਹੈ?

'ਵਰਨੈਕੂਲਰ **ਪ੍ਰੈਸ ਕਰਾਈਸਿਸ:1978-84**' ਹੇਠਲੇ ਸਿਰਲੇਖ ਵਾਲ਼ੀ ਪੁਸਤਕ ਦੇ ਪੰਨਾ 120-155 ਤੱਕ ਡਾ. ਸੋਹਲ ਨੇ ਪਿਛਲੀ ਸਦੀ ਦੇ ਮੁਢਲੇ ਵਰ੍ਹਿਆਂ ਤੋਂ 'ਚੀਫ ਖਾਲਸਾ ਦੀਵਾਨ' ਅਤੇ 'ਸਿੰਘ ਸਭਾ ਲਹਿਰ' ਦੀ ਸਿੱਖ ਰਾਜਨੀਤੀ ਤੋਂ ਲੈ ਕੇ ਖਾਲਿਸਤਾਨੀ ਲੀਡਰ ਗੰਗਾ ਸਿੰਘ ਢਿੱਲੋਂ ਦੀ ਰਹਿਨੁਮਾਈ ਹੇਠ ਮਾਰਚ, 1981 ਨੂੰ ਚੰਡੀਗੜ੍ਹ ਵਿੱਚ ਹੋਈ 'ਆਲ ਇੰਡੀਆ ਸਿੱਖ ਕਨਵੈਨਸ਼ਨ' ਦੇ ਆਰ-ਪਾਰ ਫੈਲੀ ਹੋਈ ਸਿਆਸਤ ਬਾਰੇ ਵਿਸਥਾਰ ਵਿੱਚ ਚਾਨਣਾ ਪਾਇਆ ਗਿਆ ਹੈ। ਇਸੇ ਚੈਪਟਰ ਵਿੱਚ ਮਾਸਟਰ ਤਾਰਾ ਸਿੰਘ, ਸੰਤ ਫਤਹਿ ਸਿੰਘ, ਸ. ਦਰਸ਼ਨ ਸਿੰਘ ਫੇਰੂਮਾਨ ਵਲੋਂ ਰੱਖੇ ਮਰਨ ਵਰਤਾਂ, ਡਾ. ਜਗਜੀਤ ਸਿੰਘ ਚੌਹਾਨ, ਗੰਗਾ ਸਿੰਘ ਢਿੱਲੋਂ ਅਤੇ ਮਹੰਤ ਸੇਵਾ ਦਾਸ ਵਰਗੇ ਸਿੱਖ ਲੀਡਰਾਂ ਵਲੋਂ ਕੀਤੀ ਜਾਂਦੀ ਰਹੀ ਫਿਰਕੂ ਰਾਜਨੀਤੀ ਬਾਰੇ ਬੜੇ ਸੁਚੱਜੇ ਢੰਗ ਨਾਲ਼ ਪੰਛੀ ਝਾਤ ਪਵਾਈ ਗਈ ਹੈ।

ਇਸ ਸਾਰੀ ਰਾਜਨੀਤੀ ਬਾਰੇ ਰੋਜ਼ਾਨਾ ਅਜੀਤ, ਪੰਜਾਬ ਕੇਸਰੀ, ਨਵਾਂ ਜਮਾਨਾ ਅਤੇ ਜਲੰਧਰ ਦੇ ਹੋਰ ਖੇਤਰੀ ਅਖ਼ਬਾਰਾਂ ਦੇ ਭੜਕਾਊ ਰੋਲ਼ ਦੇ ਭਾਂਤ-ਸੁਭਾਤੇ ਵੇਰਵੇ ਇਸ ਮੁੱਲਵਾਨ ਪੁਸਤਕ ਵਿੱਚ ਬੜੀ ਖੂਬਸੂਰਤੀ ਨਾਲ਼ ਸੰਜੋਏ ਹੋਏ ਹਨ। ਅਕਾਲੀ ਦਲ ਦੇ ਧਰਮ ਯੁੱਧ ਮੋਰਚੇ ਦੌਰਾਨ ਦਰਬਾਰ ਸਾਹਿਬ ਅੰਦਰ ਡੀ ਆਈ ਜੀ ਅਟਵਾਲ ਦੀ ਹੱਤਿਆ, ਬੇਗੁਨਾਹ ਹਿੰਦੂ ਬੱਸ ਯਾਤਰੂਆਂ ਦੀਆਂ ਹਥਿਆਵਾਂ ਦਾ ਬਦਨਾਮ ਢਿੱਲਵਾਂ ਕਾਂਡ, ਪਹਿਲਾਂ ਸਾਕਾ ਨੀਲਾ ਤਾਰਾ, ਫਿਰ ਇੰਦਰਾ ਹੱਤਿਆ ਕਾਂਡ ਤੋਂ ਬਾਅਦ ਸਿੱਖਾਂ ਖਿਲਾਫ ਫੈਲੀ ਹਿੰਸਾ ਆਦਿ ਤੋਂ ਬਾਅਦ ਪੰਜਾਬ ਦੇ ਇਹ ਖੇਤਰੀ ਅਖ਼ਬਾਰ ਇਸ ਸਾਰੇ ਵਰਤਾਰੇ ਨੂੰ ਸਮਾਜ ਪ੍ਰਤੀ ਜ਼ਿੰਮੇਵਾਰੀ ਸਮਝ ਕੇ ਨਿਰਪੱਖਤਾ ਨਾਲ਼ ਜਾਂਚ ਕਰਕੇ ਤੱਥ ਪੇਸ਼ ਕਰਨ ਵਿੱਚ ਪੂਰੀ ਤਰ੍ਹਾਂ ਫੇਲ੍ਹ ਰਹੇ ਹਨ। ਅਜਿਹੇ ਅਹਿਮ ਵਿਸ਼ੇ 'ਤੇ ਇਸ ਪ੍ਰਕਾਰ ਦੀ ਪੁਸਤਕ ਲਿਖਣ ਲਈ ਡਾ. ਸੋਹਲ ਅਤੇ ਉਸਦੇ ਨਿਗਰਾਨ ਡਾ. ਜਗਰੂਪ ਸਿੰਘ ਸੇਖੋਂ ਦੇ ਨਾਲ਼-ਨਾਲ਼ ਪੁਸਤਕ ਦੇ ਪ੍ਰਕਾਸ਼ਕ 'ਰੀਥਿੰਕ ਬੁੱਕਸ' ਵੀ ਵਧਾਈ ਦੇ ਪਾਤਰ ਹਨ। ਸਾਡਾ ਸੁਝਾਅ ਹੈ ਕਿ ਇਸ ਕਿਤਾਬ ਦਾ ਪੰਜਾਬੀ ਤਰਜਮਾ ਵੀ ਹੋਣਾ ਚਾਹੀਦਾ ਹੈ ਤਾਂ ਕਿ ਇਹ ਪੁਸਤਕ ਪੰਜਾਬੀ ਪਾਠਕਾਂ ਦੇ ਵੱਡੇ ਹਿੱਸਿਆ ਵਿੱਚ ਜਾ ਸਕੇ। ਮੇਰੀ ਸਮਝ ਅਨੁਸਾਰ ਪੰਜਾਬ ਦੇ ਹਰ ਵਰਗ ਦੇ ਵਿਅਕਤੀ ਨੂੰ ਪੰਜਾਬ ਦੀ ਰਾਜਨੀਤੀ ਅਤੇ ਤਰਾਸਦੀ ਨੂੰ ਸਹੀ ਸੰਦਰਭ ਵਿੱਚ ਸਮਝਣ ਲਈ ਇਹ ਪੁਸਤਕ ਜਰੂਰ ਪੜ੍ਹਨੀ ਚਾਹੀਦੀ ਹੈ। ਇਹ ਵੀ ਸੁਣਨ ਵਿੱਚ ਆਇਆ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਦੇ ਜਨਰਲਿਜ਼ਮ ਵਿਭਾਗ ਅੰਦਰ ਪੰਜਾਬ ਸੰਕਟ ਬਾਰੇ ਕੁਝ ਅਹਿਮ ਖੋਜ ਕਾਰਜ ਕਰਵਾਏ ਗਏ ਹਨ।ਜੇਕਰ ਅਜਿਹੇ ਖੋਜ ਕਾਰਜਾਂ ਦਾ ਮਿਆਰ ਡਾ. ਸੋਹਲ ਦੀ ਹਥਲੀ ਪੁਸਤਕ ਦੇ ਨੇੜੇ-ਤੇੜੇ ਵੀ ਹੋਵੇ ਤਾਂ ਉਨ੍ਹਾਂ ਨੂੰ ਛਾਪਣ ਦਾ ਕਾਰਜ ਵੀ 'ਰੀਥਿੰਕ ਬੁੱਕਸ' ਜਾਂ ਅਜਿਹੇ ਕਿਸੇ ਪ੍ਰਕਾਸ਼ਨ ਵਲੋਂ ਕਰਨਾ ਚਾਹੀਦਾ ਹੈ।

ਡਾ. ਸੋਹਲ ਦੀ ਖੋਜ ਦਾ ਪ੍ਰਮੁੱਖ ਖੇਤਰ 1978-84 ਤੱਕ ਪੰਜਾਬ 'ਚ ਵਾਪਰੀਆਂ ਘਟਨਾਵਾਂ ਨਾਲ਼ ਸਬੰਧਤ ਅਖ਼ਬਾਰੀ ਖ਼ਬਰਾਂ ਤੱਕ ਹੈ। ਖੁਦ ਉਨ੍ਹਾਂ ਜਾਂ ਕਿਸੇ ਹੋਰ ਅਜਿਹੇ ਖੋਜ ਕਰਤਾ ਨੂੰ ਇਸੇ ਪੈਟਰਨ 'ਤੇ ਇੱਕ ਪਾਸੇ ਅਕਾਲੀਆਂ ਦੇ ਮੋਰਚੇ ਅਤੇ ਦੂਜੇ ਪਾਸੇ ਜਲੰਧਰ ਦੇ ਕੱਟੜ ਫਿਰਕੂ ਮਹਾਸ਼ਿਆਂ ਦੀ ਤੁੱਖਣਾ 'ਤੇ 1955-57 ਦੇ ਮਹਾਂ-ਪੰਜਾਬ ਦੇ ਨਾਹਰਿਆਂ ਹੇਠ ਚੱਲੇ ਅੰਦੋਲਨਾਂ ਦੌਰਾਨ ਖੇਤਰੀ ਅਖ਼ਬਾਰਾਂ ਵਲੋਂ ਸ਼ਰੀਕਾਬਾਜ਼ੀ ਅਧਾਰਿਤ ਨਿਭਾਏ ਫਿਰਕੂ ਰੋਲ ਬਾਰੇ ਵੀ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। ਇਸੇ ਤਰ੍ਹਾਂ 1960 ਤੋਂ 1966 ਵਿੱਚ ਪੰਜਾਬੀ ਸੂਬਾ ਬਣਨ ਤੱਕ ਇੱਕ ਪਾਸੇ ਅਕਾਲੀ ਆਗੂਆਂ ਅਤੇ ਦੂਜੇ ਪਾਸੇ ਉਨ੍ਹਾਂ ਦੇ ਮੁਕਾਬਲੇ ਸ਼ਰੀਕੇਬਾਜ਼ੀ ਵਿੱਚ ਜਨਸੰਘੀ ਆਗੂ ਪੰਡਤ ਜੱਗ ਦੱਤ ਸ਼ਰਮਾ ਵਰਗੇ ਆਗੂਆਂ ਵਲੋਂ ਮਰਨ ਵਰਤਾਂ ਦੀ ਸਿਆਸਤ ਵਿੱਚ ਨਿਭਾਏ ਗਏ ਰੋਲ ਬਾਰੇ ਵੀ ਖੋਜ ਦਾ ਕੰਮ ਕੀਤਾ ਜਾਣਾ ਚਾਹੀਦਾ ਹੈ। ਦੋਨਾਂ ਭਾਈਚਾਰਿਆਂ ਵਿੱਚ ਫਿਰਕੂ ਰਾਜਨੀਤੀ ਤੋਂ ਉਪਰ ਉਠ ਕੇ ਕੰਮ ਕਰਨ ਦੀ ਜਿਤਨੀ ਲੋੜ ਅੱਜ ਹੈ, ਉਤਨੀ ਸ਼ਾਇਦ ਪਹਿਲਾਂ ਕਦੇ ਵੀ ਨਹੀਂ ਸੀ।

# ਬਸਤੀਵਾਦ ਅਤੇ ਭਾਸ਼ਾਈ ਗ਼ੁਲਾਮੀ ਨੂੰ ਵੰਗਾਰਨ ਵਾਲਾ ਅਡੋਲ ਕਲਮਕਾਰ ਨਗੂਗੀ ਵਾ ਥਿਓਂਗੋ





ਬੂਟਾ ਸਿੰਘ
ਮਹਿਮੂਦਪੁਰ
94634-74342

*[ਜਗਤ ਪ੍ਰਸਿੱਧ ਕੀਨੀਆਈ ਲੇਖਕ ਅਤੇ ਅਕਾਦਮਿਕ ਨਗੂਗੀ ਵਾ ਥਿਓਂਗੋ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ । ਉਹ ਪੂਰਬੀ ਅਫ਼ਰੀਕਾ ਦੇ ਪ੍ਰਮੁੱਖ ਨਾਵਲਕਾਰਾਂ 'ਚ ਸ਼ੁਮਾਰ ਸਨ ਅਤੇ ਆਧੁਨਿਕ ਅਫ਼ਰੀਕਨ ਸਾਹਿਤ ਦੀ ਮਹੱਤਵਪੂਰਨ ਹਸਤੀ ਮੰਨੇ ਜਾਂਦੇ ਸਨ । ਉਹ ਭਾਸ਼ਾਈ ਗ਼ੁਲਾਮੀ ਨੂੰ ਚੁਣੌਤੀ ਦੇਣ, ਦੇਸੀ ਭਾਸ਼ਾਵਾਂ ਦੀ ਸਿਰਜਣਾਤਮਕ ਤਾਕਤ ਦੇ ਹੱਕ ਵਿਚ ਡੱਟਣ ਅਤੇ ਅੰਗਰੇਜ਼ੀ ਦੀ ਬਜਾਏ ਦੇਸੀ ਭਾਸ਼ਾਵਾਂ ਵਿਚ ਲਿਖਣ ਵਾਲੇ ਪੁਰਜ਼ੋਰ ਝੰਡਾਬਰਦਾਰ ਸਨ । ਨਗੂਗੀ ਦੇ ਵਡਮੁੱਲੇ ਯੋਗਦਾਨ ਦੀ ਚਰਚਾ ਕਰਦਾ ਇਹ ਲੇਖ ਮਹਾਨ ਲੇਖਕ ਨੂੰ ਸ਼ਰਧਾਂਜਲੀ ਦੇ ਰੂਪ ਵਿਚ ਛਾਪਿਆ ਜਾ ਰਿਹਾ ਹੈ । -ਸੰਪਾਦਕ]*








ਕੀਨਿਆਈ ਲੇਖਕ, ਆਲੋਚਕ, ਤਾਉਮਰ ਸੱਤਾ ਅਤੇ ਸਰਮਾਏਦਾਰੀ ਵਿਰੁੱਧ ਡੱਟੇ ਰਹਿਣ ਵਾਲੇ ਬੁੱਧੀਜੀਵੀ ਨਗੂਗੀ ਵਾ ਥਿਓਂਗੋ ਦਾ 28 ਮਈ ਨੂੰ 87 ਸਾਲ ਦੀ ਉਮਰ ਵਿਚ ਬਫੋਰਡ, ਜਾਰਜੀਆ ਵਿਚ ਦਿਹਾਂਤ ਹੋ ਗਿਆ। ਗੁਰਦਿਆਂ ਦੀ ਬੀਮਾਰੀ ਤੋਂ ਪੀੜਤ ਹੋਣ ਕਾਰਨ ਉਹ ਲੰਮੇ ਸਮੇਂ ਤੋਂ ਡਾਇਲਿਸਿਸ ਕਰਵਾ ਰਿਹਾ ਸੀ।

ਨਗੂਗੀ ਨੇ ਆਪਣੀ ਲੇਖਣੀ ਦਾ ਆਗਾਜ਼ ਪੱਛਮੀ ਨਾਂ ਜੇਮਸ ਨਗੂਗੀ (ਜਿਸਦਾ ਅਸਲ ਉਚਾਰਣ ਗੂਗੀ ਹੈ) ਤੋਂ ਕੀਤਾ ਜੋ ਉਸਦਾ ਜਨਮ ਸਮੇਂ ਰੱਖਿਆ ਨਾਂ ਸੀ। 1970 'ਚ ਉਨ੍ਹਾਂ ਨੇ ਆਪਣੀ ਅਫ਼ਰੀਕਨ ਵਿਰਾਸਤ ਅਤੇ ਪਛਾਣ ਦੇ ਇਜ਼ਹਾਰ ਵਜੋਂ ਨਗੂਗੀ ਵਾ ਥਿਓਂਗੋ ਨਾਂ ਅਪਣਾ ਲਿਆ ਜੋ ਉਸਦੇ ਸਿਰਫ਼ ਆਪਣੀ ਦੇਸੀ ਭਾਸ਼ਾ ਵਿਚ ਹੀ ਲਿਖਣ ਦੇ ਦਿ ?ਰੜ ਫ਼ੈਸਲੇ ਦੇ ਅਨੁਸਾਰ ਸੀ। ਬਤੌਰ ਲੇਖਕ ਉਹ ਇਸੇ ਨਾਂ ਨਾਲ ਸਥਾਪਤ ਹੋਇਆ। ਨਗੂਗੀ ਦੀ ਜ਼ਿੰਦਗੀ ਆਪਣੇ ਆਪ ਵਿੱਚ ਆਧੁਨਿਕ ਕੀਨੀਆ ਦੇ ਇਤਿਹਾਸ ਦੀ ਪ੍ਰਤੀਬਿੰਬ ਸੀ ਅਤੇ ਉਸ ਨੇ ਆਪਣੇ ਮੁਲਕ ਦੇ ਬਸਤੀਵਾਦ ਤੋਂ ਆਜ਼ਾਦੀ ਅਤੇ ਆਜ਼ਾਦੀ ਤੋਂ ਬਾਅਦ ਦੇ ਤਰਥੱਲੀਆਂ ਵਾਲੇ ਦੌਰ ਨੂੰ ਆਪਣੀਆਂ ਰਚਨਾਵਾਂ ਰਾਹੀਂ ਦਰਸਾਇਆ। 5 ਜਨਵਰੀ 1938 ਨੂੰ ਕੀਨੀਆ ਦੀ ਰਾਜਧਾਨੀ ਨੈਰੋਬੀ ਦੇ ਉੱਤਰ ਵਿੱਚ ਕਮੀਰੀਥੂ ਪਿੰਡ ਵਿੱਚ ਜਨਮਿਆ ਨਗੂਗੀ ਬਹੁ-ਪਤਨੀ ਪਰਿਵਾਰ ਦੇ 24 ਭੈਣ-ਭਰਾਵਾਂ ਵਿੱਚੋਂ ਸੀ। ਉਸ ਦਾ ਬਚਪਨ ਅੰਗਰੇਜ਼ ਬਸਤੀਵਾਦੀ ਰਾਜ ਦੇ ਜਬਰ-ਜ਼ੁਲਮ ਦੇ ਡੂੰਘੇ ਸਾਏ ਹੇਠ ਗੁਜ਼ਰਿਆ: ਪਰਿਵਾਰ ਦੀ ਜ਼ਮੀਨ ਖ਼ੁੱਸ ਗਈ। ਉਸ ਦੀ ਮਾਤਾ ਨੂੰ ਇਕੱਲਤਾ ਕੋਠੜੀ ਵਿੱਚ ਰੱਖ ਕੇ ਤਸੀਹੇ ਦਿੱਤੇ ਗਏ। ਇਕ ਭਰਾ ਮਾਊ ਮਾਊ ਬਗ਼ਾਵਤ ਦੌਰਾਨ ਮਾਰਿਆ ਗਿਆ। ਇਕ ਹੋਰ ਭਰਾ ਗੂੰਗਾ ਅਤੇ ਬੋਲਾ ਸੀ, ਉਸ ਨੂੰ ਅੰਗਰੇਜ਼ ਫ਼ੌਜ ਨੇ ਗੋਲੀ ਮਾਰ ਦਿੱਤੀ। ਦੋ ਭਰਾ ਬਸਤੀਵਾਦੀ ਹਕੂਮਤ ਦੇ ਮੁਖ਼ਬਰ ਵੀ ਬਣੇ।

ਨਗੂਗੀ ਕੀਨੀਆ ਦੇ ਸੁਤੰਤਰਤਾ ਸੰਗਰਾਮ ਦੌਰਾਨ ਜਵਾਨ ਹੋਇਆ। ਜਦੋਂ 1963 'ਚ ਉਸ ਦਾ ਮੁਲਕ ਆਜ਼ਾਦ ਹੋਇਆ ਤਾਂ ਉਸ ਦੀ ਉਮਰ ਵੀਹ ਸਾਲ ਸੀ। ਪਰ ਛੇਤੀਂ ਹੀ ਉਸ ਦਾ ਆਜ਼ਾਦੀ ਦੇ ਨਾਂ ਹੇਠ ਸਥਾਪਤ ਹੋਏ ਤਾਨਾਸ਼ਾਹ ਸਰਮਾਏਦਾਰੀ ਰਾਜ ਤੋਂ ਮੋਹ-ਭੰਗ ਹੋਣਾ ਸ਼ੁਰੂ ਹੋ ਗਿਆ।

ਨਗੂਗੀ ਨੇ ਸਿਆਸਤ ਅਤੇ ਸੱਭਿਆਚਾਰ ਦੋਵਾਂ ਖੇਤਰਾਂ ਵਿਚ ਨਵ-ਬਸਤੀਵਾਦ ਦਾ ਬੇਬਾਕੀ ਨਾਲ ਵਿਰੋਧ ਕੀਤਾ। ਉਸ ਨੇ ਆਪਣੇ ਪਹਿਲੇ ਨਾਵਲਾਂ – "ਵੀਪ ਨੌਟ, ਚਾਇਲਡ" ਅਤੇ "ਦੀ ਰਿਵਰ ਬੀਟਵੀਨ"– ਵਿਚ ਬਸਤੀਵਾਦੀ ਸੰਤਾਪ ਦਾ ਮਾਨਵਤਾਵਾਦੀ ਚਿਤਰਣ ਪੇਸ਼ ਕੀਤਾ। "ਵੀਪ ਨੌਟ, ਚਾਇਲਡ" ਕਿਸੇ ਪੂਰਬੀ ਅਫ਼ਰੀਕਨ ਲੇਖਕ ਦਾ ਅੰਗਰੇਜ਼ੀ ਵਿਚ ਲਿਖਿਆ ਪਹਿਲਾ ਵੱਡਾ ਨਾਵਲ ਮੰਨਿਆ ਜਾਂਦਾ ਹੈ। ਫਿਰ, ਬਰਤਾਨੀਆ ਵਿਚ ਪੜ੍ਹਾਈ ਦੌਰਾਨ ਲਿਖਿਆ ਉਸ ਦਾ ਇਨਕਲਾਬੀ ਨਾਵਲ "ਅ ਗਰੇਨ ਆਫ ਵੀਟ" ਫ਼ੈਸਲਾਕੁੰਨ ਮੋੜ ਸਾਬਤ ਹੋਇਆ, ਇਹ ਉਦਾਰ ਰਾਸ਼ਟਰਵਾਦ ਤੋਂ ਮਾਰਕਸਵਾਦੀ ਆਲੋਚਨਾ ਵੱਲ ਸਪਸ਼ਟ ਮੋੜਾ ਸੀ। 1970 ਦੇ ਦਹਾਕੇ 'ਚ ਉਸ ਨੇ ਆਪਣਾ ਅੰਗਰੇਜ਼ੀ ਨਾਂ ਤਿਆਗ ਦਿੱਤਾ ਅਤੇ ਆਪਣੀ ਮਾਂ-ਬੋਲੀ ਕਿਕੂਯੂ ਵਿਚ ਲਿਖਣਾ ਸ਼ੁਰੂ ਕਰ ਦਿੱਤਾ। ਉਸ ਨੇ ਨਗੂਗੀ ਵਾ ਮਿਰੀ ਨਾਲ ਮਿਲਕੇ "ਆਈ ਵਿਲ ਮੈਰੀ, ਵਹੈਨ ਆਈ ਵਾਂਟ" ਨਾਂ ਦਾ ਨਾਟਕ ਲਿਖਿਆ, ਜਿਸ ਦਾ ਮੰਚਨ ਲਿਮੂਰੂ ਦੇ ਮਜ਼ਦੂਰਾਂ ਅਤੇ ਕਿਸਾਨਾਂ ਵੱਲੋਂ ਕੀਤਾ ਗਿਆ। ਇਹ ਨਾਟਕ ਓਦੋਂ ਤੱਕ ਲਗਾਤਾਰ ਛੇ ਹਫ਼ਤੇ ਤੱਕ ਖੇਡਿਆ ਜਦੋਂ ਤੱਕ ਸਰਕਾਰ ਨੇ ਇਸ ਦੀ ਪੇਸ਼ਕਾਰੀ ਉੱਪਰ ਪਾਬੰਦੀ ਨਹੀਂ ਲਾ ਦਿੱਤੀ। ਨਾਟਕ ਵਿਚ ਆਜ਼ਾਦੀ ਤੋਂ ਬਾਅਦ ਦੇ ਤਾਨਾਸ਼ਾਹ ਰਾਜ ਵਿਚ ਜਮਾਤੀ ਸੰਘਰਸ਼, ਗ਼ਰੀਬੀ, ਲਿੰਗ ਵਿਤਕਰਾ, ਸੱਭਿਆਚਾਰ, ਧਰਮ, ਆਧੁਨਿਕਤਾ ਬਨਾਮ ਪਰੰਪਰਾ, ਅਤੇ ਵਿਆਹ ਬਨਾਮ ਪਰਿਵਾਰ ਆਦਿ ਵਿਸ਼ੇ ਲਏ ਗਏ ਸਨ। ਨਾਟਕ ਵਿਚ ਸਮਾਜਿਕ ਢਾਂਚੇ ਦੇ ਨਿਘਾਰ ਉੱਪਰ ਤਿੱਖੀ ਚੋਟ ਕੀਤੀ ਗਈ ਸੀ, ਜਿਸ ਕਾਰਨ ਹਕੂਮਤ ਵੱਲੋਂ ਦੋਵਾਂ ਲੇਖਕਾਂ ਨੂੰ ਗ੍ਰਿਫ਼ਤਾਰ ਕਰਕੇ ਬਿਨਾ ਕੋਈ ਮੁਕੱਦਮਾ ਚਲਾਏ ਇਕ ਸਾਲ ਲਈ ਜੇਲ੍ਹ ਵਿਚ ਡੱਕ ਦਿੱਤਾ ਗਿਆ। ਨਜ਼ਰਬੰਦੀ ਦੇ ਅਨੁਭਵ 'ਚੋਂ ਉਸਨੇ ਵਤਨ ਛੱਡ ਦਿੱਤਾ। ਪਹਿਲਾਂ ਉਹ ਬਰਤਾਨੀਆ ਵਿਚ ਰਿਹਾ, ਅਤੇ ਬਾਅਦ ਵਿਚ ਅਮਰੀਕਾ ਵਿਚ।

ਜੇਲ੍ਹ ਵਿਚ ਨਗੂਗੀ ਕੋਲ ਲਿਖਣ ਲਈ ਕਾਗਜ਼ ਵੀ ਨਹੀਂ ਸੀ, ਉਸ ਨੇ ਆਪਣਾ ਮਸ਼ਹੂਰ ਨਾਵਲ "ਡੈਵਲ ਆਨ ਦੀ ਕ੍ਰਾਸ" ਕਿਕਿਊ (ਗਿਕਿਊ) ਭਾਸ਼ਾ 'ਚ ਟਾਇਲਟ ਪੇਪਰ ਉੱਪਰ ਲਿਖਿਆ, ਜਿਸ ਨੂੰ ਕਿਕਿਊ ਭਾਸ਼ਾ ਵਿਚ ਪਹਿਲਾ ਆਧੁਨਿਕ ਨਾਵਲ ਮੰਨਿਆ ਜਾਂਦਾ ਹੈ। ਇਹ ਮਹਿਜ਼ ਲਿਖਤ ਨਹੀਂ ਸੀ, ਸਗੋਂ ਟਾਕਰੇ ਦਾ ਪ੍ਰਤੀਕ ਅਤੇ ਹੱਕ-ਜਤਾਈ ਦਾ ਕਾਰਜ ਸੀ। ਜੇਲ੍ਹ ਜ਼ਿੰਦਗੀ ਦੌਰਾਨ ਉਸ ਨੇ ਜੇਲ੍ਹ ਡਾਇਰੀ ਵੀ ਲਿਖੀ ਜੋ 1980 'ਚ "ਡੀਟੇਨਡ" ਨਾਂ ਹੇਠ ਛਪੀ।

'ਨੇਕ ਬਸਤੀਵਾਦੀ' ਦੀ ਧਾਰਨਾ ਨੂੰ ਲੰਮੇ ਹੱਥੀਂ ਲੈਂਦਿਆਂ ਉਸ ਨੇ ਕਿਹਾ: "ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਹਾਡੇ (ਬਸਤੀਵਾਦੀ ਦੇ) ਹੱਥ ਵਿਚ ਬੰਦੂਕ ਹੈ ਜਾਂ ਬਾਈਬਲ, ਤੁਸੀਂ ਫਿਰ ਵੀ ਬਸਤੀਵਾਦੀ ਹੀ ਹੋ। ਨਿਰਸੰਦੇਹ, ਮੈਂ ਉਸ ਬਸਤੀਵਾਦੀ ਦਾ ਸਾਹਮਣਾ ਕਰਨਾ ਜ਼ਿਆਦਾ ਪਸੰਦ ਕਰਾਂਗਾ ਜਿਸਦੇ ਹੱਥ ਵਿਚ ਬਾਈਬਲ ਹੈ, ਬਜਾਏ ਉਸਦੇ ਜਿਸ ਕੋਲ ਬੰਦੂਕ ਹੈ, ਪਰ ਆਖਿਰਕਾਰ ਬਾਈਬਲ ਵਾਲਾ ਅਤੇ ਬੰਦੂਕ ਵਾਲਾ, ਪ੍ਰਚਾਰ ਤਾਂ ਦੋਵੇਂ ਇੱਕੋ ਚੀਜ਼ ਦਾ ਕਰ ਰਹੇ ਹਨ।

ਨਗੂਗੀ ਦੀ ਬਗ਼ਾਵਤ ਸਿਰਫ਼ ਸਰਕਾਰਾਂ ਦੇ ਖਿਲਾਫ਼ ਨਹੀਂ ਸੀ, ਸਗੋਂ ਭਾਸ਼ਾਵਾਂ ਦੇ ਗ਼ਲਬੇ ਦੀ ਮਨੋਵਿਗਿਆਨਕ ਅਤੇ ਸੱਭਿਆਚਾਰਕ ਹਿੰਸਾ ਵਿਰੁੱਧ ਸੀ। ਉਸਦੇ ਲਈ ਭਾਸ਼ਾ ਸੱਭਿਆਚਾਰ/ਸੰਸਕ੍ਰਿਤੀ ਦੀ ਵਾਹਕ ਸੀ – ਅਤੇ ਇਸੇ ਲਈ ਇਹ ਬਸਤੀਵਾਦ ਤੋਂ ਮੁਕਤੀ ਦੀ ਪ੍ਰਮੁੱਖ ਰਣ-ਭੂਮੀ ਸੀ। ਉਸ ਨੇ ਆਪਣੀ ਮਸ਼ਹੂਰ ਕਿਤਾਬ ਡੀਕਾਲੋਨਾਈਜ਼ਿੰਗ ਦ ਮਾਈਂਡ (1986) ਵਿਚ ਲਿਖਿਆ: "ਮੈਨੂੰ ਗ਼ੁਲਾਮ ਬਣਾਉਣ ਵਾਲਿਆਂ ਦੀ ਭਾਸ਼ਾ ਮੇਰੀ ਆਜ਼ਾਦੀ ਦੀ ਭਾਸ਼ਾ ਨਹੀਂ ਹੋ ਸਕਦੀ।" ਉਸ ਨੇ ਸਵਾਲ ਉਠਾਇਆ: "ਇਕ ਸਿਆਸਤਦਾਨ ਜੋ ਇਹ ਕਹਿੰਦਾ ਹੈ ਕਿ ਅਫ਼ਰੀਕਾ ਸਾਮਰਾਜਵਾਦ ਤੋਂ ਬਿਨਾਂ ਨਹੀਂ ਰਹਿ ਸਕਦਾ ਅਤੇ ਇਕ ਲੇਖਕ ਜੋ ਇਹ ਕਹਿੰਦਾ ਹੈ ਕਿ ਯੂਰਪੀ ਭਾਸ਼ਾਵਾਂ ਤੋਂ ਬਿਨਾਂ ਅਫ਼ਰੀਕਾ ਦਾ ਕੰਮ ਨਹੀਂ ਚੱਲ ਸਕਦਾ, ਦੋਵਾਂ ਵਿਚ ਕੀ ਫ਼ਰਕ ਹੈ?" ਉਨ੍ਹਾਂ ਨੇ ਖ਼ੁਦ ਆਪਣੀ ਦੇਸੀ ਜ਼ੁਬਾਨ ਕਿਕਿਊ ਵਿਚ ਲਿਖਿਆ ਅਤੇ ਆਪਣੀਆਂ ਜ਼ਿਆਦਾਤਰ ਰਚਨਾਵਾਂ ਨੂੰ ਦੁਨੀਆ ਦੇ ਵਿਆਪਕ ਪਾਠਕ ਘੇਰੇ ਤੱਕ ਪਹੁੰਚਾਉਣ ਲਈ ਖ਼ੁਦ ਹੀ ਅੰਗਰੇਜ਼ੀ ਵਿਚ ਅਨੁਵਾਦ ਕੀਤਾ।

2018 'ਚ ਦੀ ਗਾਰਡੀਅਨ ਨਾਲ ਇੰਟਰਵਿਊ 'ਚ ਉਸ ਨੇ ਕਿਹਾ, "ਟਾਕਰਾ ਹੀ ਜ਼ਿੰਦਾ ਰਹਿਣ ਦਾ ਸਭ ਤੋਂ ਵਧੀਆ ਤਰੀਕਾ ਹੈ। ਅਨਿਆਂ ਵਿਰੁੱਧ 'ਨਹੀਂ' ਕਹਿਣ ਦਾ ਨਿੱਕਾ ਜਿਹਾ ਕੰਮ ਵੀ ਮਾਇਨੇ ਰੱਖਦਾ ਹੈ। ਜੇਕਰ ਤੁਸੀਂ ਸੱਚੀਮੁੱਚੀਂ ਮੰਨਦੇ ਹੋ ਕਿ ਤੁਸੀਂ ਸਹੀ ਹੋ, ਤਾਂ ਆਪਣੇ ਵਿਸ਼ਵਾਸ ਉੱਪਰ ਡੱਟੇ ਰਹੋ – ਉਹੀ ਤੁਹਾਨੂੰ ਬਚਾਏਗਾ।

ਨਗੂਗੀ ਦੀ ਲੇਖਣੀ ਲੋਕ-ਗਾਥਾਵਾਂ, ਸਿਆਸਤ, ਵਿਅੰਗ ਅਤੇ ਪੌਪ ਸੰਸਕ੍ਰਿਤੀ ਵਰਗੇ ਵੱਖ-ਵੱਖ ਸਰੋਤਾਂ ਤੋਂ ਪ੍ਰੇਰਿਤ ਸੀ। "ਦੀ ਅਪਰਾਈਟ ਰੈਵੋਲਿਊਸ਼ਨ, ਜਿਸਦਾ 40 ਤੋਂ ਵੱਧ ਭਾਸ਼ਾਵਾਂ ਵਿਚ ਅਨੁਵਾਦ ਹੋਇਆ, ਵਿਚ ਉਸ ਨੇ ਅਫ਼ਰੀਕੀ ਲੋਕ-ਕਥਾਵਾਂ ਜ਼ਰੀਏ ਇਹ ਦੱਸਿਆ ਕਿ ਮਨੁੱਖ ਦੋ ਪੈਰਾਂ 'ਤੇ ਚੱਲਣਾ ਕਿਵੇਂ ਸਿੱਖਦਾ ਹੈ। "ਦੀ ਘੋਸਟ ਆਫ ਮਾਈਕਲ ਜੈਕਸਨ" ਵਿਚ ਇਕ ਪਾਦਰੀ ਮਸ਼ਹੂਰ ਗਾਇਕ ਦੀ ਰੂਹ ਨਾਲ ਗ੍ਰਸਤ ਹੋ ਜਾਂਦਾ ਹੈ – ਵਿਅੰਗ ਅਤੇ ਨੈਤਿਕ ਆਲੋਚਨਾ ਦਾ ਅਨੋਖਾ ਸੰਗਮ। "ਦੀ ਵਿਜ਼ਰਡ ਆਫ ਦੀ ਕਰੋਅ, ਜੋ ਉਸਦਾ ਮਹਾਂ-ਕਾਵਿਕ ਨਾਵਲ ਹੈ, ਵਿਚ ਉਸਨੇ ਤਾਨਾਸ਼ਾਹੀ ਦੀ ਭਿਆਨਕਤਾ ਦਾ ਮਜ਼ਾਕ ਉਡਾਇਆ: ਇਕ ਦ੍ਰਿਸ਼ ਵਿਚ ਮੰਤਰੀ ਐਨੇ ਲੰਮੇ ਸਮੇਂ ਤੱਕ ਤਾੜੀਆਂ ਵਜਾਉਂਦੇ ਹਨ ਕਿ ਬੇਹੋਸ਼ ਹੋ ਜਾਂਦੇ ਹਨ, ਜਿਵੇਂ ਅਰਦਾਸ ਵਿਚ ਲੀਨ ਸ਼ਰਧਾਲੂ।

ਆਪਣੇ ਨਾਵਲਾਂ, ਯਾਦਾਂ ਅਤੇ ਰਾਜਨੀਤਕ ਲੇਖਾਂ ਰਾਹੀਂ, ਨਗੂਗੀ ਨੇ ਸਾਹਿਤ ਨੂੰ ਸਿਰਫ਼ ਕਹਾਣੀ ਕਹਿਣ ਦਾ ਜ਼ਰੀਆ ਨਹੀਂ ਸਗੋਂ ਸੱਤਾ, ਭਾਸ਼ਾ ਅਤੇ ਪਛਾਣ ਦੀ ਆਲੋਚਨਾ ਦਾ ਹਥਿਆਰ ਬਣਾਇਆ। ਚਾਹੇ ਉਸਦੇ ਨਾਵਲ "ਪੈਟਲਜ਼ ਆਫ ਬਲੱਡ"ਤੇ "ਦੀ ਵਿਜ਼ਰਡ ਆਫ ਦੀ ਕਰੋਅ"ਹੋਣ, ਚਾਹੇ ਆਤਮ-ਕਥਾ "ਬਰਥ ਆਫ ਅ ਡਰੀਮ ਵੀਵਰ"ਹੋਵੇ ਜਾਂ ਪ੍ਰਭਾਵਸ਼ਾਲੀ ਲੇਖ-ਸੰਗ੍ਰਹਿ "ਡੀਕਾਲੋਨਾਈਜ਼ਿੰਗ ਦ ਮਾਈਂਡ" ਹੋਵੇ, ਨਗੂਗੀ ਨੇ ਬਸਤੀਵਾਦ ਅਤੇ ਉੱਤਰ-ਬਸਤੀਵਾਦੀ ਸੱਤਾਵਾਦ ਵਿਰੁੱਧ ਬੇਬਾਕੀ ਨਾਲ ਅਤੇ ਨਿਧੜਕ ਹੋ ਕੇ ਲਿਖਿਆ। 1970ਵਿਆਂ 'ਚ ਉਸ ਨੂੰ ਇਕ ਸਾਲ ਜੇਲ੍ਹ ਵਿਚ ਨਜ਼ਰਬੰਦ ਰੱਖਿਆ ਗਿਆ, ਫਿਰ ਦਹਾਕਿਆਂ ਤੱਕ ਜਲਾਵਤਨ ਰਹਿਣਾ ਪਿਆ। ਉਹ ਅਕਸਰ ਸਾਹਿਤ ਦੇ ਨੋਬਲ ਪੁਰਸਕਾਰ ਲਈ ਸੰਭਾਵੀ ਦਾਅਵੇਦਾਰ ਮੰਨੇ ਜਾਂਦੇ ਰਹੇ। ਉਹ ਮੈਨ ਬੁੱਕਰ ਇਨਾਮ ਦੀ ਸ਼ਾਰਟਲਿਸਟ ਵਿਚ ਰਹੇ, 2012 ਵਿਚ ਨੈਸ਼ਨਲ ਬੁੱਕ ਕਰਿਟਿਕਸ ਸਰਕਲ ਇਨਾਮ ਦੀ ਆਖ਼ਰੀ ਸੂਚੀ ਵਿਚ ਰਹੇ, ਅਤੇ 2016 'ਚ ਉਨ੍ਹਾਂ ਨੂੰ ਪਾਕ ਕਿਓਂਗ-ਨੀ ਸਾਹਿਤ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਉੱਘੇ ਲੇਖਕਾਂ ਤੋਂ ਲੈ ਕੇ ਰਾਜਨੇਤਾਵਾਂ ਤੱਕ – ਚਿਮਮਾਂਡਾ ਨਗੋਜ਼ੀ ਅਦਿਚੀਏ ਤੋਂ ਲੈ ਕੇ ਜੌਨ ਅਪਡਾਈਕ ਅਤੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਤੱਕ ਨਗੂਗੀ ਦੀ ਲੇਖਣੀ ਦੇ ਕਦਰਦਾਨ ਸਨ। ਉਨ੍ਹਾਂ ਦੇ ਅਨੁਸਾਰ ਉਸਦੀ ਲੇਖਣੀ ਇਤਿਹਾਸ ਦੀਆਂ ਪਰਿਵਰਤਨਕਾਰੀ ਘਟਨਾਵਾਂ ਦੇ ਵਿਅਕਤੀ ਦੀ ਜ਼ਿੰਦਗੀ ਉੱਤੇ ਪੈਣ ਵਾਲੇ ਪ੍ਰਭਾਵਾਂ ਨੂੰ ਬੇਹੱਦ ਸੰਵੇਦਨਸ਼ੀਲ ਢੰਗ ਨਾਲ ਉਜਾਗਰ ਅਤੇ ਬਿਆਨ ਕਰਨ ਦੇ ਸਮਰੱਥ ਹੈ। ਉਸ ਦੀ ਲੇਖਣੀ ਐਨੀ ਜ਼ਬਰਦਸਤ ਸੀ ਕਿ ਅਮਰੀਕਾ ਵਿਚ ਰਹਿ ਕੇ ਉਸ ਨੂੰ ਸਰਮਾਏਦਾਰੀ ਪ੍ਰਬੰਧ ਵਿਰੁੱਧ ਲਿਖਣ ਦੀ ਖੁੱਲ੍ਹ ਮਿਲਦੀ ਰਹੀ।

ਉਸ ਦੇ ਪਾਤਰ ਕਦੇ ਵੀ ਇਕ-ਪਾਸਾਰੀ ਨਹੀਂ ਹੁੰਦੇ। ਉਸ ਨੇ ਕਿਸਾਨਾਂ, ਆਦਰਸ਼ਵਾਦੀਆਂ, ਬਸਤੀਵਾਦੀ ਅਧਿਕਾਰੀਆਂ ਅਤੇ ਸ਼ਹਿਰੀ ਬੁੱਧੀਜੀਵੀਆਂ ਦੀ ਜ਼ਿੰਦਗੀ ਨੂੰ ਗਹਿਰਾਈ, ਹਮਦਰਦੀ ਅਤੇ ਜਟਿਲਤਾ ਨਾਲ ਚਿਤਰਿਆ। ਉਸ ਨੇ ਮੌਖਿਕਤਾ ਅਤੇ ਲਿਖਤੀ, ਪਿੰਡ ਅਤੇ ਸ਼ਹਿਰ, ਪ੍ਰੰਪਰਾ ਅਤੇ ਆਧੁਨਿਕਤਾ ਦਰਮਿਆਨ ਸੰਘਰਸ਼ ਨੂੰ ਬਾਰੀਕੀ 'ਚ ਸਮਝਿਆ ਅਤੇ ਦਿਖਾਇਆ।

2006 'ਚ ਪ੍ਰਕਾਸ਼ਿਤ ਹੋਈ ਰਚਨਾ "ਵਿਜ਼ਰਡ ਆਫ ਦੀ ਕਰੋਅ, ਜੋ ਇਕ ਕਾਲਪਨਿਕ ਅਫ਼ਰੀਕਨ ਮੁਲਕ ਅਬੁਰਿਰੀਆ 'ਤੇ ਆਧਾਰਤ ਹੈ, ਦੀ ਸਮੀਖਿਆ ਕਰਦਿਆਂ ਦੀ ਟਾਈਮਜ਼ ਵਿਚ ਜੈਫ਼ ਟਰਨਟਾਈਨ ਨੇ ਲਿਖਿਆ, "ਸ਼੍ਰੀ ਨਗੂਗੀ ਪੂਰੇ ਅਫ਼ਰੀਕਨ ਮਹਾਦੀਪ ਦੇ ਉੱਪਰੋਂ ਦੀ ਉੱਡਦੇ ਹੋਏ ਉਨ੍ਹਾਂ ਤਮਾਮ ਸੜਾਂਦਾਂ ਨੂੰ ਸੁੰਘਦਾ ਹੈ ਜੋ ਆਕਾਸ਼ ਵਿਚ ਉੱਠ ਰਹੀਆਂ ਹਨ। ਪਰ ਉਸ ਉਚਾਈ ਤੋਂ ਉਹ ਇਕ ਆਸ਼ਾਜਨਕ ਸੰਕੇਤ ਵੀ ਦੇਖ ਸਕਦਾ ਹੈ: ਵੱਡੀ ਗਿਣਤੀ 'ਚ ਲੋਕ ਇਕਜੁੱਟ ਹੋ ਰਹੇ ਹਨ, ਜਿੱਤ ਦੀਆਂ ਕਹਾਣੀਆਂ ਸਾਂਝੀਆਂ ਕਰ ਰਹੇ ਹਨ ਅਤੇ ਕੀਲਵਾਂ ਪ੍ਰਭਾਵ ਛੱਡ ਰਹੇ ਹਨ।

ਹਾਲਾਂਕਿ ਨਗੂਗੀ ਨੂੰ ਅੰਤਰਰਾਸ਼ਟਰੀ ਪ੍ਰਸਿੱਧੀ ਮਿਲੀ, ਪਰ ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਮੁਲਕ ਤੋਂ ਬਾਹਰ ਜਲਾਵਤਨੀ ਵਿਚ ਗੁਜ਼ਾਰਿਆ। ਉਸ ਨੇ ਯੂਕੇ ਅਤੇ ਅਮਰੀਕਾ ਦੀਆਂ ਯੂਨੀਵਰਸਿਟੀਆਂ – ਯੇਲ, ਨਾਰਥਵੇਸਟਰਨ ਅਤੇ ਅੰਤ ਵਿਚ ਕੈਲੀਫੋਰਨੀਆ ਯੂਨੀਵਰਸਿਟੀ, ਇਰਵਿਨ – ਵਿੱਚ ਪੜ੍ਹਾਇਆ, ਜਿੱਥੇ ਉਸ ਨੇ ਇੰਟਰਨੈਸ਼ਨਲ ਸੈਂਟਰ ਫਾਰ ਰਾਈਟਿੰਗ ਐਂਡ ਟਰਾਂਸਲੇਸ਼ਨ ਦੀ ਸਥਾਪਨਾ ਕੀਤੀ। ਇੱਥੇ ਉਹ ਆਪਣੀ ਦੂਜੀ ਪਤਨੀ, ਜੀਰੀ ਵਾ ਨਗੂਗੀ, ਅਤੇ ਵੱਖ-ਵੱਖ ਸੰਬੰਧਾਂ 'ਚੋਂ ਜਨਮੇ ਆਪਣੇ ਬੱਚਿਆਂ ਨਾਲ ਰਹਿੰਦਾ ਸੀ। ਉਸ ਦੇ ਦਸ ਵਿੱਚੋਂ ਚਾਰ ਬੱਚੇ ਲੇਖਕ ਹਨ ਜਿਨ੍ਹਾਂ ਦੀ ਰਚਨਾਵਾਂ ਛਪ ਚੁੱਕੀਆਂ ਹਨ।

ਜਲਾਵਤਨੀ 'ਚ ਵੀ ਉਨ੍ਹਾਂ ਦੀ ਜ਼ਿੰਦਗੀ ਖ਼ਤਰੇ ਦੇ ਸਾਏ ਹੇਠ ਰਹੀ। 1986 ਵਿੱਚ ਜ਼ਿੰਬਾਬਵੇ ਫੇਰੀ ਦੌਰਾਨ ਕੀਨੀਆਈ ਏਜੰਟਾਂ ਨੇ ਉਸ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ। 2004 'ਚ ਜਦੋਂ ਉਹ ਕੀਨੀਆ ਵਾਪਸੀ ਪਰਤੇ ਤਾਂ ਜਿਸ ਮਕਾਨ ਵਿਚ ਉਹ ਰਹਿ ਰਹੇ ਸਨ ਉੱਥੇ ਅੰਦਰ ਘੁਸਕੇ ਉਸ ਉੱਪਰ ਕਾਤਲਾਨਾ ਹਮਲਾ ਕੀਤਾ ਗਿਆ ਅਤੇ ਉਸ ਦੀ ਪਤਨੀ ਨਾਲ ਬਲਾਤਕਾਰ ਕੀਤਾ ਗਿਆ। ਉਸਨੇ ਸਪਸ਼ਟ ਕਿਹਾ ਕਿ ਇਹ ਹਮਲਾ ਰਾਜਨੀਤਕ ਮਨੋਰਥ ਨਾਲ ਕੀਤਾ ਗਿਆ ਹੈ। ਆਖਿ ?ਰਕਾਰ, ਲੱਗਭੱਗ 40 ਸਾਲ ਬਾਅਦ, 2015 'ਚ, ਕੀਨਿਆਈ ਸਟੇਟ ਵੱਲੋਂ ਪਹਿਲੀ ਵਾਰ ਨਗੂਗੀ ਨੂੰ ਸਰਕਾਰੀ ਤੌਰ 'ਤੇ ਮਾਣ-ਸਨਮਾਨ ਦਿੱਤਾ ਗਿਆ।

ਨਗੂਗੀ ਵਾ ਥਿਓਂਗੋ ਦੀ ਵਿਰਾਸਤ ਵਿਸ਼ਾਲ ਅਤੇ ਪ੍ਰੇਰਨਾਦਾਇਕ ਹੈ। ਉਸ ਨੇ ਸਾਮਰਾਜਵਾਦੀ ਬਿਰਤਾਂਤਾਂ ਨੂੰ ਤੋੜਿਆ, ਅਫ਼ਰੀਕਨ ਸਾਹਿਤ ਵਿਚ ਭਾਸ਼ਾ ਅਤੇ ਸੱਭਿਆਚਾਰ ਦੇ ਸਵਾਲਾਂ ਨੂੰ ਕੇਂਦਰੀ ਬਣਾਇਆ ਅਤੇ ਆਪਣੀ ਜ਼ਿੰਦਗੀ ਅਤੇ ਲੇਖਣੀ ਜ਼ਰੀਏ ਇਹ ਸਿੱਧ ਕੀਤਾ ਕਿ ਲੋਕਾਈ 'ਚ ਨਾਂ ਰੱਖਣ, ਬੋਲਣ ਅਤੇ ਕਲਪਨਾ ਕਰਨ ਦੀ ਜ਼ਬਰਦਸਤ ਤਾਕਤ ਹੁੰਦੀ ਹੈ।

ਉਸ ਦੀ ਕਲਮ ਕਦੇ ਵੀ ਨਿਰਪੱਖ ਨਹੀਂ ਸੀ, ਸਗੋਂ ਲੋਕਾਂ ਦੀ ਧਿਰ ਦੇ ਹੱਕ ਵਿਚ ਖੜ੍ਹੀ। ਉਸ ਦੀ ਕਲਮ ਇਕ ਹਥਿਆਰ ਸੀ, ਇਕ ਸ਼ੀਸ਼ਾ ਸੀ, ਇਕ ਮਸ਼ਾਲ ਸੀ।

ਬਰਤਾਨਵੀ ਲੇਖਿਕਾ ਮਿਸ਼ੇਲਾ ਰੌਂਗ ਨੇ ਦੀ ਟਾਈਮਜ਼ ਬੁੱਕ ਰੀਵਿਊ ਵਿਚ ਉਸ ਦੀ ਵਚਨਬੱਧਤਾ ਬਾਰੇ ਲਿਖਿਆ: "ਬਰਡ ਆਫ ਅ ਡਰੀਮ ਵੀਵਰ" ਵਿਚ ਨਗੂਗੀ ਦੀ ਰਚਨਾਤਮਕ ਆਵਾਜ਼ ਉਸ ਵਕਤ ਆਕਾਰ ਲੈਂਦੀ ਦਿਸਦੀ ਹੈ, "ਜਦੋਂ ਇਕ ਮਹਾਦੀਪ ਆਪਣੀ ਆਜ਼ਾਦੀ ਪ੍ਰਾਪਤ ਕਰ ਰਿਹਾ ਹੁੰਦਾ ਹੈ।" ਉਸਨੇ ਅੱਗੇ ਲਿਖਿਆ, "ਉਸ ਦਾ ਜੋ ਵਿਸ਼ਵਾਸ ਇਸ ਦੌਰਾਨ ਬਣਦਾ ਹੈ, ਉਹ ਤਾਉਮਰ ਬਰਕਰਾਰ ਰਹਿੰਦਾ ਹੈ: ਅਫ਼ਰੀਕਨ ਮਾਣ-ਸਨਮਾਨ ਅਤੇ ਆਤਮਬੋਧ ਦੀ ਤਲਾਸ਼, ਪੱਛਮੀ ਗ਼ਲਬੇ ਦਾ ਨਿਖੇਧ, ਅਤੇ ਇਹ ਤਿੱਖੀ ਪੁਕਾਰ ਕਿ ਅਫ਼ਰੀਕਨ ਲੋਕ ਆਪਣੀ ਕਹਾਣੀ ਆਪਣੀਆਂ ਦੇਸੀ ਜ਼ੁਬਾਨਾਂ ਵਿਚ ਖ਼ੁਦ ਸੁਣਾਉਣ।"ਇਨ੍ਹਾਂ ਭਾਵਨਾਵਾਂ ਨੇ ਉਸ ਦੀਆਂ ਕਈ ਲਿਖਤਾਂ ਨੂੰ ਆਧਾਰ ਦਿੱਤਾ, ਜਿਨ੍ਹਾਂ ਵਿਚ 1977 'ਚ ਛਪੀ ਮਸ਼ਹੂਰ ਰਚਨਾ "ਪੇਟਲਜ਼ ਆਫ ਬਲੱਡ" ਵੀ ਸ਼ਾਮਲ ਹੈ, ਜੋ ਨਵ-ਬਸਤੀਵਾਦੀ ਦੌਰ ਉੱਪਰ ਬਹੁਤ ਉੱਘੜਵੇਂ ਰੂਪ 'ਚ ਚਾਨਣਾ ਪਾਉਂਦੀ ਹੈ।

ਤਾਉਮਰ ਦੇਸੀ ਭਾਸ਼ਾਵਾਂ ਦੇ ਮਹੱਤਵ ਉੱਪਰ ਡੱਟਕੇ ਖੜ੍ਹਨ ਵਾਲੇ ਅਤੇ ਸਰਮਾਏਦਾਰੀ ਦੇ ਆਲੋਚਕ ਨਗੂਗੀ ਦੀ ਸਾਹਿਤਕ ਘਾਲਣਾ ਬਹੁਤ ਵੱਡੀ ਹੈ। ਆਪਣੇ ਪਿੱਛੇ ਉਹ ਇਕ ਅਜਿਹਾ ਮਹਾਦੀਪ ਛੱਡ ਗਿਆ ਹੈ ਜਿਸਦੀ ਆਵਾਜ਼ ਉਸ ਨੇ ਗੂੰਜਾਈ – ਅਤੇ ਇਕ ਅਜਿਹੀ ਦੁਨੀਆ ਜੋ ਹੁਣ ਵੀ ਉਸ ਨੂੰ ਸੁਣਨਾ ਸਿੱਖ ਰਹੀ ਹੈ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗਮ ਨੇ 'ਮਿੰਨੀ-ਸੈਮੀਨਾਰ' ਦਾ ਰੂਪ ਧਾਰਿਆ

## ਪੰਜਾਬ ਤੋਂ ਆਏ ਵਿਦਵਾਨਾਂ ਨੇ ਵਿਚਾਰ ਪੇਸ਼ ਕੀਤੇ ਤੇ ਕਵੀ-ਦਰਬਾਰ ਹੋਇਆ



ਬਰੈਂਪਟਨ, (ਡਾ. ਝੰਡ) : ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਮਹੀਨਾਵਾਰ ਸਮਾਗ਼ਮ ਲੰਘੇ ਐਤਵਾਰ 15 ਜੂਨ ਨੂੰ 2250 ਬੋਵੇਰਡ ਡਰਾਈਵ (ਈਸਟ) ਦੇ ਮੀਟਿੰਗ-ਹਾਲ ਵਿੱਚ ਹੋਇਆ। ਲਹਿੰਦੇ ਪੰਜਾਬ ਦੇ ਕਹਾਣੀਕਾਰ ਤੇ ਨਾਵਲਕਾਰ ਐਡਵੋਕੇਟ ਮੁਦੱਸਰ ਬਸ਼ੀਰ ਨੇ ਇਸ ਸਮਾਗ਼ਮ ਵਿੱਚ ਮੁੱਖ-ਮਹਿਮਾਨ ਵਜੋਂ ਹਾਜ਼ਰ ਹੋਣਾ ਸੀ ਪਰ ਲਾਹੌਰ ਤੋਂ ਉਨ੍ਹਾਂ ਦੀ ਫ਼ਲਾਈਟ ਲੇਟ ਹੋਣ ਕਾਰਨ ਉਹ ਨਾ ਪਹੁੰਚ ਸਕੇ। ਪ੍ਰਧਾਨਗੀ-ਮੰਡਲ ਵਿੱਚ ਐੱਚ.ਐੱਮ.ਵੀ. ਜਲੰਧਰ ਤੋਂ ਪ੍ਰੋ. ਕੁਲਜੀਤ ਕੌਰ, ਖਾਲਸਾ ਕਾਲਜ ਫ਼ਾਰ ਵੋਮੈਨ ਲੁਧਿਆਣਾ ਤੋਂ ਡਾ. ਨਰਿੰਦਰਜੀਤ ਕੌਰ, ਰਾਮਪੁਰਾਫੂਲ ਦੇ ਇੱਕ ਕਾਲਜ ਵਿੱਚ ਜਰਨਲਿਜ਼ਮ ਪੜ੍ਹਾ ਰਹੀ ਪ੍ਰੋ. ਸਿਮਰਨ ਅਕਸ, ਉੱਘੀ-ਕਵਿਤਰੀ ਸੁਰਜੀਤ ਕੌਰ ਤੇ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਸ਼ਾਮਲ ਸਨ। ਸਮਾਗ਼ਮ ਦੇ ਇਸ ਸੈਸ਼ਨ ਦਾ ਸੰਚਾਲਨ ਡਾ. ਜਗਮੋਹਨ ਸਿੰਘ ਸੰਘਾ ਵੱਲੋਂ ਕੀਤਾ ਗਿਆ।

ਸਮਾਗ਼ਮ ਦੇ ਆਰੰਭ ਵਿੱਚ ਇੰਜੀ. ਈਸ਼ਰ ਸਿੰਘ ਵੱਲੋਂ ਸ. ਕਿਰਪਾਲ ਸਿੰਘ ਪੰਨੂੰ ਨੂੰ ਓਨਟਾਰੀਓ ਸੂਬਾ ਸਰਕਾਰ ਵੱਲੋਂ 25 ਜੂਨ ਨੂੰ ਪ੍ਰਦਾਨ ਕੀਤੇ ਜਾ ਰਹੇ 'ਓਨਟਾਰੀਓ ਸੀਨੀਅਰਜ਼ ਅਚੀਵਮੈਂਟ ਐਵਾਰਡ' ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਪੰਨੂੰ ਸਾਹਿਬ ਨੇ ਕੰਪਿਊਟਰ ਖ਼ੇਤਰ ਵਿੱਚ ਕਮਾਲ ਦਾ ਕੰਮ ਕੀਤਾ ਹੈ ਅਤੇ ਹਜ਼ਾਰਾਂ ਹੀ ਸੀਨੀਅਰ ਵਿਅਕਤੀਆਂ ਨੂੰ ਕੰਪਿਊਟਰ ਦੇ ਲੜ ਲਾਇਆ ਹੈ। ਪੰਜਾਬੀ ਕਮਿਊਨਿਟੀ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਪੰਨੂੰ ਸਾਹਿਬ ਦੀਆਂ ਇਨ੍ਹਾਂ ਸੇਵਾਵਾਂ ਨੂੰ ਮੁੱਖ ਰੱਖ ਕੇ ਉਨ੍ਹਾਂ ਨੂੰ ਓਨਟਾਰੀਓ ਸੂਬਾ ਸਰਕਾਰ ਦਾ ਇਹ ਵੱਕਾਰੀ ਐਵਾਰਡ ਦਿੱਤਾ ਜਾ ਰਿਹਾ ਹੈ। ਪੰਨੂੰ ਸਾਹਿਬ ਨੇ ਇਸ ਮੌਕੇ ਆਪਣੇ ਸੰਬੋਧਨ ਵਿੱਚ ਓਨਟਾਰੀਓ ਸੂਬਾ ਸਰਕਾਰ ਤੇ ਸਮੁੱਚੀ ਪੰਜਾਬੀ ਕਮਿਊਨਿਟੀ ਦਾ ਇਸ ਐਵਾਰਡ ਲਈ ਧੰਨਵਾਦ ਕੀਤਾ ਅਤੇ ਨਾਲ ਹੀ ਸਬੱਬ ਨਾਲ ਇਸ ਦਿਨ ਮਨਾਏ ਜਾ ਰਹੇ 'ਪਿਤਾ-ਦਿਵਸ' ਬਾਰੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਸਮਾਗ਼ਮ ਦੇ ਪਹਿਲੇ ਬੁਲਾਰੇ ਪ੍ਰੋ. ਕੁਲਜੀਤ ਕੌਰ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਬਾਰੇ ਗੱਲ ਕਰਦਿਆਂ ਅਗਲੀ ਤੀਸਰੀ ਪੀੜ੍ਹੀ ਨੂੰ ਪੰਜਾਬੀ ਬੋਲੀ ਨਾਲ ਜੋੜਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਪੰਜਾਬੀ ਬੋਲ ਤਾਂ ਭਾਵੇਂ ਬੇਸ਼ਕ ਲੈਣਗੇ ਪਰ ਪੰਜਾਬੀ ਸਾਹਿਤ ਨਾਲ ਉਨ੍ਹਾਂ ਦਾ ਜੁੜਨਾ ਮੁਸ਼ਕਲ ਲੱਗ ਰਿਹਾ ਹੈ। ਉਨ੍ਹਾਂ ਨੇ ਸਮੂਹ ਪੰਜਾਬੀਆਂ ਨੂੰ ਫ਼ੋਨਾਂ ਵਿੱਚ ਪੰਜਾਬੀ ਫੌਂਟਸ ਵਰਤਣ ਬਾਰੇ ਕਿਹਾ। ਉਨ੍ਹਾਂ ਦੱਸਿਆ ਕਿ 'ਆਰਟੀਫ਼ਿਸ਼ੀਅਲ ਇੰਟੈਲੀਜੈਂਸ' (ਏ.ਆਈ.) ਹੁਣ ਸਮੇਂ ਦੀ ਲੋੜ ਹੈ ਅਤੇ ਸਾਨੂੰ ਇਸ ਦੀ ਵਰਤੋਂ ਕਰਕੇ ਪੰਜਾਬੀ ਵਿੱਚ ਬੋਲ ਕੇ ਕੰਪਿਊਟਰ ਉੱਪਰ ਟਾਈਪ ਕਰਨ ਦੀ ਜਾਚ ਸਿੱਖਣੀ ਚਾਹੀਦੀ ਹੈ।

ਇਨ੍ਹਾਂ ਵਿਚਾਰਾਂ ਦੀ ਪ੍ਰੋੜ੍ਹਤਾ ਕਰਦਿਆਂ ਦੂਸਰੇ ਬੁਲਾਰੇ ਡਾ. ਨਰਿੰਦਰਜੀਤ ਕੌਰ ਨੇ ਕਿਹਾ ਕਿ ਸਾਡੇ ਲਈ ਹੁਣ ਏ.ਆਈ. ਤੋਂ ਦੂਰ ਰਹਿਣਾ ਮੁਸ਼ਕਲ ਹੈ ਅਤੇ ਭਵਿੱਖ ਵਿੱਚ ਇਸ ਦੀ ਵਰਤੋਂ ਹੋਰ ਵੀ ਜ਼ਰੂਰੀ ਹੋ ਜਾਏਗੀ। ਉਨ੍ਹਾਂ ਕਿਹਾ ਕਿ ਦੁਨੀਆਂ ਵਿੱਚ ਬੋਲੀਆਂ ਜਾਣ ਵਾਲੀਆਂ ਲੱਗਭੱਗ 7000 ਭਾਸ਼ਾਵਾਂ ਵਿੱਚ ਪੰਜਾਬੀ ਬੋਲੀ ਨੇ ਆਪਣਾ ਨਿਵੇਕਲਾ ਸਥਾਨ ਬਣਾਇਆ ਹੈ ਅਤੇ ਗੁਰੂਆਂ, ਪੀਰਾਂ, ਸੂਫ਼ੀ ਸੰਤਾਂ ਤੇ ਕਿੱਸਾਕਾਰਾਂ ਦੀ ਇਹ ਬੋਲੀ ਕਦੇ ਵੀ ਮਰ ਨਹੀਂ ਸਕਦੀ, ਜਿਹਾ ਕਿ ਕਈਆਂ ਵੱਲੋਂ ਅਜਿਹਾ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ ਉਨ੍ਹਾਂ ਅਫ਼ਸੋਸ ਵੀ ਪ੍ਰਗਟ ਕੀਤਾ ਕਿ ਪੰਜਾਬੀ ਭਾਸ਼ਾ ਦੀ ਉਚੇਰੀ ਪੜ੍ਹਾਈ ਲਈ ਵਿਦਿਆਰਥੀਆਂ ਵਿੱਚ ਉਤਸ਼ਾਹ ਘੱਟਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਾਲਜਾਂ ਵਿੱਚ ਪੰਜਾਬੀ ਦੀਆਂ ਕਲਾਸਾਂ ਵਿੱਚ ਜਿੱਥੇ 60-70 ਵਿਦਿਆਰਥੀ ਹੋਇਆ ਕਰਦੇ ਸਨ, ਹੁਣ ਇਨ੍ਹਾਂ ਦੀ ਗਿਣਤੀ 10-12 ਤੀਕ ਰਹਿ ਗਈ ਹੈ।

ਗ਼ਜ਼ਲ ਦੇ ਕੁਝ ਸ਼ਿਅਰਾਂ ਨਾਲ ਆਪਣੀ ਗੱਲ ਆਰੰਭ ਕਰਦਿਆਂ ਪ੍ਰੋ. ਸਿਮਰਨ ਅਕਸ ਨੇ ਕਿਹਾ ਕਿ ਪੰਜਾਬੀ ਬੋਲੀ ਨੂੰ ਖ਼ਤਰਾ ਬਾਹਰੋਂ ਕਿਤਿਉਂ ਨਹੀ, ਸਗੋਂ ਇਹ ਸਾਡੇ ਆਪਣੇ ਆਪ ਤੋਂ ਹੀ ਹੈ। ਉਨ੍ਹਾਂ ਕਿਹਾ ਕਿ ਜਿੰਨਾਂ ਚਿਰ ਅੱਖਰ ਚੱਲਦੇ ਹਨ ਤੇ ਸ਼ਬਦਾਂ ਦਾ ਸੰਚਾਰ ਹੁੰਦਾ ਰਹੇਗਾ, ਓਨਾ ਚਿਰ ਇਹ ਬੋਲੀ ਕਦੇ ਨਹੀਂ ਮਰ ਸਕਦੀ। ਉਨ੍ਹਾਂ ਕਿਹਾ ਕਿ ਸ਼ਬਦ ਕਦੇ ਮਰਦੇ ਨਹੀਂ। ਇਹ ਸਾਡੇ ਆਪਣੇ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਸ਼ਬਦਾਂ ਦਾ ਸੰਚਾਰ ਕਿਸ ਪੱਧਰ ਤੱਕ ਕਰਨਾ ਹੈ। ਉਨ੍ਹਾਂ ਕਿਹਾ ਕਿ ਅਜੋਕੇ ਸੋਸ਼ਲ ਮੀਡੀਏ ਅਤੇ ਏ.ਆਈ. ਵੱਲੋਂ ਵੀ ਇਸ ਖ਼ੇਤਰ ਵਿੱਚ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਉਨ੍ਹਾਂ ਹੋਰ ਕਿਹਾ ਕਿ ਇਹ ਸਹੀ ਹੈ ਕਿ ਕਈ ਪ੍ਰਾਈਵੇਟ ਸਕੂਲਾਂ ਵਿੱਚ ਪੰਜਾਬੀ ਬੋਲਣ 'ਤੇ ਬੱਚਿਆਂ ਨੂੰ ਜੁਰਮਾਨਾ ਕੀਤਾ ਜਾਂਦਾ ਹੈ ਪਰ ਦੂਸਰੇ ਪਾਸੇ ਸਰਕਾਰੀ ਸਕੂਲਾਂ ਵਿਚ ਕਿਸੇ ਵਿਦਿਆਰਥੀ ਨੂੰ ਫੇਲ੍ਹ ਹੀ ਨਹੀਂ ਕੀਤਾ ਜਾਂਦਾ, ਭਾਵੇਂ ਉਸ ਨੂੰ 'ਇੱਲ ਦਾ ਨਾਂ ਕੋਕੋ' ਵੀ ਨਾ ਆਉਂਦਾ ਹੋਵੇ। ਨਤੀਜੇ ਵਜੋਂ, ਦਸਵੀ ਦੇ ਇਮਤਿਹਾਨ ਵਿੱਚੋਂ ਵਿਦਿਆਰਥੀਆਂ ਦੀਆਂ ਪੰਜਾਬੀ ਵਿਸ਼ੇ ਵਿੱਚ ਕੰਪਾਰਟਮੈਂਟਾਂ ਆ ਰਹੀਆਂ ਹਨ। ਇਸ ਦੌਰਾਨ ਕਿਰਪਾਲ ਸਿੰਘ ਪੰਨੂੰ, ਸੁਰਜੀਤ ਕੌਰ, ਡਾ. ਸੁਖਦੇਵ ਸਿੰਘ ਝੰਡ, ਪ੍ਰੋ. ਜਗੀਰ ਸਿੰਘ ਕਾਹਲੋਂ ਤੇ ਨਾਟਕਕਾਰ ਨਾਹਰ ਸਿੰਘ ਔਜਲਾ ਵੱਲੋਂ ਵੀ ਪੰਜਾਬੀ ਬੋਲੀ ਦੇ ਭਵਿੱਖ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ ਗਏ। ਕਰਨ ਅਜਾਇਬ ਸਿੰਘ ਸੰਘਾ ਵੱਲੋਂ ਇਸ ਸੈਸ਼ਨ ਦੀ ਕਾਰਵਾਈ ਨੂੰ ਬੜੇ ਭਾਵਪੂਰਤ ਸ਼ਬਦਾਂ ਵਿੱਚ ਸਮੇਟਿਆ ਗਿਆ ਅਤੇ ਸੈਸ਼ਨ ਦੇ ਸਮੂਹ ਬੁਲਾਰਿਆਂ ਦਾ ਧੰਨਵਾਦ ਕੀਤਾ ਗਿਆ। ਮਹਿਮਾਨ ਬੁਲਾਰਿਆਂ ਪ੍ਰੋ. ਕੁਲਜੀਤ ਕੌਰ, ਡਾ. ਨਰਿੰਦਰਜੀਤ ਕੌਰ ਤੇ ਪ੍ਰੋ. ਸਿਮਰਨ ਅਕਸ ਨੂੰ ਸਭਾ ਦੇ ਸ਼ਾਨਦਾਰ ਸਰਟੀਫ਼ੀਕੇਟਾਂ ਨਾਲ ਸਨਮਾਨਿਤ ਕੀਤਾ ਗਿਆ।

ਸਮਾਗ਼ਮ ਦੇ ਦੂਸਰੇ ਭਾਗ ਕਵੀ-ਦਰਬਾਰ ਨੂੰ ਉੱਘੇ ਪੰਜਾਬੀ ਕਵੀ ਸੁਰਜੀਤ ਪਾਤਰ ਦੀ ਨਿੱਘੀ ਯਾਦ ਨੂੰ ਸਮੱਰਪਿਤ ਕੀਤਾ ਗਿਆ। ਇਸ ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿੱਚ ਪ੍ਰੋ. ਆਸ਼ਿਕ ਰਹੀਲ, ਐਡਵੋਕੇਟ ਦਰਸ਼ਨ ਸਿੰਧ ਦਰਸ਼ਨ, ਗਿਆਨ ਸਿੰਘ ਦਰਦੀ, ਹਰਭਜਨ ਕੌਰ ਗਿੱਲ ਤੇ ਸੁਰਿੰਦਰਜੀਤ ਕੌਰ ਸ਼ਾਮਲ ਸਨ। ਸੰਚਾਲਕ ਪਰਮਜੀਤ ਸਿੰਘ ਢਿੱਲੋਂ ਵੱਲੋਂ ਸੱਭ ਤੋਂ ਪਹਿਲਾਂ ਗਾਇਕ ਇਕਬਾਲ ਬਰਾੜ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਸ ਨੇ ਸੁਰਜੀਤ ਪਾਤਰ ਦੀ ਗ਼ਜ਼ਲ 'ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ' ਆਪਣੀ ਸੁਰੀਲੀ ਆਵਾਜ਼ ਵਿੱਚ ਪੇਸ਼ ਕੀਤੀ। ਰਿੰਟੂ ਭਾਟੀਆ ਵੱਲੋਂ ਪਾਤਰ ਦਾ ਗੀਤ 'ਸ਼ਾਇਰ ਬਣ ਜਾ, ਬਿਹਬਲ ਹੋ ਜਾ, ਛੱਡ ਚਤਰਾਈਆਂ ਪਾਗ਼ਲ ਹੋ ਜਾ' ਸੁਣਾਇਆ। ਹਰਮੇਸ਼ ਜੀਂਦੋਵਾਲ ਵੱਲੋਂ ਪਾਤਰ ਦੀ ਗ਼ਜ਼ਲ 'ਬਲ ?ਦਾ ਬ੍ਰਿਖ ਹਾਂ ਖ਼ਤਮ ਹਾਂ, ਬੱਸ ਸ਼ਾਮ ਤੀਕ ਹਾਂ, ਫਿਰ ਵੀ ਕਿਸੇ ਬਹਾਰ ਦੀ ਕਰਦਾ ਉਡੀਕ ਹਾਂ' ਪੇਸ਼ ਕੀਤੀ ਗਈ।

ਉਪਰੰਤ, ਪ੍ਰੀਤਮ ਧੰਜਲ, ਇਕਬਾਲ ਚਾਂਦ, ਨਾਹਰ ਔਜਲਾ, ਹੀਰਾ ਸਿੰਘ ਹੰਸਪਾਲ, ਪ੍ਰਿੰਸੀਪਲ ਗਿਆਨ ਸਿੰਘ ਘਈ, ਪ੍ਰੋ. ਜਗੀਰ ਸਿੰਘ ਕਾਹਲੋਂ, ਪ੍ਰੋ. ਆਸ਼ਕ ਰਹੀਲ, ਪ੍ਰੋ. ਕੁਲਜੀਤ ਕੌਰ, ਸੁਰਜੀਤ ਕੌਰ, ਸੁਰਿੰਦਰ ਸੂਰ, ਮਕਸੂਦ ਚੌਧਰੀ, ਡਾ. ਜਗਮੋਹਨ ਸੰਘਾ, ਡਾ. ਹਰਕੰਵਲਜੀਤ ਕੋਰਪਾਲ, ਡਾ. ਨਰਿੰਦਰਜੀਤ ਕੌਰ, ਡਾ. ਸੁਖਦੇਵ ਸਿੰਘ ਝੰਡ, ਪੰਜਾਬ ਸਿੰਘ ਕਾਹਲੋਂ, ਮਲੂਕ ਸਿੰਘ ਕਾਹਲੋਂ, ਹਰਜੀਤ ਬਾਜਵਾ, ਜੱਸੀ ਭੁੱਲਰ, ਸੁਰਿੰਦਰਜੀਤ ਕੌਰ, ਹਰਭਜਨ ਕੌਰ ਗਿੱਲ, ਸੁਖਚਰਨਜੀਤ ਕੌਰ ਗਿੱਲ, ਕਰਨ ਅਜਾਇਬ ਸਿੰਘ ਸੰਘਾ ਤੇ ਪਰਮਜੀਤ ਢਿੱਲੋਂ ਵੱਲੋਂ ਆਪਣੀਆਂ ਕਵਿਤਾਵਾਂ ਤੇ ਗੀਤ ਸੁਣਾਏ ਗਏ। ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਡਾ. ਸੁਖਦੇਵ ਸਿੰਘ ਝੰਡ ਵੱਲੋਂ ਸਮਾਗ਼ਮ ਦੇ ਸਮੂਹ ਬੁਲਾਰਿਆਂ। ਕਵੀਆਂ-ਕਵਿੱਤਰੀਆਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ।

ਸਮਾਗ਼ਮ ਵਿੱਚ ਡਾ. ਪਰਗਟ ਸਿੰਘ ਬੱਗਾ, ਇੰਜੀ. ਈਸ਼ਰ ਸਿੰਘ, ਪ੍ਰੋ. ਸਿਕੰਦਰ ਸਿੰਘ ਗਿੱਲ, ਸ਼ਮਸ਼ੇਰ ਸਿੰਘ, ਸੁਜਾਨ ਸਿੰਘ ਸੁਜਾਨ, ਰਮਿੰਦਰ ਵਾਲੀਆ, ਹਰਦਿਆਲ ਸਿੰਘ ਝੀਤਾ, ਰਾਜੀਵ ਕੁਮਾਰ, ਪ੍ਰਤੀਕ ਸਿੰਘ, ਹਰਪਾਲ ਸਿੰਘ, ਆਸ਼ਾ ਰਾਣੀ, ਕਰਤਾਰੋ ਦੇਵੀ, ਹਰਬਿੰਦਰ ਕੌਰ, ਅਮਰਜੀਤ ਕੌਰ, ਪ੍ਰੋ. ਕੁਲਵੰਤ ਕੌਰ ਤੇ ਡਾ. ਇੰਦਰਜੀਤ ਕੌਰ ਸਮੇਤ ਕਈ ਹੋਰ ਹਾਜ਼ਰ ਸਨ।














# ਕੈਲਗਰੀ ’ਚ ਬੱਚਿਆਂ, ਮਾਪਿਆਂ ਤੇ ਬਜ਼ੁਰਗਾਂ ਨੇ ਲਾਈਆਂ ਦੌੜਾਂ





ਕੈਲਗਰੀ, (ਸੁਖਵੀਰ ਗਰੇਵਾਲ) : ਕੈਲਗਰੀ ਦੇ ਜੈਨਸਿਸ ਸੈਂਟਰ ਵਿੱਚ ਯੰਗਸਿਤਾਨ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਅਤੇ ਕੈਲਗਰੀ ਵਿਮੈਨ ਕਲਚਰਲ ਐਸੋਸੀਏਸ਼ਨ ਵਲੋਂ ਸਾਂਝੇ ਤੌਰ ’ਤੇ ਇੱਕ ਸਪੋਸਟਸ ਮੀਟ ਕਰਵਾਈ ਗਈ ਜਿਸ ਵਿੱਚ ਬੱਚਿਆਂ, ਮਾਪਿਆਂ ਤੇ ਬਜ਼ੁਰਗਾਂ ਨੇ ਵੱਖ-ਵੱਖ ਦੌੜ ਮੁਕਾਬਲਿਆਂ ਵਿੱਚ ਭਾਗ ਲਿਆ। ਤਿੰਨ ਸਾਲ ਤੋਂ ਲੈ ਕੇ 75 ਸਾਲ ਤੇ ਬਜ਼ੁਰਗਾਂ ਨੇ ਦੌੜਾਂ ਵਿੱਚ ਭਾਗ ਲੈ ਕੇ ਚੰਗੀ ਸਿਹਤ ਲਈ ਖੇਡਾਂ ਨਾਲ਼ ਜੁੜਨ ਦਾ ਸੁਨੇਹਾ ਦਿੱਤਾ। ਇਸ ਮੌਕੇ ਕੈਲਗਰੀ ਨਾਰਥ-ਈਸਟ ਤੋਂ ਵਿਧਾਇਕ ਗੁਰਿੰਦਰ ਬਰਾੜ ਨੇ ਇਨਾਮਾਂ ਦੀ ਵੰਡ ਕੀਤੀ। ਕੈਲਗਰੀ ਵਿਮੈਨ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਡਾ. ਬਲਵਿੰਦਰ ਕੌਰ ਬਰਾੜ, ਗੁਰਚਰਨ ਕੌਰ ਥਿੰਦ ਤੇ ਗੁਰਦੀਸ਼ ਕੌਰ ਗਰੇਵਾਲ ਨੇ ਬੀਬੀਆਂ ਦੁਆਰਾ ਦੌੜਾਂ ਵਿੱਚ ਭਾਗ ਲੈਣ ਦੇ ਜਜ਼ਬੇ ਦੀ ਭਰਪੂਰ ਪ੍ਰਸੰਸ਼ਾ ਕੀਤੀ। ਗੁਰੂ ਨਾਨਕ ਫਰੀ ਕਿਚਨ ਵਲੋਂ ਆਈਸ ਕਰੀਮ ਦਾ ਲੰਗਰ ਲਗਾਇਆ ਗਿਆ। ਸਾਰਿਆਂ ਨੂੰ ਮੈਡਲ ਦੇ ਸਨਮਾਨਿਤ ਕੀਤਾ ਗਿਆ।

# ਕੈਲਗਰੀ ਦੇ ਕਿਤਾਬ ਮੇਲੇ ਵਿੱਚ ਚਰਚਾ ਨਾਟਕ ਮੇਲੇ ਦੀ




ਕੈਲਗਰੀ, (ਸੁਖਵੀਰ ਗਰੇਵਾਲ) : ਕੈਲਗਰੀ ਸ਼ਹਿਰ ਵਿੱਚ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਵਿੱਚ ਪਿਛਲੇ ਕਈ ਸਾਲਾਂ ਤੋਂ ਸਰਗਰਮੀ ਨਾਲ਼ ਕੰਮ ਕਰ ਰਹੀ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵਲੋਂ 22 ਜੂਨ ਦਿਨ ਐਤਵਾਰ ਗਰੀਨ ਪਲਾਜ਼ਾ ਵਿੱਚ ਪੁਸਤਕ ਮੇਲਾ ਕਰਵਾਇਆ ਗਿਆ। ਮਾਸਟਰ ਭਜਨ ਦੀ ਅਗਵਾਈ ਹੇਠ ਸਾਲ 2025 ਦਾ ਇਹ ਦੂਜਾ ਪੁਸਤਕ ਮੇਲਾ ਸੀ। ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਤੋਂ ਰੰਗ ਮੰਚ ਨਿਰਦੇਸ਼ਕ, ਅਦਾਕਾਰ ਤੇ ਲੇਖਕ ਹਰਕੇਸ਼ ਚੌਧਰੀ ਨੇ ਇਸ ਮੇਲੇ ਦਾ ਉਦਘਾਟਨ ਕੀਤਾ। ਉਹਨਾਂ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੀ ਪ੍ਰਸੰਸ਼ਾ ਕੀਤੀ ਕਿ ਉਹ ਕੈਲਗਰੀ ਸ਼ਹਿਰ ਵਿੱਚ ਅਜਿਹੇ ਉਪਰਾਲੇ ਕਰਕੇ ਸ਼ਹਿਰ ਵਾਸੀਆਂ ਨੂੰ ਕਿਤਾਬਾਂ ਨਾਲ਼ ਜੋੜ ਰਹੀ ਹੈ। ਮਾਸਟਰ ਭਜਨ ਨੇ ਇਸ ਗੱਲ ਤੇ ਖੁਸ਼ੀ ਪ੍ਰਗਟ ਕੀਤੀ ਕਿ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਰਾਹੀਂ ਪਾਠਕਾਂ ਦੀ ਗਿਣਤੀ ਵਿੱਚ ਹਰ ਵਾਰ ਵਾਧਾ ਹੋ ਰਿਹਾ ਹੈ।

## ਡਾ. ਬਲਜਿੰਦਰ ਸ਼ੇਖੋਂ ਦੀ ਯਾਦ ਸਦਾ ਸਦੀਵੀ ਰਹੇਗੀ

**ਬਲਵਿੰਦਰ ਬਰਨਾਲਾ**

ਬਹੁਤ ਹੀ ਬੁਰੀ ਖ਼ਬਰ ਹੈ ਕਿ ਡਾ. ਬਲਜਿੰਦਰ ਸੇਖੋਂ ਵਿਚ ਨਹੀਂ ਰਹੇ। ਉਹਨਾਂ ਦਾ ਦਿਹਾਂਤ ਪੰਜਾਬ ਦੇ ਸ਼ਹਿਰ ਬਠਿੰਡਾ ਵਿਖੇ ਹੋਇਆ।



ਡਾਕਟਰ ਸੇਖੋਂ ਇੱਕ ਸੁਲਝੇ ਬੁੱਧੀਜੀਵੀ ਤੇ ਰੈਸ਼ਨਾਲਿਸਟ ਲਹਿਰ ਲਈ ਸਮਰਪਿਤ ਸ਼ਖ਼ਸੀਅਤ ਸਨ। ਉਹ ਕੀਟ ਵਿਗਿਆਨ ਦੇ ਪ੍ਰੋਫੈਸਰ ਸਨ। ਉਹਨਾਂ ਖੇਤੀ ਯੂਨੀਵਰਸਿਟੀ ਲੁਧਿਆਣਾ ਅਤੇ ਬਠਿੰਡਾ ਵਿਖੇ ਪੜ੍ਹਾਇਆ। ਉਹ ਕੁਝ ਸਾਲਾਂ ਤੋਂ ਕੈਨੇਡਾ ਰਹਿ ਰਹੇ ਸਨ। ਇੱਥੋਂ ਦੀਆਂ ਸਮਾਜਿਕ ਸੰਸਥਾਵਾਂ ਵਿੱਚ ਬਹੁਤ ਸਰਗਰਮੀ ਨਾਲ ਵਿਚਰ ਰਹੇ ਸਨ। ਕੈਨੇਡਾ ਵਿੱਚ ਤਰਕਸ਼ੀਲ ਸੁਸਾਇਟੀ ਦੀ ਮਜ਼ਬੂਤੀ ਲਈ ਉਨ੍ਹਾਂ ਦਾ ਅਹਿਮ ਯੋਗਦਾਨ ਰਿਹਾ। ਅਕਸਰ ਮੇਰੇ ਨਾਲ ਉਹਨਾਂ ਦੀ ਗੱਲਬਾਤ ਹੁੰਦੀ ਰਹਿੰਦੀ ਸੀ। ਮੇਰੇ ਨਾਲ ਬਹੁਤ ਕੁਝ ਸਾਂਝਾ ਕਰ ਲੈਂਦੇ ਸਨ। ਉਹ ਇੰਡੀਆ ਗਏ ਹੋਏ ਸਨ, ਜਿੱਥੇ ਉਹਨਾਂ ਦੇ ਡਿੱਗਣ ਕਾਰਨ ਚੂਲਾ ਟੁੱਟ ਗਿਆ ਸੀ ਜੋ ਕਾਫ਼ੀ ਠੀਕ ਹੋ ਗਿਆ ਸੀ। ਇੱਕ ਸੁਲਝੀ ਸ਼ਖਸੀਅਤ ਦੇ ਜਾਣ ਦਾ ਬੇਹੱਦ ਦੁੱਖ ਹੈ। ਤਰਕਸ਼ੀਲ ਸੁਸਾਇਟੀ ਕੈਨੇਡਾ ਲਈ ਇਹ ਨਾ ਪੂਰਾ ਹੋਣ ਵਾਲਾ ਘਾਟਾ ਹੈ। ਲੋਕ ਪੱਖੀ ਅਤੇ ਅਗਾਂਹਵਧੂ ਵਿਚਾਰਾਂ ਦੇ ਧਾਰਨੀ ਅਤੇ ‘ਸਰੋਕਾਰਾਂ ਦੀ ਆਵਾਜ਼’ ਵਿਚ ਲਗਾਤਾਰ ਆਪਣੀਆਂ ਲਿਖਤਾਂ ਲਿਖਣ ਵਾਲੇ ਡਾ. ਬਲਜਿੰਦਰ ਸੇਖੋਂ ਸਾਨੂੰ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਪਰਿਵਾਰ ਦੀ ਦੁੱਖ ਦੀ ਘੜੀ ਵਿਚ ‘ਸਰੋਕਾਰਾਂ ਦੀ ਅਵਾਜ਼’ ਦਾ ਸਮੱਚਾ ਪਰਿਵਾਰ ਡੂੰਘੇ ਦੁੱਖ ਅਤੇ ਗਮ ਦਾ ਇਜ਼ਹਾਰ ਕਰਦਾ ਹੈ।













# ਮਾਓਵਾਦੀ ਇਨਕਲਾਬੀਆਂ ਦੇ ਅੰਤਮ ਸੰਸਕਾਰ ਤੋਂ ਭੈਭੀਤ 'ਲੋਕਤੰਤਰ' ਅਤੇ ਲਾਸ਼ਾਂ ਲੈਣ ਲਈ ਸੰਘਰਸ਼

*[ਮਾਓਵਾਦੀ ਆਗੂਆਂ ਦੇ 'ਮੁਕਾਬਲੇ' ਤੋਂ ਬਾਅਦ ਲਾਸ਼ਾਂ ਲੈਣ ਲਈ ਪਰਿਵਾਰਾਂ ਅਤੇ ਰਾਜ ਮਸ਼ੀਨਰੀ ਦਰਮਿਆਨ ਚਾਰ ਦਿਨ ਖਿੱਚੋਤਾਣ ਚੱਲਦੀ ਰਹੀ। ਲਾਸ਼ਾਂ ਲਈ ਇਸ ਸੰਘਰਸ਼ ਦੀਆਂ ਬਹੁਤ ਸਾਰੀਆਂ ਪਰਤਾਂ ਹਨ ਜਿਨ੍ਹਾਂ ਨੂੰ ਸਮਝਣਾ ਜ਼ਰੂਰੀ ਹੈ। ਇਨ੍ਹਾਂ ਪੱਖਾਂ ਦੀ ਚਰਚਾ ਇਸ ਵਿਸ਼ੇਸ਼ ਲੇਖ ਵਿਚ ਸਾਡੇ ਕਾਲਮ-ਨਵੀਸ ਬੂਟਾ ਸਿੰਘ ਮਹਿਮੂਦਪੁਰ ਵੱਲੋਂ ਕੀਤੀ ਗਈ ਹੈ।-ਸੰਪਾਦਕ]*

-ਬੂਟਾ ਸਿੰਘ ਮਹਿਮੂਦਪੁਰ

ਸੀਪੀਆਈ (ਮਾਓਵਾਦੀ) ਦੇ ਜਨਰਲ ਸਕੱਤਰ ਕਾ. ਬਸਵਾ ਰਾਜ ਅਤੇ 7 ਹੋਰ ਮਾਓਵਾਦੀ ਆਗੂਆਂ ਦੀਆਂ ਲਾਸ਼ਾਂ ਉਨ੍ਹਾਂ ਦੇ ਵਾਰਿਸਾਂ ਨੂੰ ਦੇਣ ਦੀ ਬਜਾਏ ਛੱਤੀਸਗੜ੍ਹ ਪੁਲਿਸ ਵੱਲੋਂ ਪੈਟਰੋਲ ਪਾ ਕੇ ਸਾੜ ਦਿੱਤੇ ਜਾਣ ਨੇ ਭਾਰਤੀ ਰਾਜ ਦੀ ਮ੍ਰਿਤਕ ਮਨੁੱਖੀ ਸਰੀਰਾਂ ਦੀ ਬੇਹੁਰਮਤੀ ਕਰਨ ਦੀ ਨੀਤੀ ਮੁੜ ਦੁਨੀਆ ਨੂੰ ਦਿਖਾ ਦਿੱਤੀ ਹੈ। ਜਿਵੇਂ ਅੰਗਰੇਜ਼ ਹਕੂਮਤ ਨੇ ਸ਼ਹੀਦ ਭਗਤ ਸਿੰਘ-ਰਾਜਗੁਰੂ ਅਤੇ ਸੁਖਦੇਵ ਨੂੰ ਇਕ ਦਿਨ ਪਹਿਲਾਂ ਹੀ ਸ਼ਾਮ ਨੂੰ ਫਾਂਸੀ ਦੇ ਕੇ ਹੁਸੈਨੀਵਾਲਾ (ਫ਼ਿਰੋਜ਼ਪੁਰ) ਵਿਖੇ ਸੁੰਨ-ਮਸਾਨ ਜਗਾ ?ਹ ਉੱਪਰ ਲਿਜਾ ਕੇ ਤੇਲ ਪਾ ਕੇ ਜਲਾ ਦਿੱਤਾ ਸੀ। ਉਸੇ ਤਰ੍ਹਾਂ, 'ਆਜ਼ਾਦ' ਭਾਰਤ ਦੀ ਹਕੂਮਤ ਦੇ ਇਸ਼ਾਰੇ 'ਤੇ ਪੁਲਿਸ ਵੱਲੋਂ ਮਾਓਵਾਦੀ ਇਨਕਲਾਬੀਆਂ ਦੀਆਂ ਲਾਸ਼ਾਂ ਪਰਿਵਾਰਾਂ ਨੂੰ ਧੋਖੇ ਵਿਚ ਰੱਖਕੇ ਪੈਟਰੋਲ ਪਾ ਕੇ ਸਾੜ ਦਿੱਤੀਆਂ ਗਈਆਂ। ਤੇਲੰਗਾਨਾ-ਆਂਧਰਾ ਪ੍ਰਦੇਸ਼ ਵਿਚ ਮਾਓਵਾਦੀ ਆਗੂਆਂ ਦੇ ਅੰਤਿਮ ਸੰਸਕਾਰ ਮੌਕੇ ਵੱਡੇ ਜੁੜਦੇ ਵੱਡੇ ਇਕੱਠ ਹਕੂਮਤੀ ਦਹਿਸ਼ਤ ਨੂੰ ਤੋੜਨ ਦਾ ਜ਼ਰੀਏ ਬਣ ਜਾਂਦੇ ਹਨ। ਪਿਛਲੇ ਦਿਨੀਂ ਮਾਓਵਾਦੀ ਆਗੂ ਰੇਣੂਕਾ ਨੂੰ ਜਮਹੂਰੀ ਸ਼ਖ਼ਸੀਅਤਾਂ ਸਮੇਤ ਛੇ ਹਜ਼ਾਰ ਲੋਕਾਂ ਦੇ ਇਕੱਠ ਨੇ ਅੰਤਮ ਵਿਦਾਇਗੀ ਦਿੱਤੀ ਸੀ।

ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਨਾਲ ਸੰਬੰਧਤ ਮਾਓਵਾਦੀਆਂ ਦੇ ਪਰਿਵਾਰਾਂ ਨੂੰ ਪਹਿਲਾਂ ਹੀ ਖ਼ੁੜਕ ਗਈ ਸੀ ਕਿ ਹਕੂਮਤ ਲਾਸ਼ਾਂ ਪਰਿਵਾਰਾਂ ਨੂੰ ਨਹੀਂ ਦੇਵੇਗੀ। ਹਕੂਮਤ ਨੂੰ ਡਰ ਸੀ ਕਿ ਲਾਸ਼ਾਂ ਦਾ ਦੁਬਾਰਾ ਪੋਸਟ-ਮਾਰਟਮ ਕਰਾਏ ਜਾਣ ਨਾਲ 'ਮੁਕਾਬਲੇ' ਦਾ ਝੂਠ ਨੰਗਾ ਹੋ ਜਾਵੇਗਾ। ਇਸਦੇ ਮੱਦੇਨਜ਼ਰ ਬਸਵਾ ਰਾਜ ਦੀ ਮਾਤਾ, ਤੇ ਨਾਗੇਸ਼ਵਰ ਰਾਓ ਅਤੇ ਹੋਰ ਆਗੂਆਂ ਦੇ ਪਰਿਵਾਰਕ ਮੈਂਬਰਾਂ ਨੇ ਆਪਣੇ ਪਿਆਰਿਆਂ ਦੀਆਂ ਲਾਸ਼ਾਂ ਲੈਣ ਲਈ ਆਂਧਰਾ ਪ੍ਰਦੇਸ਼ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ। ਹਾਈ ਕੋਰਟ ਨੇ ਉਨ੍ਹਾਂ ਦੀ ਪਟੀਸ਼ਨ ਉੱਪਰ ਸੁਣਵਾਈ ਕੀਤੀ। ਸੁਣਵਾਈ ਦੌਰਾਨ ਛੱਤੀਸਗੜ੍ਹ ਸਰਕਾਰ ਨੇ ਅਦਾਲਤ ਅੱਗੇ ਵਾਅਦਾ ਕੀਤਾ ਕਿ ਪੋਸਟ-ਮਾਰਟਮ ਤੋਂ ਬਾਅਦ ਲਾਸ਼ਾਂ ਪਰਿਵਾਰਾਂ ਨੂੰ ਸੌਂਪ ਦਿੱਤੀਆਂ ਜਾਣਗੀਆਂ। ਪਰਿਵਾਰ ਮੈਂਬਰ ਲਾਸ਼ਾਂ ਦੀ ਉਡੀਕ ਕਰਦੇ ਰਹੇ, ਪਰ ਪੁਲਿਸ ਅਧਿਕਾਰੀਆਂ ਨੇ ਪਰਿਵਾਰਾਂ ਨੂੰ ਧੋਖਾ ਦੇ ਕੇ ਲਾਸ਼ਾਂ ਜਲਾ ਦਿੱਤੀਆਂ। ਬਹਾਨਾ ਇਹ ਬਣਾਇਆ ਕਿ ਲਾਸ਼ਾਂ ਲੈਣ ਲਈ ਨਰਾਇਣਪੁਰ ਜ਼ਿਲ੍ਹਾ ਸਦਰ-ਮੁਕਾਮ 'ਤੇ ਪਹੁੰਚੇ ਸਕੇ-ਸੰਬੰਧੀ ਲਾਸ਼ਾਂ ਦੇ 'ਕਾਨੂੰਨੀ ਵਾਰਿਸ' ਹੋਣ ਦੇ ਸਬੂਤ ਪੇਸ਼ ਨਹੀਂ ਕਰ ਸਕੇ। ਇਹ ਵੀ ਕਿਹਾ ਗਿਆ ਕਿ ਦੇਰੀ ਹੋ ਕਾਰਨ ਲਾਸ਼ਾਂ ਗਲ਼ ਰਹੀਆਂ ਸਨ। ਜਦਕਿ ਪਰਿਵਾਰ ਫਰੀਜ਼ਰ ਵਾਲੀਆਂ ਸਪੈਸ਼ਲ ਐਂਬੂਲੈਂਸ ਗੱਡੀਆਂ ਲੈ ਕੇ ਚਾਰ ਦਿਨ ਤੋਂ ਨਰਾਇਣਪੁਰ ਵਿਚ ਮੌਜੂਦ ਸਨ ਅਤੇ ਉਨ੍ਹਾਂ ਦੀ ਮੱਦਦ ਲਈ ਉੱਘੀ ਕਾਰਕੁਨ ਬੇਲਾ ਭਾਟੀਆ ਵੀ ਸਾਰਾ ਸਮਾਂ ਉਨ੍ਹਾਂ ਦੇ ਨਾਲ ਰਹੀ । ਉਨ੍ਹਾਂ ਨੇ ਉਚ ਪੁਲਿਸ ਅਤੇ ਹੋਰ ਅਧਿਕਾਰੀਆਂ ਨੂੰ ਮਿਲਕੇ ਅਦਾਲਤ ਦੇ ਲਿਖਤੀ ਆਦੇਸ਼ ਅਤੇ ਮਿ ?ਰਤਕਾਂ ਨਾਲ ਆਪਣੇ ਰਿਸ਼ਤੇ ਦੇ ਦਸਤਾਵੇਜ਼ੀ ਸਬੂਤ ਪੇਸ਼ ਕਰ ਦਿੱਤੇ ਸਨ ਅਤੇ ਪੁਲਿਸ ਦੀ ਟਾਲ-ਮਟੋਲ ਵਿਰੁੱਧ ਸੜਕ ਉੱਪਰ ਰੋਸ ਪ੍ਰਦਰਸ਼ਨ ਵੀ ਕੀਤਾ ਸੀ। ਮੀਡੀਆ ਚੈਨਲ ਨਾਲ ਇੰਟਰਵਿਊਆਂ ਵੀ ਇਸ ਦਾ ਸਬੂਤ ਹਨ ਕਿ ਉਨ੍ਹਾਂ ਦਾ ਮਿ ?ਰਤਕਾਂ ਨਾਲ ਕੀ ਰਿਸ਼ਤਾ ਸੀ। ਪੁਲਿਸ ਅਧਿਕਾਰੀਆਂ ਵੱਲੋਂ ਅਤਿਅੰਤ ਗਰਮੀ ਵਿਚ ਜਾਣ-ਬੁੱਝਕੇ ਲਾਸ਼ਾਂ ਖੁੱਲ੍ਹੀ ਸ਼ੈੱਡ ਵਿਚ ਰੱਖ ਕੇ ਖ਼ਰਾਬ ਕੀਤੀਆਂ ਗਈਆਂ ਤਾਂ ਜੋ ਉਨ੍ਹਾਂ ਦੀ ਪਛਾਣ ਨਾ ਹੋ ਸਕੇ ਅਤੇ ਨਾ ਦੁਬਾਰਾ ਪੋਸਟ-ਮਾਰਟਮ ਕਰਵਾਇਆ ਜਾ ਸਕੇ। ਮਾਓਵਾਦੀਆਂ ਅਤੇ ਆਦਿਵਾਸੀਆਂ ਦੀਆਂ ਲਾਸ਼ਾਂ ਨੂੰ ਜਾਣ-ਬੁੱਝ ਕੇ ਖ਼ਰਾਬ ਕਰਨਾ ਬਸਤਰ ਪੁਲਿਸ ਲਈ ਆਮ ਗੱਲ ਹੈ। ਜਿਨ੍ਹਾਂ ਲਈ ਰਾਜ ਦੀ ਹਿੰਸਾ ਉਨ੍ਹਾਂ ਦੀ ਜਾਨ ਲੈਣ ਤੋਂ ਬਾਅਦ ਵੀ ਜਾਰੀ ਰਹਿੰਦੀ ਹੈ। ਕੁਝ ਦਿਨ ਪਹਿਲਾਂ ਆਦਿਵਾਸੀ ਕਾਰਕੁਨ ਸੋਨੀ ਸੋਰੀ ਨੇ ਕਰੇਗੁੱਟਾ ਪਹਾੜੀ ਦੀ ਘੇਰਾਬੰਦੀ 'ਚ ਮਾਰੇ ਗਏ ਆਦਿਵਾਸੀਆਂ ਦੀਆਂ ਲਾਸ਼ਾਂ ਲੈਣ ਦਾ ਆਪਣਾ ਅਨੁਭਵ ਸਾਂਝਾ ਕਰਦੇ ਹੋਏ ਦੱਸਿਆ ਸੀ ਕਿ ਬੀਜਾਪੁਰ ਹਸਪਤਾਲ ਵਿਚ ਰੱਖੀਆਂ ਲਾਸ਼ਾਂ ਉੱਪਰ ਹਜ਼ਾਰਾਂ ਕੀੜੇ ਰੀਂਗ ਰਹੇ ਸਨ, ਜਿਨ੍ਹਾਂ ਕਾਰਨ ਲਾਸ਼ਾਂ ਦੀ ਸ਼ਨਾਖ਼ਤ ਕਰਨੀ ਵੀ ਮੁਸ਼ਕਲ ਸੀ।

ਨਾ ਇਹ ਦੁਸ਼ਟ ਰਾਜ ਦੀ ਨੀਚਤਾ ਦੀ ਪਹਿਲੀ ਮਿਸਾਲ ਹੈ ਅਤੇ ਨਾ ਆਖ਼ਰੀ। ਇਤਿਹਾਸ ਅਜਿਹੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ। ਭਾਰਤੀ ਪੁਲਿਸ ਅਤੇ ਹੋਰ ਏਜੰਸੀਆਂ ਅਦਾਲਤੀ ਅਮਲ ਦੀਆਂ ਧੱਜੀਆਂ ਉਡਾਕੇ ਜੱਜ ਅਤੇ ਜਲਾਦ ਦੀ ਭੂਮਿਕਾ ਹੀ ਨਹੀਂ ਨਿਭਾਉਂਦੀਆਂ ਸਗੋਂ ਗ਼ੈਰਅਦਾਲਤੀ ਕਤਲਾਂ ਤੋਂ ਬਾਅਦ ਆਪਣੇ ਕੁਕਰਮਾਂ ਦੇ ਸਬੂਤ ਮਿਟਾਉਣ ਲਈ ਲਾਸ਼ਾਂ ਨੂੰ ਖੁਰਦ-ਬੁਰਦ ਕਰਨ ਲਈ ਬੇਹੱਦ ਫ਼ੁਰਤੀ ਵੀ ਦਿਖਾਉਂਦੀਆਂ ਹਨ। ਲਾਸ਼ਾਂ ਨਦੀਆਂ, ਨਹਿਰਾਂ ਵਿਚ ਸੁੱਟਕੇ, ਜਾਂ ਚੁੱਪ-ਚੁਪੀਤੇ ਕਬਰਾਂ ਵਿਚ ਦਫ਼ਨਾਕੇ ਜਾਂ ਸ਼ਮਸ਼ਾਨਘਾਟਾਂ ਵਿਚ ਨਸ਼ਟ ਕਰ ਦਿੱਤੀਆਂ ਜਾਂਦੀਆਂ ਹਨ। 1984 'ਚ ਉਪਰੇਸ਼ਨ ਬਲਿਊ ਸਟਾਰ ਸਮੇਂ ਦਰਬਾਰ ਸਾਹਿਬ ਕੰਪਲੈਕਸ ਵਿਚ ਕਤਲ ਕੀਤੇ ਹਜ਼ਾਰਾਂ ਲੋਕਾਂ ਦੀਆਂ ਲਾਸ਼ਾਂ ਫ਼ੌਜ ਨੇ ਚੁੱਪ-ਚੁਪੀਤੇ ਜਲਾ ਦਿੱਤੀਆਂ ਸਨ। 1984-1994 ਦੇ ਦਹਾਕੇ ਚ ਪੰਜਾਬ ਵਿਚ 'ਮੁਕਾਬਲਿਆਂ' ਵਿਚ ਮਾਰੇ ਹਜ਼ਾਰਾਂ ਨੌਜਵਾਨਾਂ ਦੀਆਂ ਲਾਸ਼ਾਂ ਗੁਪਤ ਤਰੀਕੇ ਨਾਲ ਖਪਾ ਦਿੱਤੀਆਂ ਗਈਆਂ ਸਨ। ਜਿਨ੍ਹਾਂ ਨੂੰ ਲੱਭਦਿਆਂ ਮਨੁੱਖੀ ਹੱਕਾਂ ਦੇ ਝੰਡਾਬਰਦਾਰ ਜਸਵੰਤ ਸਿੰਘ ਖਾਲੜਾ ਨੂੰ ਆਪਣੀ ਜਾਨ ਕੁਰਬਾਨ ਕਰਨੀ ਪਈ ਸੀ। ਇਹੀ ਭਿਆਨਕ ਮੰਜ਼ਰ 1984 ਸਿੱਖਾਂ ਦੇ ਕਤਲੇਆਮ, 2002 ਦੇ ਗੁਜਰਾਤ ਕਤਲੇਆਮ, ਕਸ਼ਮੀਰ ਅਤੇ ਉੱਤਰ-ਪੂਰਬੀ ਰਿਆਸਤਾਂ ਵਿਚ ਬਣਾਏ ਜਾਂਦੇ ਮੁਕਾਬਲਿਆਂ ਵਿਚ ਦੇਖਿਆ ਗਿਆ। ਭਾਰਤੀ ਹੁਕਮਰਾਨ ਮੁੱਢ ਤੋਂ ਹੀ ਹਕੂਮਤ ਵਿਰੋਧੀ ਹਥਿਆਰਬੰਦ ਲਹਿਰਾਂ ਨਾਲ ਸੰਬੰਧਤ ਰਾਜਨੀਤਕ ਵਿਰੋਧੀਆਂ ਨੂੰ ਮੌਤ ਤੋਂ ਬਾਅਦ ਵੀ ਬੁਨਿਆਦੀ ਮਨੁੱਖੀ ਮਾਣ-ਸਨਮਾਨ ਤੋਂ ਵਾਂਝਾ ਰੱਖਣ ਲਈ ਬਦਨਾਮ ਹਨ। ਪੁਲਿਸ ਜਾਂ ਫ਼ੌਜ ਹਥਿਆਰਬੰਦ ਬਾਗ਼ੀਆਂ ਨੂੰ ਗਿਰਫ਼ਤਾਰ ਕਰ ਕੇ ਝੂਠੇ ਮੁਕਾਬਲਿਆਂ ਵਿਚ ਮਾਰਨ ਤੋਂ ਬਾਅਦ ਇਹ ਯਕੀਨੀ ਬਣਾਉਂਦੀ ਹੈ ਕਿ ਨਾ ਮਿਰਤਕਾਂ ਦੇ ਪਰਿਵਾਰ ਆਪਣੇ ਪਿਆਰਿਆਂ ਨੂੰ ਆਖ਼ਰੀ ਵਾਰ ਦੇਖ ਸਕਣ ਅਤੇ ਨਾ ਹੀ ਉਨ੍ਹਾਂ ਦਾ ਅੰਤਮ ਸੰਸਕਾਰ ਕਰ ਸਕਣ। ਇਹ ਰਾਜ-ਮਸ਼ੀਨਰੀ ਦੀ ਗਿਣੀ-ਮਿਥੀ ਯੋਜਨਾ ਹੁੰਦੀ ਹੈ।



ਆਂਧਰਾ ਪ੍ਰਦੇਸ਼ ਵਿਚ 1969 'ਚ ਨਕਸਲੀ ਲਹਿਰ ਸ਼ੁਰੂ ਹੋਣ 'ਤੇ ਪੰਚਾਦੀ ਕ੍ਰਿਸ਼ਨਮੂਰਤੀ ਅਤੇ ਉਨ੍ਹਾਂ ਦੇ ਛੇ ਸਾਥੀਆਂ ਦੇ ਕਤਲ ਤੋਂ ਲੈ ਕੇ 1990 ਦੇ ਦਹਾਕੇ ਦੇ ਸ਼ੁਰੂ ਤੱਕ, ਪੁਲਿਸ ਨਕਸਲੀਆਂ ਨੂੰ ਗਿ ?ਰਫ਼ਤਾਰ ਕਰਕੇ 'ਮੁਕਾਬਲੇ' ਬਣਾਉਣ ਤੋਂ ਬਾਅਦ ਖੁਦ ਹੀ ਲਾਸ਼ਾਂ ਜਲਾਉਂਦੀ ਰਹੀ। ਨਾ ਪਰਿਵਾਰਾਂ ਨੂੰ ਕੋਈ ਖ਼ਬਰ, ਨਾ ਲਾਸ਼ਾਂ ਦੀ ਸ਼ਨਾਖ਼ਤ, ਨਾ ਹੀ ਆਖ਼ਰੀ ਵਿਦਾਇਗੀ। ਪੁਲਿਸ ਮੁਕਾਬਲੇ ਵਾਲੀ ਜਗਾ ?ਹ ਨੂੰ ਪੂਰੀ ਤਰ੍ਹਾਂ ਘੇਰ ਲੈਂਦੀ, ਸਕੇ-ਸੰਬੰਧੀਆਂ ਨੂੰ ਧਮਕਾਉਂਦੀ ਅਤੇ ਹਰ ਸਬੂਤ ਮਿਟਾ ਦਿੰਦੀ। ਇਹ ਨਾ ਸਿਰਫ਼ ਇਨ੍ਹਾਂ ਜ਼ਿੰਦਗੀਆਂ ਨੂੰ ਇਤਿਹਾਸ ਤੋਂ ਮਿਟਾਉਣ ਦਾ ਯਤਨ ਸੀ, ਸਗੋਂ ਉਨ੍ਹਾਂ ਪਰਿਵਾਰਾਂ ਅਤੇ ਆਮ ਲੋਕਾਂ ਵਿਚ ਖ਼ੌਫ਼ ਦਾ ਮਾਹੌਲ ਬਣਾਉਣ ਦੀ ਗਿਣੀ-ਮਿਥੀ ਨੀਤੀ ਸੀ।

ਜਦੋਂ ਸ਼ਹਿਰੀ ਹੱਕਾਂ ਦੀਆਂ ਜਥੇਬੰਦੀਆਂ ਕਿਸੇ ਨਕਸਲੀ ਨੂੰ ਗ੍ਰਿਫ਼ਤਾਰ ਕਰ ਲਏ ਜਾਣ ਦਾ ਪਤਾ ਲੱਗਣ 'ਤੇ ਮੰਗ ਕਰਦੀਆਂ ਕਿ ਉਸ ਨੂੰ ਮੁਕਾਬਲੇ ਵਿਚ ਮਾਰਨ ਦੀ ਬਜਾਏ ਅਦਾਲਤ ਵਿਚ ਪੇਸ਼ ਕੀਤਾ ਜਾਵੇ ਅਤੇ ਅਦਾਲਤੀ ਪ੍ਰਕਿਰਿਆ ਰਾਹੀਂ ਹੀ ਸਜ਼ਾਵਾਂ ਦਿੱਤੀਆਂ ਜਾਣ, ਤਾਂ ਵੀ ਝੂਠੇ ਮੁਕਾਬਲਿਆਂ ਦਾ ਸਿਲਸਿਲਾ ਬੰਦ ਨਹੀਂ ਹੋਇਆ। ਨਾ ਹੀ ਪੁਲਿਸ ਅਤੇ ਹੋਰ ਸਰਕਾਰੀ ਏਜੰਸੀਆਂ ਨੇ ਝੂਠਾ ਬਿਰਤਾਂਤ ਬੰਦ ਕੀਤਾ। ਨਕਸਲੀਆਂ ਵੱਲੋਂ ਆਪਣੇ ਸਾਥੀਆਂ ਦੀ ਗਿਰਫ਼ਤਾਰੀ ਵੱਲ ਧਿਆਨ ਖਿੱਚਣ ਲਈ ਸਰਕਾਰੀ ਇਮਾਰਤਾਂ ਜਾਂ ਵਾਹਨਾਂ ਨੂੰ ਸਾੜਨ ਦੀਆਂ ਕਾਰਵਾਈਆਂ ਵੀ ਪੁਲਿਸ ਦੀਆਂ ਮਨਮਾਨੀਆਂ ਉੱਪਰ ਕੋਈ ਅਸਰ ਨਾ ਪਾ ਸਕੀਆਂ। ਅਜਿਹੀ ਹਾਲਤ 'ਚ ਪਰਿਵਾਰ ਪੂਰੀ ਤਰ੍ਹਾਂ ਬੇਵੱਸ ਹੋ ਜਾਂਦੇ। ਨਿਆਂ ਦੀ ਗੱਲ ਤਾਂ ਛੱਡੋ, ਜਾਂਚ ਤੋਂ ਬਿਨਾਂ ਹੀ ਮਾਮਲਾ ਠੱਪ ਕਰ ਦਿੱਤਾ ਜਾਂਦਾ।

1990ਵਿਆਂ 'ਚ ਆਂਧਰਾ ਪ੍ਰਦੇਸ਼ ਵਿਚ ਇਸ ਹਾਲਤ ਨੇ ਮੋੜਾ ਕੱਟਿਆ। ਦਸੰਬਰ 1991 'ਚ ਪੱਤਰਕਾਰ ਗ਼ੁਲਾਮ ਰਸੂਲ ਅਤੇ ਉਸ ਦੇ ਮਿੱਤਰ ਵਿਜੈ ਪ੍ਰਸਾਦ ਨੂੰ ਹੈਦਰਾਬਾਦ ਵਿਚ ਦਿਨ-ਦਿਹਾੜੇ ਚੁੱਕਕੇ ਅਤੇ 'ਅਣਪਛਾਤੇ ਨਕਸਲੀ' ਕਰਾਰ ਦੇ ਕੇ ਕਤਲ ਕਰ ਦਿੱਤੇ ਜਾਣ ਨਾਲ ਲੋਕਾਈ ਦਾ ਗੁੱਸਾ ਭੜਕ ਉਠਿਆ। ਰਸੂਲ ਨੂੰ ਇਸ ਕਰਕੇ ਮਾਰ ਦਿੱਤਾ ਗਿਆ ਕਿਉਂਕਿ ਉਸਨੇ ਇਕ ਵੱਡੇ ਪੁਲਿਸ ਅਧਿਕਾਰੀ ਦੇ ਜ਼ਮੀਨ ਘੋਟਾਲੇ ਦਾ ਪਰਦਾਫਾਸ਼ ਕੀਤਾ ਸੀ ਅਤੇ ਵਿਜੈ ਅਗਵਾ ਦਾ ਚਸ਼ਮਦੀਦ ਗਵਾਹ ਹੋਣ ਕਾਰਨ ਉਸ ਨੂੰ ਖ਼ਤਮ ਕਰਨਾ ਪੁਲਿਸ ਲਈ ਜ਼ਰੂਰੀ ਸੀ। ਪੱਤਰਕਾਰਾਂ ਨੇ ਜਦੋਂ ਲਾਸ਼ਾਂ ਦੀ ਪਛਾਣ ਕਰਕੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੌਂਪਣ ਦੀ ਮੰਗ ਕੀਤੀ, ਤਾਂ ਪੁਲਿਸ ਨੇ ਗ੍ਰਹਿ ਮੰਤਰੀ ਨਾਲ ਵਫ਼ਦ ਦੀ ਚੱਲ ਰਹੀ ਗੱਲਬਾਤ ਦੌਰਾਨ ਹੀ ਗੁਪਤੋ-ਗੁਪਤੀ ਉਨ੍ਹਾਂ ਦਾ ਦਾਹ-ਸੰਸਕਾਰ ਕਰ ਦਿੱਤਾ। ਪੁਲਿਸ ਦੇ ਇਸ ਕਾਰੇ ਨੇ ਰਾਜ ਪ੍ਰਬੰਧ ਦਾ ਕਰੂਰ ਚਿਹਰਾ ਲੋਕਾਂ ਨੂੰ ਦਿਖਾ ਦਿੱਤਾ। ਦਸ ਮਹੀਨੇ ਬਾਦ ਪੁਲਿਸ ਨੇ ਹਰਮਨਪਿਆਰੇ ਨਕਸਲੀ ਆਗੂ ਪ੍ਰਲੀ ਅੰਜਈਆ ਅਤੇ ਉਸਦੀ ਪਤਨੀ ਨੂੰ ਬੰਗਲੌਰ ਤੋਂ ਗ੍ਰਿਫ਼ਤਾਰ ਕਰਕੇ ਤੇਲੰਗਾਨਾ 'ਚ ਲਿਆਕੇ 'ਮੁਕਾਬਲਾ' ਬਣਾ ਦਿੱਤਾ ਅਤੇ ਪਰਿਵਾਰ ਨੂੰ ਲਾਸ਼ਾਂ ਦੇਖਣ ਦੀ ਇਜਾਜ਼ਤ ਵੀ ਨਹੀਂ ਦਿੱਤੀ। ਫਿਰ ਜਦੋਂ, 1994 ਵਿਚ ਨਕਸਲੀ ਕਾਰਕੁਨਾਂ ਚਿੰਤਾਲਾ ਵੈਂਕਟਸਵਾਮੀ ਅਤੇ ਪਦਮਾ ਦਾ 'ਮੁਕਾਬਲਾ' ਬਣਾਇਆ ਗਿਆ ਤਾਂ ਉਨ੍ਹਾਂ ਦੇ ਕਤਲ ਨੂੰ ਲੈ ਕੇ ਕਾਨੂੰਨੀ ਜ਼ੋਰ-ਅਜ਼ਮਾਈ ਇਤਿਹਾਸ ਸਿਰਜਕ ਸਿੱਧ ਹੋਈ। ਹਾਈਕੋਰਟ ਨੇ ਦੁਬਾਰਾ ਪੋਸਟਮਾਰਟਮ ਕਰਾਉਣ ਅਤੇ ਲਾਸ਼ਾਂ ਪਰਿਵਾਰਾਂ ਨੂੰ ਸੌਂਪਣ ਦਾ ਆਦੇਸ਼ ਦਿੱਤਾ। ਇਸ ਨਾਲ ਕਾਨੂੰਨੀ ਤੌਰ 'ਤੇ ਇਕ ਮਿਸਾਲ ਕਾਇਮ ਹੋ ਗਈ ਅਤੇ ਮੌਤ ਹੋਣ 'ਤੇ ਮਨੁੱਖੀ ਮਾਣ-ਸਨਮਾਨ ਲਈ ਸੰਘਰਸ਼ ਦਾ ਨਵਾਂ ਮੁਹਾਜ਼ ਖੁੱਲ੍ਹ ਗਿਆ।

ਅਗਲੇ ਸਾਲਾਂ 'ਚ 'ਮੁਕਾਬਲੇ' ਬਣਾਏ ਜਾਣ 'ਤੇ ਦੁਬਾਰਾ ਪੋਸਟਮਾਰਟਮ ਕਰਾਉਣ ਲਈ ਲਾਸ਼ਾਂ ਨੂੰ ਸੁਰੱਖਿਅਤ ਰੱਖਣ ਵਾਸਤੇ ਜ਼ੋਰਦਾਰ ਜਨਤਕ ਦਬਾਅ ਬਣਨਾ ਸ਼ੁਰੂ ਹੋ ਗਿਆ। ਫਰਵਰੀ 1997 'ਚ ਜਦੋਂ ਨਕਸਲੀ ਰਾਮੇਸ਼ਵਰ ਦਾ 'ਮੁਕਾਬਲਾ' ਬਣਾਉਣ ਤੋਂ ਬਾਅਦ ਪੁਲਿਸ ਨੇ ਲਾਸ਼ ਨੂੰ ਸਾੜਨ ਦੀ ਕੋਸ਼ਿਸ਼ ਕੀਤੀ ਤਾਂ ਉਸਦੇ ਪਰਿਵਾਰਕ ਮੈਂਬਰਾਂ ਨੇ ਡੱਟਕੇ ਵਿਰੋਧ ਕੀਤਾ। ਉੱਘੇ ਇਨਕਲਾਬੀ ਗਾਇਕ ਗ਼ਦਰ ਦੀ ਮੱਦਦ ਨਾਲ ਇਹ ਮਾਮਲਾ ਅਦਾਲਤ ਵਿਚ ਜਾ ਪਹੁੰਚਿਆ। ਅਦਾਲਤ ਨੇ ਲਾਸ਼ ਪਰਿਵਾਰ ਨੂੰ ਸੌਂਪਣ ਦਾ ਆਦੇਸ਼ ਦਿੱਤਾ ਜੋ ਇਤਿਹਾਸਕ ਹੋ ਨਿਬੜਿਆ। ਤੇਲੰਗਾਨਾ ਵਿਚ ਹਕੂਮਤ ਨਾਲ ਟੱਕਰ ਲੈ ਕੇ ਲਾਸ਼ਾਂ ਲੈਣ ਉਪਰੰਤ ਇਨਕਲਾਬੀਆਂ ਦੀ ਅੰਤਮ-ਵਿਦਾਇਗੀ ਪੁਲਿਸ ਵੱਲੋਂ ਇਕੱਠ ਦੀ ਮਨਾਹੀ ਦੀਆਂ ਰੋਕਾਂ ਤੋੜਕੇ ਜਨਤਕ ਰੋਹ ਪ੍ਰਦਰਸ਼ਨ ਬਣ ਗਈ। ਪੁਲਿਸ ਅਤੇ ਹਕੂਮਤ ਨੇ ਆਪਣੇ ਮਨਸੂਬੇ ਨਾਕਾਮ ਹੁੰਦੇ ਦੇਖ ਕੇ ਜਬਰ ਤੇਜ਼ ਕਰ ਦਿੱਤਾ। ਉਸੇ ਦਿਨ ਰਾਚਾਕੌਂਡਾ ਪਹਾੜੀਆਂ ਵਿਚ ਨਕਸਲੀ ਆਗੂ ਮਾਰੱਈਆ ਦਾ 'ਮੁਕਾਬਲਾ' ਬਣਾ ਦਿੱਤਾ ਗਿਆ। ਜਦੋਂ ਇਨਕਲਾਬੀ ਗਾਇਕ ਗ਼ਦਰ ਨੇ ਉਸਦੀ ਲਾਸ਼ ਲੈਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਗਿਰਫ਼ਤਾਰ ਕਰ ਲਿਆ ਗਿਆ। ਪੁਲਿਸ ਨੇ ਪਰਿਵਾਰ ਉੱਪਰ ਲਾਸ਼ ਦਾ ਤੁਰੰਤ ਸੰਸਕਾਰ ਕਰਨ ਲਈ ਦਬਾਅ ਪਾਇਆ।

ਇਨ੍ਹਾਂ ਹਾਲਾਤ ਵਿਚ 1997 ਵਿਚ ਹਰਮਨਪਿਆਰੇ ਇਨਕਲਾਬੀ ਗਾਇਕ ਗ਼ਦਰ ਅਤੇ ਉਘੇ ਲੇਖਕ ਤੇ ਮਨੁੱਖੀ ਹੱਕਾਂ ਦੇ ਘੁਲਾਟੀਏ ਐਮ.ਟੀ. ਖਾਨ ਦੀ ਅਗਵਾਈ ਵਿਚ 32 ਲੋਕ ਜਥੇਬੰਦੀਆਂ ਨੇ ਮਿਲ ਕੇ 'ਮੁਕਾਬਲਿਆਂ ਵਿਚ ਮਾਰੇ ਗਿਆਂ ਦੀਆਂ ਲਾਸ਼ਾਂ ਲੈਣ ਲਈ ਕਮੇਟੀ' ਬਣਾਈ। ਹਕੂਮਤ ਨੇ ਪੁਲਿਸ ਨੂੰ ਨਕਸਲੀ ਲਹਿਰ ਨੂੰ ਦਬਾਉਣ ਲਈ 'ਮੁਕਾਬਲੇ' ਬਣਾਉਣ ਦੀ ਖੁੱਲ੍ਹੀ ਛੋਟ ਦਿੱਤੀ ਹੋਈ ਸੀ। ਪਹਿਲੇ ਤਿੰਨ ਮਹੀਨਿਆਂ ਵਿਚ ਹੀ ਪੁਲਿਸ ਨੇ 37 ਨਕਸਲੀ 'ਮੁਕਾਬਲਿਆਂ' ਵਿਚ ਮਾਰ ਦਿੱਤੇ। ਕਮੇਟੀ ਨੇ ਹਰ ਮਾਮਲੇ 'ਚ ਲਾਸ਼ਾਂ ਲੈਣ ਅਤੇ ਦੁਬਾਰਾ ਪੋਸਟ-ਮਾਰਟਮ ਲਈ ਸੰਘਰਸ਼ ਕੀਤਾ ਅਤੇ ਜਨਤਕ ਇਕੱਠ ਕਰਕੇ ਲਾਸ਼ਾਂ ਦੇ ਸੰਸਕਾਰ ਕੀਤੇ ਗਏ। ਲਾਸ਼ਾਂ ਵਾਰਿਸਾਂ ਨੂੰ ਸੌਂਪ ਦੇਣ ਤੋਂ ਬਾਅਦ ਵੀ ਪੁਲਿਸ ਫਟਾਫਟ ਲਾਸ਼ ਜਲਾਉਣ ਲਈ ਦਬਾਅ ਪਾਉਂਦੀ ਰਹੀ ਤਾਂ ਜੋ ਲੋਕ ਸ਼ਾਮਲ ਨਾ ਹੋ ਸਕਣ। ਗ਼ਦਰ ਨੂੰ ਗੋਲੀਆਂ ਮਾਰ ਕੇ ਦਹਿਸ਼ਤ ਫੈਲਾਉਣ ਦੀ ਕੋਸ਼ਿਸ਼ ਵੀ ਇਸ ਲੜਾਈ ਨੂੰ ਰੋਕਣ 'ਚ ਅਸਫ਼ਲ ਰਹੀ। ਕਮੇਟੀ ਵੱਲੋਂ ਲਗਾਤਾਰ ਚਾਰ ਸਾਲ ਇਹ ਸੰਘਰਸ਼ ਲੜੇ ਗਏ। ਇਸੇ ਵਿਰਾਸਤ ਚੋਂ 2002 ਵਿਚ 'ਅਮਰੁਲਾ ਬੰਧੂ ਮਿਤਰੁਲਾ ਕਮੇਟੀ' (ਸ਼ਹੀਦ ਦੇ ਪਰਿਵਾਰਾਂ ਅਤੇ ਮਿੱਤਰਾਂ ਦੀ ਕਮੇਟੀ) ਬਣਾਈ ਗਈ। ਪਿਛਲੇ ਅਠਾਰਾਂ ਸਾਲਾਂ 'ਚ ਇਸ ਸੰਸਥਾ ਦੇ ਕਾਰਕੁਨ ਹਰ 'ਮੁਕਾਬਲੇ' ਤੋਂ ਬਾਅਦ ਤੁਰੰਤ ਘਟਨਾ-ਸਥਾਨ 'ਤੇ ਪਹੁੰਚਦੇ ਰਹੇ, ਪਰਿਵਾਰਾਂ ਨੂੰ ਨਾਲ ਲੈ ਕੇ ਲਾਸ਼ਾਂ ਹਾਸਲ ਕੀਤੀਆਂ। ਜੱਦੀ ਪਿੰਡਾਂ ਵਿਚ ਲਿਆ ਕੇ ਮਨੁੱਖੀ ਮਾਣ-ਸਨਮਾਨ ਨਾਲ ਅੰਤਿਮ ਸੰਸਕਾਰ ਅਤੇ ਸ਼ਰਧਾਂਜਲੀ ਸਮਾਗਮ ਕੀਤੇ। ਹਰ ਸਾਲ ਬਰਸੀਆਂ ਮਨਾਈਆਂ ਗਈਆਂ ਅਤੇ ਹੋਰ ਯਾਦਗਾਰੀ ਸਮਾਗਮ ਜਥੇਬੰਦ ਕੀਤੇ ਗਏ। ਸਟੇਟ ਦੀ ਲੜਾਈ ਇਨਕਲਾਬੀਆਂ/ਬਾਗ਼ੀਆਂ ਨਾਲ ਹੈ। ਜਿਉਂਦਾ ਬੰਦਾ ਹੀ ਲੜ ਸਕਦਾ ਹੈ। ਜਦੋਂ ਅਜਿਹਾ ਬੰਦਾ ਮਾਰਿਆ ਜਾਂਦਾ ਹੈ ਤਾਂ ਇਨਸਾਨੀ ਕਦਰਾਂ-ਕੀਮਤਾਂ ਅਨੁਸਾਰ ਉਸਦੀ ਲਾਸ਼ ਮਨੁੱਖੀ ਸਨਮਾਨ ਨਾਲ ਸਮੇਟੇ ਜਾਣ ਦੀ ਹੱਕਦਾਰ ਹੈ। ਪਰਿਵਾਰਾਂ ਅਤੇ ਹੋਰ ਸੰਬੰਧੀਆਂ ਦਾ ਉਸ ਨਾਲ ਡੂੰਘਾ ਭਾਵਨਾਤਮਕ ਰਿਸ਼ਤਾ ਹੁੰਦਾ ਹੈ ਅਤੇ ਆਪਣੇ ਹੱਥੀਂ ਉਸਦੀ ਮਿੱਟੀ ਸਮੇਟਣਾ ਉਨ੍ਹਾਂ ਦੀ ਇੱਛਾ ਹੁੰਦੀ ਹੈ। ਸਮਾਜ ਨੂੰ ਇਨਸਾਨ ਦੇ ਜਿਊਣਯੋਗ ਬਣਾਉਣ ਲਈ ਆਪਣੇ ਘਰ-ਪਰਿਵਾਰ ਅਤੇ ਨਿੱਜੀ ਭਵਿੱਖ ਦੇ ਸੁਪਨੇ ਤਿਆਗਕੇ ਗਏ ਉਨ੍ਹਾਂ ਪਰਿਵਾਰਾਂ ਦੇ ਸੁਪਨਸਾਜ਼ ਜਾਏ ਜਦੋਂ ਆਪਣੇ ਘਰ ਵਿਚ ਲਾਸ਼ ਦੇ ਰੂਪ 'ਚ ਵਾਪਸ ਆਉਂਦੇ ਹਨ ਤਾਂ ਉਨ੍ਹਾਂ ਦੀ ਆਮਦ ਪਰਿਵਾਰ ਅਤੇ ਹੋਰ ਹਿਤੈਸ਼ੀਆਂ ਲਈ ਬਹੁਤ ਵੱਡੇ ਮਾਇਨੇ ਰੱਖਦੀ ਹੈ, ਜਿਨ੍ਹਾਂ ਨੇ ਉਨ੍ਹਾਂ ਨੂੰ ਮੁੜ ਕਦੇ ਨਹੀਂ ਸੀ ਦੇਖਿਆ। ਜਿਨ੍ਹਾਂ ਨੇ ਵੱਡੇ ਉਦੇਸ਼ ਦੀ ਖ਼ਾਤਰ ਤੁਰ ਗਏ ਇਨਕਲਾਬੀਆਂ ਦੀ ਜੁਦਾਈ ਦੀ ਪੀੜਾ ਅਤੇ ਹਕੂਮਤ ਦੇ ਤਸ਼ੱਦਦ ਦਾ ਕਹਿਰ ਝੱਲਿਆ ਹੁੰਦਾ ਹੈ। ਪਰਿਵਾਰ ਦੇ ਉਸ ਜੀਅ ਦੇ ਵਿਚਾਰ ਚਾਹੇ ਕੋਈ ਰਹੇ ਹੋਣ, ਸਟੇਟ ਦੀਆਂ ਨਜ਼ਰਾਂ 'ਚ ਚਾਹੇ ਉਹ ਕੁਝ ਵੀ ਹੋਵੇ, ਉਨ੍ਹਾਂ ਦਾ ਇਹ ਇਨਸਾਨੀ ਹੱਕ ਹੈ ਕਿ ਆਖ਼ਰੀ ਵਾਰ ਉਸ ਨੂੰ ਦੇਖ ਸਕਣ ਅਤੇ ਉਸਨੂੰ ਮਨੁੱਖੀ ਮਾਣ-ਸਨਮਾਨ ਨਾਲ ਅੰਤਮ ਵਿਦਾਇਗੀ ਦੇ ਸਕਣ। ਭਾਰਤੀ ਰਾਜ ਮਸ਼ੀਨਰੀ ਮਨੁੱਖੀ ਭਾਵਨਾਵਾਂ ਅਤੇ ਕੌਮਾਂਤਰੀ ਪੱਧਰ 'ਤੇ ਪ੍ਰਵਾਨਤ ਇਨ੍ਹਾਂ ਕਦਰਾਂ-ਕੀਮਤਾਂ ਨੂੰ ਟਿੱਚ ਸਮਝਦੀ ਹੈ। ਬਾਗ਼ੀਆਂ ਨੂੰ ਗ਼ੈਰਕਾਨੂੰਨੀ ਤਰੀਕੇ ਨਾਲ ਮਾਰਨ ਤੋਂ ਵੀ ਕਰੂਰਤਾ ਬੰਦ ਨਹੀਂ ਹੁੰਦੀ। ਲਾਸ਼ ਦੀ ਬੇਹੁਰਮਤੀ ਨੂੰ ਲੋਕਾਂ ਨੂੰ ਦਹਿਸ਼ਤਜ਼ਦਾ ਕਰਨ ਅਤੇ ਲੋਕਾਂ ਨੂੰ ਇਹ ਅਹਿਸਾਸ ਕਰਾਉਣ ਦਾ ਹਥਿਆਰ ਬਣਾਇਆ ਜਾਂਦਾ ਹੈ ਕਿ ਹਕੂਮਤ ਵਿਰੁੱਧ ਹਥਿਆਰਬੰਦ ਬਗ਼ਾਵਤ ਕੰਧ ਨਾਲ ਟੱਕਰਾਂ ਮਾਰਨ ਬਰਾਬਰ ਹੈ। ਮੌਜੂਦਾ ਸਟੇਟ ਅਜਿੱਤ ਹੈ ਅਤੇ ਇਸ ਨਾਲ ਟਕਰਾਉਣ ਵਾਲੇ ਵਿਅਰਥ ਹੀ ਆਪਣੀਆਂ ਜਾਨਾਂ ਗਵਾ ਰਹੇ ਹਨ। ਲਿਹਾਜ਼ਾ, ਲਾਸ਼ਾਂ ਲਈ ਸੰਘਰਸ਼ ਭਾਰਤੀ ਰਾਜ ਅਤੇ ਦਬਾਈ ਹੋਈ ਜਨਤਾ ਦਰਮਿਆਨ ਮਨੁੱਖੀ ਮਾਣ-ਸਨਮਾਨ ਲਈ ਸੰਘਰਸ਼ ਹੈ: ਸਟੇਟ ਆਪਣੇ ਨਾਗਰਿਕਾਂ ਤੋਂ ਇਨਸਾਨੀ ਮਾਣ-ਸਨਮਾਨ ਖੋਹਕੇ ਉਨ੍ਹਾਂ ਨੂੰ ਹਕੂਮਤ ਦੇ ਰਹਿਮੋ-ਕਰਮ 'ਤੇ ਨਿਰਭਰ ਬੇਵੱਸ ਪਰਜਾ ਬਣਾਈ ਰੱਖਣਾ ਚਾਹੁੰਦਾ ਹੈ ਅਤੇ ਜਨਤਾ ਅੱਗੇ ਹਾਸਲ ਤਾਕਤ ਨਾਲ ਇਸ ਮਾਣ-ਸਨਮਾਨ ਨੂੰ ਹਾਸਲ ਕਰਨ ਅਤੇ ਇਸਦੀ ਰਾਖੀ ਦਾ ਸਵਾਲ ਹੈ।

ਇਹ ਮਹਿਜ਼ ਨਕਸਲੀ ਇਨਕਲਾਬੀਆਂ ਦੇ ਮਾਰੇ ਜਾਣ ਅਤੇ ਉਨ੍ਹਾਂ ਦੇ ਸੰਸਕਾਰ ਦੀਆਂ ਘਟਨਾਵਾਂ ਨਹੀਂ ਹਨ। ਇਹ ਮਨੁੱਖੀ ਪੀੜਾ, ਯਾਦਾਂ ਅਤੇ ਮਰਨ ਉਪਰੰਤ ਮਨੁੱਖੀ ਸਰੀਰ ਨੂੰ ਮਾਣ-ਸਨਮਾਨ ਨਾਲ ਵਿਦਾ ਕਰ ਦੇਣ ਦਾ ਬਹੁਪਰਤੀ ਸੰਘਰਸ਼ ਹੈ। ਅਜਿਹੇ ਹਰ ਮ੍ਰਿਤਕ ਨਾਮ ਦੇ ਪਿੱਛੇ ਇਕ ਦੁਨੀਆ ਹੈ—ਮਾਵਾਂ ਜਿਨ੍ਹਾਂ ਨੇ ਆਪਣੇ ਬੱਚਿਆਂ ਨੂੰ ਮੁੜ ਕਦੇ ਨਹੀਂ ਦੇਖਿਆ ਹੁੰਦਾ, ਗ਼ਮਗੀਨ ਸਾਥੀ ਜੋ ਅਧੂਰੇ ਕਾਜ ਦੀਆਂ ਜ਼ਿੰਮੇਵਾਰੀਆਂ ਦੇ ਬੋਝ ਹੇਠ ਦੱਬੇ ਹੁੰਦੇ ਹਨ, ਪਹਿਲਾਂ ਹੀ ਗਹਿਰੇ ਸਦਮੇ ਦੇ ਪਿੰਜੇ ਹੋਏ ਪਰਿਵਾਰ ਤੇ ਹੋਰ ਸਕੇ-ਸੰਬੰਧੀ ਹਸਪਤਾਲਾਂ ਦੇ ਬਾਹਰ ਕਈ-ਕਈ ਘੰਟੇ ਜਾਂ ਕਈ-ਕਈ ਦਿਨ ਲਾਸ਼ਾਂ ਦੀ ਸ਼ਨਾਖ਼ਤ ਲਈ ਅੰਤਹੀਨ ਇੰਤਜ਼ਾਰ ਕਰਦੇ ਹਨ।

ਲਾਸ਼ਾਂ ਹਾਸਲ ਕਰਨ ਲਈ ਬਣਾਈ ਜਥੇਬੰਦੀ ਦੇ ਮੈਂਬਰਾਂ ਦਾ ਕੰਮ ਸੌਖਾ ਨਹੀਂ ਹੈ। ਤੇਲੰਗਾਨਾ-ਆਂਧਰਾ ਪ੍ਰਦੇਸ਼ ਦੇ ਸੈਂਕੜੇ ਮਾਓਵਾਦੀ ਆਪਣੇ ਰਾਜਨੀਤਕ ਅਕੀਦੇ ਅਨੁਸਾਰ ਦੂਰ-ਦਰਾਜ਼ ਛੱਤੀਸਗੜ੍ਹ, ਮਹਾਰਾਸ਼ਟਰ, ਓੜੀਸਾ, ਝਾਰਖੰਡ ਅਤੇ ਹੋਰ ਰਾਜਾਂ ਵਿਚ ਸਰਗਰਮ ਹਨ। ਜਦੋਂ ਉਹ ਉੱਥੇ 'ਮੁਕਾਬਲਿਆਂ' ਵਿਚ ਮਾਰੇ ਦਿੱਤੇ ਜਾਂਦੇ ਹਨ ਤਾਂ ਕਮੇਟੀ ਨੂੰ ਉੱਥੇ ਜਾ ਕੇ ਲਾਸ਼ਾਂ ਲੈਣ ਲਈ ਸੰਘਰਸ਼ ਕਰਨਾ ਪੈਂਦਾ ਹੈ। ਪਰਿਵਾਰ ਮੈਂਬਰ ਪਹਿਲਾਂ ਹੀ ਡੂੰਘੇ ਸਦਮੇ 'ਚ ਹੁੰਦੇ ਹਨ। ਗ਼ਮਗੀਨ ਪਰਿਵਾਰਾਂ ਅਤੇ ਕਮੇਟੀ ਮੈਂਬਰਾਂ ਅੱਗੇ ਪੂਰੀ ਤਰ੍ਹਾਂ ਅਣਜਾਣ ਥਾਵਾਂ ਉੱਪਰ ਜਾ ਕੇ ਅਣਕਿਆਸੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ, ਕਰੂਰ ਰਾਜ-ਮਸ਼ੀਨਰੀ ਹੱਥੋਂ ਖੱਜਲ-ਖ਼ੁਆਰ ਹੋਣ, ਬੇਪਛਾਣ ਲਾਸ਼ਾਂ ਵਿੱਚੋਂ ਜਾਣਕਾਰਾਂ ਦੀ ਸ਼ਨਾਖ਼ਤ ਕਰਨ ਦੀ ਵੱਡੀ ਚੁਣੌਤੀ ਹੁੰਦੀ ਹੈ। ਉਨ੍ਹਾਂ ਦੀਆਂ ਯਾਤਰਾਵਾਂ ਸਿਰਫ਼ ਭੂਗੋਲਿਕ ਨਹੀਂ ਹੁੰਦੀਆਂ। ਇਹ ਚੇਤਿਆਂ 'ਚ ਸਾਂਭੀਆਂ ਆਪਣੇ ਪਿਆਰਿਆਂ ਦੀਆਂ ਯਾਦਾਂ, ਉਨ੍ਹਾਂ ਦੇ ਸਦੀਵੀ ਵਿਛੋੜਾ ਦੇ ਜਾਣ ਦੇ ਦੁੱਖ ਅਤੇ ਮ੍ਰਿਤਕ ਦੇਹਾਂ ਹਾਸਲ ਕਰਨ ਲਈ ਸੰਘਰਸ਼ ਦੀਆਂ ਯਾਤਰਾਵਾਂ ਹੁੰਦੀਆਂ ਹਨ।

ਆਂਧਰਾ ਪ੍ਰਦੇਸ਼ ਤੇ ਤੇਲੰਗਾਨਾ ਵਿਚ ਇਹ ਸੰਘਰਸ਼ ਲਾਸ਼ਾਂ ਲੈਣ ਅਤੇ ਅੰਤਮ ਰਸਮਾਂ ਨਿਭਾਉਣ ਤੱਕ ਸੀਮਤ ਨਹੀਂ ਹੈ। ਸੰਵੇਦਨਸ਼ੀਲ ਕਵੀਆਂ-ਕਥਾਕਾਰਾਂ ਨੇ ਇਸ ਸੰਘਰਸ਼ ਨੂੰ ਕਲਾਤਮਕ ਰੂਪ ਦੇਣ ਦਾ ਵਡਮੁੱਲਾ ਕਾਰਜ ਕੀਤਾ ਹੈ। ਮਹਿਜ਼ ਇਤਿਹਾਸ ਜਾਂ ਲਿਖਤਾਂ ਲਈ ਮਨੁੱਖੀ ਭਾਵਨਾਵਾਂ ਨੂੰ ਬਿਆਨ ਕਰਨਾ ਸੰਭਵ ਨਹੀਂ ਹੈ। ਆਂਧਰਾ ਪ੍ਰਦੇਸ਼ ਦੀ ਸਾਬਕਾ ਨਕਸਲੀ ਕਾਰਕੁੰਨ ਪਦਮਾ ਕੁਮਾਰੀ ਨੇ ਇਹ ਕਾਰਜ ਆਪਣੀਆਂ ਕਹਾਣੀਆਂ ਵਿਚ ਕੀਤਾ ਹੈ। ਕਹਾਣੀ ਅਤੇ ਕਵਿਤਾ ਵਰਗੀ ਰਚਨਾਤਮਕ ਵਿਧਾਵਾਂ ਹੀ ਇਸ ਗਹਿਰੇ ਮਾਨਵੀ ਯਥਾਰਥ ਨੂੰ ਸੱਚੇ ਮਾਇਨਿਆਂ ਚ ਚਿਤਰਣ ਕਰ ਸਕਦੀਆਂ ਹਨ ਅਤੇ ਮਨੁੱਖੀ ਭਾਵਨਾਵਾਂ ਨੂੰ ਪ੍ਰਗਟਾ ਸਕਦੀਆਂ ਹਨ। ਉਸ ਦੀਆਂ ਕਹਾਣੀਆਂ ਸ਼ਹੀਦਾਂ ਦੀ ਵਿਰਾਸਤ, ਪਰਿਵਾਰ ਵਾਲਿਆਂ ਦੀ ਪੀੜਾ ਅਤੇ ਵਿਰੋਧ ਦੀ ਤਾਕਤ ਨੂੰ ਜੀਵੰਤ ਕਰਦੀਆਂ ਹਨ। ਉਸ ਨੇ ਉਨ੍ਹਾਂ ਭਾਵਨਾਵਾਂ ਨੂੰ ਰਚਨਾਤਮਕ ਰੂਪ ਦਿੱਤਾ ਹੈ ਜਿਸ ਪੀੜਾ, ਰੋਹ, ਬੇਵਸੀ ਅਤੇ ਯਾਦਾਂ ਦੀਆਂ ਵਿਸ਼ਾਲ ਲਹਿਰਾਂ 'ਚੋਂ ਉਹ ਖ਼ੁਦ ਗੁਜ਼ਰ ਚੁੱਕੀ ਹੈ। ਪਦਮਾ ਦੀਆਂ ਕਹਾਣੀਆਂ ਵਿਚ, ਚਾਹੇ ਸਿੱਧੀਆਂ ਹੋਣ ਜਾਂ ਪ੍ਰਤੀਕਾਂ ਰਾਹੀਂ, ਇਹ ਸਾਰੀਆਂ ਭਾਵਨਾਵਾਂ ਜੀਵੰਤ ਹਨ। ਜਦੋਂ ਤੱਕ ਇਹ ਕਹਾਣੀਆਂ ਰਹਿਣਗੀਆਂ, ਜਾਨਾਂ ਵਾਰ ਗਏ ਇਨਕਲਾਬੀ ਸਿਰਫ਼ ਯਾਦਾਂ ਵਿਚ ਹੀ ਨਹੀਂ, ਸਗੋਂ ਜਿਉਂਦੀਆਂ-ਜਾਗਦੀਆਂ ਯਾਦਾਂ ਵਿਚ ਆਪਣੇ ਲੋਕਾਂ ਦੇ ਅੰਗ-ਸੰਗ ਰਹਿਣਗੇ। ਬੇਸ਼ੱਕ, ਹਕੂਮਤ ਯਾਦਗਾਰਾਂ ਨੂੰ ਢਾਹ ਕੇ ਇਨ੍ਹਾਂ ਯਾਦਾਂ ਨੂੰ ਮਿਟਾਉਣ ਦੀ ਕਿੰਨੀ ਵੀ ਕੋਸ਼ਿਸ਼ ਕਰੇ, ਲੋਕਾਈ ਦੇ ਮਨਾਂ 'ਚੋਂ ਇਸ ਨੂੰ ਮਿਟਾਇਆ ਨਹੀਂ ਜਾ ਸਕਦਾ। ਜਿਵੇਂ ਬਰਤਾਨਵੀ ਰਾਜ ਵਿਰੁੱਧ ਬਗ਼ਾਵਤ ਦੀ ਅਗਵਾਈ ਕਰਨ ਵਾਲੇ ਬਿਰਸਾ ਮੁੰਡਾ ਵਰਗੇ ਬਾਗ਼ੀ ਆਦਿਵਾਸੀਆਂ ਲਈ ਲੋਕ ਨਾਇਕ ਸਨ, ਉਸੇ ਤਰ੍ਹਾਂ ਅਜੋਕੇ ਭਾਰਤੀ ਰਾਜ ਵਿਰੁੱਧ ਆਦਿਵਾਸੀਆਂ, ਦਲਿਤਾਂ ਤੇ ਹੋਰ ਦੱਬੇ-ਕੁਚਲਿਆਂ ਲਈ ਲੜਨ ਵਾਲੇ ਨਕਸਲੀ ਲੋਕ ਨਾਇਕ ਹਨ। ਬਰਤਾਨਵੀ ਬਸਤੀਵਾਦੀ ਹੁਕਮਰਾਨਾਂ ਵਾਂਗ ਅਜੋਕੇ ਭਾਰਤੀ ਹੁਕਮਰਾਨ ਵੀ ਉਨ੍ਹਾਂ ਨਾਮੋ-ਨਿਸ਼ਾਨ ਮਿਟਾ ਕੇ ਆਪਣਾ ਰਾਜ ਸੁਰੱਖਿਅਤ ਕਰਨਾ ਚਾਹੁੰਦੇ ਹਨ। ਲੋਕ ਇਸ ਨੂੰ ਆਪਣੇ ਤਰੀਕੇ ਨਾਲ ਜ਼ਿੰਦਾ ਰੱਖਦੇ ਹਨ ਜਿਸ ਨੂੰ ਮਿਟਾਉਣਾ ਜਾਬਰ ਹਕੂਮਤ ਦੇ ਵੱਸ ਦੀ ਗੱਲ ਨਹੀਂ ਹੈ।

# ਸ਼ਹਿਰੀਕਰਣ ਲਈ ਖੇਤੀ ਅਧੀਨ ਜ਼ਮੀਨ ਦੇ ਸਰਕਾਰੀ ਗ੍ਰਹਿਣ ਦੀ ਸਕੀਮ

**ਸੁੱਚਾ ਸਿੰਘ ਗਿੱਲ**

ਪੰਜਾਬ ਵਿੱਚ ਸ਼ਹਿਰੀ ਵਿਕਾਸ ਦੇਸ਼ ਦੇ ਮੁਕਾਬਲੇ ਤੇਜ਼ੀ ਨਾਲ ਹੋ ਰਿਹਾ ਹੈ। 2011 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਵਿੱਚ 37.48% ਵਸੋਂ ਸ਼ਹਿਰਾਂ ਵਿੱਚ ਰਹਿ ਰਹੀ ਸੀ। ਇਸ ਦੇ ਮੁਕਾਬਲੇ ਭਾਰਤ ਵਿੱਚ 31.15% ਵਸੋਂ ਹੀ ਸ਼ਹਿਰਾਂ ਵਿੱਚ ਰਹਿ ਰਹੀ ਸੀ। ਦੇਸ਼ ਵਿੱਚ 2021 ਦੌਰਾਨ ਮਰਦਮਸ਼ੁਮਾਰੀ ਨਹੀਂ ਕੀਤੀ ਗਈ ਇਸ ਕਰਕੇ ਸ਼ਹਿਰੀ ਵਸੋਂ ਦੇ ਸਹੀ ਅੰਕੜੇ ਦੇਸ਼ ਅਤੇ ਸੂਬਿਆਂ ਬਾਰੇ ਮੌਜੂਦ ਨਾ ਹੋਣ ਕਰਕੇ ਕੁੱਝ ਅਨੁਮਾਨ ਹੀ ਹਨ। ਨੀਤੀ ਆਯੋਗ, ਭਾਰਤ ਸਰਕਾਰ ਦੇ ਅਨੁਮਾਨ ਅਨੁਸਾਰ 2023 ਵਿੱਚ 42% ਪੰਜਾਬ ਦੀ ਵਸੋਂ ਸ਼ਹਿਰਾਂ ਵਿੱਚ ਰਹਿ ਰਹੀ ਸੀ। ਇਸ ਕਰਕੇ ਪੰਜਾਬ ਦੇ ਸ਼ਹਿਰਾਂ ਦਾ ਫੈਲਾਅ ਤੇਜ਼ ਰਫ਼ਤਾਰ ਨਾਲ ਹੋ ਰਿਹਾ ਹੈ। ਇਨ੍ਹਾਂ ਵਿਚੋਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ ਅਤੇ ਮੋਹਾਲੀ ਸ਼ਹਿਰ ਜ਼ਿਆਦਾ ਰਫ਼ਤਾਰ ਨਾਲ ਫੈਲ ਰਹੇ ਹਨ। ਇਸ ਕਰਕੇ ਪੰਜਾਬ ਸਰਕਾਰ ਵਲੋਂ ਇਨ੍ਹਾਂ ਸ਼ਹਿਰਾਂ ਦੇ ਆਸਪਾਸ ਦੀ ਖੇਤੀ ਅਧੀਨ ਜ਼ਮੀਨ ਨੂੰ ਗ੍ਰਹਿਣ ਕਰਕੇ ਘਰਾਂ ਦੀ ਉਸਾਰੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਪਿਛਲੇ ਦਿਨੀਂ ਲੁਧਿਆਣਾ ਸ਼ਹਿਰ ਦੇ ਨੇੜਲੇ 32 ਪਿੰਡਾਂ ਦੀ 24311 ਏਕੜ ਜ਼ਮੀਨ ਗ੍ਰਹਿਣ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਤਰ੍ਹਾਂ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ ਕਿ ਪੰਜਾਬ ਦੇ ਬਾਕੀ 165 ਸ਼ਹਿਰਾਂ ਦੇ ਲਾਗਲੇ ਪਿੰਡਾਂ ਦੀ ਜ਼ਮੀਨ ਨੂੰ ਵੀ ਗ੍ਰਹਿਣ ਕਰਕੇ ਸ਼ਹਿਰੀ ਕਲੋਨੀਆਂ ਵਸਾਈਆਂ ਜਾਣਗੀਆਂ। ਇਹ ਕਾਰਜ਼ ਪੁਡਾ (ਪੰਜਾਬ ਅਰਬਨ ਅਸਟੇਟ ਅਥਾਰਟੀ) ਰਾਹੀਂ ਪੂਰਾ ਕੀਤਾ ਜਾਵੇਗਾ। ਇਸ ਦੀ ਜ਼ਰੂਰਤ ਅਤੇ ਅਸਲੀਅਤ ਬਾਰੇ ਕਿਸਾਨੀ ਹਲਕਿਆਂ ਅਤੇ ਮੀਡੀਆ ਵਿੱਚ ਚਰਚਾ ਚੱਲ ਰਹੀ ਹੈ।

ਆਰਥਿਕ ਵਿਕਾਸ ਨਾਲ ਸ਼ਹਿਰਾਂ ਵਿੱਚ ਸਨਅਤੀ ਤਰੱਕੀ ਅਤੇ ਵਪਾਰਕ ਗਤੀਵਿਧੀਆਂ ਵੱਧ ਜਾਂਦੀਆਂ ਹਨ। ਸ਼ਹਿਰਾਂ ਅਤੇ ਕਸਬਿਆਂ ਦੀ ਆਬਾਦੀ ਤੇਜ਼ੀ ਨਾਲ ਵੱਧਣ ਲੱਗ ਪੈਂਦੀ ਹੈ। ਸ਼ਹਿਰਾਂ ਦੇ ਫੈਲਣ ਨਾਲ ਨੇੜਲੇ ਪਿੰਡ ਅਤੇ ਉਨ੍ਹਾਂ ਦੀ ਖੇਤੀਬਾੜੀ ਵਾਲੀ ਜ਼ਮੀਨ ਸ਼ਹਿਰੀਕਰਣ ਦਾ ਹਿੱਸਾ ਬਣ ਜਾਂਦੇ ਹਨ। ਇਸ ਤੋਂ ਇਲਾਵਾ ਪਿੰਡਾਂ ਨੂੰ ਆਪਸ ਵਿੱਚ ਜੋੜਨ ਅਤੇ ਸ਼ਹਿਰਾਂ ਨੂੰ ਸ਼ਹਿਰਾਂ ਨਾਲ ਜੋੜਨ ਲਈ ਸੜਕਾਂ, ਰੇਲਾਂ ਅਤੇ ਹਵਾਈ ਅੱਡਿਆਂ ਦਾ ਨਿਰਮਾਣ ਕੀਤਾ ਜਾਂਦਾ ਹੈ। ਇਸ ਨੂੰ ਆਰਥਿਕ ਢਾਂਚੇ ਦੀ ਉਸਾਰੀ ਦਾ ਨਾਮ ਦਿੱਤਾ ਜਾਂਦਾ ਹੈ। ਇਨ੍ਹਾਂ ਕ੍ਰਿਆਵਾਂ ਦੌਰਾਨ ਖੇਤੀਬਾੜੀ ਅਤੇ ਜੰਗਲਾਂ ਹੇਠ ਜ਼ਮੀਨ ਘਟਣ ਲਗਦੀ ਹੈ। ਪਰ ਵੱਧਦੀ ਆਬਾਦੀ ਨੂੰ ਭੋਜਨ ਉਪਲਬਧ ਕਰਾਉਣ ਵਾਸਤੇ ਖੇਤੀ ਅਧੀਨ ਰਕਬੇ ਨੂੰ ਬਚਾਉਣ ਦੀ ਜ਼ਰੂਰਤ ਪੈਦਾ ਹੋ ਜਾਂਦੀ ਹੈ। ਜ਼ਮੀਨ ਇੱਕ ਸਥਿਰ ਸਾਧਨ ਹੈ, ਇਸ ਨੂੰ ਮਨੁੱਖੀ ਕੋਸ਼ਿਸ਼ਾਂ ਨਾਲ ਵਧਾਇਆ ਨਹੀਂ ਜਾ ਸਕਦਾ। ਇਸ ਕਰਕੇ ਖੇਤੀ ਵਾਲੀ ਜ਼ਮੀਨ ਦੀ ਵਰਤੋਂ ਸੰਜਮ ਅਤੇ ਕਫਾਇਤ ਨਾਲ ਕਰਨ ਦੀ ਧਾਰਨਾ ਪ੍ਰਚੱਲਿਤ ਹੋ ਗਈ ਹੈ। ਇਸ ਦਾ ਮਤਲਬ ਇਹ ਹੈ ਕਿ ਖੇਤੀਬਾੜੀ ਹੇਠ ਰਕਬੇ ਨੂੰ ਬੜੇ ਸੰਜਮ ਅਤੇ ਕਫਾਇਤ ਨਾਲ ਹੀ ਸ਼ਹਿਰਾਂ ਦੇ ਫੈਲਣ ਵਾਸਤੇ ਵਰਤਿਆ ਜਾਵੇ। ਲੁਧਿਆਣਾ ਅਤੇ ਹੋਰ ਸ਼ਹਿਰਾਂ ਦੇ ਵਿਕਾਸ ਵਾਸਤੇ ਖੇਤੀਬਾੜੀ ਹੇਠ ਜ਼ਮੀਨ ਨੂੰ ਗ੍ਰਹਿਣ ਕਰਨ ਦਾ ਮਾਮਲਾ ਇਸ ਕਸੌਟੀ ਨਾਲ ਹੀ ਪਰਖਣਾ ਚਾਹੀਦਾ ਹੈ।

ਜਿੰਨੀ ਜ਼ਮੀਨ ਸਰਕਾਰ ਵਲੋਂ ਗ੍ਰਹਿਣ ਕਰਨ ਦਾ ਫੈਸਲਾ ਕੀਤਾ ਗਿਆ ਹੈ ਕੀ ਉਤਨੀ ਮਾਤਰਾ ਵਿੱਚ ਜ਼ਮੀਨ ਦੀ ਜ਼ਰੂਰਤ ਹੈ ? ਇਸ ਦਾ ਫੈਸਲਾ ਲੁਧਿਆਣਾ ਅਤੇ ਦੂਜੇ ਸ਼ਹਿਰਾਂ ਦਾ ਸਰਵੇਖਣ ਕਰਕੇ ਲਗਾਇਆ ਜਾ ਸਕਦਾ ਹੈ ਕਿ ਕਿੰਨੇ ਘਰ ਅਤੇ ਪਲਾਟ ਖਾਲੀ ਪਏ ਹਨ ਅਤੇ ਮੌਜੂਦਾ ਸਮੇਂ ਕਿੰਨੇ ਪਰਿਵਾਰ ਬੇਘਰੇ ਹਨ ? ਦੇਸ਼ ਵਿੱਚ 2021 ਦੀ ਜਨਗਣਨਾ ਨਾ ਹੋਣ ਕਾਰਨ ਲੁਧਿਆਣਾ ਵਿੱਚ ਖ਼ਾਲੀ ਘਰਾਂ ਬਾਰੇ ਸਰਕਾਰੀ ਤੌਰ 'ਤੇ ਅੰਕੜੇ ਉਪਲਬਧ ਨਹੀਂ ਹਨ। ਜੇਕਰ ਸ਼ਹਿਰਾਂ ਵਿੱਚ 20%-25% ਘਰ/ਪਲਾਂਟ ਖਾਲੀ ਹਨ ਅਤੇ 20%-25% ਪਰਿਵਾਰ ਬੇਘਰ ਹਨ ਤਾਂ ਆਲੇ ਦੁਆਲੇ ਦੇ ਪਿੰਡਾਂ ਦੀ ਜ਼ਮੀਨ ਗ੍ਰਹਿਣ ਕਰਨ ਦੀ ਜ਼ਰੂਰਤ ਨਹੀਂ ਹੈ। ਇਹ ਆਮ ਲੋਕਾਂ ਅਤੇ ਮੀਡੀਆ ਦੀ ਜਾਣਕਾਰੀ ਵਿੱਚ ਨਹੀਂ ਹੈ ਕਿ ਸਰਕਾਰ ਵਲੋਂ ਐਸਾ ਕੋਈ ਸਰਵੇਖਣ ਕਰਵਾਇਆ ਗਿਆ ਹੈ। ਇਸ ਕਰਕੇ ਸਰਕਾਰ ਵਲੋਂ ਐਨੇ ਪਿੰਡਾਂ ਦੀ ਖੇਤੀਬਾੜੀ ਹੇਠ ਜ਼ਮੀਨ ਨੂੰ ਗ੍ਰਹਿਣ ਕਰਨ ਦਾ ਫੈਸਲਾ ਤੱਥਾਂ ਤੇ ਆਧਾਰਤ ਨਹੀਂ ਹੈ। ਇਹ ਫੈਸਲਾ ਆਪਹੁਦਰਾ ਅਤੇ ਮਨਮਰਜ਼ੀ ਵਾਲਾ ਹੈ। ਇਹ ਫੈਸਲਾ ਗ਼ਰੀਬਾਂ ਅਤੇ ਮੱਧ ਵਰਗ ਨੂੰ ਸਸਤੇ ਮਕਾਨ/ਪਲਾਟ ਮੁਹੱਈਆ ਕਰਵਾਉਣ ਤੋਂ ਪ੍ਰੇਰਿਤ ਨਹੀਂ ਹੈ। ਸਗੋਂ ਇਹ ਫੈਸਲਾ ਕਿਸਾਨਾਂ ਦੇ ਉਜਾੜੇ ਦਾ ਕਾਰਨ ਬਣ ਸਕਦਾ ਹੈ। ਇਹ ਮੁੱਦਾ ਗੰਭੀਰਤਾ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ।



*ਆਰਥਿਕ ਵਿਕਾਸ ਨਾਲ ਸ਼ਹਿਰਾਂ ਵਿੱਚ ਸਨਅਤੀ ਤਰੱਕੀ ਅਤੇ ਵਪਾਰਕ ਗਤੀਵਿਧੀਆਂ ਵੱਧ ਜਾਂਦੀਆਂ ਹਨ। ਸ਼ਹਿਰਾਂ ਅਤੇ ਕਸਬਿਆਂ ਦੀ ਆਬਾਦੀ ਤੇਜ਼ੀ ਨਾਲ ਵੱਧਣ ਲੱਗ ਪੈਂਦੀ ਹੈ। ਸ਼ਹਿਰਾਂ ਦੇ ਫੈਲਣ ਨਾਲ ਨੇੜਲੇ ਪਿੰਡ ਅਤੇ ਉਨ੍ਹਾਂ ਦੀ ਖੇਤੀਬਾੜੀ ਵਾਲੀ ਜ਼ਮੀਨ ਸ਼ਹਿਰੀਕਰਣ ਦਾ ਹਿੱਸਾ ਬਣ ਜਾਂਦੇ ਹਨ। ਇਸ ਤੋਂ ਇਲਾਵਾ ਪਿੰਡਾਂ ਨੂੰ ਆਪਸ ਵਿੱਚ ਜੋੜਨ ਅਤੇ ਸ਼ਹਿਰਾਂ ਨੂੰ ਸ਼ਹਿਰਾਂ ਨਾਲ ਜੋੜਨ ਲਈ ਸੜਕਾਂ, ਰੇਲਾਂ ਅਤੇ ਹਵਾਈ ਅੱਡਿਆਂ ਦਾ ਨਿਰਮਾਣ ਕੀਤਾ ਜਾਂਦਾ ਹੈ। ਇਸ ਨੂੰ ਆਰਥਿਕ ਢਾਂਚੇ ਦੀ ਉਸਾਰੀ ਦਾ ਨਾਮ ਦਿੱਤਾ ਜਾਂਦਾ ਹੈ। – ਸੰਪਾਦਕ*

ਸਰਕਾਰ ਵਲੋਂ ਖੇਤੀਬਾੜੀ ਹੇਠ ਜ਼ਮੀਨ ਨੂੰ ਗ੍ਰਹਿਣ ਕਰਕੇ ਸ਼ਹਿਰੀਕਰਣ ਨੂੰ ਉਤਸ਼ਾਹਿਤ ਕਰਨ ਦੇ ਮੁੱਦੇ ਨੂੰ ਵਿਚਾਰਨ ਲਈ ਕੇਂਦਰ ਸਰਕਾਰ ਵਲੋਂ ਪਾਸ ਕੀਤੇ ਭੂਮੀ ਗ੍ਰਹਿਣ, ਪੁਨਰਵਾਸ ਅਤੇ ਮੁੜ ਵਸੇਬਾ ਵਿੱਚ ਯੋਗ ਮੁਆਵਜ਼ਾ ਅਤੇ ਪਾਰਦਰਸ਼ਤਾ ਦਾ ਅਧਿਕਾਰ ਐਕਟ, 2013 (The Right To Fair Compensation and Transparency In Land Acquisition Act, 2013) ਨੂੰ ਵਿਚਾਰਨਾ ਵਾਜਬ ਲਗਦਾ ਹੈ। ਇਸ ਐਕਟ ਅਨੁਸਾਰ ਸਰਕਾਰ ਵਲੋਂ ਆਪਣੇ ਲਈ ਜਾਂ ਪ੍ਰਾਈਵੇਟ ਸੈਕਟਰ ਵਾਸਤੇ ਕਿਸੇ ਪਿੰਡ ਦੀ ਭੂਮੀ ਨੂੰ ਗ੍ਰਹਿਣ ਕਰਨ ਸਮੇਂ ਪਾਰਦਰਸ਼ਤਾ ਵਰਤੀ ਜਾਵੇਗੀ। ਇਸ ਤੋਂ ਇਲਾਵਾ ਪ੍ਰਭਾਵਿਤ ਲੋਕਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇਗਾ ਅਤੇ ਲੋਕਾਂ ਦੇ ਪੁਨਰਵਾਸ ਦਾ ਉਚਿਤ ਪ੍ਰਬੰਧ ਵੀ ਕੀਤਾ ਜਾਵੇਗਾ। ਪਾਰਦਰਸਤਾ ਲਈ ਇਹ ਨਿਰਧਾਰਤ ਕੀਤਾ ਗਿਆ ਹੈ ਕਿ ਪਬਲਿਕ ਸੈਕਟਰ ਵਲੋਂ ਭੂਮੀ ਗ੍ਰਹਿਣ ਕਰਨ ਤੋਂ ਪਹਿਲਾਂ ਘਟੋ ਘਟ 70% ਪ੍ਰਭਾਵਿਤ ਪਰਿਵਾਰਾਂ ਤੋਂ ਸਹਿਮਤੀ ਲੈਣਾ ਜ਼ਰੂਰੀ ਹੈ। ਪ੍ਰਾਈਵੇਟ ਸੈਕਟਰ ਵਾਸਤੇ ਭੂਮੀ ਗ੍ਰਹਿਣ ਕਰਨ ਤੋਂ ਪਹਿਲਾਂ 80% ਪ੍ਰਭਾਵਿਤ ਪਰਿਵਾਰਾਂ ਦੀ ਸਹਿਮਤੀ ਨੂੰ ਜ਼ਰੂਰੀ ਬਣਾਇਆ ਗਿਆ ਹੈ। ਪ੍ਰਭਾਵਿਤ ਪਰਿਵਾਰਾਂ ਤੋਂ ਸਹਿਮਤੀ ਲੈਣ ਸਮੇਂ ਸਮਾਜਿਕ ਪ੍ਰਭਾਵ ਵਿਸ਼ਲੇਸ਼ਣ ਅਧਿਐਨ (Social Impact Analysis Study) ਕੀਤਾ ਜਾਵੇਗਾ। ਇਸ ਅਧਿਐਨ ਦਾ ਮੰਤਵ ਇਹ ਕਿ ਭੂਮੀ ਗ੍ਰਹਿਣ ਕਰਨ ਨਾਲ ਇਹ ਅੰਦਾਜ਼ਾ ਲਗਾਇਆ ਜਾਵੇ ਕਿ ਪ੍ਰਭਾਵਿਤ ਪਰਿਵਾਰਾਂ ਤੇ ਕਿੰਨਾ ਅਤੇ ਕਿਹੋ ਜਿਹਾ ਅਸਰ ਪਵੇਗਾ। ਇਸ ਅਧਿਐਨ ਨਾਲ ਪ੍ਰਭਾਵਿਤ ਪਰਿਵਾਰਾਂ ਨੂੰ ਯੋਗ ਮੁਆਵਜ਼ੇ ਦਾ ਨਾਲ ਨਾਲ ਉਨ੍ਹਾਂ ਦੇ ਪੁਨਰਵਾਸ ਦਾ ਪ੍ਰਬੰਧ ਕਰਨ ਦੀਆਂ ਸਿਫਾਰਸ਼ਾਂ ਕਰਨਾ ਵੀ ਸ਼ਾਮਲ ਹੈ। ਪ੍ਰਭਾਵਿਤ ਪਰਿਵਾਰਾਂ ਵਿੱਚ ਜ਼ਮੀਨ ਦੇ ਮਾਲਕਾਂ ਤੋਂ ਇਲਾਵਾ ਉਹ ਪਰਿਵਾਰ ਵੀ ਮੁਆਵਜ਼ੇ ਅਤੇ ਪੁਨਰਵਾਸ ਵਾਸਤੇ ਸ਼ਾਮਲ ਕੀਤੇ ਗਏ ਹਨ ਜਿਨ੍ਹਾਂ ਕੋਲ ਜ਼ਮੀਨ ਦੀ ਮਾਲਕੀ ਨਹੀਂ ਹੁੰਦੀ। ਪਰ ਜ਼ਮੀਨ ਗ੍ਰਹਿਣ ਕਰਨ ਦੀ ਪ੍ਰਕਿਰਿਆ ਤੋਂ ਉਨ੍ਹਾਂ ਦੀ ਉਪਜੀਵਕਾ ਪ੍ਰਭਾਵਿਤ ਹੁੰਦੀ ਹੈ। ਸਮਾਜਿਕ ਪ੍ਰਭਾਵ ਵਿਸ਼ਲੇਸ਼ਣ ਕਿਸੇ ਖ਼ੁਦਮੁਖ਼ਤਿਆਰ ਸੰਸਥਾ ਜਿਵੇਂ ਯੂਨੀਵਰਸਿਟੀ ਜਾਂ ਖੋਜ ਇੰਸਟੀਚਿਊਟ ਤੋਂ ਸਬੰਧਤ ਪੰਚਾਇਤ/ਲੋਕਲ ਬਾਡੀ ਦੇ ਸਹਿਯੋਗ ਨਾਲ ਸੰਪੂਰਨ ਕਰਵਾਇਆ ਜਾਵੇਗਾ। ਸਰਕਾਰ ਇਹ ਵੀ ਸੁਨਿਸ਼ਚਿਤ ਕਰੇਗੀ ਕਿ ਸਮਾਜਿਕ ਪ੍ਰਭਾਵ ਵਿਸ਼ਲੇਸ਼ਣ ਅਧਿਐਨ ਸਮੇਂ ਪੰਚਾਇਤ/ਲੋਕਲ ਬਾਡੀ ਦੀ ਸ਼ਮੂਲੀਅਤ ਗ੍ਰਾਮ ਸਭਾ ਰਾਂਹੀ ਕੀਤੀ ਜਾਵੇਗੀ। ਇਹ ਅਧਿਐਨ ਜ਼ਮੀਨ ਗ੍ਰਹਿਣ ਕਰਨ ਤੋਂ ਪਹਿਲਾਂ ਛੇ ਮਹੀਨੇ ਵਿੱਚ ਪੂਰਾ ਕਰਵਾਇਆ ਜਾਵੇਗਾ ਤਾਂ ਕਿ ਲੋਕਾਂ ਨੂੰ ਪਤਾ ਹੋਵੇ ਕਿ ਉਨ੍ਹਾਂ ਦੇ ਪਿੰਡ ਦੀ ਜ਼ਮੀਨ ਸਰਕਾਰ ਵਲੋਂ ਗ੍ਰਹਿਣ ਕੀਤੀ ਜਾ ਰਹੀ ਹੈ। ਇਸ ਅਧਿਐਨ ਦਾ ਮਕਸਦ ਹੈ ਕਿ (1) ਲੋਕਾਂ ਨੂੰ ਪਤਾ ਹੋਵੇ ਕਿ ਜ਼ਮੀਨ ਪਬਲਿਕ ਜਾਂ ਪ੍ਰਾਈਵੇਟ ਸੈਕਟਰ ਵਾਸਤੇ ਗ੍ਰਹਿਣ ਕੀਤੀ ਜਾ ਰਹੀ ਹੈ; (2) ਇਹ ਅੰਦਾਜ਼ਾ ਲਗਾਇਆ ਜਾ ਸਕੇ ਕਿ ਭੂਮੀ ਗ੍ਰਹਿਣ ਹੋਣ ਨਾਲ ਕਿੰਨੇ ਪਰਿਵਾਰਾਂ ਦਾ ਉਜਾੜਾ ਹੋਵੇਗਾ: (3) ਪ੍ਰਾਜੈਕਟ ਵਾਸਤੇ ਸਿਰਫ਼ ਘੱਟੋ ਘੱਟ ਜ਼ਮੀਨ ਹੀ ਗ੍ਰਹਿਣ ਕੀਤੀ ਜਾ ਰਹੀ ਹੈ; (4) ਕਿਸੇ ਬਦਲਵੇਂ ਭੂਮੀ ਜਾਂ ਸਥਾਨ ਤੇ ਪ੍ਰਾਜੈਕਟ ਲਾਉਣ ਬਾਰੇ ਪਹਿਲਾਂ ਵਿਚਾਰ ਕੀਤਾ ਗਿਆ ਸੀ ਜਾਂ ਨਹੀਂ; (5) ਇਸ ਦੇ ਨਾਲ ਹੀ ਪ੍ਰਾਜੈਕਟ ਦਾ ਵਾਤਾਵਰਣ ਤੇ ਪੈਣ ਵਾਲੇ ਪ੍ਰਭਾਵਾਂ ਦਾ ਵਿਸ਼ਲੇਸ਼ਣ ਵੀ ਕਰਨਾ ਵੀ ਜ਼ਰੂਰੀ ਹੈ। ਇਨ੍ਹਾਂ ਰਿਪੋਰਟਾਂ ਦਾ ਅਧਿਐਨ ਇਕ ਨਿਰਪੱਖ ਮਾਹਿਰਾਂ ਦੇ ਗਰੁੱਪ ਵਲੋਂ ਕਰਨ ਤੋਂ ਬਾਅਦ ਹੀ ਭੂਮੀ ਗ੍ਰਹਿਣ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਸਕਦੀ ਹੈ।

ਸਰਕਾਰ ਵਲੋਂ ਲੁਧਿਆਣਾ ਸ਼ਹਿਰ ਦੇ ਨੇੜਲੇ ਪਿੰਡਾਂ ਦੇ ਜ਼ਮੀਨ ਗ੍ਰਹਿਣ ਕਰਨ ਲਈ 2013 ਦੇ ਐਕਟ ਦੀ ਭਾਵਨਾ ਅਤੇ ਧਾਰਾਵਾਂ ਦੀ ਪਾਲਣਾ ਕਰਨ ਬਾਰੇ ਕੋਈ ਸੰਕੇਤ ਨਹੀਂ ਦਿੱਤੇ ਗਏ। ਪ੍ਰਭਾਵਿਤ ਪਿੰਡਾਂ ਦੇ ਬਾਰੇ ਕੋਈ ਸਮਾਜਿਕ ਪ੍ਰਭਾਵ ਵਿਸ਼ਲੇਸ਼ਣ ਅਤੇ ਵਾਤਾਵਰਣ ਪ੍ਰਭਾਵ ਵਿਸ਼ਲੇਸ਼ਣ ਗ੍ਰਾਮ ਪੰਚਾਇਤ ਦੀ ਸ਼ਾਮੂਲੀਅਤ ਨਾਲ ਕੀਤੇ ਗਏ ਹਨ ਜਾਂ ਨਹੀਂ। ਇਸ ਬਾਰੇ ਅਧਿਕਾਰਤ ਤੌਰ 'ਤੇ ਕੋਈ ਸੂਚਨਾ ਪ੍ਰਾਪਤ ਨਹੀਂ ਹੈ। ਇਸ ਤੱਥ ਬਾਰੇ ਵੀ ਕੋਈ ਸੂਚਨਾ ਨਹੀਂ ਹੈ ਕਿ ਨਿਰਧਾਰਿਤ ਮਾਤਰਾ ਵਿੱਚ ਜ਼ਮੀਨ ਗ੍ਰਹਿਣ ਕਰਨ ਦਾ ਫੈਸਲਾ ਕਿਸ ਆਧਾਰ ਤੇ ਕੀਤਾ ਗਿਆ ਹੈ। ਲੁਧਿਆਣਾ ਸ਼ਹਿਰ ਵਿੱਚ ਕਿੰਨੇ ਘਰ ਅਤੇ ਪਲਾਟ ਖਾਲੀ ਪਏ ਹਨ ਇਸ ਬਾਰੇ ਕੋਈ ਨਿਸ਼ਚਿਤ ਅੰਕੜੇ ਨਹੀਂ ਹਨ। ਇਸ ਤੋਂ ਇਲਾਵਾ ਇਹ ਵੀ ਪਤਾ ਨਹੀਂ ਕਿ ਐਲਾਨੇ ਪਿੰਡਾਂ ਦੀ ਜ਼ਮੀਨ ਗ੍ਰਹਿਣ ਕਰਨ ਤੋਂ ਪਹਿਲਾਂ ਕੋਈ ਹੋਰ ਵਿਕਲਪਾਂ ਬਾਰੇ ਸੋਚਿਆ ਗਿਆ ਸੀ ਜਾਂ ਨਹੀਂ। ਇੰਝ ਪ੍ਰਤੀਤ ਹੁੰਦਾ ਹੈ ਕਿ ਦੇਸ਼ ਦੇ ਭੂਮੀ ਗ੍ਰਹਿਣ ਐਕਟ 2013 ਦੇ ਉਦੇਸ਼ਾਂ ਅਤੇ ਧਾਰਾਵਾਂ ਨੂੰ ਨਜ਼ਰਅੰਦਾਜ਼ ਕਰਕੇ ਭੂਮੀ ਗ੍ਰਹਿਣ ਦਾ ਐਲਾਨ ਕੀਤਾ ਗਿਆ ਹੈ। ਸਰਕਾਰੀ ਬਿਆਨਾਂ ਅਨੁਸਾਰ ਭੂਮੀ ਗ੍ਰਹਿਣ ਸਮੇਂ ਲੈਂਡ ਪੂਲਿੰਗ ਪਾਲਿਸੀ ਅਪਣਾਈ ਜਾਵੇਗੀ। ਇਸ ਅਨੁਸਾਰ ਜ਼ਮੀਨ ਮਾਲਕਾਂ ਨੂੰ ਮੁਆਵਜ਼ੇ ਦੇ ਨਾਲ 1000 ਗਜ਼ ਦੇ ਰਿਹਾਇਸ਼ੀ ਪਲਾਟ ਅਤੇ 200 ਗਜ਼ ਦੇ ਕਰਮਸ਼ੀਲ ਪਲਾਟ ਅਲਾਟ ਕੀਤੇ ਜਾਣਗੇ। ਇਸ ਦਾ ਮਤਲਬ ਹੈ ਕਿ ਮੁਆਵਜ਼ਾ ਅਦਾ ਕਰਨ ਸਮੇਂ ਕੁੱਲ ਰਕਮ ਵਿਚੋਂ ਇਨ੍ਹਾਂ ਪਲਾਟਾਂ ਦੀ ਕੀਮਤ ਸਰਕਾਰ ਵਲੋਂ ਕੱਟ ਲਈ ਜਾਵੇਗੀ। ਪਰ ਉਜਾੜੇ ਜਾਣ ਵਾਲੇ ਬੇਜ਼ਮੀਨੇ ਪਰਿਵਾਰਾਂ ਵਾਸਤੇ ਮੁਆਵਜ਼ਾ ਅਤੇ ਪੁਨਰਵਾਸ ਬਾਰੇ ਸਰਕਾਰ ਕੋਲ ਕੋਈ ਯੋਜਨਾ ਨਹੀਂ ਹੈ। ਇਸ ਪ੍ਰਕਿਰਿਆ ਵਿੱਚ ਭੂਮੀ ਗ੍ਰਹਿਣ ਵਾਲੇ ਪਿੰਡਾਂ ਦੇ ਪਰਿਵਾਰਾਂ ਦਾ ਉਜਾੜਾ ਤਾਂ ਨਿਰਸੰਦੇਹ ਹੋਵੇਗਾ ਪਰ ਭੂਮਾਫੀਆ ਦਾ ਕਾਰੋਬਾਰ ਜ਼ਰੂਰ ਵੱਧ ਜਾਵੇਗਾ।

ਲੁਧਿਆਣਾ ਸ਼ਹਿਰ ਦੇ ਨੇੜਲੇ ਪਿੰਡਾਂ ਦੀ ਜ਼ਮੀਨ ਕਾਫੀ ਉਪਜਾਊ ਅਤੇ ਸਿੰਚਾਈ ਅਧੀਨ ਹੈ। ਇਸ ਜ਼ਮੀਨ ਤੇ ਆਮ ਤੌਰ ਤੇ ਕਿਸਾਨਾਂ ਵਲੋਂ ਦੋ ਫ਼ਸਲਾਂ ਉਗਾਈਆਂ ਜਾਂਦੀਆਂ ਹਨ। ਸਬਜ਼ੀਆਂ ਪੈਦਾ ਕਰਨ ਵਾਲੇ ਕਿਸਾਨ ਤਾਂ ਸਾਲ ਵਿੱਚ ਤਿੰਨ ਫ਼ਸਲਾਂ ਵੀ ਪੈਦਾ ਕਰ ਲੈਂਦੇ ਹਨ। ਇਸ ਕਰਕੇ 24311 ਏਕੜ ਜ਼ਮੀਨ ਨੂੰ ਗ੍ਰਹਿਣ ਕਰਨ ਨਾਲ ਸੂਬੇ ਵਿੱਚ ਖਾਧ ਪਦਾਰਥਾਂ ਦਾ ਉਤਪਾਦਨ ਘੱਟ ਜਾਵੇਗਾ। ਇਸ ਕਰਕੇ ਇਹ ਉਚਿੱਤ ਹੋਵੇਗਾ ਕਿ ਲੁਧਿਆਣਾ ਦੇ ਆਸਪਾਸ ਦੇ ਇਲਾਕੇ ਵਿੱਚ ਜਿਹੜੀ ਜ਼ਮੀਨ ਭੂਮਾਫੀਆ ਵਲੋਂ ਖਰੀਦ ਕੇ ਵਿਹਲੀ ਰੱਖੀ ਗਈ ਹੈ ਉਸ ਬਾਰੇ ਅੰਕੜੇ ਇਕੱਠੇ ਕੀਤੇ ਜਾਣ। ਲੁਧਿਆਣਾ ਸ਼ਹਿਰ ਵਿੱਚ ਰਹਿਣ ਵਾਲਿਆਂ ਨੂੰ ਪਤਾ ਹੈ ਕਿ ਕੁਝ ਬਿਲਡਰਾਂ ਅਤੇ ਅਮੀਰਾਂ ਵਲੋਂ ਕਾਫੀ ਜ਼ਮੀਨ ਨੇੜਲੇ ਪਿੰਡਾਂ ਵਿੱਚ ਖਰੀਦ ਕੇ ਇੱਟਾਂ ਜਾਂ ਟੀਨਾਂ ਦੀ ਚਾਰਦੀਵਾਰੀ ਕਰਕੇ ਮੁਨਾਫ਼ਾ ਕਮਾਉਣ ਲਈ ਖਾਲੀ ਰੱਖੀ ਹੋਈ ਹੈ। ਸਰਵੇਖਣ ਕਰਕੇ ਅੰਦਾਜ਼ਾ ਲਗਾ ਕੇ ਉਸ ਨੂੰ ਗ੍ਰਹਿਣ ਕੀਤਾ ਜਾ ਸਕਦਾ ਹੈ।

ਖੇਤੀਬਾੜੀ ਹੇਠ ਉਪਜਾਊ ਜ਼ਮੀਨ ਨੂੰ ਘੱਟੋ ਘੱਟ ਗ੍ਰਹਿਣ ਕਰਨ ਲਈ ਜ਼ਰੂਰੀ ਹੈ ਕਿ ਸ਼ਹਿਰੀਕਰਣ ਦੀ ਨੀਤੀ ਤੇ ਮੁੜ ਵਿਚਾਰ ਕੀਤਾ ਜਾਵੇ। ਸ਼ਹਿਰਾਂ ਵਿੱਚ ਇੱਕ ਜਾਂ ਦੋ ਮੰਜ਼ਲੇ ਮਕਾਨ ਬਨਾਉਣ ਦੀ ਬਜਾਏ ਬਹੁਮੰਜ਼ਿਲਾ ਮਕਾਨ/ਫਲੈਟ ਉਸਾਰੇ ਜਾ ਸਕਦੇ ਹਨ। ਦੇਸ਼ ਦੇ ਕਈ ਸ਼ਹਿਰਾਂ ਵਿੱਚ ਬਹੁਮੰਜ਼ਿਲਾ ਫਲੈਟ ਬਣਾਏ ਜਾ ਰਹੇ ਹਨ। ਲੁਧਿਆਣਾ ਸ਼ਹਿਰ ਦੇ ਆਕਾਰ ਨੂੰ ਵੇਖਦੇ ਹੋਏ ਬਹੁਮੰਜ਼ਿਲਾ ਸ਼ਾਹਿਰੀ ਮਾਡਲ ਨੂੰ ਪ੍ਰਯੋਗ ਵਿੱਚ ਲਿਆਉਣਾ ਚਾਹੀਦਾ ਹੈ। ਇਸ ਨਾਲ ਜ਼ਮੀਨ ਦੀ ਕਫਾਇਤੀ ਵਰਤੋਂ ਕੀਤੀ ਜਾ ਸਕਦੀ ਹੈ।

ਪਿਛਲੇ ਸਮੇਂ ਵਿੱਚ ਵੀ ਕਿਸਾਨਾਂ ਕੋਲੋਂ ਪੰਜਾਬ ਅਤੇ ਦੇਸ਼ ਦੇ ਕਈ ਸ਼ਹਿਰਾਂ ਵਿੱਚ ਘਰ ਬਨਾਉਣ, ਹਾਈਵੇ ਅਤੇ ਹਵਾਈ ਅੱਡਿਆਂ ਵਾਸਤੇ ਭੂਮੀ ਗ੍ਰਹਿਣ ਕੀਤੀ ਗਈ ਹੈ। ਕਿਸਾਨਾਂ ਨੂੰ ਜ਼ਮੀਨ ਗ੍ਰਹਿਣ ਕਰਨ ਤੋਂ ਬਾਅਦ ਮੁਆਵਜ਼ਾ ਦਿੱਤਾ ਗਿਆ ਪਰ ਇਨ੍ਹਾਂ ਵਿਚੋਂ ਬਹੁਤੇ ਆਪਣੇ ਤੌਰ ਤੇ ਪੁਨਰਵਾਸ ਕਰਨ ਵਿੱਚ ਸਫ਼ਲ ਨਹੀਂ ਹੋ ਸਕੇ। ਪੇਂਡੂ ਵਸੋਂ ਦੇ ਬਹੁਤੇ ਲੋਕਾਂ ਕੋਲ ਪੈਸੇ ਨੂੰ ਸੰਭਾਲ ਕੇ ਬਿਜ਼ਨਸ ਕਰਨ ਦੇ ਹੁਨਰ ਦੀ ਘਾਟ ਹੈ। ਉਨ੍ਹਾਂ ਨੂੰ ਖੇਤੀ ਦੇ ਕੰਮਾਂ ਦੀ ਸਮਝਦਾਰੀ ਹੈ ਜਿਸ ਨਾਲ ਉਹ ਆਪਣੀ ਉਪਜੀਵਕਾ ਕਮਾਉਂਦੇ ਰਹਿੰਦੇ ਹਨ। ਜ਼ਮੀਨ ਖੁੱਸਣ ਤੋਂ ਬਾਅਦ ਬਹੁਤੇ ਕਿਸਾਨ ਭੂਮੀਹੀਣ ਮਜ਼ਦੂਰਾਂ ਦੀ ਜਮਾਤ ਵਿੱਚ ਸ਼ਾਮਲ ਹੋਣ ਲਈ ਮਜਬੂਰ ਹੋ ਜਾਂਦੇ ਹਨ। ਇਸ ਵਰਤਾਰੇ ਨਾਲ ਸਮਾਜ ਵਿੱਚ ਕਈ ਤਰ੍ਹਾਂ ਦੀਆਂ ਸਮਸਿਆਵਾਂ ਪੈਦਾ ਹੋ ਜਾਂਦੀਆਂ ਹਨ। ਇਹ ਸਮਾਜ ਦੇ ਹਿੱਤ ਵਿੱਚ ਹੋਵੇਗਾ ਕਿ ਜ਼ਮੀਨ ਨੂੰ ਘੱਟੋ ਘੱਟ ਗ ?ਹਿਣ ਕਰਦੇ ਹੋਏ ਸਰਕਾਰ ਵਲੋਂ ਕਫਾਇਤ ਵਰਤੀ ਜਾਵੇ।

ਸ਼ਹਿਰੀ ਵਿਕਾਸ ਅਤੇ ਆਰਥਿਕ ਢਾਂਚੇ ਨੂੰ ਵਿਕਸਤ ਕਰਦੇ ਵਕਤ ਭੂਮੀ ਗ੍ਰਹਿਣ ਐਕਟ 2013 ਦੇ ਉਦੇਸ਼ਾਂ ਅਤੇ ਧਾਰਾਵਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। ਪੰਜਾਬ ਸਰਕਾਰ ਨੂੰ ਲੁਧਿਆਣਾ ਦੇ ਨੇੜਲੇ ਪਿੰਡਾਂ ਦੀ ਜ਼ਮੀਨ ਗ੍ਰਹਿਣ ਕਰਨ ਦੇ ਫੈਸਲੇ ਨੂੰ ਮੁੜ ਵਿਚਾਰਨ ਦੀ ਲੋੜ ਹੈ। ਸ਼ਹਿਰ ਵਿੱਚ ਖਾਲੀ ਮਕਾਨਾਂ ਅਤੇ ਪਲਾਟਾਂ ਦਾ ਸਰਵੇਖਣ ਕਰਕੇ ਉਨ੍ਹਾਂ ਦੀ ਵਰਤੋਂ ਕਰਨ ਬਾਰੇ ਸੋਚਣਾ ਠੀਕ ਲਗਦਾ ਹੈ। ਬਿਲਡਰਾਂ ਅਤੇ ਅਮੀਰਾਂ ਵਲੋਂ ਮੁਨਾਫ਼ੇ ਵਾਸਤੇ ਖਾਲੀ ਰੱਖੀ ਜ਼ਮੀਨ ਨੂੰ ਗ੍ਰਹਿਣ ਕਰਨ ਵੱਲ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕਰਨ ਨਾਲ ਪੇਂਡੂ ਲੋਕਾਂ ਦੇ ਉਜਾੜੇ ਨੂੰ ਘਟਾਇਆ ਜਾ ਸਕਦਾ ਹੈ। ਨੁਕਸਦਾਰ ਲੈਂਡ ਪੂਲਿੰਗ ਪਾਲਿਸੀ ਨੂੰ ਮੁੜ ਵਿਚਾਰਨ ਦੀ ਲੋੜ ਹੈ ਅਤੇ ਇਸ ਨੂੰ ਭੂਮੀ ਗ੍ਰਹਿਣ ਐਕਟ 2013 ਦੇ ਉਦੇਸ਼ਾਂ ਅਤੇ ਧਾਰਾਵਾਂ ਅਨੁਸਾਰ ਢਾਲਣ ਦੀ ਜ਼ਰੂਰਤ ਹੈ।

# ਅਰਜਕ ਸੰਘ : ਤਰਕਸ਼ੀਲ ਤੇ ਸਮਾਜਿਕ ਸਰੋਕਾਰ

ਡਾ. ਅਵਤਾਰ ਦੀਪ
98559-91114

'ਅਰਜਕ' ਦਾ ਸ਼ਾਬਦਿਕ ਅਰਥ ਹੈ ਸਰੀਰਕ ਮਿਹਨਤ ਕਰਕੇ ਆਪਣਾ ਗੁਜ਼ਾਰਾ ਕਰਨਾ। ਦੂਜੇ ਸ਼ਬਦਾਂ ਵਿੱਚ ਇਹ ਕਿਸਾਨਾਂ, ਹੱਥੀਂ ਕੰਮ ਕਰਨ ਵਾਲੇ ਮਜ਼ਦੂਰਾਂ, ਕਾਰੀਗਰਾਂ ਅਤੇ ਹਰ ਕਿਸਮ ਦੇ ਸਿਰਜਣਹਾਰਾਂ ਨੂੰ ਦਰਸਾਉਂਦਾ ਹੈ। ਇਹ ਉਤਪਾਦਨ ਅਤੇ ਸਿਰਜਣਾ ਵਿੱਚ ਸਰੀਰਕ ਕਿਰਤ ਨੂੰ ਸਰਵਉੱਚ ਮੰਨਦਾ ਹੈ। ਇਸ ਵਿੱਚ ਸਿਰਫ਼ ਦਲਿਤ, ਓ.ਬੀ.ਸੀ., ਆਦਿਵਾਸੀਆਂ ਅਤੇ ਮੁਸਲਮਾਨਾਂ ਆਦਿ-ਅਰਜਕ ਭਾਈਚਾਰਿਆਂ ਨੂੰ ਮੈਂਬਰ ਬਣਨ ਦੀ ਇਜਾਜ਼ਤ ਹੈ।

ਖਾਸ ਤੌਰ 'ਤੇ 1970 ਅਤੇ 80 ਦੇ ਦਹਾਕੇ ਵਿੱਚ ਅਰਜਕ ਸੰਘ ਬਹੁਤ ਮਜ਼ਬੂਤ ਸੀ ਜੋ ਭਾਰਤੀ ਰਾਜ ਉੱਤਰ ਪ੍ਰਦੇਸ਼ ਵਿੱਚ ਦਲਿਤ ਮੁਕਤੀ ਲਈ ਸਰਗਰਮ ਰੂਪ ਵਿੱਚ ਭੂਮਿਕਾ ਅਦਾ ਕਰ ਰਿਹਾ ਸੀ। ਇਸ ਸੰਘ ਦੀ ਸਥਾਪਨਾ 1968 ਵਿੱਚ ਉੱਤਰ ਪ੍ਰਦੇਸ਼ ਸਰਕਾਰ ਦੇ ਸਾਬਕਾ ਵਿੱਤ ਮੰਤਰੀ ਰਾਮ ਸਵਰੂਪ ਵਰਮਾ ਵੱਲੋਂ ਲਖਨਊ ਵਿੱਚ ਕੀਤੀ ਗਈ ਸੀ ਜਿਹੜੇ ਬ੍ਰਾਹਮਣਵਾਦ ਦੇ ਵਿਰੋਧੀ ਤੇ ਅਖੌਤੀ ਨੀਵੀਆਂ ਜਾਤਾਂ ਦੇ ਹਮਾਇਤੀ ਸਨ। 1969 ਵਿੱਚ ਇਸ ਸੰਘ ਦਾ ਮੁੱਖ ਬੁਲਾਰਾ 'ਅਰਜਕ ਵੀਕਲੀ' ਹੋਂਦ ਵਿੱਚ ਆਇਆ ਸੀ। ਅੱਜ ਇਸ ਦੇ ਲਗਭਗ 15,000 ਮੈਂਬਰ ਹਨ ਜੋ ਕਈ ਰਾਜਾਂ ਵਿੱਚ ਫੈਲੇ ਹੋਏ ਹਨ। ਇਸ ਦੀਆਂ ਸ਼ਾਖਾਵਾਂ ਯੂ.ਪੀ., ਬਿਹਾਰ, ਝਾਰਖੰਡ, ਛੱਤੀਸਗੜ੍ਹ, ਦਿੱਲੀ ਅਤੇ ਮੱਧ ਪ੍ਰਦੇਸ਼ ਵਿੱਚ ਕੰਮ ਕਰਦੀਆਂ ਹਨ ਜਿੱਥੇ ਉਹ ਨਿਯਮਤ ਮੀਟਿੰਗਾਂ, ਧਰਨੇ, ਮਾਰਚ ਅਤੇ ਵਿਚਾਰ-ਵਟਾਂਦਰੇ ਕਰਦੇ ਹਨ। ਰਾਮ ਸਵਰੂਪ ਵਰਮਾ ਅਤੇ ਮਹਾਰਾਜ ਸਿੰਘ ਭਾਰਤੀ ਅਰਜਕ ਸੰਘ ਦੇ ਦੋ ਮੁੱਖ ਵਿਚਾਰਧਾਰਕ ਆਗੂ ਹਨ ਜਿਹੜੇ ਸਮਾਜਵਾਦੀ ਸਿਆਸਤਦਾਨ ਅਤੇ ਸਮਾਜ-ਸੁਧਾਰਕ ਹਨ। ਅਰਜਕ ਸੰਘ ਦੀਆਂ ਬਹੁਤ ਸਾਰੀਆਂ ਮਾਨਤਾਵਾਂ ਤੇ ਸਰੋਕਾਰ ਰਾਮ ਸਵਰੂਪ ਵਰਮਾ ਅਤੇ ਮਹਾਰਾਜ ਸਿੰਘ ਭਾਰਤੀ ਦੀਆਂ ਲਿਖਤਾਂ, ਵਿਚਾਰਾਂ, ਕਿਤਾਬਾਂ ਅਤੇ ਭਾਸ਼ਣਾਂ ਵਿੱਚ ਦਰਜ ਹਨ। ਰਾਮ ਸਵਰੂਪ ਵਰਮਾ ਮਨੁੱਖੀ ਸਰੋਕਾਰਾਂ ਨੂੰ ਹੀ ਆਪਣਾ 'ਧਰਮ' ਸਵੀਕਾਰ ਕਰਦੇ ਸਨ। ਵਰਮਾ ਤੇ ਭਾਰਤੀ ਦੋਵੇਂ ਕਿਸਾਨੀ ਪਿਛੋਕੜ ਵਾਲੇ ਸਨ। 1990 ਦੇ ਦਹਾਕੇ ਵਿੱਚ ਵਰਮਾ ਜੀ ਦੀ ਮੌਤ ਤੋਂ ਬਾਅਦ ਅੱਜ ਇਸ ਦੇ ਪ੍ਰਧਾਨ ਸ਼ਿਵ ਕੁਮਾਰ ਸਮੇਤ ਕਈ ਅਰਜਕ ਮੈਂਬਰ ਵੀ 'ਭਾਰਤੀ' ਉਪਨਾਮ ਦੀ ਵਰਤੋਂ ਕਰਦੇ ਹਨ ਕਿਉਂਕਿ ਇਹ ਉਨ੍ਹਾਂ ਨੂੰ ਆਪਣੀ ਜਾਤੀ ਪਛਾਣ ਨੂੰ ਖ਼ਤਮ ਕਰਨ ਦੀ ਇਜਾਜ਼ਤ ਦਿੰਦਾ ਹੈ। ਸ਼ਿਵ ਕੁਮਾਰ ਦਾ ਅਸਲੀ ਉਪਨਾਮ ਕਟਿਆਰ ਸੀ। ਭਾਰਤੀ ਦੇ ਮੁੱਖ ਸਿਧਾਂਤ ਵਿਗਿਆਨਕ ਦ੍ਰਿਸ਼ਟੀਕੋਣ 'ਤੇ ਆਧਾਰਿਤ ਸਮਾਜ ਦੀ ਸਿਰਜਣਾ ਦੁਆਲੇ ਕੇਂਦਰਿਤ ਸਨ।

**ਵਿਆਹ ਤੇ ਮੌਤ ਨਾਲ ਜੁੜੀ ਰਵਾਇਤ** : ਵਿਆਹ ਬਿਨਾਂ ਕਿਸੇ ਬ੍ਰਾਹਮਣੀ ਰੀਤੀ ਰਿਵਾਜ ਤੋਂ ਕੀਤਾ ਜਾਂਦਾ ਹੈ ਜਿੱਥੇ ਮੰਤਰਾਂ ਦਾ ਜਾਪ ਨਹੀਂ ਹੁੰਦਾ। ਇੱਥੇ ਕੋਈ 'ਕੰਨਿਆਦਾਨ' ਵੀ ਨਹੀਂ ਹੈ। ਜੋੜਾ ਕਿਸੇ 'ਪਵਿੱਤਰ ਅਗਨੀ' ਦੇ ਆਲੇ-ਦੁਆਲੇ ਪੈਰ ਨਹੀਂ ਲਾਉਂਦਾ ਅਤੇ ਨਾ ਹੀ ਕੋਈ ਮੰਡਪ ਹੁੰਦਾ ਹੈ। ਵਿਆਹ ਇੱਕ ਸਧਾਰਨ ਸਮਾਜਿਕ ਮਾਮਲਾ ਹੈ ਜਿੱਥੇ ਆਦਮੀ ਅਤੇ ਔਰਤ ਦਰਸ਼ਕਾਂ ਦੇ ਸਾਹਮਣੇ ਇੱਕ ਦੂਜੇ ਦੀ ਪਤਨੀ ਅਤੇ ਪਤੀ ਵਜੋਂ ਪੁਸ਼ਟੀ ਕਰਦੇ ਹੋਏ ਵਚਨਬੱਧ ਦਸਤਾਵੇਜ਼ ਪੜ੍ਹਦੇ ਹਨ। ਉਹ ਦਸਤਾਵੇਜ਼ਾਂ 'ਤੇ ਦਸਤਖ਼ਤ ਕਰਦੇ ਹਨ ਅਤੇ ਸੰਗਠਨ ਦੁਆਰਾ ਨਿਰਧਾਰਿਤ 'ਸਹੁੰ-ਚੁਕਾਊ ਕਰਤਾ' (Oath Commissioner) ਦੀ ਮੌਜੂਦਗੀ ਵਿੱਚ ਇੱਕ ਫ਼ੋਟੋ ਕਲਿੱਕ ਕਰਦੇ ਹਨ। ਉਹ ਇੱਕ ਦੂਜੇ ਨੂੰ ਜੀਵਨ ਸਾਥੀ ਦੇ ਰੂਪ ਵਿੱਚ ਸਵੀਕਾਰ ਕਰਦੇ ਹਨ। ਇੱਕ ਦੂਜੇ ਨਾਲ ਸਮਾਨਤਾ ਨਾਲ ਪੇਸ਼ ਆਉਣ ਦਾ ਵਾਅਦਾ ਕਰਦੇ ਹਨ। ਮਨੁੱਖਾਂ ਦੀ ਸਮਾਨਤਾ 'ਤੇ ਅਧਾਰਿਤ ਸਮਾਜ ਦੇ ਵਿਕਾਸ ਅਤੇ ਖੁਸ਼ਹਾਲੀ ਵਿੱਚ ਸਦਾ ਲਈ ਯੋਗਦਾਨ ਪਾਉਣ ਦੀ ਸਹੁੰ ਨਾਲ ਆਪਣੀ ਜ਼ਿੰਦਗੀ ਨੂੰ ਸੁਖਦਾਈ ਬਣਾਉਣਾ ਚਾਹੁੰਦੇ ਹਨ। ਅਰਜਕ ਵਿਆਹ ਇੱਕ ਸਧਾਰਨ ਸਮਾਜਿਕ ਮਾਮਲਾ ਹੈ। ਅਰਜਕ ਸੰਘ ਆਪਣੇ ਪੈਰੋਕਾਰਾਂ ਨੂੰ ਸਿਰਫ਼ ਦੋ ਸੰਸਕਾਰਾਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦਿੰਦਾ ਹੈ- ਇੱਕ ਵਿਆਹ ਸਮਾਰੋਹ ਅਤੇ ਦੂਜਾ ਮ੍ਰਿਤਕਾਂ ਲਈ ਸੋਗ। ਵਰਮਾ ਜੀ ਦਾ ਮੰਨਣਾ ਸੀ ਕਿ



ਇਹ ਰਸਮਾਂ ਮਨੁੱਖਤਾ ਅਤੇ ਇਸ ਦੀ ਸਮਾਜਿਕ ਹੋਂਦ ਲਈ ਜ਼ਰੂਰੀ ਸਨ।

ਅਰਜਕ ਵਿਆਹ ਕਿਵੇਂ ਕਰਵਾਏ ਜਾਂਦੇ ਹਨ, ਪਹਿਲਾਂ ਹੀ ਉੱਪਰ ਦੱਸਿਆ ਜਾ ਚੁੱਕਾ ਹੈ। ਦੂਜਾ ਸੰਸਕਾਰ ਮੌਤ ਅਤੇ ਸੋਗ ਨਾਲ ਸਬੰਧਿਤ ਹੈ। ਵਿਸਤ੍ਰਿਤ ਬ੍ਰਾਹਮਣੀ ਰੀਤੀ ਰਿਵਾਜਾਂ ਦੀ ਬਜਾਏ, ਅਰਜਕ ਦੇ ਮੈਂਬਰ ਮੌਤ ਤੋਂ ਬਾਅਦ ਸੱਤਵੇਂ ਦਿਨ 'ਸ਼ੋਕ ਸਭਾ' ਕਰਦੇ ਹਨ। ਵਿਛੜੇ ਨੂੰ ਯਾਦ ਕਰਨ ਲਈ ਸੋਗ ਕਰਨ ਵਾਲੇ ਇਕੱਠੇ ਹੁੰਦੇ ਹਨ ਅਤੇ ਪਰਿਵਾਰ ਨੂੰ ਇੱਕ 'ਮੌਤ ਦਾ ਸਰਟੀਫਿਕੇਟ' ਪ੍ਰਦਾਨ ਕੀਤਾ ਜਾਂਦਾ ਹੈ ਜਿਸ ਵਿੱਚ ਦਰਜ ਹੁੰਦਾ ਹੈ ਕਿ ਵਿਅਕਤੀ ਦੀ ਮੌਤ ਕਿਵੇਂ ਅਤੇ ਕਦੋਂ ਹੋਈ ਸੀ। ਅਰਜਕ ਸੰਘ ਹਿੰਦੂਆਂ ਦੁਆਰਾ ਮੌਤ ਤੋਂ ਬਾਅਦ ਦੀਆਂ ਰਸਮਾਂ ਵਿੱਚ ਕੀਤੇ ਜਾਂਦੇ ਖ਼ਰਚਿਆਂ ਦਾ ਸਖ਼ਤ ਵਿਰੋਧ ਕਰਦਾ ਹੈ, ਖਾਸ ਤੌਰ 'ਤੇ ਉਨ੍ਹਾਂ ਦੇ ਪਿਆਰਿਆਂ ਦੀ ਯਾਦ ਵਿੱਚ ਕੀਤੇ ਜਾਂਦੇ 'ਮ੍ਰਿਤਿਯੂ ਭੋਜ' ਦਾ। ਅਰਜਕ ਸੰਘ ਦੇ ਸਿਧਾਂਤਾਂ ਮੁਤਾਬਕ ਅਰਥੀ ਨੂੰ ਕੰਧਾ ਦੇਣ ਦੀ ਰਸਮ ਇਕੱਲੇ ਮਰਦ ਹੀ ਨਹੀਂ ਸਗੋਂ ਔਰਤਾਂ ਵੀ ਦੇ ਸਕਦੀਆਂ ਹਨ। ਅਰਜਕ ਸੰਘ ਦੀ ਪਰੰਪਰਾ ਵਿੱਚ ਮੁਰਦੇ ਨੂੰ ਸੰਸਕਾਰ ਕਰਨ ਲਈ ਕੋਈ ਕੱਟੜ ਨਿਯਮ ਤਹਿ ਨਹੀਂ ਹਨ ਸਗੋਂ ਅਰਜਕ ਸੰਘ ਦੇ ਵਿਚਾਰਾਂ ਵਿੱਚ ਵਿਸ਼ਵਾਸ ਰੱਖਣ ਵਾਲਾ ਕੋਈ ਵੀ ਮੁਸਲਮਾਨ, ਈਸਾਈ ਜਾਂ ਕੋਈ ਹੋਰ ਆਪਣੀ ਸੁਵਿਧਾ ਅਨੁਸਾਰ ਮੁਰਦੇ ਨੂੰ ਜਲਾ ਜਾਂ ਦਫ਼ਨਾ ਸਕਦਾ ਹੈ।

**ਸਮਾਜਿਕ ਤਬਦੀਲੀ ਦਾ ਸਿਧਾਂਤ** : ਅਰਜਕ ਸੰਘ ਦੇ ਸੰਸਥਾਪਕਾਂ ਦਾ ਮੰਨਣਾ ਸੀ ਕਿ ਅਸਲ ਸਿਆਸੀ ਤਬਦੀਲੀ ਸਿਰਫ਼ ਸਮਾਜਿਕ ਤਬਦੀਲੀ ਨਾਲ ਹੀ ਆਵੇਗੀ ਕਿਉਂਕਿ ਸਮਾਜ ਅਜੇ ਵੀ ਗੈਰ-ਵਿਗਿਆਨਕ ਅਤੇ ਅੰਨ੍ਹੇ ਧਾਰਮਿਕ ਵਿਸ਼ਵਾਸਾਂ, ਅੰਧ-ਵਿਸ਼ਵਾਸਾਂ ਅਤੇ ਜਾਤ-ਆਧਾਰਿਤ ਵਿਤਕਰੇ ਨਾਲ ਗ੍ਰਸਤ ਹੈ। ਅਜੋਕੇ ਪੂੰਜੀਵਾਦੀ ਸਮਾਜ ਵਿੱਚ ਬਹੁਤ ਸਾਰੇ ਜਾਤੀ-ਵਿਤਕਰਿਆਂ, ਅੰਧ-ਵਿਸ਼ਵਾਸਾਂ, ਧਾਰਮਿਕ ਕੱਟੜਤਾ, ਫਿਰਕੂ ਦੰਗਿਆਂ, ਫਾਸੀਵਾਦੀ ਰੁਚੀਆਂ ਆਦਿ ਦਾ ਵੱਡੀ ਪੱਧਰ 'ਤੇ ਬੋਲਬਾਲਾ ਹੈ। ਅਰਜਕ ਸੰਘ ਵੀ ਇੱਕ ਅਜਿਹੇ ਸਮਾਜ ਦੀ ਧਾਰਨਾ ਪੇਸ਼ ਕਰਦਾ ਹੈ ਜਿੱਥੇ ਜਾਤਾਂ ਦੀ ਹੋਂਦ ਖਤਮ ਹੋ ਜਾਂਦੀ ਹੈ। ਸਭ ਲਈ ਮਾਨਵਵਾਦ, ਤਰਕਸ਼ੀਲਤਾ, ਵਿਗਿਆਨਕ ਸੁਭਾਅ ਅਤੇ ਸਿੱਖਿਆ ਦੀ ਜ਼ਰੂਰਤ ਉਭਰਵੇਂ ਰੂਪ ਵਿੱਚ ਹੋਵੇ।

**ਤਰਕਸ਼ੀਲ ਨਜ਼ਰੀਆ ਤੇ ਨਾਸਤਿਕ ਪਰੰਪਰਾ** : ਅਰਜਕ ਸੰਘ ਇੱਕ ਤਰਕਸ਼ੀਲ ਨਜ਼ਰੀਆ ਰੱਖਣ ਵਾਲੀ ਜਥੇਬੰਦੀ ਹੈ ਤੇ ਡੂੰਘੀ ਤਰ੍ਹਾਂ ਭਾਰਤ ਦੀ ਨਾਸਤਿਕ ਪਰੰਪਰਾ ਨਾਲ ਜੁੜੀ ਹੋਈ ਹੈ। ਜਥੇਬੰਦੀ ਦਾ ਮੰਨਣਾ ਹੈ ਕਿ ਸਾਡੇ ਸਮਾਜ ਵਿੱਚ ਸਾਰੀਆਂ ਬੁਰਾਈਆਂ ਦੀ ਜੜ੍ਹ 'ਸਿੱਖਿਆ ਦੀ ਘਾਟ' ਅਤੇ 'ਪਾਖੰਡ' ਹਨ ਜੋ ਕਿ ਸਾਧਾਰਨ ਸ਼ਬਦਾਂ ਵਿੱਚ ਧਾਰਮਿਕ ਪਾਖੰਡ ਨੂੰ ਹੱਲਾਸ਼ੇਰੀ ਦਿੰਦੇ ਹਨ। ਇਸਦੇ ਪੈਰੋਕਾਰ ਧਾਰਮਿਕ ਪਾਖੰਡ ਦੇ ਮੂਲ ਵਿੱਚ ਮੌਜੂਦ ਇੱਕ ਪਰਮ ਹਸਤੀ/ਸ਼ਕਤੀ ਦੇ ਵਿਚਾਰ ਦੀ ਨਿੰਦਾ ਕਰਦੇ ਹਨ। ਉਹ ਨਾਸਤਿਕ ਹਨ ਜੋ ਦੇਵੀ-ਦੇਵਤਿਆਂ, ਮੂਰਤੀਆਂ, ਸਵਰਗ, ਨਰਕ, ਪਰਲੋਕ ਅਤੇ ਪੁਨਰ ਜਨਮ ਦੇ ਸਾਰੇ ਰੂਪਾਂ ਨੂੰ ਰੱਦ ਕਰਦੇ ਹਨ।

**ਸ਼ਿਵ ਕੁਮਾਰ ਦੱਸਦਾ ਹੈ** : "ਰੱਬ ਦੀ ਹੋਂਦ ਨਹੀਂ ਹੈ, ਇਸ ਲਈ ਅਸੀਂ ਇਸ ਵਿੱਚ ਵਿਸ਼ਵਾਸ ਨਹੀਂ ਕਰਦੇ। ਸਵਰਗ ਮੌਜੂਦ ਨਹੀਂ ਹੈ, ਇਸ ਲਈ ਅਸੀਂ ਇਸ ਵਿੱਚ ਵਿਸ਼ਵਾਸ ਨਹੀਂ ਕਰਦੇ। ਰੱਬ ਨੂੰ ਮੰਨਣ ਵਾਲੇ ਉਸ ਵਿੱਚ ਵਿਸ਼ਵਾਸ ਕਰਦੇ ਹਨ ਜੋ ਮੌਜੂਦ ਨਹੀਂ ਹੈ। ਜੇ ਪੁਲਾੜ ਯਾਤਰੀ ਅਤੇ ਵਿਗਿਆਨੀ ਚੰਦਰਮਾ 'ਤੇ ਜਾ ਸਕਦੇ ਹਨ ਤਾਂ ਉਹ ਕਦੇ ਸਵਰਗ ਕਿਉਂ ਨਹੀਂ ਗਏ?"

**ਸਿੱਖਿਆ ਦਾ ਸਰੂਪ** : ਇਸ ਸਾਲ ਅਰਜਕ ਸੰਘ ਨੇ ਦੇਸ਼ ਦੀ ਸਿੱਖਿਆ ਪ੍ਰਣਾਲੀ ਵਿੱਚ ਸੁਧਾਰਾਂ ਲਈ ਇੱਕ ਦੇਸ਼ ਵਿਆਪੀ ਮੁਹਿੰਮ ਚਲਾਈ ਅਤੇ ਮੰਗ ਕੀਤੀ ਕਿ 'ਰਾਸ਼ਟਰੀ ਸਿੱਖਿਆ ਨੀਤੀ' ਸਭ ਲਈ ਇਕਸਾਰ, ਮੁਫ਼ਤ, ਮਾਨਵਵਾਦੀ ਅਤੇ ਵਿਗਿਆਨਕ ਚੇਤਨਾ 'ਤੇ ਆਧਾਰਿਤ ਸਿੱਖਿਆ ਦੇਣ ਵਾਲੀ ਹੋਵੇ। ਅਰਜਕ ਸੰਘ ਸਿੱਖਿਆ ਦੇ ਖੇਤਰ ਵਿੱਚ ਧਾਰਮਿਕ ਸੰਸਥਾਵਾਂ ਦੀ ਦਖ਼ਲਅੰਦਾਜ਼ੀ 'ਤੇ ਪਾਬੰਦੀ ਦੀ ਮੰਗ ਕਰਦਾ ਹੈ। ਅਰਜਕ ਸੰਘ ਮਤਾ ਪੇਸ਼ ਕਰਦਾ ਹੈ ਕਿ ਦੇਸ਼ ਦਾ ਸਿੱਖਿਆ ਬਜਟ ਵੀ ਰੱਖਿਆ ਬਜਟ ਵਾਂਗ ਹੀ ਵੱਧ ਤੋਂ ਵੱਧ ਰੱਖਿਆ ਜਾਵੇ ਅਤੇ ਪ੍ਰਾਇਮਰੀ ਪੱਧਰ 'ਤੇ ਨਾਗਰਿਕਤਾ, ਗਣਿਤ, ਭੂਗੋਲ ਅਤੇ ਵਿਗਿਆਨ ਆਦਿ ਦੀਆਂ ਪ੍ਰਾਪਤੀਆਂ ਦੀ ਲਾਜ਼ਮੀ ਪੜ੍ਹਾਈ ਕਰਵਾਈ ਜਾਵੇ। ਸਭ ਤੋਂ ਕਾਬਿਲ-ਏ-ਗੌਰ ਗੱਲ ਇਹ ਹੈ ਕਿ ਅਰਜਕ ਸੰਘ ਦਾ ਸਿੱਖਿਆ ਸਰੂਪ (Blue Print) ਕਹਿੰਦਾ ਹੈ ਕਿ ਸਿੱਖਿਆ ਪ੍ਰਣਾਲੀ ਦੇ ਸਾਰੇ ਪੱਧਰਾਂ 'ਤੇ ਅੰਧਵਿਸ਼ਵਾਸ, ਪੁਨਰ-ਜਨਮ, ਕਿਸਮਤਵਾਦ, ਜਾਤ-ਪਾਤ, ਵਿਤਕਰੇ ਅਤੇ ਚਮਤਕਾਰਾਂ ਨੂੰ ਪੂਰੀ ਤਰ੍ਹਾਂ ਰੱਦ ਕਰਨਾ ਚਾਹੀਦਾ ਹੈ ਤਾਂ ਕਿ ਇੱਕ ਵਿਗਿਆਨਕ-ਸਮਾਜਵਾਦੀ ਸੋਚ ਨਾਲ ਲੈਸ ਮਨੁੱਖ ਤਿਆਰ ਕੀਤਾ ਜਾ ਸਕੇ ਤੇ ਇਸ ਤੋਂ ਅਗਲੇ ਪੜਾਅ 'ਤੇ ਜਮਾਤ-ਰਹਿਤ ਸਮਾਜ ਦੀ ਉਸਾਰੀ ਵੱਲ ਵਧਿਆ ਜਾ ਸਕੇ। ਅਰਜਕ ਸੰਘ ਦੇ ਸਿੱਖਿਆ ਫਲਸਫੇ ਦਾ ਸਾਰ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ ਕਿ "ਭਾਵੇਂ ਇਹ ਰਾਸ਼ਟਰਪਤੀ ਦਾ ਪੁੱਤਰ ਹੋਵੇ ਜਾਂ ਜ਼ਿਲ੍ਹਾ ਮੈਜਿਸਟਰੇਟ ਜਾਂ ਕਿਸੇ ਗਰੀਬ ਵਿਅਕਤੀ ਦਾ, ਸਿੱਖਿਆ ਮੁਫ਼ਤ, ਇਕਸਾਰ ਅਤੇ ਬਿਨ੍ਹਾਂ ਕਿਸੇ ਭੇਦਭਾਵ ਤੋਂ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਅਰਜਕ ਸੰਘ ਮੌਕਿਆਂ ਅਤੇ ਸਾਧਨਾਂ ਦੀ ਬਰਾਬਰ ਵੰਡ ਦੇ ਹੱਕ ਵਿੱਚ ਹੈ, ਜਿਸ ਦੇ ਆਧਾਰ 'ਤੇ ਅਜਿਹਾ ਸਾਂਝਾ ਸਮਾਜ ਉਸਰ ਜਾਵੇ ਜਿਥੇ ਹਰ ਮਨੁੱਖ ਨੂੰ ਇੱਜ਼ਤ ਨਾਲ ਰੋਟੀ ਮਿਲੇ ਤੇ ਉਸ ਦਾ ਸਤਿਕਾਰ ਕੀਤਾ ਜਾਵੇ।"

**ਮਾਰਕਸਵਾਦੀ-ਲੈਨਿਨਵਾਦੀ ਫ਼ਲਸਫ਼ੇ ਤੋਂ ਪ੍ਰਭਾਵਿਤ** : ਮਾਰਕਸਵਾਦ-ਲੈਨਿਨਵਾਦ ਇੱਕ ਵਿਸ਼ਵ-ਵਿਆਪੀ ਦਰਸ਼ਨ ਹੈ ਜਿਸ ਦੇ ਸਿਧਾਂਤਾਂ ਤੇ ਸਰੋਕਾਰਾਂ ਨੇ ਹਰ ਖੇਤਰ ਅੰਦਰ ਇੱਕ ਲੋਕ-ਪੱਖੀ ਮਾਰਗ ਦਰਸਾਇਆ ਹੈ। ਅਰਜਕ ਸੰਘ ਦੇ ਬਹੁਤੇ ਪੈਰੋਕਾਰ ਇਸ ਵਿਸ਼ਵ-ਦਰਸ਼ਨ ਤੋਂ ਪ੍ਰਭਾਵਿਤ ਹਨ। ਭਾਰਤੀ ਤੇ ਮਨੀਸ਼ ਵੀ ਮਾਰਕਸਵਾਦੀ ਅਤੇ ਲੈਨਿਨਵਾਦੀ ਫ਼ਲਸਫ਼ਿਆਂ ਤੋਂ ਪ੍ਰਭਾਵਿਤ ਸੀ। ਮਨੀਸ਼ ਨੇ ਤਾਂ ਰੂਸੀ ਸਾਹਿਤ ਨੂੰ ਬਿਹਤਰ ਤਰੀਕੇ ਨਾਲ ਸਮਝਣ ਲਈ ਰੂਸੀ ਭਾਸ਼ਾ ਵੀ ਸਿੱਖੀ। ਅਰਜਕ ਸੰਘ ਇੱਕ ਜਮਾਤ-ਰਹਿਤ ਮਾਨਵਵਾਦੀ ਸਮਾਜ ਦੀ ਉਸਾਰੀ ਵਿੱਚ ਵਿਸ਼ਵਾਸ ਰੱਖਦਾ ਹੈ। ਇਹ ਅੰਤਰ-ਜਾਤੀ ਵਿਆਹ ਦਾ ਸਮਰਥਨ ਕਰਦਾ ਹੈ ਅਤੇ ਵਿਤਕਰੇ ਅਤੇ ਛੂਤ-ਛਾਤ ਦੇ ਵਿਰੁੱਧ ਖੜ੍ਹਾ ਹੈ। ਅਰਜਕ ਸੰਘ ਇਸ ਮੁੱਦੇ 'ਤੇ ਵੀ ਵਿਚਾਰ ਕਰਦਾ ਹੈ ਕਿ ਧਾਰਮਿਕ ਸਿਧਾਂਤਾਂ ਨੂੰ ਰਾਜ ਦਾ ਸਮਰਥਨ ਵੀ ਮਾਰਕਸੀ ਸਿਧਾਂਤਾਂ ਅਨੁਸਾਰ ਜਮਾਤ-ਰਹਿਤ ਸਮਾਜ ਸਿਰਜਣ ਦੇ ਰਸਤੇ ਵਿਚ ਇੱਕ ਚੁਣੌਤੀ ਬਣਿਆ ਹੋਇਆ ਹੈ।

**ਦਲਿਤ ਚੇਤਨਾ ਦਾ ਹਾਮੀ** : ਅਰਜਕ ਸੰਘ ਦਲਿਤ-ਚੇਤਨਾ ਦਾ ਹਾਮੀ ਤੇ ਦਲਿਤ ਸਰੋਕਾਰਾਂ ਨਾਲ ਜੁੜਿਆ ਹੋਇਆ ਸੰਗਠਨ ਹੈ। ਹਿੰਦੂ ਧਰਮ ਦੇ ਅੰਦਰ ਦੱਬੀਆਂ ਜਾਤੀਆਂ ਅਤੇ ਦਲਿਤਾਂ ਪ੍ਰਤੀ ਵਿਤਕਰੇ ਅਤੇ ਦਰਜੇਬੰਦੀ ਦੇ ਇਸ ਪਹਿਲੂ ਦਾ ਪੁਰਜ਼ੋਰ ਵਿਰੋਧ ਕਰਦਾ ਹੈ। ਅਰਜਕ ਸੰਘ ਦੇ ਪੈਰੋਕਾਰ ਇਨ੍ਹਾਂ ਗੱਲਾਂ ਦੇ ਵਿਰੋਧੀ ਹਨ ਕਿ ਦਲਿਤਾਂ ਨੂੰ ਅਜੇ ਵੀ ਵਿਆਹਾਂ ਦੇ ਸਮਾਰੋਹਾਂ ਦੌਰਾਨ ਘੋੜੀ ਦੀ ਸਵਾਰੀ ਕਰਨ, ਮੁੱਛਾਂ ਰੱਖਣ ਜਾਂ ਸਾਫ਼-ਸੁਥਰੇ ਕੱਪੜੇ ਪਾਉਣ ਲਈ ਕੁੱਟਿਆ ਜਾਂਦਾ ਹੈ ਅਤੇ ਅਖੌਤੀ ਉੱਚ ਜਾਤੀਆਂ ਦੇ ਮੈਂਬਰਾਂ ਦੁਆਰਾ ਉਨ੍ਹਾਂ ਉੱਤੇ ਪਿਸ਼ਾਬ ਤੱਕ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਇਸ ਗੱਲ ਦੀ ਵੀ ਚਿੰਤਾ ਹੈ ਕਿ ਸਵਰਗ, ਨਰਕ, ਕਿਸਮਤ, ਪੁਨਰ ਜਨਮ ਅਤੇ ਪਰਲੋਕ ਦੀਆਂ ਧਾਰਨਾਵਾਂ ਲੋਕਾਂ ਦੇ ਮਨਾਂ ਵਿੱਚ ਮਜ਼ਬੂਤ ਹੋ ਗਈਆਂ ਹਨ। ਲੋਕਾਂ ਨੂੰ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦੇ ਪਿਛਲੇ ਜਨਮ ਵਿੱਚ ਉਨ੍ਹਾਂ ਨੇ 'ਪੁੰਨ ਅਤੇ 'ਦਾਨ' ਨਹੀਂ ਕੀਤਾ ਇਸ ਲਈ ਉਹ ਗਰੀਬ ਹਨ ਅਤੇ ਇੱਕ ਨੀਵੀਂ ਜਾਤ ਵਿੱਚ ਪੈਦਾ ਹੋਏ ਹਨ ਜਿਸ ਕਾਰਨ ਉਹ ਸਾਰੇ ਦੁੱਖ ਝੱਲਦੇ ਹਨ। ਜੇਕਰ ਉਹ ਇਸ ਜਨਮ ਵਿੱਚ ਧਰਮ ਦੇ ਦਰਸਾਏ ਮਾਰਗ ਅਨੁਸਾਰ ਕੁੱਝ ਦਾਨ ਦਕਸ਼ਿਣਾ ਅਤੇ ਧਰਮ ਕਰਮ ਕਰਦੇ ਹਨ ਤਾਂ ਉਹ ਨਾ ਸਿਰਫ਼ ਸਵਰਗ ਪ੍ਰਾਪਤ ਕਰਨਗੇ, ਸਗੋਂ ਅਗਲੇ ਜਨਮ ਵਿੱਚ ਇੱਕ ਅਮੀਰ ਅਤੇ ਉੱਚੀ ਜਾਤ ਵਿੱਚ ਜਨਮ ਲੈਣਗੇ। ਅਰਜਕ ਸੰਘ ਇਸ ਸਭ ਦਾ ਸਖਤ ਵਿਰੋਧ ਕਰਦਾ ਹੈ।

**ਮਨੁੱਖਤਾਵਾਦੀ ਤੇ ਵਿਗਿਆਨਕ ਤਿਉਹਾਰ ਮਨਾਉਣ ਪ੍ਰਤੀ ਚੇਤਨਾ** : ਸ਼ੁਰੂਆਤ ਤੋਂ ਹੀ 'ਅਰਜਕ ਸੰਘ' ਲਈ ਇੱਕ ਵੱਡੀ ਚੁਣੌਤੀ ਇਹ ਬਣੀ ਹੋਈ ਸੀ ਕਿ ਧਾਰਮਿਕ ਤਿਉਹਾਰਾਂ ਅਤੇ ਰੀਤੀ ਰਿਵਾਜਾਂ ਦੀ ਲੋਕਾਂ, ਖਾਸ ਕਰਕੇ ਪਛੜੀਆਂ ਜਾਤੀਆਂ ਅਤੇ ਦਲਿਤਾਂ ਦੇ ਜੀਵਨ ਉੱਤੇ ਪੂਰੀ ਪਕੜ ਸੀ। ਅਰਜਕ ਸੰਘ ਦੇ ਆਗੂ ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਤਿਉਹਾਰਾਂ ਦੇ ਵਿਚਾਰ ਤੋਂ ਲੋਕਾਂ ਨੂੰ ਪੂਰੀ ਤਰ੍ਹਾਂ ਵੱਖ ਕਰਨਾ ਮੁਸ਼ਕਲ ਹੋਵੇਗਾ। ਅਰਜਕ ਸੰਘ ਦੇ ਆਗੂ ਵਰਮਾ ਨੇ ਧਾਰਮਿਕ ਪਰੰਪਰਾ ਤੋਂ ਕੱਟੇ ਹੋਏ ਤਿਉਹਾਰਾਂ ਅਤੇ ਸੰਸਕਾਰਾਂ ਦਾ ਇੱਕ ਬਦਲਵਾਂ ਸੈੱਟ ਪ੍ਰਦਾਨ ਕੀਤਾ ਜਿਸ ਕਰਕੇ ਹੀ ਅੱਜ ਅਰਜਕ ਸੰਘ ਦੇ ਬਦਲਵੇਂ ਕੈਲੰਡਰ ਵਿੱਚ 14 "ਮਨੁੱਖਤਾਵਾਦੀ ਤਿਉਹਾਰ" ਸ਼ਾਮਲ ਕੀਤੇ ਗਏ ਹਨ ਜਿਨ੍ਹਾਂ ਮੁਤਾਬਕ ਹੀ ਸਮਾਜਿਕ ਤਬਦੀਲੀ ਦੇ ਪ੍ਰਤੀਕ, ਦੇਸ਼ ਦੇ ਸੰਵਿਧਾਨਕ ਮੀਲ ਪੱਥਰ ਅਤੇ ਖੇਤੀਬਾੜੀ ਮੌਸਮਾਂ ਦੇ ਜਨਮ ਦਿਨ ਅਤੇ ਬਰਸੀ ਮਨਾਏ ਜਾਂਦੇ ਹਨ। ਸੁਤੰਤਰਤਾ ਦਿਵਸ ਅਤੇ ਗਣਤੰਤਰ ਦਿਵਸ ਮਨਾਉਣ ਤੋਂ ਇਲਾਵਾ, ਅਰਜਕ ਸੰਘ ਹਾੜ੍ਹੀ ਦੀ ਫ਼ਸਲ ਦੀ ਵਾਢੀ ਨੂੰ ਮਨਾਉਣ ਲਈ 1 ਮਾਰਚ ਨੂੰ 'ਉਲਹਾਸ ਦਿਵਸ' ਵਜੋਂ ਅਤੇ ਸਾਉਣੀ ਦੀਆਂ ਫ਼ਸਲਾਂ ਦੀ ਵਾਢੀ ਮਨਾਉਣ ਲਈ 1 ਅਕਤੂਬਰ ਨੂੰ 'ਲਾਭ ਦਿਵਸ' ਵਜੋਂ ਯਾਦ ਕਰਦਾ ਹੈ। ਅਰਜਕ ਸੰਘ ਲਈ ਬੁੱਧ ਜਯੰਤੀ ਮਾਨਵਤਾ ਦਿਵਸ ਹੈ ਜਦੋਂਕਿ ਅੰਬੇਡਕਰ ਜਯੰਤੀ ਚੇਤਨਾ ਦਿਵਸ ਹੈ। ਦ੍ਰਾਵਿੜ ਚਿੰਤਕ ਈ.ਵੀ. ਰਾਮਾਸਾਮੀ ਪੇਰੀਆਰ ਦਾ ਜਨਮ ਦਿਨ ਵਿਵੇਕ ਦਿਵਸ ਵਜੋਂ ਮਨਾਇਆ ਜਾਂਦਾ ਹੈ। ਅਰਜਕ ਸੰਘ ਦਾ ਸਥਾਪਨਾ ਦਿਵਸ 1 ਜੂਨ ਨੂੰ 'ਸਮਤਾ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਇਹ ਜੋਤੀਬਾ ਫੂਲੇ (ਸ਼ਕਤੀ ਦਿਵਸ) ਅਤੇ ਬਾਬੂ ਜਗਦੇਓ ਪ੍ਰਸਾਦ (ਸ਼ਹੀਦ ਦਿਵਸ) ਦੀ ਬਰਸੀ ਦੇ ਨਾਲ-ਨਾਲ ਬਿਰਸਾ ਮੁੰਡਾ (ਜਾਗ੍ਰਿਤੀ ਦਿਵਸ) ਅਤੇ ਸਰਦਾਰ ਵੱਲਭਭਾਈ ਪਟੇਲ (ਏਕਤਾ ਦਿਵਸ) ਦੀਆਂ ਜਯੰਤੀਆਂ ਨੂੰ ਵੀ ਯਾਦ ਕਰਦਾ ਹੈ। 1998 ਵਿੱਚ ਵਰਮਾ ਦੇ ਦਿਹਾਂਤ ਤੋਂ ਬਾਅਦ, ਜਥੇਬੰਦੀ ਨੇ ਉਸਦੇ ਜਨਮ ਦਿਨ (22 ਅਗਸਤ) ਨੂੰ ਕ੍ਰਾਂਤੀ ਦਿਵਸ ਵਜੋਂ ਮਨਾਉਣਾ ਸ਼ੁਰੂ ਕਰ ਦਿੱਤਾ। ਭਾਰਤੀ ਦੇ ਜਨਮਦਿਨ (3 ਨਵੰਬਰ) ਨੂੰ ਵਿਗਿਆਨ ਦਿਵਸ ਵਜੋਂ ਸਨਮਾਨਿਤ ਕੀਤਾ ਜਾਂਦਾ ਹੈ ਜੋ ਵਿਗਿਆਨਕ ਸੁਭਾਅ ਨੂੰ ਉਤਸ਼ਾਹਿਤ ਕਰਨ ਲਈ ਉਸ ਦੇ ਸੰਘਰਸ਼ ਦਾ ਪ੍ਰਮਾਣ ਹੈ।

**ਰਾਜ ਦੁਆਰਾ ਧਰਮ ਦਾ ਸਮਰਥਨ** : ਅਰਜਕ ਸੰਘ ਦੇ ਅਨੁਯਾਈਆਂ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਭਾਰਤੀ ਰਾਜ ਦੁਆਰਾ ਧਰਮ ਵਿੱਚ ਦਖ਼ਲ ਦੇ ਕੇ ਆਪਣੀ ਰਾਜਨੀਤੀ ਕੀਤੀ ਜਾਂਦੀ ਹੈ। ਭਾਰਤੀ ਰਾਜ ਨੇ ਧਾਰਮਿਕ ਵਿਚਾਰਾਂ ਅਤੇ ਪਹਿਰਾਵੇ ਦਾ ਸਰਗਰਮੀ ਨਾਲ ਸਮਰਥਨ ਕੀਤਾ ਹੈ। ਜਿੱਥੇ ਮੌਜੂਦਾ ਸਰਕਾਰ ਨੇ ਬ੍ਰਾਹਮਣਵਾਦੀ ਵਿਚਾਰਾਂ ਅਤੇ ਜੀਵਨ ਪ੍ਰਤੀ ਹਿੰਦੂਤਵ ਦ੍ਰਿਸ਼ਟੀਕੋਣ ਨੂੰ ਪ੍ਰਫੁੱਲਤ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਹੈ, ਉੱਥੇ ਪਿਛਲੀਆਂ ਸਰਕਾਰਾਂ ਨੇ ਵੀ ਅਜਿਹਾ ਕੀਤਾ ਹੈ। ਸ਼ਿਵ ਕੁਮਾਰ ਨੇ ਦਲੀਲ ਦਿੱਤੀ ਕਿ ਇਸ ਦੀ ਜੜ੍ਹ ਇਹ ਹੈ ਕਿ ਭਾਰਤੀ ਰਾਜ ਬ੍ਰਾਹਮਣਵਾਦੀ ਵਿਚਾਰਾਂ ਵੱਲ ਝੁਕਿਆ ਹੋਇਆ ਹੈ ਅਤੇ ਉਨ੍ਹਾਂ ਨੂੰ ਕਈ ਤਰੀਕਿਆਂ ਨਾਲ ਪਾਲਿਆ ਗਿਆ ਹੈ। ਉਸ ਅਨੁਸਾਰ, "ਜੇਕਰ ਰਾਜ ਵਿਗਿਆਨਕ ਜੀਵਨ ਢੰਗ ਦਾ ਸਮਰਥਨ ਕਰਦਾ ਹੈ, ਤਾਂ ਸਮਾਜ ਵੀ ਇਸ ਤਰ੍ਹਾਂ ਸੋਚੇਗਾ।" ਸੋ ਅਰਜਕ ਸੰਘ ਦੇ ਸਿਧਾਂਤ ਤੇ ਸਰੋਕਾਰ ਭਾਰਤੀ ਰਾਜ ਦੁਆਰਾ ਧਰਮ ਦੇ ਮਾਮਲਿਆਂ ਵਿੱਚ ਦਿੱਤੇ ਬੇਲੋੜੇ ਦਖ਼ਲ ਦਾ ਪੁਰਜ਼ੋਰ ਵਿਰੋਧ ਕਰਦੇ ਹਨ। ਅਰਜਕ ਸੰਘ ਦੇ ਆਗੂ ਸ਼ਿਵ ਕੁਮਾਰ ਦਾ ਵਿਚਾਰ ਹੈ ਕਿ ਲੋਕ ਅੰਨ੍ਹੇਵਾਹ ਅਰਜਕ ਸੰਘ ਦਾ ਪਿੱਛਾ ਨਾ ਕਰਨ ਲੱਗ ਜਾਣ ਸਗੋਂ ਅਰਜਕ ਸੰਘ ਦੀ ਜੀਵਨ-ਸ਼ੈਲੀ ਪ੍ਰਤੀ ਉਹਨਾਂ ਦਾ ਵਿਸ਼ਵਾਸ ਸਬੂਤ ਅਤੇ ਤਰਕਸ਼ੀਲਤਾ 'ਤੇ ਅਧਾਰਤ ਹੋਣਾ ਚਾਹੀਦਾ ਹੈ ਨਾ ਕਿ ਸਿਰਫ਼ ਮਾਨਤਾ ਦੇ ਤੌਰ 'ਤੇ ਹੀ ਹੋਣਾ ਚਾਹੀਦਾ ਹੈ। ਅਰਜਕ ਸੰਘ ਦੇ ਪ੍ਰਮੁੱਖ ਆਦਰਸ਼ਾਂ ਵਿੱਚੋਂ ਇੱਕ ਹੈ-ਪਹਿਲਾਂ ਸਮਝੋ, ਫਿਰ ਵਿਸ਼ਵਾਸ ਕਰੋ। ਸੋ ਅਰਜਕ ਸੰਘ ਇੱਕ ਤਰਕਸ਼ੀਲ ਸੰਗਠਨ ਹੈ ਅਤੇ ਵਿਗਿਆਨਕ ਚੇਤਨਾ ਦਾ ਹਾਮੀ ਹੈ। ਇਸ ਸੰਗਠਨ ਦੀ ਜੀਵਨ-ਸ਼ੈਲੀ ਜਾਤ-ਪਾਤ ਵਿਰੋਧੀ ਹੈ ਤੇ ਮਾਨਵਵਾਦੀ-ਸਮਾਜਵਾਦੀ ਸਿਧਾਂਤਾਂ ਤੇ ਸਰੋਕਾਰਾਂ ਦੀ ਪੂਰਨ ਹਮਾਇਤੀ ਹੈ। ਹਰ ਤਰਕਸ਼ੀਲ ਤੇ ਅਗਾਂਹਵਧੂ ਮਨੁੱਖ ਲਈ ਹਿੰਦੀ ਖੇਤਰ ਵਿੱਚ ਕੰਮ ਕਰਦੇ ਅਰਜਕ ਸੰਘ ਦੇ ਸਿਧਾਂਤ ਤੇ ਸਰੋਕਾਰ ਰਾਹ-ਦਸੇਰੇ ਹਨ।

ਅਮਰ ਆਫ਼ਤਾਬ
9781418323

ਸ਼ਹੀਦ ਪ੍ਰਿਥੀਪਾਲ ਰੰਧਾਵਾ ਦੀ 45ਵੀਂ ਬਰਸੀ 'ਤੇ

# ਇਕ ਸੂਰਮੇ ਦੀ ਸਿਰਜਨਾ

ਬਹੁਤ ਸੁਹਿਰਦ ਤੇ ਸਿਰੜੀ ਸੀ- ਸਾਡਾ ਪ੍ਰਿਥੀਪਾਲ ਰੰਧਾਵਾ। ਮਿਹਨਤੀ ਇੰਨਾ ਕਿ ਹਰ ਪ੍ਰੀਖਿਆ ਵਿੱਚ ਚੰਗੇ ਅੰਕ ਹਾਸਲ ਕੀਤੇ, ਬੀ.ਐਸ.ਸੀ. ਕਰ ਲਈ। ਜੇ ਚਾਹੁੰਦਾ ਤਾਂ ਵਧੀਆ ਨੌਕਰੀ ਹਾਸਲ ਕਰ ਸਕਦਾ ਸੀ ਪਰ ਖੇਤੀ ਯੂਨੀਵਰਸਿਟੀ ਲੁਧਿਆਣਾ ਦੇ ਮਾਹੌਲ ਨੇ ਤੇ ਕਾਮਰੇਡਾਂ ਦੀ ਸੰਗਤ ਨੇ ਉਹਨੂੰ ਵਿਦਿਆਰਥੀ ਲਹਿਰ ਵਿੱਚ ਖਿੱਚ ਲਿਆ। ਇਥੇ ਉਹਦੇ ਵਰਗੇ ਸਾਊ ਮੁੰਡਿਆਂ ਲਈ ਤੇ ਵਿਦਿਆਰਥਣਾਂ ਲਈ ਬਹੁਤ ਵੱਡੀ ਸਿਰਦਰਦੀ ਸੀ। ਇਹ ਸੀ ਵੱਡੇ ਘਰਾਂ ਦੇ ਵਿਗੜੇ ਹੋਏ ਕਾਕਿਆਂ ਦੀ ਗੁੰਡਾਗਰਦੀ। ਨਵੇਂ ਵਿਦਿਆਰਥੀ ਦੀ ਰੈਗਿੰਗ ਕਰ ਦੇਣੀ, ਰਾਹ ਜਾਂਦੀ ਕੁੜੀ ਦੇ ਸਿਰ ਤੋਂ ਚੁੰਨੀ ਲਾਹ ਲੈਣੀ ਆਮ ਗੱਲ ਸੀ। ਹੋਸਟਲਾਂ ਵਿੱਚ ਕਾਮਰੇਡ ਦਾ ਆਉਣ ਜਾਣ ਸੀ। ਉਹ ਆਪ ਪੜ੍ਹਾਈ ਨੂੰ ਅਲਵਿਦਾ ਕਹਿ ਇਨਕਲਾਬ ਲਈ ਸਮਰਪਤ ਹੋ ਗਿਆ ਸੀ। ਉਸ ਦੀ ਪ੍ਰੇਰਨਾ ਨਾਲ ਸੰਵੇਦਨਸ਼ੀਲ ਪ੍ਰਿਥੀਪਾਲ ਤੇ ਉਹਦੇ ਸਾਥੀਆਂ ਨੇ ਗੁੰਡਾਗਰਦੀ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ। ਬਹੁਤ ਹੀ ਖਤਰੇ ਭਰਿਆ ਸੀ ਇਹ ਕਾਰਜ। ਇਹਨਾਂ ਗੁੰਡਿਆਂ ਨੂੰ ਯੂਨੀਵਰਸਿਟੀ ਦੇ ਡੀਨ ਦੀ ਸ਼ਹਿ ਪ੍ਰਾਪਤ ਸੀ। ਕਾਮਰੇਡ ਦਾ ਕਹਿਣਾ ਸੀ ਕਿ ਜੇ ਗੁੰਡਾਗਰਦੀ ਨੂੰ ਨੱਥ ਨਾ ਪਾਈ ਗਈ ਤਾਂ ਵਿਦਿਆਰਥੀ ਗੁੰਡਿਆਂ ਦੇ ਡਰ ਕਾਰਨ ਦੱਬੂ ਬਣ ਜਾਣਗੇ।

ਪੰਜਾਬ ਪੱਧਰ ਤੇ ਵਿਦਿਆਰਥੀ ਕਈ ਸਾਲਾਂ ਤੋਂ ਸੰਘਰਸ਼ ਕਰ ਰਹੇ ਸੀ। ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਦੌਰਾਨ ਉਹਨਾਂ ਦੀਆਂ ਮੰਗਾਂ ਸਨ- ਬੱਸਾਂ ਵਿੱਚ ਵਿਦਿਆਰਥੀਆਂ ਲਈ ਰਿਆਇਤੀ ਬੱਸ ਪਾਸ ਮਿਲਣ, ਹੋਸਟਲਾਂ ਵਿੱਚ ਮਿਆਰੀ ਖਾਣਾ ਮਿਲੇ, ਪੜ੍ਹ ਚੁੱਕਿਆਂ ਨੂੰ ਰੋਜ਼ਗਾਰ ਮਿਲੇ ਜਾਂ ਬੇਰੁਜ਼ਗਾਰੀ ਭੱਤਾ ਮਿਲੇ।

ਕਈ ਵਿਦਿਅਕ ਸੰਸਥਾਵਾਂ ਵਿੱਚ ਸਥਾਨਕ ਮੰਗਾਂ ਲਈ ਸੰਘਰਸ਼ ਚੱਲ ਰਹੇ ਸੀ। 12 ਦਸੰਬਰ 1968 ਦੇ ਦਿਨ ਪੁਲਸ ਨੇ ਗੁਰੂਸਰ ਸੁਧਾਰ ਦੇ ਮੁਜ਼ਾਹਰਾਕਾਰੀ ਵਿਦਿਆਰਥੀਆਂ ਉਪਰ ਗੋਲੀ ਚਲਾ ਦਿੱਤੀ। ਆਸੀ ਕਲਾਂ ਦਾ ਜਗਤਾਰ ਸਿੰਘ ਸ਼ਹੀਦ ਹੋ ਗਿਆ। ਸਾਰੇ ਪੰਜਾਬ ਵਿੱਚ "ਸ਼ਹੀਦ ਜਗਤਾਰ ਸਿੰਘ ਅਮਰ ਰਹੇ, ਪੰਜਾਬ ਪੁਲਿਸ ਮੁਰਦਾਬਾਦ" ਦੇ ਨਾਅਰੇ ਗੂੰਜ ਪਏ। ਕਾਮਰੇਡ ਹਰਭਜਨ ਸੋਹੀ ਨੇ ਕਵਿਤਾ ਲਿਖੀ-

**ਹਰ ਮਿੱਟੀ ਦੀ ਆਪਣੀ ਖਸਲਤ,**
**ਹਰ ਮਿੱਟੀ ਕੁੱਟਿਆਂ ਨੀ ਭੁਰਦੀ**
**ਹਰ ਫੱਟਣ ਮੱਥਾ ਨੀ ਝੁਕਦਾ,**
**ਬੰਨ੍ਹ ਲਾਇਆਂ ਹਰ ਛੱਲ ਨੀ ਰੁਕਦੀ**
**ਹਰ ਗੁੰਗੇ ਫੱਟ ਨਾਅਰਾ ਫੁੱਟੂ,**
**ਹਰ ਨਾਅਰਾ ਲਲਕਾਰ ਬਣੇਗਾ**
**ਹਰ ਜਿਉਂਦਾ ਦਿਲ ਬਾਗੀ ਹੋਊ,**
**ਹਰ ਬਾਗੀ ਜਗਤਾਰ ਬਣੇਗਾ**

ਇਸ ਘਟਨਾ ਤੋਂ ਪਹਿਲਾਂ ਹੀ ਨਕਸਲਵਾਦੀ ਲਹਿਰ ਪੰਜਾਬ ਵਿੱਚ ਪਹੁੰਚ ਚੁੱਕੀ ਸੀ। ਕਈ ਵਿਦਿਆਰਥੀ ਪੜ੍ਹਾਈ ਛੱਡ ਇਸ ਲਹਿਰ ਵਿੱਚ ਸਰਗਰਮ ਹੋ ਗਏ ਸੀ। ਅਕਾਲੀਆਂ ਦੀ ਪੰਜਾਬ ਸਰਕਾਰ ਇਸ ਲਹਿਰ ਦੀ ਚੜ੍ਹਤ ਤੋਂ ਡਰੀ ਪਈ ਸੀ। ਇਸ ਲਹਿਰ ਦਾ ਇੱਕ ਹਿੱਸਾ ਜਮਾਤੀ ਦੁਸ਼ਮਣਾਂ ਦੇ ਸਫਾਏ ਦੀ ਮੁਹਿੰਮ ਦੇ ਕੁਰਾਹੇ ਪੈ ਗਿਆ। ਇਹਨਾਂ ਵੱਲੋਂ ਕੀਤੇ ਕਈ ਕਤਲਾਂ ਨੇ ਬਾਦਲ ਦੀ ਸਰਕਾਰ ਨੂੰ ਲਹਿਰ ਉਪਰ ਝਪਟ ਮਾਰਨ ਦਾ ਬਹਾਨਾ ਦੇ ਦਿੱਤਾ। ਦਰਜਨਾਂ ਨਕਸਲੀਆਂ ਨੂੰ ਫੜ ਕੇ, ਗੋਲੀਆਂ ਮਾਰ ਕੇ, ਪੁਲਸ ਨਾਲ ਮੁਕਾਬਲੇ ਵਿੱਚ ਮਰੇ ਦੀਆਂ ਖਬਰਾਂ ਛਪਵਾ ਦਿੱਤੀਆਂ ਗਈਆਂ। ਇਹਨਾਂ ਸ਼ਹੀਦਾਂ ਵਿੱਚ ਬਜ਼ੁਰਗ ਸੁਤੰਤਰਤਾ ਸੰਗਰਾਮੀ ਕਾਮਰੇਡ ਬੂਝਾ ਸਿੰਘ ਵੀ ਸੀ। ਪੀ.ਐਸ.ਯੂ. ਆਗੂ ਦਰਸ਼ਨ ਸਿੰਘ ਬਾਗੀ ਜੇਲ੍ਹ ਵਿੱਚ ਬੰਦ ਸੀ।

ਖੇਤੀ ਯੂਨੀਵਰਸਿਟੀ 'ਚ ਗੁੰਡਾਗਰਦੀ ਤਾਂ ਸੀ ਹੀ, ਨਾਲ ਹੀ ਮੈੱਸ ਠੇਕੇਦਾਰਾਂ ਦੀ ਧੱਕੇਸ਼ਾਹੀ ਵੀ ਸੀ- ਹੋਸਟਲਾਂ ਨੂੰ ਘਟੀਆ ਖਾਣੇ ਦੇ ਰੂਪ ਵਿੱਚ। ਬਹੁਤ ਹੀ ਸਤੇ ਪਏ ਸੀ- ਹੋਸਟਲਾਂ ਦੇ ਮੁੰਡੇ ਕੁੜੀਆਂ। ਖਿਡਾਰੀ ਵੀ ਪ੍ਰੇਸ਼ਾਨ- ਉਨ੍ਹਾਂ ਨੂੰ ਲੋੜੀਂਦੀ ਖੁਰਾਕ ਨਹੀਂ ਮਿਲਦੀ ਸੀ। ਵਿਦਿਆਰਥੀਆਂ ਨੂੰ ਪ੍ਰਿਥੀਪਾਲ ਰੰਧਾਵਾ ਦੀ ਸ਼ਖਸ਼ੀਅਤ ਵਿੱਚ ਇਕ ਭਰੋਸੇਯੋਗ ਆਗੂ ਦਿਸਿਆ ਤਾਂ ਉਨ੍ਹਾਂ ਅੰਦਰ ਵਰ੍ਹਿਆਂ ਤੋਂ ਜਮਾਂ ਹੋਇਆ ਰੋਸ ਉਬਾਲੇ ਮਾਰਨ ਲੱਗ ਪਿਆ। ਰੰਧਾਵਾ ਜੀ ਦੀ ਅਗਵਾਈ ਵਿੱਚ ਰੋਸ ਮੁਜ਼ਾਹਰੇ ਹੋਣ ਲੱਗੇ। ਨਾਅਰੇ ਗੂੰਜਣ ਲੱਗੇ- ਲੁਟੇਰੇ ਠੇਕੇਦਾਰ ਨੂੰ ਦਫਾ ਕਰੋ, ਖਿਡਾਰੀਆਂ ਨੂੰ ਢੁੱਕਵੀਂ ਖੁਰਾਕ ਦਿਓ। ਪਰ ਠੇਕੇਦਾਰ ਦੀ ਪਿੱਠ ਪਿੱਛੇ 'ਵਿਦਿਆਰਥੀ ਭਲਾਈ' ਦਾ ਡੀਨ ਖੜ੍ਹਾ ਸੀ, ਜਿਸ ਨੂੰ ਠੇਕੇਦਾਰ ਆਪਣੀ ਨਜਾਇਜ ਕਮਾਈ ਵਿੱਚੋਂ ਹਿੱਸਾ ਦਿੰਦਾ ਸੀ। ਹੰਕਾਰੀ ਡੀਨ ਨੇ ਜਾਇਜ ਮੰਗਾਂ ਮੰਨਣ ਦੀ ਥਾਂ ਰੰਧਾਵਾ ਜੀ ਨੂੰ ਯੂਨੀਵਰਸਿਟੀ 'ਚੋਂ ਕਢਵਾ ਦਿੱਤਾ। ਇਸ ਧੱਕੇਸ਼ਾਹੀ ਨਾਲ ਵਿਦਿਆਰਥੀਆਂ ਦਾ ਰੋਸ, ਗੁੱਸੇ 'ਚ ਬਦਲ ਗਿਆ। ਅੰਦੋਲਨ ਯੂਨੀਵਰਸਿਟੀ ਦੇ ਸਾਰੇ ਕਾਲਜਾਂ ਵਿੱਚ ਫੈਲ ਗਿਆ। ਲੜਕੀਆਂ ਤੇ ਪੋਸਟਗ੍ਰੈਜੂਏਟ ਵੀ ਸੜਕਾਂ ਤੇ ਨਿਕਲ ਆਏ। ਗੁੱਸੇਖੋਰ ਡੀਨ ਨੇ ਅੰਦੋਲਨ ਨੂੰ ਕੁਚਲ ਦੇਣ ਲਈ ਯੂਨੀਵਰਸਿਟੀ ਨੂੰ ਬੰਦ ਕਰਵਾ ਦਿੱਤਾ। ਹੋਸਟਲਾਂ ਨੂੰ ਖਾਲੀ ਕਰਨ ਦੇ ਹੁਕਮ ਚਾੜ੍ਹ ਦਿੱਤੇ ਗਏ। ਆਪਣੇ ਮਾਪਿਆਂ ਦੀ ਸਲਾਹ ਦਾ ਪਾਲਣ ਕਰਦਿਆਂ ਬਹੁਤੇ ਹੋਸਟਲਰ ਘਰਾਂ ਨੂੰ ਚਲੇ ਗਏ। ਬਾਕੀਆਂ ਨੂੰ ਭਜਾਉਣ ਲਈ ਪਾਣੀ ਦੀ ਸਪਲਾਈ ਰੋਕ ਦਿੱਤੀ ਗਈ, ਮੈਸਾਂ ਬੰਦ ਕਰ ਦਿੱਤੀਆਂ ਗਈਆਂ।


ਇੰਨੇ ਮਾੜੇ ਹਾਲਾਤਾਂ ਵਿੱਚ ਵੀ ਪੰਜਾਬ ਸਟੂਡੈਂਟਸ ਯੂਨੀਅਨ ਦੇ ਦਲੇਰ ਕਾਰਕੁਨਾਂ ਨੇ ਰੰਧਾਵਾ ਜੀ ਦੀ ਅਗਵਾਈ ਵਿੱਚ ਅੰਦੋਲਨ ਜਾਰੀ ਰੱਖਿਆ। ਛੇ ਹੋਸਟਲਾਂ ਦੇ ਮੁੰਡਿਆਂ ਨੂੰ ਦੋ ਹੋਸਟਲਾਂ ਵਿੱਚ ਇਕੱਠੇ ਕਰ ਲਿਆ, ਰਾਸ਼ਨ ਲਿਆ ਕੇ ਲੰਗਰ ਚਲਾ ਲਿਆ, ਪੁਲਸ ਕਾਰਵਾਈ ਦੇ ਖਤਰੇ ਨੂੰ ਭਾਂਪਦਿਆਂ ਟਾਕਰੇ ਲਈ ਇੱਟ-ਰੋੜੇ ਜਮਾਂ ਕਰ ਲਏ ਅਤੇ ਡੀਨ ਨੂੰ ਹਟਾਉਣ ਦੀ ਮੰਗ ਰੱਖ ਦਿੱਤੀ। ਖੇਤੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਮਹਿੰਦਰ ਸਿੰਘ ਰੰਧਾਵਾ ਖਰੜ ਰਹਿੰਦਾ ਸੀ। ਜਦੋਂ ਵਿਦਿਆਰਥੀਆਂ ਦੇ ਇੱਕ ਵਫਦ ਨੇ, ਉਹਦੇ ਘਰ ਜਾ ਕੇ, ਮਸਲਿਆਂ ਦੀ, ਹਾਲਾਤਾਂ ਦੀ, ਵਿਦਿਆਰਥੀਆਂ ਦੇ ਰੋਸ ਦੀ ਸਹੀ ਪੇਸ਼ਕਾਰੀ ਕੀਤੀ ਤਾਂ ਉਹਨੇ ਪ੍ਰਿਥੀਪਾਲ ਜੀ ਨੂੰ ਕੱਢ ਦੇਣ ਦਾ ਫੈਸਲਾ ਵਾਪਸ ਲੈ ਲਿਆ ਤੇ ਮੁੱਖ ਮੰਗਾਂ ਮੰਨ ਲਈਆਂ।

ਜ਼ਿਕਰਯੋਗ ਹੈ ਕਿ ਇਸ ਅੰਦੋਲਨ ਦੌਰਾਨ ਵੀ ਰੰਧਾਵਾ ਜੀ ਉਪਰ ਗੁੰਡਿਆਂ ਵੱਲੋਂ ਕਾਤਲਾਨਾ ਹਮਲਾ ਕੀਤਾ ਗਿਆ, ਪਰ ਚੌਕਸੀ ਕਾਰਨ ਉਹ ਵਾਲ ਵਾਲ ਬਚ ਗਏ। ਛੇਤੀ ਹੀ ਰੰਧਾਵਾ ਜੀ ਨੇ ਅੱਧੇ ਕੁ ਪੰਜਾਬ ਨੂੰ ਆਪਣੀ ਕਰਮਭੂਮੀ ਬਣਾ ਲਿਆ। ਕਿਸੇ ਵੀ ਜ਼ਿਲ੍ਹੇ ਵਿਚੋਂ ਸੱਦਾ ਆਉਂਦਾ, ਉਹ ਤੁਰ ਪੈਂਦੇ ਤੇ ਵੱਡੀਆਂ ਛੋਟੀਆਂ ਰੈਲੀਆਂ ਨੂੰ ਬੇਖੌਫ ਹੋ ਕੇ ਸੰਬੋਧਨ ਕਰਦੇ। ਉਨ੍ਹਾਂ ਦੀ ਪ੍ਰਤੀਬੱਧਤਾ, ਸਿਰੜ ਤੇ ਕਾਬਲੀਅਤ ਦੀ ਕਦਰ ਕਰਦਿਆਂ, ਪੰਜਾਬ ਸਟੂਡੈਂਟਸ ਯੂਨੀਅਨ ਨੇ ਉਨ੍ਹਾਂ ਨੂੰ ਪੰਜਾਬ ਦਾ ਜਨਰਲ ਸਕੱਤਰ ਬਣਾ ਦਿੱਤਾ।

ਸ਼ਹੀਦ ਰੰਧਾਵਾ ਦੀ ਭੈਣ ਹਰਦੀਸ਼ ਪਾਲ ਦਸੂਹੇ ਨੇੜੇ ਦੇ ਇਕ ਪਿੰਡ 'ਚ ਰਹਿੰਦੀ ਹੈ। ਜਦੋਂ ਮੈਂ ਉਸ ਨੂੰ ਮਿਲਿਆ ਤਾਂ ਮੈਨੂੰ ਲੱਗਾ ਕਿ ਸਾਡੇ ਪਿਆਰੇ ਨਾਇਕ ਦੀਆਂ ਯਾਦਾਂ ਦਾ ਇਕ ਖਜਾਨਾ ਹੀ ਮੈਨੂੰ ਮਿਲ ਗਿਆ। ਉਸ ਕੋਲ ਪ੍ਰਿਥੀਪਾਲ ਦੇ ਬਚਪਨ ਦੀਆਂ ਮਾਰਮਿਕ ਯਾਦਾਂ ਨੇ। ਉਸ ਨੇ ਦੱਸਿਆ- ਮੇਰੇ ਵੀਰ ਦਾ ਇਕ ਜਮਾਤੀ ਹੁੰਦਾ ਸੀ। ਘੋਰ ਗਰੀਬੀ ਕਾਰਨ ਉਹ ਪੜ੍ਹਨ ਤੋਂ ਹਟ ਗਿਆ। ਵੀਰ ਉਹਦੇ ਘਰ ਗਿਆ ਤੇ ਜ਼ੋਰ ਪਾ ਕੇ ਕਿਹਾ ਕਿ ਉਹ ਸਕੂਲ ਤੋਂ ਨਾ ਹਟੇ। ਉਹਨੇ ਕਿਹਾ- ਯਾਰ ਪਿਰਥੀ ਪੜ੍ਹਨਾ ਤਾਂ ਮੈਂ ਵੀ ਚਾਹੁੰਨਾ ਪਰ ਸਾਡੀ ਇਹ ਕੰਗਾਲੀ....... ਦੂਜੀ ਗੱਲ ਏਹ ਕਿ ਮੇਰਾ ਤਾਂ ਦਿਮਾਗ ਹੀ ਜਿਵੇਂ ਡੁੰਨ ਹੋਇਆ ਪਿਐ। ਵੀਰ ਨੇ ਕਿਹਾ- ਤੂੰ ਸਕੂਲ ਆਉਣ ਲੱਗ, ਮੈਂ ਤੈਨੂੰ ਬਾਦਾਮ ਲਿਆ ਕੇ ਦਿੰਨਾ, ਤੇਰਾ ਦਿਮਾਗ ਚੁਸਤ ਦਰੁਸਤ ਹੋ ਜਾਊ।

ਵੀਰ ਨੇ ਦੋ ਸਾਲਾਂ ਤੋਂ ਇਕੱਠੇ ਕੀਤੇ ਜੇਬ ਖਰਚ ਦੇ ਸਾਰੇ ਪੈਸਿਆਂ ਨਾਲ ਬਾਦਾਮ ਖਰੀਦੇ ਤੇ ਆਪਣੇ ਗਰੀਬ ਆੜੀ ਨੂੰ ਦੇ ਦਿੱਤੇ। ਹਰ ਨਵੇਂ ਸਾਲ ਉਹ ਕੈਲੰਡਰ ਖਰੀਦਦਾ, ਪਰ ਸਿਰਫ ਸ਼ਹੀਦਾਂ ਦੀਆਂ ਫੋਟੋਆਂ ਵਾਲੇ।

ਮੈਂ ਸੋਚਣ ਲੱਗਾ- ਪ੍ਰਿਥੀਪਾਲ ਕਿੰਨਾ



ਸੰਵੇਦਨਸ਼ੀਲ ਸੀ। ਬਾਦਾਮਾਂ ਬਾਰੇ ਇਸ ਮਾਸੂਮ ਨੂੰ ਕਿੰਨਾ ਭਰਮ ਸੀ। ਅਮੀਰਾਂ ਦੇ ਬੱਚੇ ਬਾਦਾਮ ਖਾ ਕੇ ਵੀ ਨਹੀਂ ਪੜ੍ਹਦੇ। ਉਹਨਾਂ ਨੂੰ ਪੜ੍ਹਨ ਦੀ, ਮਿਹਨਤ ਕਰਨ ਦੀ ਲੋੜ ਹੀ ਨਹੀਂ ਲੱਗਦੀ। ਗਰੀਬਾਂ ਦੇ ਨਿਆਣੇ ਪੜ੍ਹਨਾ ਚਾਹੁੰਦੇ ਨੇ, ਪਰ ਘਰਾਂ ਦੀ ਘੋਰ ਗਰੀਬੀ ਤੇ ਇਸ ਗਰੀਬੀ ਕਾਰਨ ਘਰਾਂ 'ਚ ਛਿੜੇ ਰਹਿੰਦੇ ਕਲੇਸ਼ ਉਨਾਂ ਦੀ ਇਕਾਗਰਤਾ 'ਚ ਵਿਘਨ ਪਾਉਂਦੇ ਨੇ। ਘੋਰ ਗਰੀਬੀ ਕਈਆਂ ਨੂੰ ਸਕੂਲੋਂ ਹਟਾ ਬਾਲ ਮਜਦੂਰੀ ਦੀ ਭੱਠੀ 'ਚ ਝੋਕ ਦਿੰਦੀ ਹੈ।

ਸੰਨ 1967 ਵਿਚ ਰੰਧਾਵਾ ਜੀ ਖੇਤੀ ਯੂਨੀਵਰਸਿਟੀ ਲੁਧਿਆਣਾ 'ਚ ਦਾਖਲ ਹੋਏ, ਛੇਤੀ ਹੀ ਕਾਮਰੇਡਾਂ ਦੀ ਸਕੂਲਿੰਗ ਤੋਂ ਪ੍ਰਭਾਵਤ ਹੋ ਗਏ, ਜੋ ਉਹਨੀ ਦਿਨੀਂ ਲੁਧਿਆਣਾ ਦੇ ਸਾਰੇ ਹੋਸਟਲਾਂ 'ਚ ਚਲਦੀ ਰਹਿੰਦੀ ਸੀ। ਫਿਰ ਪ੍ਰੋਫੈਸਰ ਸੁਰਿੰਦਰ ਸਿੰਘ ਦੁਸਾਂਝ ਤੇ ਪ੍ਰੋ: ਸ. ਨ. ਸੇਵਕ ਨਾਲ ਉਨ੍ਹਾਂ ਦਾ ਨਿੱਘਾ ਸਬੰਧ ਬਣ ਗਿਆ, ਸ਼ਹਿਰ ਤੋਂ ਨਿਕਲਦੇ ਮਾਸਿਕ ਪੱਤਰ ਹੇਮ ਜਯੋਤੀ ਦੇ ਸੰਪਾਦਕ ਸੁਰੇਂਦਰ ਨਾਲ ਵੀ। ਸਾਡੇ ਮਹਾਨ ਨਾਇਕ ਅਤੇ ਪ੍ਰੋ: ਸੇਵਕ ਦੇ ਆਪਸੀ ਸਨੇਹ ਤੇ ਉਨ੍ਹਾਂ ਦੋਵਾਂ ਦੀਆਂ ਸਾਂਝੀਆਂ ਸਰਗਰਮੀਆਂ ਬਾਰੇ ਚਰਚਾ ਅਗਾਂਹ ਜਾ ਕੇ ਕਰਾਂਗੇ।

23 ਮਾਰਚ 1971 ਦੇ ਦਿਨ ਰੰਧਾਵਾ ਜੀ ਨੇ ਆਪਣਾ ਪਹਿਲਾ ਭਾਸ਼ਨ ਦਿੱਤਾ। ਲੁਧਿਆਣੇ ਭਗਤ ਸਿੰਘ ਦੇ ਸ਼ਹੀਦੀ ਦਿਵਸ ਤੇ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਉਹਨੇ ਕਿਹਾ- "ਅੱਜ ਮੌਕਾ ਸ਼ਹੀਦ ਭਗਤ ਸਿੰਘ ਨੂੰ ਸਿਰਫ ਯਾਦ ਕਰਨ ਦਾ ਨਹੀਂ, ਇਹ ਸੋਚਣ ਦਾ ਏ ਕਿ ਸਾਡਾ ਮਹਾਨ ਨਾਇਕ ਚਾਹੁੰਦਾ ਕੀ ਸੀ। ਕੀ ਉਹ ਐਸੀ ਆਜ਼ਾਦੀ ਚਾਹੁੰਦਾ ਸੀ, ਜੋ ਅਸੀਂ ਅੱਜ ਦੇਖ ਰਹੇ ਆਂ- ਵਧਦੀ ਜਾ ਰਹੀਆਰਥਿਕ ਨਾ-ਬਰਾਬਰੀ, ਗਰੀਬਾਂ ਦੀ ਲੁੱਟ, ਸਮਾਜਿਕ ਵਿਤਕਰੇ, ਗੁੰਡਾਗਰਦੀ, ਭ੍ਰਿਸ਼ਟਾਚਾਰ। ਭਗਤ ਸਿੰਘ ਨਹੀਂ ਚਾਹੁੰਦਾ ਸੀ- ਏਹ ਸਭ ਕੁਛ। ਭਗਤ ਸਿੰਘ, ਸੁਖਦੇਵ, ਰਾਜਗੁਰੂ, ਚੰਦਰ ਸ਼ੇਖਰ ਆਜ਼ਾਦ, ਸਾਰੇ ਗਦਰੀ ਚਾਹੁੰਦੇ ਸੀ- ਐਸਾ ਸਮਾਜ ਜਿਸ ਵਿੱਚ ਬਰਾਬਰੀ ਹੋਵੇ, ਇਨਸਾਫ ਹੋਵੇ, ਐਸੀ ਖੁਸ਼ਹਾਲੀ ਜੀਹਦਾ ਹਰ ਗਰੀਬ ਬੰਦੇ ਨੂੰ ਫਾਇਦਾ ਹੋਵੇ। ਉਹ ਚਾਹੁੰਦੇ ਸੀ ਗਰੀਬੀ, ਭੁੱਖ ਮਰੀ ਤੋਂ ਮੁਕਤ, ਭ੍ਰਿਸ਼ਟਾਚਾਰ ਤੋਂ ਮੁਕਤ, ਜਾਤ ਪਾਤੀ ਧੱਕੇਸ਼ਾਹੀਆਂ ਤੋਂ ਮੁਕਤ ਸਮਾਜ। ਅੰਧਵਿਸ਼ਵਾਸਾਂ ਤੇ ਫਿਰਕਾਪ੍ਰਸਤੀ ਦੇ ਦੁਸ਼ਮਣ ਸੀ-ਸਾਡੇ ਮਹਾਨ ਨਾਇਕ। ਉਹ ਵਿਗਿਆਨਕ ਸੋਚ ਦੇ ਅਲੰਬਰਦਾਰ ਸਨ। ਸੋ ਮੁੱਦਾ ਸ਼ਹੀਦਾਂ ਨੂੰ ਯਾਦ ਕਰਨ ਦਾ ਨਹੀਂ, ਉਹਨਾਂ ਦੀ ਸੋਚ ਨੂੰ, ਉਹਨਾਂ ਦੇ ਸੁਪਨਿਆਂ ਨੂੰ ਸਮਝਣ ਦਾ ਹੈ। ਉਹਨਾਂ ਸੁਪਨਿਆਂ ਨੂੰ ਸਾਕਾਰ ਅਸੀਂ ਹੀ ਕਰਨਾ ਏ। ਮੈਂ ਅੱਜ ਭਗਤ ਸਿੰਘ ਦੇ ਸ਼ਹੀਦੀ ਦਿਵਸ ਮੌਕੇ ਆਪਣੀ ਪੂਰੀ ਜ਼ਿੰਦਗੀ ਸ਼ਹੀਦਾਂ ਦੇ ਆਜ਼ਾਦੀ ਦੇ ਤਸੱਵਰ ਨੂੰ ਸਾਕਾਰ ਕਰਨ ਲਈ ਸਮਰਪਤ ਕਰਦਾ ਹਾਂ, ਉਹਨਾਂ ਦੇ ਆਦਰਸ਼ਾਂ ਦੇ ਰਾਹ ਦਾ ਰਾਹੀ ਬਣੇ ਰਹਿਣ ਲਈ ਸਮਰਪਤ ਕਰਦਾ ਹਾਂ।"

ਇਸ ਦਿਨ ਖਾਧੀ ਸਹੁੰ ਰੰਧਾਵਾ ਜੀ ਨੇ ਆਖਰੀ ਸਾਹ ਤੱਕ ਨਿਭਾਈ।

ਰੰਧਾਵਾ ਜੀ ਨੂੰ ਲਿਖਣ ਦਾ ਵੀ ਸ਼ੌਕ ਸੀ। ਉਹਨੇ ਕੁਝ ਕਵਿਤਾਵਾਂ ਵੀ ਲਿਖੀਆਂ। ਉਸ ਨੇ ਸਾਹਿਤਕ ਮੱਸ ਰੱਖਣ ਵਾਲੇ ਵਿਦਿਆਰਥੀਆਂ ਨਾਲ ਤੇ ਪ੍ਰੋ:ਸੇਵਕ ਨਾਲ ਗੱਲ ਕਰ ਕੇ ਯੂਨੀਵਰਸਿਟੀ ਪੱਧਰ ਤੇ ਇਕ ਸੰਸਥਾ ਯੰਗ ਰਾਈਟਰਜ਼ ਐਸੋਸੀਏਸ਼ਨ ਬਣਾਈ, ਸੰਸਥਾ ਵੱਲੋਂ ਇਕ ਮੈਗਜ਼ੀਨ ਸ਼ੁਰੂ ਕੀਤਾ, ਕਵੀ ਦਰਬਾਰ ਤੇ ਕਹਾਣੀ ਦਰਬਾਰ ਕਰਾਏ। ਕਈ ਲੇਖਕਾਂ ਨੂੰ ਵਿਦਿਆਰਥੀਆਂ ਦੇ ਰੂਬਰੂ ਕੀਤਾ। ਮੰਤਵ ਸੀ- ਪੁੰਗਰ ਰਹੇ ਲੇਖਕਾਂ ਦੀ ਸਾਹਿਤਕ ਪ੍ਰਤਿਭਾ ਨੂੰ ਉਭਾਰਨਾ।

ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਦਾ ਪੰਜਾਬ ਪਹਿਲਾਂ ਵਰਗਾ ਨਹੀਂ ਸੀ। ਇਸ ਦਹਾਕੇ ਦੀ ਵਿਲੱਖਣਤਾ ਸੀ- ਤੂਫਾਨੀ ਵਿਦਿਆਰਥੀ ਅੰਦੋਲਨ। ਇਸ ਅੰਦੋਲਨ ਦੇ ਵੇਰਵਿਆਂ ਅਤੇ ਅੰਦੋਲਨ ਦੀ ਅਹਿਮ ਸ਼ਖਸ਼ੀਅਤ ਸ਼ਹੀਦ ਰੰਧਾਵਾ ਬਾਰੇ ਜਾਨਣ ਤੋਂ ਪਹਿਲਾਂ ਪੰਜਾਬ ਦੇ ਸਿਆਸੀ ਪਿਛੋਕੜ ਤੇ ਪਿਛਲਝਾਤ ਮਾਰ ਲਈਏ। 1947 ਤੋਂ ਬਾਅਦ ਦੇ ਪੰਜਾਬ ਵਿੱਚ ਕਾਂਗਰਸ ਅਤੇ ਕਮਿਊਨਿਸਟਾਂ ਦੀ ਇੰਨੀ ਚੜ੍ਹਤ ਸੀ ਕਿ ਅਕਾਲੀਆਂ ਨੂੰ ਸਾਂਝੇ ਪੰਜਾਬ ਵਿੱਚ ਸੱਤਾ ਹਾਸਲ ਕਰਨ ਦਾ ਸੁਪਨਾ ਸਾਕਾਰ ਕਰਨਾ ਅਸੰਭਵ ਲੱਗਦਾ ਸੀ। ਸੋ ਪਹਿਲਾਂ ਉਹਨਾਂ ਸਿੱਖ ਹੋਮਲੈਂਡ ਦਾ ਨਾਅਰਾ ਚੁੱਕ ਲਿਆ। ਇਸ ਨਾਅਰੇ ਨੂੰ ਲੋਕਾਂ ਵੱਲੋਂ ਕੋਈ ਹੁੰਗਾਰਾ ਨਾ ਮਿਲਿਆ। ਫਿਰ ਉਹਨਾਂ ਸਾਂਝੇ ਪੰਜਾਬ ਵਿਚੋਂ ਪੰਜਾਬੀ ਸੂਬਾ ਬਣਾਉਣ ਲਈ ਅੰਦੋਲਨ ਛੇੜ ਦਿੱਤਾ। ਪੰਜਾਬ ਦੇ ਹਿੰਦੂ ਫਿਰਕਾਪ੍ਰਸਤਾਂ ਨੇ ਪ੍ਰਧਾਨ ਮੰਤਰੀ ਨਹਿਰੂ ਦੇ ਕੰਨਾਂ ਵਿੱਚ ਫੂਕ ਮਾਰ ਦਿੱਤੀ ਕਿ ਪੰਜਾਬ ਦਾ ਬਟਵਾਰਾ ਦੇਸ਼ ਦੇ ਇੱਕ ਹੋਰ ਬਟਵਾਰੇ ਦੀ ਨੀਂਹ ਰੱਖ ਸਕਦਾ ਹੈ। 1947 ਦੇ ਭਿਆਨਕ ਕਤਲੇਆਮ ਤੋਂ ਡਰੇ ਹੋਏ ਨਹਿਰੂ ਨੂੰ ਇਹ ਦਲੀਲ ਜਚ ਗਈ। ਉਸ ਨੇ ਭਾਸ਼ਾ ਦੇ ਆਧਾਰ ਤੇ ਪੰਜਾਬ ਦੇ ਪੁਨਰਗਠਨ ਦੀ ਮੰਗ ਰੱਦ ਕਰ ਦਿੱਤੀ। ਜ਼ਿਕਰਯੋਗ ਹੈ ਕਿ 1947 ਦੇ ਫਸਾਦਾਂ ਨੂੰ ਹਵਾ ਦੇਣ ਵਿੱਚ ਅਕਾਲੀਆਂ ਦਾ ਵੱਡਾ ਹਿੱਸਾ ਸਰਗਰਮ ਰਿਹਾ ਸੀ। ਪੰਜਾਬੀ ਸੂਬੇ ਲਈ ਅਕਾਲੀਆਂ ਦਾ ਅੰਦੋਲਨ ਤੇਜ ਹੋਣ ਲੱਗਾ। ਕੇਂਦਰ ਸਰਕਾਰ ਤੋਂ ਸਖਤੀ ਕਰਨ ਦੀ ਹਦਾਇਤ ਮਿਲੀ ਤਾਂ ਅੰਗਰੇਜ਼ਾਂ ਵੱਲੋਂ ਪਾਲੀ ਪੋਸ਼ੀ ਹੋਈ ਅਤੇ ਕਾਂਗਰਸ ਵੱਲੋਂ ਉਵੇਂ ਦੀ ਉਵੇਂ ਰੱਖੀ ਹੋਈ ਬੇਕਿਰਕ ਅਫਸਰਸ਼ਾਹੀ ਨੇ ਅੰਦੋਲਨਕਾਰੀਆਂ ਉਪਰ ਲਾਠੀਚਾਰਜ ਕੀਤੇ, ਗੋਲੀਆਂ ਚਲਾਈਆਂ, ਕਈ ਅੰਦੋਲਨਕਾਰੀ ਮਾਰ ਦਿੱਤੇ। ਸ਼ਾਂਤਮਈ ਅੰਦੋਲਨ ਵਿਰੁੱਧ ਇਸ ਬੇਰਹਿਮੀ ਨੇ ਅੰਦੋਲਨ ਹੋਰ ਤੇਜ ਕਰ ਦਿੱਤਾ। ਅਕਾਲੀਆਂ ਚੀਕ ਚਿਹਾੜਾ ਪਾ ਦਿੱਤਾ ਕਿ ਕੇਂਦਰ ਸਰਕਾਰ ਸਿੱਖਾਂ ਦੀ ਦੁਸ਼ਮਣ ਹੈ, ਇਸੇ ਕਾਰਨ ਪੰਜਾਬੀ ਸੂਬਾ ਨਹੀਂ ਬਣਾ ਰਹੀ ਜਦੋਂ ਕਿ ਸਾਰੇ ਦੇਸ਼ ਵਿੱਚ ਭਾਸ਼ਾ ਦੇ ਆਧਾਰ ਤੇ ਪ੍ਰਾਂਤਾਂ ਦਾ ਪੁਨਰਗਠਨ ਕਰ ਦਿੱਤਾ ਗਿਆ ਹੈ। ਅਸਲੀਅਤ ਇਹ ਕਿ ਉਦੋਂ ਤੱਕ ਸਿਰਫ ਦੋ ਹੀ ਭਾਸ਼ਾ ਅਧਾਰਤ ਪ੍ਰਾਂਤ ਬਣੇ ਸੀ। ਦੂਜੀ ਸਚਾਈ ਇਹ ਕਿ ਅਕਾਲੀਆਂ ਨੂੰ ਪੰਜਾਬੀ ਭਾਸ਼ਾ ਨਾਲ ਕੋਈ ਮੋਹ ਹੀ ਨਹੀਂ ਸੀ। ਅਸਲ ਮੁੱਦਾ ਉਹਨਾਂ ਦੀ ਸੱਤਾ ਦੀ ਭੁੱਖ ਸੀ, ਜੋ ਸਾਂਝੇ ਪੰਜਾਬ 'ਚ ਕਦੇ ਵੀ ਪੂਰੀ ਨਹੀਂ ਹੋਣੀ ਸੀ। ਇਸੇ ਦੌਰਾਨ ਧਰਮ ਨਿਰਪੱਖ ਸੋਚ ਰੱਖਣ ਵਾਲੇ ਪ੍ਰਧਾਨ ਮੰਤਰੀ ਨਹਿਰੂ ਦਾ ਦਿਹਾਂਤ ਹੋ ਗਿਆ। ਭਾਸ਼ਾ ਆਧਾਰਤ ਪੰਜਾਬ ਬਣ ਗਿਆ। ਕੇਂਦਰ ਸਰਕਾਰ ਨਾਲ ਗੱਲਬਾਤ ਚਲਾ ਰਹੇ ਅਕਾਲੀ ਆਗੂ ਬਾਦਲ ਦੀ ਸਹਿਮਤੀ ਨਾਲ ਕੁਝ ਪੰਜਾਬੀ ਬੋਲਦੇ ਇਲਾਕੇ ਨਵੇਂ ਪੰਜਾਬ ਤੋਂ ਬਾਹਰ ਰੱਖ ਲਏ ਗਏ ਕਿਉਂਕਿ ਉਥੇ ਅਕਾਲੀਆਂ ਦੇ ਵੋਟਰਾਂ ਭਾਵ ਸਿੱਖਾਂ ਦੀ ਗਿਣਤੀ ਬਹੁਤ ਹੀ ਘੱਟ ਸੀ। ਚੰਡੀਗੜ੍ਹ ਨੂੰ ਕੇਂਦਰ ਸਰਕਾਰ ਨੇ ਆਪਣੇ ਕੋਲ ਰੱਖ ਲਿਆ। ਫਿਰ ਅਕਾਲੀਆਂ ਨੇ ਚੰਡੀਗੜ੍ਹ ਲਈ ਤੇ ਆਪ ਹੀ ਛੱਡੇ ਪੰਜਾਬੀ ਬੋਲਦੇ ਇਲਾਕਿਆਂ ਲਈ ਅੰਦੋਲਨ ਛੇੜ ਦਿੱਤਾ। ਮਾਸਟਰ ਤਾਰਾ ਸਿੰਘ ਤੇ ਸੰਤ ਫਤਿਹ ਸਿੰਘ ਨੇ ਮਰਨ ਵਰਤ ਰੱਖੇ, ਫਿਰ ਛੱਡ ਦਿੱਤੇ। ਇਕ ਗੈਰ-ਅਕਾਲੀ ਦਰਸ਼ਨ ਸਿੰਘ ਫੇਰੂਮਾਨ ਨੇ ਵੀ ਮਰਨ ਵਰਤ ਰੱਖਿਆ। ਉਹ ਇਹਨਾਂ ਦੋਵਾਂ ਮੁੱਦਿਆਂ ਲਈ ਜਾਨ ਵਾਰ ਗਿਆ। ਅਕਾਲੀ ਕੁਝ ਨਾ ਕਰ ਸਕੇ, "ਸ਼ਹੀਦ ਫੇਰੂਮਾਨ ਜ਼ਿੰਦਾਬਾਦ" ਦੇ ਨਾਅਰੇ ਲਾਉਣ ਤੋਂ ਬਿਨਾਂ। 1967 ਵਿੱਚ ਪੰਜਾਬ ਵਿੱਚ ਪਹਿਲੀ ਗੈਰ-ਕਾਂਗਰਸੀ ਵਜ਼ਾਰਤ ਬਣੀ- ਚਾਰ ਪਾਰਟੀਆਂ ਦੀ। ਅਕਾਲੀ ਦਲ ਦੇ ਹੀ ਕੁਝ ਵਿਧਾਇਕਾਂ ਨੇ ਕਾਂਗਰਸ ਦੀ ਸ਼ਹਿ ਨਾਲ ਇਸ ਵਜ਼ਾਰਤ ਨੂੰ ਡੇਗ ਦਿੱਤਾ ਤੇ ਨਵੀਂ ਪਾਰਟੀ ਬਣਾ ਕੇ ਕਾਂਗਰਸ ਦੀ ਹਿਮਾਇਤ ਨਾਲ ਨਵੀਂ ਵਜ਼ਾਰਤ ਬਣਾ ਲਈ। ਮਹੀਨਿਆਂ ਵਿੱਚ ਹੀ ਕਾਂਗਰਸ ਨੇ ਇਹ ਵਜ਼ਾਰਤ ਮੂਧੇ ਮੂੰਹ ਮਾਰ ਦਿੱਤੀ। ਰੋਚਕ ਗੱਲ ਇਹ ਕਿ ਇਸ ਵਜ਼ਾਰਤ ਨੇ ਤਾਂ ਪੰਜਾਬੀ ਭਾਸ਼ਾ ਲਈ ਕੁਝ ਕੀਤਾ, ਪਰ ਸਾਂਝਾ ਮੋਰਚਾ ਵਜ਼ਾਰਤ ਨੇ ਜਾਂ ਬਾਅਦ 'ਚ ਬਣਨ ਵਾਲੀਆਂ ਅਕਾਲੀ ਸਰਕਾਰਾਂ ਨੇ ਕੁਝ ਨਹੀਂ ਕੀਤਾ। ਮੱਧਕਾਲੀ ਚੋਣਾਂ ਤੋਂ ਮਗਰੋਂ ਅਕਾਲੀ ਆਗੂ ਗੁਰਨਾਮ ਸਿੰਘ ਫਿਰ ਮੁੱਖ ਮੰਤਰੀ ਬਣ ਗਿਆ ਪਰ ਤਿਕੜਮਬਾਜ਼ ਬਾਦਲ ਨੇ ਛੇਤੀ ਹੀ ਉਹਨੂੰ ਅਹੁਦੇ ਤੋਂ ਲਾਹ ਮਾਰਿਆ, ਆਪ ਮੁੱਖ ਮੰਤਰੀ ਬਣ ਗਿਆ। ਬਾਦਲ ਦੀ ਪਹਿਲੀ ਵਜ਼ਾਰਤ ਛੇਤੀ ਹੀ ਅਕਾਲੀਆਂ ਦੀ ਆਪਸੀ ਖਾਨਾਜੰਗੀ ਦੀ ਭੇਟ ਚੜ੍ਹ ਗਈ।

ਇਨ੍ਹੀ ਦਿਨੀਂ ਹੀ ਪੂਰਬੀ ਪਾਕਿਸਤਾਨ ਦੀਆਂ ਚੋਣਾਂ ਵਿੱਚ ਬੰਗਾਲੀਆਂ ਦੀ ਪਾਰਟੀ ਅਵਾਮੀ ਲੀਗ ਚੋਣ ਜਿੱਤ ਗਈ, ਪ੍ਰੰਤੂ ਪਾਕਿਸਤਾਨ ਦੇ ਹੁਕਮਰਾਨਾਂ ਨੇ ਇਸ ਪਾਰਟੀ ਨੂੰ ਸੱਤਾ ਨਾ ਸੰਭਾਲੀ। ਏਸ ਧੱਕੇਸ਼ਾਹੀ ਵਿਰੁੱਧ ਪੂਰਬੀ ਪਾਕਿਸਤਾਨ ਵਿੱਚ ਜਬਰਦਸਤ ਅੰਦੋਲਨ, ਇਸ ਨੂੰ ਕੁਚਲ ਦੇਣ ਲਈ ਫੌਜ ਵੱਲੋਂ ਬੇਰਹਿਮ ਅਤਿਆਚਾਰ, ਲੱਖਾਂ ਬੰਗਾਲੀਆਂ ਵੱਲੋਂ ਜ਼ੁਲਮਾਂ ਤੋਂ ਬਚਣ ਲਈ ਭਾਰਤ ਵਿੱਚ ਸ਼ਰਨ, ਭਾਰਤ ਸਰਕਾਰ ਵੱਲੋਂ ਫੌਜ ਭੇਜ ਕੇ ਪਾਕਿਸਤਾਨੀ ਫੌਜ ਨਾਲ ਲੜਾਈ, ਹਾਰ ਜਾਣ ਮਗਰੋਂ ਪਾਕਿਸਤਾਨੀ ਫੌਜ ਵੱਲੋਂ ਆਤਮ ਸਮਰਪਨ- ਇਹ 1971 ਦੇ ਸਾਲ ਦੀਆਂ ਵੱਡੀਆਂ ਘਟਨਾਵਾਂ ਸਨ। ਪੂਰਬੀ ਪਾਕਿਸਤਾਨ ਨੂੰ ਖਤਮ ਕਰਕੇ ਨਵਾਂ ਦੇਸ਼ ਬੰਗਲਾ ਦੇਸ਼ ਬਣਾਉਣ, ਚੋਣਾਂ ਜਿੱਤੀ ਅਵਾਮੀ ਲੀਗ ਨੂੰ ਸੱਤਾ ਸੰਭਾਲ ਦੇਣ ਨਾਲ ਸਾਰੇ ਦੇਸ਼ ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਬੱਲੇ ਬੱਲੇ ਹੋ ਗਈ। ਵੱਡੀ ਵਿਰੋਧੀ ਪਾਰਟੀ ਜਨਸੰਘ ਦੇ ਆਗੂ ਅਟਲ ਬਿਹਾਰੀ ਵਾਜਪਾਈ ਨੇ ਵੀ ਕਹਿ ਦਿੱਤਾ- ਇੰਦਰਾ ਤਾਂ ਅੱਜ ਦੀ ਦੁਰਗਾ ਹੈ। ਦੇਸ਼ ਭਗਤੀ ਦੀ ਛੱਲ ਉਪਰ ਸਵਾਰ ਹੋ ਕੇ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਫਿਰ ਚੋਣਾਂ ਜਿੱਤ ਗਈ- ਸੀ.ਪੀ.ਆਈ. ਤੇ ਕੁਝ ਖੇਤਰੀ ਪਾਰਟੀਆਂ ਦੇ ਸਹਿਯੋਗ ਨਾਲ। ਪੰਜਾਬ ਵਿੱਚ ਵੀ ਕਾਂਗਰਸ ਚੋਣਾਂ ਜਿੱਤ ਗਈ। ਅਕਾਲੀ ਸੱਤਾ ਤੋਂ ਬਾਹਰ ਹੋ ਗਏ। ਵਿਹਲੇ ਹੋ ਕੇ ਉਨ੍ਹਾਂ ਫਿਰ ਚੰਡੀਗੜ੍ਹ ਦਾ ਮੁੱਦਾ ਚੁੱਕ ਲਿਆ।

ਸੋ ਇਹ ਸੀ ਪੰਜਾਬ ਦਾ ਸਿਆਸੀ ਮਾਹੌਲ ਜਦੋਂ ਵਿਦਿਆਰਥੀ ਅੰਦੋਲਨ ਦਾ ਉਭਾਰ ਹੋਇਆ ਅਤੇ ਪ੍ਰਿਥੀਪਾਲ ਰੰਧਾਵਾ ਇਸ ਅੰਦੋਲਨ ਵਿੱਚ ਸਰਗਰਮ ਹੋਇਆ।

**ਨਾਵਲ 'ਚਾਨਣ ਦੀ ਲੀਕ' ਵਿਚੋਂ**

# ਭਾਰਤੀ ਵਿਦੇਸ਼ ਨੀਤੀ ਦਾ ਦਿਵਾਲੀਆਪਨ



ਪੇਸ਼ਕਸ਼
ਡਾ. ਅਜੀਤਪਾਲ ਸਿੰਘ
ਬਠਿੰਡਾ
98156-29301



ਭਾਰਤ ਦੀ ਵਿਦੇਸ਼ ਨੀਤੀ ਇਸ ਕਦਰ ਦਿਵਾਲੀਆ ਹੋ ਗਈ ਹੈ ਕਿ ਇਹ ਦੋ ਘਟਨਾਵਾਂ ਨਾਲ ਸਮਝੀ ਜਾ ਸਕਦੀ ਹੈ, ਇੱਕ ਵਿਚਾਰਕ ਤੇ ਇਕ ਵਿਹਾਰਕ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖੁਦ ਆਪਣੇ ਮੂੰਹ ਤੋਂ ਇੱਕ ਵਾਰੀ ਐਲਾਨ ਕੀਤਾ ਕਿ ਹੁਣ ਜੰਗ ਦਾ ਜਮਾਨਾ ਬੀਤ ਗਿਆ ਹੈ ਹਾਲ ਵਿੱਚ ਉਹਨਾਂ ਨੇ ਇਸ ਵਿੱਚ ਇਹ ਜੋੜਿਆ ਕਿ ਇਹ ਜਮਾਨਾ ਅੱਤਵਾਦ ਦੇ ਖਿਲਾਫ ਲੜਾਈ ਦਾ ਹੈ। ਪ੍ਰਧਾਨ ਮੰਤਰੀ ਦੇ ਇਹ ਕਥਨ ਉਦੋਂ ਆਏ ਜਦ ਖੁਦ ਯੂਰਪ ਇਕ ਲੰਮੇ ਸਮੇਂ ਬਾਅਦ ਅਜਿਹੇ ਯੁੱਧ ਵਿੱਚ ਉਲਝਿਆ ਹੈ, ਜਿਸ ਵਿੱਚ ਦੁਨੀਆਂ ਦੀ ਸਾਰੀਆਂ ਮੁੱਖ ਸ਼ਕਤੀਆਂ ਅਸਿੱਧੀਆਂ ਜਾਂ ਸਿੱਧੇ ਰੂਪ ਵਿੱਚ ਸ਼ਾਮਿਲ ਹਨ। ਆਪਣੇ ਤੌਰ ਤੇ ਯੁੱਧ ਰੂਸ ਅਤੇ ਯੂਕਰੇਨ ਦੇ ਵਿੱਚ ਹੈ,ਪਰ ਯੂਕਰੇਨ ਦੇ ਪਿੱਛੇ ਦਰਅਸਲ ਨਾਟੋ ਯਾਨੀ ਅਮਰੀਕਾ ਤੇ ਯੂਰਪ ਹੈ। ਅਸਲ ਵਿੱਚ ਯੁੱਧ ਸ਼ੁਰੂ ਹੀ ਇਸ ਲਈ ਹੋਇਆ ਕਿ ਰੂਸ ਨਹੀਂ ਚਾਹੁੰਦਾ ਸੀ ਕਿ ਨਾਟੋ ਦੀਆਂ ਫੌਜੀ ਯੂਕਰੇਨ ਵਿੱਚ ਯਾਨੀ ਰੂਸ ਦੀ ਸਰਹੱਦ ਤੇ ਨੇੜੇ ਆ ਜਾਣ। ਦੂਜੇ ਪਾਸੇ ਰੂਸ ਦੇ ਨਾਲ ਚੀਨ ਖੜ੍ਹਾ ਹੈ। ਯੁੱਧ ਸਿਰਫ ਯੂਰਪ ਤੱਕ ਸੀਮਤ ਨਹੀਂ ਹੈ। ਇਹ ਸਮੇਂ ਪੱਛਮੀ ਏਸ਼ੀਆ ਦਾ ਇੱਕ ਵੱਡਾ ਹਿੱਸਾ ਜੰਗ ਵਿੱਚ ਉਲਝਿਆ ਹੈ, ਜਿੱਥੇ ਇਜ਼ਰਾਈਲੀ ਜਾਇਨਵਾਦੀ ਹਾਕਮ ਫਲਿਸਤੀਨ ਵਿੱਚ ਕਤਲੇਆਮ ਕਰ ਰਹੇ ਹਨ। ਅਫਰੀਕਾ ਵਿੱਚ ਅਨੇਕਾਂ ਦੇਸ਼ਾਂ ਦੇ ਵਿੱਚ ਜੰਗ ਜਾ ਫਿਰ ਦੇਸ਼ ਦੇ ਅੰਦਰ ਘਰੇਲੂ ਜੰਗਾਂ ਚੱਲ ਰਹੀਆਂ ਹਨ। ਖੁਦ ਭਾਰਤ ਪਾਕਿਸਤਾਨ ਦੇ ਨਾਲ ਇੱਕ ਵਾਰ ਫਿਰ ਯੁੱਧ ਦੇ ਕਿਨਾਰੇ 'ਤੇ ਪਹੁੰਚਿਆ ਸੀ ਅਤੇ ਅਮਰੀਕੀ ਸਮਰਾਜਵਾਦੀਆਂ ਦੇ ਦਖਲ ਨਾਲ ਹੀ ਇਹ ਉਸ ਤੋਂ ਬਚਾ ਸਕਿਆ। ਇਸ ਜ਼ਮੀਨੀ ਹਕੀਕਤ ਦੇ ਮੱਦੇਨਜ਼ਰ ਇਹ ਦਾਆਵਾ ਕਰਨਾ ਕਿ ਯੁੱਧ ਦਾ ਜਮਾਨਾ ਬੀਤ ਗਿਆ ਹੈ ਜਾਂ ਤਾਂ ਕਬੂਤਰ ਦੀ ਤਰ੍ਹਾਂ ਅੱਖਾਂ ਬੰਦ ਰੱਖਣੀਆਂ ਜਾਂ ਫਿਰ ਕੋਈ ਖੋਟੀ ਨੀਅਤ ਹੈ। ਦੋਨਾਂ ਹੀ ਦੇਸ਼ਾਂ ਦੇ ਵਿਦੇਸ਼ੀ ਨੀਤੀ ਦੇ ਆਧਾਰ ਦੇ ਤੌਰ 'ਤੇ ਇਹ ਖਤਰਨਾਕ ਹੈ। ਅਸਲੀਅਤ ਇਹ ਹੈ ਕਿ ਚੀਨ ਦੀ ਇੱਕ ਵੱਡੀ ਸਾਮਰਾਜੀ ਤਾਕਤ ਦੇ ਤੌਰ 'ਤੇ ਉਭਰਨ ਦੇ ਨਾਲ ਦੂਜੇ ਵਿਸ਼ਵ ਯੁੱਧ ਦੇ ਪਿੱਛੋਂ ਪਹਿਲੀ ਵਾਰ ਸਾਰੇ ਸਮੀਕਰਨ ਵੱਡੇ ਪੈਮਾਨੇ 'ਤੇ ਬਦਲਣ ਦੀ ਸੰਭਾਵਨਾ ਪੈਦਾ ਹੋ ਗਈ ਹੈ, ਜੋ ਸੰਭਵ ਹੈ ਕਿ ਵਿਸ਼ਵੀ ਅਸਥਿਰਤਾ ਅਤੇ ਯੁੱਧ ਵੱਲ ਲੈ ਜਾਂਦੀ ਹੈ। ਜਦ ਦੂਜੀ ਸੰਸਾਰ ਜੰਗ ਸਮਾਪਤ ਹੋਈ ਸੀ ਤਾਂ ਯੁੱਧ ਤੇ ਸਿੱਟੇ ਨਾਲ ਹੀ ਦੁਨੀਆ ਭਰ ਵਿੱਚ ਸ਼ਕਤੀਆਂ ਦਾ ਸੰਤੁਲਨ ਸਥਾਪਿਤ ਹੋ ਕੇ ਦੁਨੀਆ ਦੋ ਗੁੱਟਾਂ ਵਿੱਚ ਵੰਡੀ ਗਈ ਸੀ। ਇੱਕ ਪਾਸੇ ਅਮਰੀਕੀ ਸਾਮਰਾਜਵਾਦੀਆਂ ਦੀ ਅਗਵਾਈ ਵਿੱਚ ਸਰਮਾਏਦਾਰੀ ਸੰਸਾਰ ਸੀ ਤਾਂ ਦੂਸਰੀ ਪਾਸੇ ਸੋਵੀਅਤ ਸੰਘ ਅਗਵਾਈ ਵਿੱਚ ਇੱਕ ਸਮਾਜਵਾਦੀ ਖੇਮਾ ਸੀ। ਦੂਜੀ ਸੰਸਾਰ ਜੰਗ ਵਿੱਚ ਜਾਪਾਨ ਅਤੇ ਪੱਛਮੀ ਜਰਮਨੀ ਅਮਰੀਕੀ ਸਾਮਰਾਜ ਦੇ ਨਾਲ ਸਨ। ਨਵੇਂ ਨਵੇਂ ਆਜ਼ਾਦ ਹੋ ਰਹੇ ਤੀਸਰੀ ਦੁਨੀਆਂ ਤੇ ਦੇਸ਼ ਵਿੱਚ ਵਿਚਾਲੇ ਸਨ, ਜੋ ਕੁੱਲ ਮਿਲਾ ਕੇ ਸੋਵੀਅਤ ਖੇਮੇ ਵੱਲ ਝੁਕੇ ਹੋਏ ਸਨ। ਦੁਨੀਆਂ ਭਰ ਵਿੱਚ ਸ਼ਕਤੀਆਂ ਦਾ ਸੰਤੁਲਨ 1980 ਦੇ ਦਹਾਕੇ ਤੱਕ ਬਣਿਆ ਰਿਹਾ। ਸੋਵੀਅਤ ਖੇਮੇ ਦੇ ਸਮਾਜਵਾਦ ਦਾ ਰਸਤਾ ਛੱਡ ਦੇਣ ਨਾਲ ਚੀਨ ਦੇ ਸੋਵੀਅਤ ਸੰਘ ਨਾਲ ਅਲਗਾਅ ਤਾਂ ਫਿਰ ਉੱਥੇ ਦੀ ਪੂੰਜੀਵਾਦੀ ਮੁੜ ਸਥਾਪਤੀ ਹੋ ਜਾਣ ਅਤੇ ਜਰਮਨ ਤੇ ਜਪਾਨ ਦੇ ਪੁਨਰ ਨਿਰਮਾਣ ਦੇ ਬਾਵਜੂਦ, ਇਹਨਾਂ ਵਿੱਚੋਂ ਕੋਈ ਵੱਡਾ ਤਬਦੀਲੀ ਨਹੀਂ ਆਈ। ਜਦ 1980 ਦੇ ਅੰਤ ਵਿੱਚ ਸੋਵੀਅਤ ਖੇਮਾ ਅਤੇ ਅੰਤ ਵਿੱਚ 1991 ਵਿੱਚ ਸੋਵੀਅਤ ਸੰਘ ਖਿੰਡ ਗਿਆ। ਹੁਣ ਦੁਨੀਆ ਇੱਕ ਧਰੁਵੀ ਹੋ ਗਈ। ਅਮਰੀਕੀ ਸਾਮਰਾਜਵਾਦੀਆਂ ਦਾ ਇੱਕ ਇੱਕ ਦਾਬਾ ਕਾਇਮ ਹੋ ਗਿਆ, ਵੈਸੇ ਇਹ ਇੱਕ ਤਰ੍ਹਾਂ ਨਾਲ ਪਹਿਲਾਂ ਦੀ ਵਿਸ਼ਵੀ ਸ਼ਕਤੀ ਸੰਤੁਲਨ ਦਾ ਵਿਸਥਾਰ ਹੀ ਸੀ, ਕਿਉਂਕਿ ਅਮਰੀਕਾ ਹਮੇਸ਼ਾ ਹੀ ਸਭ ਤੋਂ ਵੱਡੀ ਤਾਕਤ ਰਿਹਾ ਸੀ। ਸੋਵੀਅਤ ਸੰਘ ਸਿਰਫ ਫੌਜੀ ਤੌਰ ਤੇ ਹੀ ਚੁਣੌਤੀ ਦੇ ਪਾਉਂਦਾ ਸੀ। ਅੱਜ ਚੀਨੀ ਸਾਮਰਾਜਵਾਦ ਦੇ ਉਭਾਰ ਦੇ ਨਾਲ ਦੁਨੀਆਂ ਭਰ ਵਿੱਚ ਸ਼ਕਤੀ ਸੰਤੁਲਨ ਬਦਲ ਰਿਹਾ ਹੈ। ਆਰਥਕ ਤੇ ਸਮਰਿਕ ਦੋਨੋਂ ਪੱਧਰਾਂ ਤੇ ਇੱਕ ਵੱਡੀ ਤਾਕਤ ਦੇ ਤੌਰ 'ਤੇ ਚੀਨ ਸਾਹਮਣੇ ਆ ਚੁੱਕਿਆ ਹੈ ਪਰ ਅਮਰੀਕਾ ਤੋਂ ਥੋੜਾ ਜਿਹਾ ਪਿੱਛੇ। ਇਸ ਵਿੱਚ ਜਲਦੀ ਹੀ ਅਮਰੀਕਾ ਤੋਂ ਅੱਗੇ ਨਿਕਲ ਜਾਣ ਦੀ ਸੰਭਾਵਨਾ ਜਾਹਿਰ ਕੀਤੀ ਜਾ ਰਹੀ ਹੈ। ਅਜਿਹੇ ਵਿੱਚ ਸੰਭਾਵਨਾ ਹੈ ਚੀਨ ਦੁਨੀਆਂ ਤੇ ਵੰਡ ਭੰਡਾਰ ਵਿੱਚ ਆਪਣੀ ਤਾਕਤ ਦੇ ਅਨੁਸਾਰ ਆਪਣਾ ਹਿੱਸਾ ਚਾਹੇਗਾ। ਇਹ ਬਿਨਾਂ ਸ਼ੀਤ ਜਾਂ ਗਰਮ ਯੁੱਧ ਦੇ ਕਿਵੇ ਸੰਭਵ ਹੋਏਗਾ। ਅਮਰੀਕਾ ਤੇ ਚੀਨੀ ਸਾਮਰਾਜੀ ਆਪਸ ਵਿੱਚ ਭਾਵੇਂ ਨਾ ਲੜਨ ਪਰ ਦੁਨੀਆ ਭਰ ਵਿੱਚ ਪ੍ਰਾਕਸੀ ਯੁੱਧ ਵਿੱਚ ਤਾਂ ਉਹ ਉਲਝ ਹੀ ਸਕਦੇ ਹਨ। ਇਹ ਯਾਦ ਰੱਖਣਾ ਹੋਵੇਗਾ ਕਿ ਸੋਵੀਅਤ ਅਤੇ ਅਮਰੀਕੀ ਸਾਮਰਾਜਵਾਦੀ ਦੋਨੋਂ ਦਹਾਕਿਆਂ ਤੋਂ ਪਕਾਸੀ ਯੁੱਧ ਲੜਦੇ ਰਹੇ ਸਨ। ਅਜਿਹੇ ਵਿੱਚ ਇਹ ਐਲਾਨ ਕਰ ਦੇਣਾ ਕਿ ਜੰਗਾਂ ਦਾ ਜਮਾਨਾ ਬੀਤ ਗਿਆ ਹੈ, ਇਹ ਹੱਦ ਦਰਜੇ ਦੀ ਮੂਰਖਤਾ ਹੈ ਜਾਂ ਫਿਰ ਪੂਰਨ ਦਿਵਾਲੀਆਪਣ ਹੈ। ਇਸ ਸੋਚ ਦੇ ਨਾਲ ਭਾਰਤ ਸਰਕਾਰ ਉਸ ਚੀਜ਼ ਦੇ ਲਈ ਤਿਆਰ ਨਹੀਂ ਹੋ ਸਕਦੀ ਜੋ ਹਾਲੀਆ ਭਾਰਤ ਪਾਕ ਝੜਪ ਸਮੇਂ ਦੇਖਣ ਨੂੰ ਮਿਲੀ। ਭਾਰਤ ਦੀ ਹਵਾਈ ਸੇਨਾ ਦੇ ਲਈ ਪਾਕਿਸਤਾਨ ਦੀ ਹਵਾਈ ਫੌਜ ਦਾ ਪ੍ਰਦਰਸ਼ਨ ਹੈਰਾਨ ਕਰਨ ਵਾਲਾ ਹੀ ਰਿਹਾ ਹੋਵੇਗਾ ਕਿਉਂਕਿ ਉਸ ਨੂੰ ਗੁਮਾਨ ਵੀ ਨਹੀਂ ਹੋਏਗਾ ਕਿ ਉਸ ਦੇ ਪਿੱਛੇ ਚੀਨ ਖੜਾ ਹੈ। ਚੀਨ ਨੇ ਅੱਜ ਭਾਰਤ ਦੀ ਆਰਥਿਕ ਤੇ ਰਾਜਨੀਤਿਕ ਘੇਰਾਬੰਦੀ ਕਰ ਲਈ ਹੈ। ਹਾਲੀਆ ਝੜਪ ਨੇ ਦਿਖਾਇਆ ਹੈ ਕਿ ਘੱਟੋ ਘੱਟ ਪਾਕਿਸਤਾਨ ਦੇ ਮਾਮਲੇ ਵਿੱਚ ਇਹ ਸੈਨਿਕ ਘੇਰਾਬੰਦੀ ਵੀ ਹੈ। ਭਾਰਤ ਸਰਕਾਰ ਜਿਸ ਤਰ੍ਹਾਂ ਗੁਆਂਢੀ ਮੁਲਕਾਂ ਦੇ ਨਾਲ ਸੰਬੰਧ ਚਲਾ ਰਹੀ ਹੈ ਉਸ ਨੂੰ ਦੇਖਦੇ ਹੋਏ ਹੈਰਾਨੀ ਨਹੀਂ ਹੋਵੇਗੀ ਕਿ ਉਹ ਵੀ ਇਸੇ ਤਰ੍ਹਾਂ ਇਸ ਰਾਹ ਤੇ ਚੱਲ ਪਵੇ। ਮੋਦੀ ਦਾ ਕਹਿਣਾ ਹੈ ਕਿ ਇਹ ਜ਼ਮਾਨਾ ਅੱਤਵਾਦ ਦੇ ਖਿਲਾਫ ਲੜਾਈ ਦਾ ਹੈ। ਇਹ ਉਹ ਜੁਮਲਾ ਹੈ ਜੋ 2001 ਦੇ ਬਾਅਦ ਅਮਰੀਕੀ ਸਾਮਰਾਜਵਾਦੀਆਂ ਨੇ ਉਛਾਲਿਆ ਸੀ। ਇਹ ਜੱਗ ਜ਼ਾਹਿਰ ਹੈ ਕਿ ਉਥੇ ਧੁਰ ਦੱਖਣਪੰਥੀਆਂ ਨੇ ਇਸ ਜੁਮਲੇ ਦੀ ਆੜ ਵਿੱਚ ਆਪਣੀ "ਇੱਕੀਵੀਂ ਸਦੀ ਦੀ ਪ੍ਰਯੋਜਨਾ" ਨੂੰ ਪ੍ਰਵਾਨ ਚੜ੍ਹਾਉਣ ਦੀ ਕੋਸ਼ਿਸ਼ ਕੀਤੀ ਸੀ। ਇਹ ਜੁਮਲਾ ਅਸਲ ਵਿੱਚ ਇਹ ਆੜ ਸੀ ਜਿਸ ਦੇ ਪਿੱਛੇ ਅਮਰੀਕੀ ਸਮਰਾਜੀ ਦੁਨੀਆਂ ਦੇ ਸਾਰੇ ਸਮੀਕਰਨ ਨੂੰ ਤਹਿ ਕਰਨਾ ਚਾਹੁੰਦੇ ਸਨ ਕਿ ਸਮੁੱਚੀ 21ਵੀਂ ਸਦੀ ਵਿੱਚ ਉਹਨਾਂ ਦਾ ਇੱਕੋ ਇੱਕ ਦਬ ਦਬਾਅ ਰਹੇ। ਇਸ ਜੁਮਲੇ ਦਾ ਇਹ ਜਰਾ ਵੀ ਮਤਲਬ ਨਹੀਂ ਸੀ ਕਿ ਅਮਰੀਕੀ ਸਮਰਾਜੀ ਦੁਨੀਆਂ ਭਰ ਵਿੱਚ ਅੱਤਵਾਦ ਨੂੰ ਖ਼ਤਮ ਕਰਨਾ ਚਾਹੁੰਦੇ ਹਨ। ਉਹ ਇਸ ਲਈ ਕਿ ਦੁਨੀਆ ਭਰ ਵਿੱਚ ਜਿਆਦਾਤਰ ਅੱਤਵਾਦ ਦੇ ਜਨਕ ਤਾ ਉਹ ਖੁਦ ਨੇ। ਇਸੇ ਲਈ ਉਹਨਾਂ ਦੀ ਇੱਕਵੀਂ ਸਦੀ ਦੀ ਯੋਜਨਾ ਕਿਉਂਕਿ ਇਸੇ ਦੀ ਆੜ ਵਿੱਚ ਪ੍ਰਵਾਨ ਚੜਦੀ ਸੀ ਇਸ ਲਈ ਇਹ ਜਰੂਰੀ ਸੀ ਕਿ ਦੁਨੀਆਂ ਭਰ ਵਿੱਚ ਅੱਤਵਾਦ ਬਣਿਆ ਰਹੇ। ਅੱਜ ਕੱਲ ਅਮਰੀਕੀ ਸਾਮਰਾਜਵਾਦੀਆਂ ਨੇ ਰੂਸ ਚੀਨ ਦੀਆਂ ਚਿੰਤਾਵਾਂ ਦੇ ਮੱਦੇਨਜ਼ਰ ਅੱਤਵਾਦ ਦੇ ਖਿਲਾਫ ਲੜਾਈ ਦਾ ਜੁਮਲਾ ਵਰਤਣਾ ਘੱਟ ਕਰ ਦਿੱਤਾ ਹੈ। ਇਹ ਫਿਊਜ਼ ਹੋ ਗਏ ਕਾਰਤੂਸ ਨੂੰ ਹੁਣ ਮੋਦੀ ਸਰਕਾਰ ਨੇ ਉਠਾ ਲਿਆ ਹੈ। ਉਹਨਾਂ ਨੂੰ ਲੱਗਦਾ ਹੈ ਕਿ ਇਸ ਦੀ ਆੜ ਵਿੱਚ ਉਹ ਆਪਣੇ ਹੋਰ ਮਕਸਦ ਨੂੰ ਹਾਸਲ ਕਰ ਸਕਦੀ ਹੈ। ਜਿਵੇਂ ਕਿ ਕਦੀ ਅਮਰੀਕੀ ਸਾਮਰਾਜੀਆਂ ਨੇ ਹਾਸਿਲ ਕਰਨ ਦਾ ਅਭਿਆਸ ਕੀਤਾ ਸੀ। ਪਰ ਮੋਦੀ ਐਂਡ ਕੰਪਨੀ ਭੁੱਲ ਜਾਂਦੇ ਹਨ ਕਿ ਅਮਰੀਕੀ ਸਾਮਰਾਜੀਆਂ ਦਾ ਇਰਾਕ ਅਤੇ ਅਫਗਾਨਿਸਤਾਨ ਵਿੱਚ ਕੀ ਹਾਲ ਹੋਇਆ। ਮੋਦੀ ਸਰਕਾਰ ਅੱਤਵਾਦ ਦੇ ਖਿਲਾਫ ਲੜਾਈ ਦੇ ਨਾਂ ਤੇ ਪਾਕਿਸਤਾਨ ਦੇ ਨਾਲ ਆਪਣੇ ਸੰਬੰਧਾਂ ਨੂੰ ਇੱਕ ਖਾਸ ਦਿਸ਼ਾ ਵਿੱਚ ਲੈ ਜਾਣਾ ਚਾਹੁੰਦੀ ਹੈ ਪਰ ਇੱਕ ਗੁਆਂਢੀ ਦੇਸ਼ ਦੇ ਨਾਲ ਸਬੰਧ ਨੂੰ ਆਪਣੀ ਵਿਦੇਸ਼ ਨੀਤੀ ਦਾ ਧੁਰਾ ਬਣਾ ਦੇਣਾ ਬਹੁਤ ਹੱਦ ਦਰਜੇ ਦੀ ਮੂਰਖਤਾ ਹੈ। ਪਰ ਮੋਦੀ ਸਰਕਾਰ ਇਹ ਕਰ ਰਹੀ ਹੈ ਕਿਉਂਕਿ ਇਹ ਉਹ ਦੀ ਅੰਦਰੂਨੀ ਨੀਤੀ ਨਾਲ ਮੇਲ ਖਾਂਦਾ ਹੈ। ਕਿਸੇ ਵੀ ਦੇਸ਼ ਦੀ ਵਿਦੇਸ਼ੀ ਨੀਤੀ ਉਸ ਦੀ ਅੰਦਰੂਨੀ ਨੀਤੀ ਦਾ ਹੀ ਵਿਸਥਾਰ ਹੁੰਦੀ ਹੈ। ਦੋਨੋਂ ਇੱਕ ਦੂਜੇ ਦੇ ਉਲਟ ਨਹੀਂ ਹੋ ਸਕਦੇ। ਮੋਦੀ ਸਰਕਾਰ ਦੀ ਅੰਦਰੂਨੀ ਨੀਤੀ ਹਿੰਦੂ ਫਾਸ਼ੀਵਾਦੀ ਨੀਤੀ ਹੈ ਇਹ ਹਿੰਦੂ ਫਾਸ਼ੀਵਾਦੀਆਂ ਦੇ ਹਿੰਦੂ ਰਾਸ਼ਟਰ ਅਤੇ ਵੱਡੇ ਅਦਾਰੇਦਾਰ ਪੂੰਜੀਪਤੀ ਜਮਾਤ ਦੀ ਬੇਲਗਾਮ ਲੁੱਟ ਖਸੁੱਟ ਤੇ ਗਠਜੋੜ ਦੀ ਨੀਤੀ ਹੈ। ਇਹ ਨੀਤੀ ਖੁਦ ਹੀ ਅੰਨੇਰਾਸ਼ਟਰਵਾਦ ਅਤੇ ਜੰਗੀ ਜਨੂੰਨ ਵੱਲ ਲੈ ਜਾਂਦੀ ਹੈ। ਦੇਸ਼ ਦੇ ਅੰਦਰ ਮੁਸਲਮਾਨਾਂ ਤੇ ਦੇਸ਼ ਦੇ ਬਾਹਰ ਪਾਕਿਸਤਾਨ ਇਸ ਦੇ ਪ੍ਰਮੁੱਖ ਨਿਸ਼ਾਨੇ ਹੁੰਦੇ ਹਨ, ਜਿਸ ਦੇ ਜਰੀਏ ਇਹ ਨੀਤੀ ਦੇ ਲਈ ਜਨਤਕ ਲਾਬੰਦੀ ਕੀਤੀ ਜਾਂਦੀ ਹੈ। ਇੱਕ ਨਜ਼ਰ ਮਾਰਦਿਆਂ ਹੀ ਪਤਾ ਲੱਗਦਾ ਹੈ ਕਿ ਕਿਵੇਂ ਇਹ ਨੀਤੀ ਦੁਨੀਆਂ ਭਰ ਦੇ ਸਾਰੇ ਉਲਝੇ ਹੋਏ ਸਮੀਕਰਨਾਂ ਨਾਲ ਨਿਪਟਣ ਵਿੱਚ ਸਰਕਾਰ ਨੂੰ ਅਸਮਰਥ ਬਣਾ ਦਿੰਦੀ ਹੈ। ਨਤੀਜਾ ਇਹ ਨਿਕਲਦਾ ਕਿ ਭਾਰਤ ਪਾਕ ਝੜਪ ਵਿੱਚ ਦੁਨੀਆ ਦਾ ਕੋਈ ਵੀ ਦੇਸ਼ ਖੁੱਲ ਕੇ ਭਾਰਤ ਦੇ ਨਾਲ ਨਹੀਂ ਖੜਦਾ ਅਤੇ ਮਿੱਤਰ ਦੇਸ਼ਾਂ ਨੂੰ ਸਮਝਣ ਦੇ ਲਈ ਭਾਰਤ ਸਰਕਾਰ ਨੂੰ ਇਹ ਸਭ ਜਗ੍ਹਾ ਸਰਬ ਪਾਰਟੀ ਪ੍ਰਤੀਨਿਧੀ ਮੰਡਲ ਭੇਜਣੇ ਪੈਂਦੇ ਹਨ। ਇਹੀ ਉਹ ਦੂਜੀ ਚੀਜ਼ ਹੈ ਜਿਸ ਨਾਲ ਭਾਰਤ ਸਰਕਾਰ ਦੀ ਵਿਦੇਸ਼ੀ ਨੀਤੀ ਦਾ ਦੀਵਾਲੀਆਪਣ ਨਜ਼ਰ ਆਉਂਦਾ ਹੈ। ਦੇਸ਼ ਪਿਛਲੇ ਕਈ ਸਾਲਾਂ ਤੋਂ ਸੁਣਦਾ ਹੈ ਕਿ ਦੁਨੀਆਂ ਭਰ ਵਿੱਚ ਭਾਰਤ ਸਰਕਾਰ ਦਾ ਡੰਕਾ ਵੱਜ ਰਿਹਾ ਹੈ ਕਿ ਇਹ ਡੰਕਾ ਮੋਦੀ ਨੇ ਬਜਾਇਆ ਹੈ। ਹੁਣ ਸੰਕਟ ਦੇ ਸਮੇਂ ਪਤਾ ਲੱਗਾ ਕਿ ਅਜਿਹਾ ਕੁਝ ਵੀ ਨਹੀਂ ਸੀ। ਐਸਾ ਕਿਉਂ ਤੇ ਕਿਵੇਂ ਹੋਇਆ? ਮੋਦੀ ਤੋਂ ਬਹੁਤੇ ਪਹਿਲਾਂ ਹੀ ਭਾਰਤ ਸਰਕਾਰ ਦੀ ਵਿਦੇਸ਼ ਨੀਤੀ ਖਾਸ ਦਿਸ਼ਾ ਵਿੱਚ ਲੁੱਟਕਦੀ ਚਲੀ ਗਈ। ਭਾਰਤ ਸਰਕਾਰ ਨੇ ਉਸ ਨੂੰ ਬਸ ਉਸ ਦੀ ਪ੍ਰਨੀਤੀ ਤੱਕ ਪਹੁੰਚਾਇਆ ਹੈ। ਸੋਵਿਅਤ ਖੇਮੇ ਦੇ ਪੱਤਣ ਤੇ ਸੋਵੀਅਤ ਸੰਘ ਦੇ ਬਿਖਰਨ ਸਮੇਂ ਹੀ ਭਾਰਤ ਦੀ ਸਰਮਾਏਦਾਰ ਜਮਾਤ ਤੇ ਉਸ ਦੀ ਸਰਕਾਰ ਨੇ ਤੈਅ ਕੀਤਾ ਕਿ ਉਸ ਨੂੰ ਅਮਰੀਕੀ ਸਾਮਰਾਜੀਆਂ ਨਾਲ ਵੱਧ ਤੋਂ ਵੱਧ ਖੜਣਾ ਹੈ। ਸ਼ਾਇਦ ਉਹਨਾਂ ਨੇ ਸੋਚਿਆ ਹੋਵੇ ਕਿ ਇੱਕ ਧਰੁਵੀ ਦੁਨੀਆ ਲੰਮੇ ਸਮੇਂ ਤੱਕ ਬਣੀ ਰਹੂਗੀ ਤੇ ਭਾਰਤ ਦੇ ਲਈ ਅੱਛਾ ਇਹੀ ਹੋਏਗਾ ਕਿ ਉਹ ਦੁਨੀਆਂ ਦੇ ਚੌਧਰੀ ਦੇ ਪਿੱਛੇ ਲੱਗ ਜਾਵੇ। ਨਾ ਤਾਂ ਉਹਨਾਂ ਨੇ ਸੋਚਿਆ ਕਿ ਦੁਨੀਆਂ ਫਿਰ ਦੋ ਧਰੁਵੀ ਜਾਂ ਬਹੁਧਰੁਵੀ ਹੋ ਸਕਦੀ ਹੈ ਅਤੇ ਨਾ ਹੀ ਉਹਨਾਂ ਨੇ ਇਸ ਦੀ ਕੋਈ ਤਿਆਰੀ ਕੀਤੀ। ਇਹੀ ਨਹੀਂ ਜਦ ਇਸ ਸਦੀ ਵਿੱਚ ਚੀਨ ਦਾ ਉਭਾਰ ਸਪਸ਼ਟ ਹੋਣ ਲੱਗਿਆ ਤਾਂ ਉਹਨਾਂ ਦੀ ਅਮਰੀਕੀ ਸਾਮਰਾਜੀਆਂ ਨਾਲ ਲਗਣ ਦੀ ਨੀਤੀ ਹੋਰ ਵੀ ਮਜ਼ਾਕ ਲੱਗਣ ਲੱਗੀ। ਉਹ ਖੁਸ਼ੀ ਖੁਸ਼ੀ ਕਵਾੜ ਤੇ ਚੀਨ ਨੂੰ ਘੇਰਨ ਦੀ ਅਮਰੀਕੀ ਸਾਮਰਾਜੀਆਂ ਦੀ ਯੋਜਨਾ ਵਿੱਚ ਸ਼ਾਮਿਲ ਹੋ ਗਏ। ਇਸ ਦੇ ਹਿੱਸੇ ਦੇ ਤੌਰ 'ਤੇ ਉਹਨਾਂ ਨੇ ਇਜ਼ਰਾਈਲ ਦੇ ਜਿਆਨਵਾਦੀ ਹਾਕਮਾਂ ਨਾਲ ਵਿਸ਼ੇਸ਼ ਸਬੰਧ ਕਾਇਮ ਕਰ ਲਏ। ਭਾਰਤ ਸਰਕਾਰ ਦੀ ਇਹ ਨੀਤੀ ਨਾ ਸਿਰਫ ਰੂਸ ਨਾਲ ਦੂਰੀ ਵਧਾਉਂਦੀ ਸੀ ਬਲਕਿ ਚੀਨ ਦੇ ਨਾਲ ਟਕਰਾ ਵੱਲ ਲੈ ਜਾਂਦੀ ਸੀ। ਇਸ ਨੇ ਇਰਾਨ ਦੇ ਨਾਲ ਆਰਥਿਕ ਸਬੰਧ ਦੇ ਖਾਤਮੇ ਤੱਕ ਮਾਮਲੇ ਨੂੰ ਪਹੁੰਚਾ ਦਿੱਤਾ। ਜ਼ਿਆਦਾ ਖਰਾਬ ਗਲੀ ਇਹ ਹੋਈ ਕਿ ਇਸ ਨੇ ਦੁਨੀਆ ਭਰ ਚ ਭਾਰਤ ਦੀ ਸ਼ਾਖ ਨੂੰ ਬਹੁਤ ਧੱਕਾਇਆ ਪਹੁੰਚਾਇਆ। ਅਜਿਹਾ ਲੱਗਣ ਲੱਗਿਆ ਕਿਹਾ ਕਿ ਭਾਰਤ ਕੋਈ ਆਜ਼ਾਦ ਆਵਾਜ਼ ਨਹੀਂ ਰਹਿ ਗਈ ਹੈ। ਇਸ ਲਈ ਜਦ ਭਾਰਤ ਨੇ ਰੂਸ ਯੁਕਰੇਨ ਯੁੱਧ ਵਿੱਚ ਵਿਚਕਾਰਲਾ ਰਾਹ ਚੁਣਿਆ ਤਾਂ ਬਹੁਤਿਆਂ ਨੂੰ ਹੈਰਾਨੀ ਹੋਈ। ਸ਼ਾਇਦ ਤੁਸੀਂ ਹਥਿਆਰਾਂ ਤੇ ਭਾਰਤ ਦੀ ਅਜੇ ਵੀ ਨਿਰਭਰਤਾ ਨੇ ਭਾਰਤ ਸਰਕਾਰ ਨੂੰ ਅਜਿਹਾ ਕਰਨ ਦੇ ਲਈ ਮਜਬੂਰ ਕੀਤਾ ਹੋਵੇ, ਪਰ ਇਸ ਨੇ ਸਭ ਨੂੰ ਹੈਰਾਨ ਕੀਤਾ। ਇਹ ਸਾਰੇ ਕੁਝ ਤਾਂ ਇਹੀ ਨਤੀਜਾ ਹੋਣਾ ਸੀ ਜੋ ਭਾਰਤ-ਪਾਕਿ ਝੜਪ ਸਮੇਂ ਹੋਇਆ। ਭਾਰਤ ਦੇ ਕਮਜ਼ੋਰ ਪੱਖ ਨੂੰ ਦੇਖਦੇ ਹੋਏ, ਕੋਈ ਵੀ ਦੇਸ਼ ਬਿਨਾਂ ਸ਼ਰਤ ਉਸ ਦੇ ਨਾਲ ਦਿਖਣ ਨੂੰ ਤਿਆਰ ਨਹੀਂ ਸੀ। ਜੇ ਇਜਰਾਇਲ ਤੇ ਤਾਲੀਬਾਨ ਦਿਸੇ ਤਾਂ ਵੀ ਸਿਰਫ ਇਸ ਲਈ ਕਿ ਖੁਦ ਉਹਨਾਂ ਦੀ ਕੋਈ ਸ਼ਾਖ ਨਹੀਂ ਹੈ।



ਭਾਰਤ ਆਬਾਦੀ ਦੇ ਲਿਹਾਜ ਨਾਲ ਦੁਨੀਆਂ ਦਾ ਸਭ ਤੋਂ ਵੱਡਾ ਦੇਸ਼ ਹੈ ਅਤੇ ਉਸ ਦੀ ਅਰਥਚਾਰਾ ਵੀ ਖਾਸਾ ਵੱਡਾ ਹੈ। ਇਸ ਲਈ ਦੁਨੀਆਂ ਦੇ ਸਾਰੇ ਛੋਟੇ ਵੱਡੇ ਦੇਸ਼ ਉਸ ਦੇ ਨਾਲ ਕੋਈ ਨਾ ਕੋਈ ਸਬੰਧ ਰੱਖਣਾ ਚਾਹੁੰਦੇ ਹਨ। ਇਸ ਵਿੱਚ ਕੋਈ ਮਾਣ ਵਾਲੀ ਗੱਲ ਨਹੀਂ ਹੈ। ਮਾਣ ਦੀ ਗੱਲ ਤਾਂ ਹੁੰਦੀ ਜੇ ਉਸ ਦੀ ਕੋਈ ਆਜ਼ਾਦ ਹੈਸੀਅਤ ਹੁੰਦੀ ਤੇ ਦੁਨੀਆ ਦੇ ਸਮੀਕਰਨਾਂ ਨੂੰ ਕਿਸੇ ਹੱਦ ਤੱਕ ਪ੍ਰਭਾਵਿਤ ਕਰ ਰਹੀ ਹੁੰਦੀ। ਸੱਚਾਈ ਇਹ ਹੈ ਕਿ ਦੁਨੀਆ ਭਰ ਵਿੱਚ ਅੱਜ ਭਾਰਤ ਦੀ ਉਹ ਵੀ ਹੈਸੀਅਤ ਨਹੀਂ ਹੈ, ਜੋ ਕਦੀ ਗੁੱਟਨਿਰਲੇਪ ਅੰਦੋਲਨ ਦੇ ਜਮਾਨੇ ਵਿੱਚ ਹੋਇਆ ਕਰਦੀ ਸੀ। ਦੇਸ਼ ਦੇ ਅੰਦਰ ਮੋਦੀ ਸਰਕਾਰ ਇਸ ਦੀ ਭਰਪਾਈ ਝੂਠੇ ਪ੍ਰਚਾਰ ਨਾਲ ਕਰ ਰਹੀ ਹੈ। ਦੋ ਸਾਲ ਪਹਿਲਾਂ ਦੇਸ਼ ਵਿੱਚ ਜੀ-20 ਦਾ ਵੱਡਾ ਆਯੋਜਨ ਇਸੇ ਪ੍ਰਚਾਰ ਦਾ ਇੱਕ ਹਿੱਸਾ ਸੀ। ਦੁਨੀਆਂ ਭਰ ਵਿੱਚ ਮੋਦੀ ਦੇ ਮਹਾਨ ਅਯੋਜਨ ਇਸ ਲਈ ਹੁੰਦੇ ਹਨ। ਇਹਨਾਂ ਆਯੋਜਨਾ ਦਾ ਮਕਸਦ ਉਹ ਦੇਸ਼ ਨਹੀਂ ਹੁੰਦੇ ਜਿੱਥੇ ਇਹ ਅਯੋਜਨ ਹੁੰਦੇ ਹਨ। ਇਸ ਤੇ ਉਲਟ ਆਪਣੇ ਦੇਸ਼ ਦੀ ਜਨਤਾ ਉਹਨਾਂ ਦਾ ਮਕਸਦ ਹੁੰਦੀ ਹੈ। ਇਹਨਾਂ ਦੇ ਜਰੀਏ ਦੇਸ਼ ਦੀ ਜਨਤਾ ਨੂੰ ਦੱਸਿਆ ਜਾਂਦਾ ਹੈ ਕਿ ਮੋਦੀ ਸਰਕਾਰ ਸਾਰੀ ਦੁਨੀਆਂ ਵਿੱਚ ਭਾਰਤ ਦਾ ਕੱਦ ਕਿਵੇਂ ਵਧਾ ਰਹੀ ਹੈ। ਨਿਰੰਤਰ ਧੂੰਆਂਧਾਰ ਪ੍ਰਚਾਰ ਨਾਲ ਦੇਸ਼ ਦੇ ਲੋਕਾਂ ਵਿੱਚ ਇੱਕ ਹਿੱਸੇ ਨੂੰ ਇਹ ਲੱਗਣ ਵੀ ਲੱਗਿਆ ਕਿ ਦੁਨੀਆਂ ਭਰ 'ਚ ਭਾਰਤ ਦਾ ਡੰਕਾ ਵੱਜ ਰਿਹਾ ਹੈ ਅਤੇ ਇਸ ਦਾ ਸਿਹਰਾ ਮੋਦੀ ਨੂੰ ਜਾਂਦਾ ਹੈ। ਇਥੋਂ ਤੱਕ ਕਿ ਕੁਝ ਲੋਕ ਮੋਦੀ ਸਰਕਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਦੇ ਤੌਰ 'ਤੇ ਇਸ ਨੂੰ ਗਿਣਾਉਂਦੇ ਸਨ। ਜਦ ਭਾਰਤ ਪਾਕ ਝੜਪ ਨੇ ਚਾਰ ਦਿਨ ਦੇ ਅੰਦਰ ਹੀ ਇਸ ਡੰਕੇ ਦੀ ਪੂਰੀ ਪੋਲ ਖੋਹਲ ਦਿੱਤੀ ਹੈ ਤਾਂ ਪਤਾ ਚੱਲਿਆ ਕਿ ਭਾਰਤ ਸਰਕਾਰ ਦਾ ਡੰਕਾ ਤਾਂ ਨੇਪਾਲ ਭੂਟਾਨ ਵਿੱਚ ਵੀ ਨਹੀਂ ਵੱਜ ਰਿਹਾ। ਉਧਰ ਮੋਦੀ ਦੇ ਗੂਹੜੇ ਮਿੱਤਰ ਡੋਨਾਲ ਟਰੰਪ ਲਗਾਤਾਰ ਭਾਰਤ ਦੇਸ਼ ਅਤੇ ਮੋਦੀ ਦੀ ਬੇਇੱਜਤੀ ਕਰੀ ਜਾ ਰਹੇ ਹਨ। ਮੋਦੀ ਅਤੇ ਉਹਨਾਂ ਦੀ ਸਰਕਾਰ ਦੀ ਹਿੰਮਤ ਨਹੀਂ ਪਈ ਕਿ ਬੜਬੋਲੇ ਟਰੰਪ ਨੂੰ ਕਹਿ ਸਕਣ ਕਿ ਹਜ਼ੂਰ ਇੰਨਾ ਬੇਇੱਜ਼ਤ ਤਾਂ ਨਾ ਕਰੋ, ਕੁਝ ਤਾਂ ਪੜਦਾ ਰਹਿਣ ਦਿਓ। ਰਾਜਾ ਨੰਗਾ ਤਾਂ ਪਹਿਲਾਂ ਹੀ ਸੀ, ਹੁਣ ਸਾਰੀ ਦੁਨੀਆ ਨੇ ਬਿਨਾਂ ਕਹੇ ਕਹਿ ਵੀ ਦਿੱਤਾ ਹੈ। ਇਸ ਨੰਗੇਪਣ ਨੂੰ ਸਰਬਪਾਰਟੀ ਪ੍ਰਤਿਨਿਧੀ ਮੰਡਲ ਸਾਰੀ ਦੁਨੀਆ 'ਚ ਭੇਜ ਕੇ ਨਹੀਂ ਛੁਪਾਇਆ ਜਾ ਸਕਦਾ। ਸਾਰੇ ਦੇਸ਼ ਇਸ ਪ੍ਰਤੀਨਿਧੀ ਮੰਡਲ ਦੇ ਸਾਹਮਣੇ ਮੁਸਕਰਾਏ ਹੋਣਗੇ।

**(ਕਰਟਸੀ ਨਾਗਰਿਕ 'ਚੋਂ ਧੰਨਵਾਦ ਸਹਿਤ)**




ਹਰ ਕਿਸਮ ਦੇ ਫਾਰਮ ਭਰਵਾਉਣ ਲਈ ਮਿਲੋ
ਪਾਸਪੋਰਟ ਰੀਨਿਊ (ਕੈਨੇਡੀਅਨ ਜਾ ਇੰਡੀਅਨ), ਕੈਨੇਡੀਅਨ ਸਿਟੀਜ਼ਨਸ਼ਿਪ, ਪੀ.ਆਰ. ਕਾਰਡ ਰੀਨਿਊ, ਪੈਨਸ਼ਨ ਦੇ ਫਾਰਮ (ਸੀ.ਪੀ.ਪੀ., ਓਲਡ ਏਜ, ਅਲਬਰਟਾ ਪੈਨਸ਼ਨ), ਕੈਨੇਡੀਅਨ ਚਾਈਲਡ ਬੈਨੀਫਿਟ, ਆਦਿ।
ਵਾਜਿਬ ਰੇਟ 'ਤੇ ਹਰ ਦਿਨ ਸੇਵਾਵਾਂ ਉਪਲਬਧ।

Lash Extension Service
Looking for lash extensions in Calgary?
I offer classic, hybrid and volume sets at reasonable price.
Located in Cornerstone, NE.

Please email or message on Instagram @llash_n_pout
Corner Meadows Gate NE, Calgary, AB T3N
Nav Gill : 780-850-7730

Balloon House BY GURPREET
Gurpreet Gill
Founder
(403) 408-6566





For Birthday - Anniversary - Baby Shower - Shower
@balloonhousebygurpreet

# ਕਾਰਪੋਰੇਟੀ ਰਾਜ ਪ੍ਰਬੰਧ ਦੀ ਬਜਾਏ, ਸਾਂਝੀਵਾਲਤਾ ਵੱਲ ਵਧਣ ਦੀ ਲੋੜ

ਜਸਵੰਤ ਜੀਰਖ
98151-69825

ਅੱਜ ਪੂੰਜੀ ਦੇ ਰਾਜ ਵਿੱਚ ਇਨਸਾਨੀ ਕਦਰਾਂ ਕੀਮਤਾਂ ਨੂੰ ਦਰਕਿਨਾਰ ਕਰਕੇ, ਮੁਨਾਫ਼ਾ ਕਮਾਉਣ ਨੂੰ ਵੱਧ ਮਹੱਤਵ ਦੇ ਕੇ ਪੂੰਜੀਪਤੀ ਵਰਗ ਮਨੁੱਖਤਾ ਲਈ ਬੇਹੱਦ ਘਾਤਕ ਸਿੱਧ ਹੋ ਰਿਹਾ ਹੈ। ਇਸ ਰਾਜ ਪ੍ਰਬੰਧ ਦੌਰਾਨ ਸਰਕਾਰਾਂ ਵੱਲੋਂ ਦੇਸ਼ ਦੇ ਮੁੱਖ ਅਦਾਰੇ, ਕਾਰਪੋਰੇਟ ਘਰਾਣਿਆਂ ਦਾ ਮੁਨਾਫ਼ਾ ਵਧਾਉਣ ਲਈ ਉਹਨਾਂ ਦੇ ਹਵਾਲੇ ਕਰਕੇ ਦੇਸ਼ ਨੂੰ ਕੰਗਾਲੀ ਵੱਲ ਧੱਕਿਆ ਜਾ ਰਿਹਾ ਹੈ। ਮਜ਼ਦੂਰ ਵਰਗ ਦੀ ਗਰੀਬੀ ਅਤੇ ਬੇ-ਵਸੀ ਦਾ ਰੱਜ ਕੇ ਫਾਇਦਾ ਉਠਾਇਆ ਜਾ ਰਿਹਾ ਹੈ। ਪੈਦਾਵਾਰ ਦੇ ਸਾਧਨਾ ਦੀ ਅਣਹੋਂਦ ਕਾਰਣ ਕਿਰਤੀ ਵਰਗ ਕੋਲ ਆਪਣੀ ਕਿਰਤ ਸ਼ਕਤੀ ਵੇਚਣ ਤੋਂ ਬਿਨਾਂ ਕਮਾਈ ਦਾ ਹੋਰ ਕੋਈ ਬਦਲਵਾਂ ਵਸੀਲਾ ਨਾ ਹੋਣ ਕਰਕੇ ਨਿਗੁਣੀ ਕੀਮਤ ਵਿੱਚ ਆਪਣੀ ਕਿਰਤ ਸ਼ਕਤੀ ਵੇਚਣ ਦਾ ਸਮਝੌਤਾ ਕਰਨਾ ਪੈ ਰਿਹਾ ਹੈ। ਇਸ ਪੂੰਜੀਪਤੀ ਰਾਜ ਦੇ ਬਦਲ ਵਿੱਚ ਕਈ ਸਮਾਜਿਕ ਚਿੰਤਕਾਂ ਵੱਲੋਂ ਇਨਸਾਨੀ ਕਦਰਾਂ ਨੂੰ ਪ੍ਰਣਾਇਆ ਸਾਂਝੀਵਾਲਤਾ ਵਾਲਾ ਰਾਜ ਪ੍ਰਬੰਧ ਉਸਾਰਨ ਲਈ ਯਤਨ ਜੁਟਾਏ ਜਾਂਦੇ ਰਹੇ ਹਨ। ਇਹਨਾਂ ਯਤਨਾਂ ਅਤੇ ਲੰਮੇਂ ਸੰਘਰਸ਼ਾਂ ਸਦਕਾ ਹੀ ਰੂਸ, ਚੀਨ, ਫਰਾਂਸ ਆਦਿ ਮੁਲਕਾਂ ਵਿੱਚ ਪੂੰਜੀ ਦਾ ਰਾਜ ਉਲਟਾ ਕੇ ਇਨਕਲਾਬੀ ਤਬਦੀਲੀਆਂ ਹੋਈਆਂ, ਜਿਹਨਾਂ ਦੀ ਬਦੌਲਤ ਇਹਨਾਂ ਨੇ ਤਰੱਕੀ ਦੀਆਂ ਬਹੁਤ ਵੱਡੀਆਂ ਪਲਾਂਘਾਂ ਪੁੱਟੀਆਂ, ਜਿਸ ਕਰਕੇ ਕਿਰਤੀ ਸ਼੍ਰੇਣੀ ਨੂੰ ਵੀ ਜ਼ਿੰਦਗੀ ਮਾਣਨਯੋਗ ਸਹੂਲਤਾਂ ਪ੍ਰਾਪਤ ਹੋਈਆਂ। ਇਹਨਾਂ ਦੇਸ਼ਾਂ ਦੇ ਇਨਕਲਾਬਾਂ ਨੇ ਦੁਨੀਆਂ ਪੱਧਰ 'ਤੇ ਪੂੰਜੀਪਤੀਆਂ ਨੂੰ ਕੰਬਣੀਆਂ ਛੇੜ ਦਿੱਤੀਆਂ ਸਨ, ਜਿਸ ਕਰਕੇ ਉਹਨਾਂ ਵੱਲੋਂ ਕਿਰਤੀ ਵਰਗ ਲਈ ਅਨੇਕਾਂ ਸਹੂਲਤਾਂ ਦਿੱਤੀਆਂ ਗਈਆਂ। ਇਹਨਾਂ ਮੁਲਕਾਂ ਵਿੱਚ ਰਾਜਸੱਤ੍ਹਾ ਉੱਪਰ ਭਾਵੇਂ ਦੁਬਾਰਾ ਪੂੰਜੀਵਾਦੀ ਸ਼ਕਤੀਆਂ ਦਾ ਕਬਜ਼ਾ ਹੋ ਗਿਆ ਹੈ, ਪਰ ਇਸ ਦੇ ਬਾਵਜੂਦ ਵੀ ਕਿਰਤ ਦੀ ਲੁੱਟ ਲਈ ਪਹਿਲਾਂ ਦੀ ਤਰ੍ਹਾਂ ਮਨਮਰਜ਼ੀ ਕਰਨ ਵਿੱਚ ਸਫਲ ਨਹੀਂ ਹੋਇਆ। ਜਿਸ ਕਰਕੇ ਉਹਨਾਂ ਦੇ ਹਾਲਾਤ ਸਾਡੇ ਤੋਂ ਚੰਗੇ ਹਨ। ਇਸੇ ਕਰਕੇ ਸਾਡੀ ਨੌਜਵਾਨੀ ਨੇ ਵਿਦੇਸ਼ਾਂ ਵਿੱਚ ਜਾਣ ਦੀਆਂ ਵਹੀਰਾਂ ਘੱਤੀਆਂ ਹੋਈਆਂ ਹਨ । ਪਰ ਸਾਡੇ ਦੇਸ਼ ਵਿੱਚ ਅੱਜ ਭਾਵੇਂ ਅਜਿਹੀ ਇਨਕਲਾਬੀ ਤਬਦੀਲੀ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦੇ ਗਏ ਮਹਾਨ ਸਮਾਜਿਕ ਚਿੰਤਕਾਂ ਦੇ ਨਾਂ ਵਰਤਕੇ, ਰਾਜਨੀਤੀ ਅਤੇ ਧਰਮ ਤਾਂ ਚਲਾਏ ਜਾ ਰਹੇ ਹਨ, ਪਰ ਉਹਨਾਂ ਵੱਲੋਂ ਦਿੱਤੇ ਮਨੁੱਖਤਾਵਾਦੀ ਸਾਂਝੀਵਾਲਤਾ ਦੇ ਉਪਦੇਸ਼ ਨੂੰ ਲਾਗੂ ਕਰਨ ਲਈ ਸਾਰਥਿਕ ਯਤਨਾਂ ਦੀ ਵੱਡੀ ਘਾਟ ਹੈ। ਉਹਨਾਂ ਦੇ ਨਾਂ 'ਤੇ ਵੱਡੇ ਵੱਡੇ ਧਰਮ ਅਸਥਾਨ ਅਤੇ ਵਿਉਪਾਰਿਕ ਧੰਦੇ ਤਾਂ ਵਧਾਏ ਜਾ ਰਹੇ ਹਨ ਪਰ ਸਾਂਝੀਵਾਲਤਾ ਦੀ ਗੱਲ ਕਰਨ ਦੇ ਪੱਖ ਨੂੰ ਵਿਸਾਰਿਆ ਹੋਇਆ ਹੈ। ਇਹ ਇੱਕ ਵੱਡਾ ਸਵਾਲ ਹੈ, ਜਿਸ ਨੂੰ ਕਿਰਤੀ ਜਮਾਤ ਵੱਲੋਂ ਸੰਜੀਦਗੀ ਨਾਲ ਵਿਚਾਰਨ ਦੀ ਲੋੜ ਹੈ ।

1947 ਤੋਂ ਬਾਅਦ ਭਾਵੇਂ ਪਬਲਿਕ ਅਦਾਰੇ ਸਥਾਪਤ ਕਰਕੇ ਸਰਕਾਰੀ ਤੌਰ 'ਤੇ ਕੁੱਝ ਪੁਲਾਂਘਾਂ ਪੁੱਟੀਆਂ ਗਈਆਂ ਸਨ, ਜ਼ਿਹਨਾਂ ਨੇ ਦੇਸ਼ ਦੇ ਵਿਕਾਸ ਵਿੱਚ ਹਾਂ ਪੱਖੀ ਰੋਲ ਅਦਾ ਕੀਤਾ ਸੀ। ਇਸ ਕਰਕੇ ਬਣਦਾ ਤਾਂ ਇਹ ਸੀ ਕਿ ਇਹਨਾਂ ਪਬਲਿਕ ਅਦਾਰਿਆਂ ਨੂੰ ਹੋਰ ਸੁਚਾਰੂ ਬਣਾ ਕੇ ਲੋਕਾਂ ਦਾ ਜੀਵਨ ਸੁਧਾਰਨ ਲਈ ਹੋਰ ਵਿਕਸਿਤ ਕੀਤਾ ਜਾਂਦਾ, ਪਰ ਅਜਿਹਾ ਕਰਨ ਦੀ ਬਜਾਏ ਇਹਨਾਂ ਦਾ ਲੋਕ ਪੱਖੀ ਰੁਝਾਨ ਖਤਮ ਕਰਕੇ ਨਿੱਜੀ ਮਾਲਕੀ ਵਿੱਚ ਤਬਦੀਲ ਕਰਨ ਲਈ ਰਾਹ ਪੱਧਰੇ ਕੀਤੇ ਗਏ। ਵਿਦਿਆ, ਸਿਹਤ, ਬਿਜਲੀ, ਟੈਲੀਫੋਨ, ਰੇਲਵੇ, ਬੱਸਾਂ, ਹਵਾਈ ਜਹਾਜ਼, ਏਅਰ ਪੋਰਟ, ਬੱਸ ਅੱਡੇ ਆਦਿ ਕਮਾਊ ਅਦਾਰੇ, ਦੇਸ਼ ਦੀ ਬਜਾਏ ਕੁੱਝ ਕੁ ਕੰਪਨੀਆਂ/ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਕੇ ਇਹਨਾਂ ਰਾਹੀਂ ਹੋ ਰਹੀ ਕਮਾਈ ਨੂੰ ਦੇਸ਼ ਦੀ ਥਾਂ ਨਿੱਜੀ ਮੁਨਾਫੇ ਕਮਾਉਣ ਦੇ ਸਾਧਨ ਬਣਾ ਦਿੱਤਾ ਗਿਆ। ਇਸ ਤਰ੍ਹਾਂ ਵੱਖ ਵੱਖ ਸਮਿਆਂ ਵਿੱਚ ਸਰਕਾਰਾਂ ਨੇ ਦੇਸ਼ ਪ੍ਰਤੀ ਜ਼ੁੰਮੇਵਾਰੀਆਂ ਨਿਭਾਉਣ ਦੀ ਥਾਂ ਆਪਣੀਆਂ ਸੇਵਾਵਾਂ, ਦੇਸ਼ ਨੂੰ ਖਰੀਦਣ ਵਾਲਿਆਂ ਦੇ ਪੱਖ ਵਿੱਚ ਭੁਗਤਾਉਣੀਆਂ ਸ਼ੁਰੂ ਕੀਤੀਆਂ ਹੋਈਆਂ ਹਨ।



**1947 ਤੋਂ ਬਾਅਦ ਭਾਵੇਂ ਪਬਲਿਕ ਅਦਾਰੇ ਸਥਾਪਤ ਕਰਕੇ ਸਰਕਾਰੀ ਤੌਰ 'ਤੇ ਕੁੱਝ ਪੁਲਾਂਘਾਂ ਪੁੱਟੀਆਂ ਗਈਆਂ ਸਨ, ਜ਼ਿਹਨਾਂ ਨੇ ਦੇਸ਼ ਦੇ ਵਿਕਾਸ ਵਿੱਚ ਹਾਂ ਪੱਖੀ ਰੋਲ ਅਦਾ ਕੀਤਾ ਸੀ। ਇਸ ਕਰਕੇ ਬਣਦਾ ਤਾਂ ਇਹ ਸੀ ਕਿ ਇਹਨਾਂ ਪਬਲਿਕ ਅਦਾਰਿਆਂ ਨੂੰ ਹੋਰ ਸੁਚਾਰੂ ਬਣਾ ਕੇ ਲੋਕਾਂ ਦਾ ਜੀਵਨ ਸੁਧਾਰਨ ਲਈ ਹੋਰ ਵਿਕਸਿਤ ਕੀਤਾ ਜਾਂਦਾ, ਪਰ ਅਜਿਹਾ ਕਰਨ ਦੀ ਬਜਾਏ ਇਹਨਾਂ ਦਾ ਲੋਕ ਪੱਖੀ ਰੁਝਾਨ ਖਤਮ ਕਰਕੇ ਨਿੱਜੀ ਮਾਲਕੀ ਵਿੱਚ ਤਬਦੀਲ ਕਰਨ ਲਈ ਰਾਹ ਪੱਧਰੇ ਕੀਤੇ ਗਏ। ਵਿਦਿਆ, ਸਿਹਤ, ਬਿਜਲੀ, ਟੈਲੀਫੋਨ, ਰੇਲਵੇ, ਬੱਸਾਂ, ਹਵਾਈ ਜਹਾਜ਼, ਏਅਰ ਪੋਰਟ, ਬੱਸ ਅੱਡੇ ਆਦਿ ਕਮਾਊ ਅਦਾਰੇ, ਦੇਸ਼ ਦੀ ਬਜਾਏ ਕੁੱਝ ਕੁ ਕੰਪਨੀਆਂ/ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਕੇ ਇਹਨਾਂ ਰਾਹੀਂ ਹੋ ਰਹੀ ਕਮਾਈ ਨੂੰ ਦੇਸ਼ ਦੀ ਥਾਂ ਨਿੱਜੀ ਮੁਨਾਫੇ ਕਮਾਉਣ ਦੇ ਸਾਧਨ ਬਣਾ ਦਿੱਤਾ ਗਿਆ।**

ਵਾਰੋ ਵਾਰੀ ਸਰਕਾਰਾਂ ਚਲਾ ਰਹੀਆਂ ਵੱਖ ਵੱਖ ਰਾਜਨੀਤਕ ਪਾਰਟੀਆਂ ਵੱਲੋਂ ਪੂੰਜੀਪਤੀਆਂ/ਕਾਰਪੋਰੇਟ ਘਰਾਣਿਆਂ ਅਤੇ ਵਿਦੇਸ਼ੀ ਗਿਰਝਾਂ ਦੇ ਹਿਤ ਵਿੱਚ, ਸਰਮਾਏ ਦਾ ਨਿਕਾਸ ਕਰਨ ਲਈ ਕੋਈ ਕਸਰ ਨਹੀਂ ਛੱਡੀ ਜਾ ਰਹੀ। ਦੇਸ਼ ਦੀ 80% ਅਬਾਦੀ ਗਰੀਬੀ ਵਿੱਚ ਆਪਣੀ ਜ਼ਿੰਦਗੀ ਘਸੀਟ ਰਹੀ ਹੈ। ਇਹ ਉਹ ਜਨਤਾ ਹੈ ਜੋ ਦੇਸ਼ ਦੀਆਂ ਲੋੜਾਂ ਪੂਰੀਆਂ ਕਰਨ ਲਈ ਦਿਨ ਰਾਤ ਕਿਰਤ ਕਰਕੇ ਆਪ ਮੰਦੇ ਹਾਲਾਤ 'ਚ ਜਿਉਂਦਿਆਂ ਆਪਣੀਆਂ ਲੋੜਾਂ ਪੂਰੀਆਂ ਕਰਨ ਤੋਂ ਅਸਮਰੱਥ ਹੈ। ਚੰਗੀ ਖੁਰਾਕ ਦੀ ਥਾਂ ਇਸ ਦੇ ਵੱਡੇ ਹਿੱਸੇ ਨੂੰ ਸਰਕਾਰੀ ਆਟਾ-ਦਾਲ ਸਕੀਮਾਂ ਰਾਹੀਂ ਮਿਲਦੇ ਰਾਸ਼ਣ ਰਾਹੀਂ ਦਿਨ ਕਟੀ ਕਰਨੀ ਪੈ ਰਹੀ ਹੈ। ਇਸ ਵੱਡੀ ਬੇ-ਇਨਸਾਫੀ ਲਈ ਸਰਕਾਰਾਂ ਦੀ ਜਵਾਬਦੇਹੀ ਤਹਿ ਕਰਦਿਆਂ ਇੱਕ ਵੱਡੇ ਇਨਕਲਾਬੀ ਬਦਲ ਦੀ ਲੋੜ ਹੈ, ਜੋ ਕਿਸੇ ਵੀ ਸਰਕਾਰ ਨੇ ਨਹੀਂ, ਸਗੋਂ ਇਸ ਵੱਡੀ ਗਿਣਤੀ ਜਨਤਾ ਨੂੰ ਖੁਦ ਕਰਨਾ ਪਏਗਾ। ਪੂੰਜੀਪਤੀ ਆਪਣੇ ਸਰਮਾਏ ਦਾ ਇਸਤੇਮਾਲ ਹਮੇਸ਼ਾ ਮੁਨਾਫ਼ੇ ਕਮਾਉਣ ਲਈ ਕਰਦੇ ਹਨ, ਉਹਨਾਂ ਨੇ ਕਿਰਤੀ ਵਰਗ ਦੀ ਕਿਰਤ ਨੂੰ ਆਪਣੇ ਮੁਨਾਫ਼ੇ ਵਧਾਉਣ ਲਈ ਵਰਤਣਾ ਹੈ, ਕਿਰਤੀ ਦੀ ਜ਼ਿੰਦਗੀ ਸੁਧਾਰਨ ਲਈ ਨਹੀਂ। ਦੁਨੀਆਂ ਭਰ ਦੇ ਅਰਬਪਤੀ ਇਸੇ ਧਾਰਨਾ ਨੂੰ ਮੁੱਖ ਰੱਖਦੇ ਹਨ। ਦੁਨੀਆਂ ਵਿੱਚ ਅਰਬਪਤੀਆਂ ਦੀ ਗਿਣਤੀ ਦੇ ਅੰਕੜੇ ਦਸਦੇ ਹਨ ਕਿ 2010 ਵਿੱਚ 388 ਅਰਬਪਤੀ ਸਨ ਜਿਹਨਾਂ ਕੋਲ ਦੁਨੀਆਂ ਦੀ ਵਸੋਂ ਦੇ ਹੇਠਲੇ 50% ਲੋਕਾਂ ਜਿੰਨੀ ਦੌਲਤ ਸੀ। ਇਹਨਾਂ ਵਿੱਚ ਵੱਡੀ ਗਿਣਤੀ ਅਮਰੀਕਾ ਦੇ ਸਨ। 2012 ਵਿੱਚ ਇਹ ਗਿਣਤੀ ਹੋਰ ਘਟ ਗਈ ਜੋ 159 ਰਹਿ ਗਈ। 2014 ਵਿੱਚ ਇਹਨਾਂ ਦੀ ਗਿਣਤੀ 80 ਰਹਿ ਗਈ ਅਤੇ 2016 ਵਿੱਚ ਹੋਰ ਘਟਕੇ 8 ਅਤੇ 2019 ਵਿੱਚ ਸਿਰਫ 5 ਰਹਿ ਗਈ। ਇਸ ਤਰ੍ਹਾਂ ਸਰਮਾਏ ਦਾ ਬਹੁਤ ਵੱਡਾ ਹਿੱਸਾ ਕੁੱਝ ਮੁੱਠੀ ਭਰ ਸਰਮਾਏਦਾਰਾਂ ਕੋਲ ਇਕੱਠਾ ਹੋ ਰਿਹਾ ਹੈ। ਸਿਰਫ 5 ਅਰਬਪਤੀਆਂ ਕੋਲ 4 ਅਰਬ ਲੋਕਾਂ ਜਿੰਨੀ ਦੌਲਤ ਦੇ ਬਰਾਬਰ ਦੌਲਤ ਹੋਣੀ ਇਕ ਬੇਹੱਦ ਵੱਡਾ ਪਾੜਾ ਹੈ। ਸਪਸਟ ਹੈ ਕਿ ਦੁਨੀਆਂ ਦੇ ਇਹ ਮੁੱਠੀ ਭਰ ਪੂੰਜੀਪਤੀ ਸਮੁੱਚੀ ਭੁੱਖਮਰੀ, ਗਰੀਬੀ, ਬੇਰੋਜ਼ਗਾਰੀ ਅਤੇ ਹੋਰ ਭਿਆਨਕ ਹਾਲਤਾਂ ਲਈ ਜ਼ੁੰਮੇਵਾਰ ਹਨ। ਇੱਕ ਰਿਪੋਰਟ ਅਨੁਸਾਰ ਭਾਰਤ ਦੇ ਕਰੋੜਪਤੀਆਂ ਵਿੱਚ ਆਂਧਰਾ ਪ੍ਰਦੇਸ ਦੇ ਡਾ. ਚੰਦਰ ਸ਼ੇਖਰ ਪੇਮਾਸਾਨੀ 5705 ਕਰੋੜ , ਜੋਤੀਰਾਦਿੱਤਿਆ ਸਿੰਧੀਆ 424 ਕਰੋੜ, ਜਨਤਾ ਦਲ (ਐਸ) ਦੇ ਐਚ ਡੀ ਕੁਮਾਰ ਸਵਾਮੀ 217 ਕਰੋੜ ਦੇ ਮਾਲਕ ਹਨ। ਇਹਨਾਂ ਤੋਂ ਬਿਨਾ ਪੰਜਾਬ ਸਮੇਤ 100-100 ਕਰੋੜ ਰੁ: ਤੋਂ ਵੱਧ ਵਾਲੇ ਵੀ ਕਈ ਹਨ। ਇਹਨਾਂ ਵਿੱਚ ਬਹੁਤੇ ਉਹ ਹਨ ਜਿੰਨਾਂ ਦੇ ਵਡੇਰਿਆਂ ਨੇ ਦੇਸ਼ ਲਈ ਅਜ਼ਾਦੀ ਦੀ ਲੜਾਈ ਵਿੱਚ ਬੱਬਰ ਅਕਾਲੀਆਂ, ਗਦਰੀ ਬਾਬਿਆਂ ਅਤੇ ਹੋਰ ਦੇਸ਼ ਭਗਤ ਇਨਕਲਾਬੀਆਂ ਖਿਲਾਫ ਅੰਗਰੇਜ਼ ਹਕੂਮਤ ਦਾ ਸਾਥ ਨਿਭਾਇਆ। ਪਰ ਅਫ਼ਸੋਸ ਕਿ ਉਹਨਾਂ ਦੇ ਪਰਵਾਰ ਅੱਜ ਦੇਸ਼ ਦੀ ਰਾਜ ਸਤ੍ਹਾ 'ਤੇ ਕਾਬਜ਼ ਹਨ, ਜਿਹਨਾਂ ਨੂੰ ਦੇਸ਼ ਨਾਲ ਗਦਾਰੀ ਕਰਨ ਦੇ ਬਦਲੇ ਅੰਗਰੇਜ਼ ਹਕੂਮਤ ਵੱਲੋਂ ਵੱਡੀਆਂ ਜਗੀਰਾਂ ਬਖ਼ਸ਼ੀਆਂ ਗਈਆਂ ਸਨ । ਇੱਕ ਹੋਰ ਰਿਪੋਰਟ ਅਨੁਸਾਰ 70% ਲੋਕਾਂ ਦੀ ਪੂੰਜੀ ਦੇ ਬਰਾਬਰ ਇਹਨਾਂ 1% ਪੂੰਜੀਪਤੀਆਂ ਕੋਲ ਪੂੰਜੀ ਤੇ ਜ਼ਮੀਨ ਇਕੱਠੀ ਹੋ ਚੁੱਕੀ ਹੈ। ਜੇ ਇਹਨਾਂ ਦੇ ਸਰਮਾਏ ਦਾ ਕੌਮੀਕਰਨ ਕਰ ਦਿੱਤਾ ਜਾਵੇ ਤਾਂ ਦੇਸ਼ ਭਰ ਦੇ ਲੋਕਾਂ ਦੀ ਜ਼ਿੰਦਗੀ ਖੁਸ਼ਹਾਲ ਹੀ ਨਹੀਂ ਸਵਰਗਮਈ ਬਣ ਸਕਦੀ ਹੈ। ਭਾਵੇਂ ਕਾਨੂੰਨ ਅਨੁਸਾਰ ਸਾਢੇ 17 ਏਕੜ ਤੱਕ ਜ਼ਮੀਨ ਹੀ ਇੱਕ ਪਰਿਵਾਰ ਰੱਖ ਸਕਦਾ ਹੈ ਵੱਧ ਨਹੀਂ। ਪਰ ਇੱਥੇ ਸੈਂਕੜੇ ਏਕੜ ਤੱਕ ਬਹੁਤੇ ਉਹੀ ਰੱਖੀ ਬੈਠੇ ਹਨ, ਜਿਹੜੇ ਰਾਜ ਸਤ੍ਹਾ ਤੇ ਕਾਬਜ਼ ਹਨ। ਫਿਰ ਇਹ ਕਾਨੂੰਨ ਲਾਗੂ ਕੌਣ ਕਰੇਗਾ? ਜਿਹੜੇ ਲੋਕਾਂ ਦੀ ਕਿਰਤ ਕਮਾਈ ਦੀ ਵੱਡੀ ਲੁੱਟ ਹੋ ਰਹੀ ਹੈ, ਉਹਨਾਂ ਤੋਂ ਬਿਨਾ ਹੋਰ ਕੋਈ ਕਿਉਂ ਕਰੇਗਾ? ਲੋਕਾਂ ਦੀਆਂ ਵੋਟਾਂ ਪ੍ਰਾਪਤ ਕਰਕੇ ਬਣੀਆਂ ਸਰਕਾਰਾਂ ਨੇ ਹੁਣ ਤੱਕ ਲੋਕਾਂ ਦੀ ਲੁੱਟ ਹੋਰ ਤੇਜ ਕਰਕੇ ਇਹਨਾਂ ਕਰੋੜਪਤੀਆਂ/ ਅਰਬਪਤੀਆਂ ਨੂੰ ਹੋਰ ਅਮੀਰ ਬਣਾਇਆ ਹੈ। ਇਸ ਕਰਕੇ ਜਿਹੜੇ ਲੋਕਾਂ ਨਾਲ ਬੇਇਨਸਾਫੀ ਹੋ ਰਹੀ ਹੈ, ਉਹਨਾਂ ਦੀ ਹੀ ਲੋੜ ਹੈ ਕਿ ਉਹ ਇਸ ਵਰਤਾਰੇ ਨੂੰ ਸਮਝਣ। ਸਰਕਾਰਾਂ ਕੋਈ ਵੀ ਹੋਣ ਲੋਕਾਂ ਨੂੰ ਆਪਣੀ ਕਿਰਤ ਦੀ ਲੁੱਟ ਖਿਲਾਫ ਆਵਾਜ ਉਠਾਉਣ ਤੋਂ ਬਿਨਾ ਹੋਰ ਕੋਈ ਰਸਤਾ ਨਹੀਂ। ਜ਼ਿੰਦਗੀ ਸੁਧਾਰਨ ਲਈ ਪਿਛਲੀ ਪੌਣੀ ਸਦੀ ਤੋਂ ਵੀ ਵੱਧ ਸਮੇਂ ਤੋਂ ਲੋਕਾਂ ਨੇ ਰੰਗ-ਬਰੰਗੀਆਂ ਸਿਆਸੀ ਪਾਰਟੀਆਂ ਨੂੰ ਵੋਟਾਂ ਪਾ ਕੇ ਵੇਖ ਲਿਆ ਹੈ, ਪਰ ਸੁਧਾਰ ਲੋਕਾਂ ਦਾ ਨਹੀਂ ਸਗੋਂ ਉਹਨਾਂ ਦੀਆਂ ਵੋਟਾਂ ਰਾਹੀਂ ਬਣੀਆਂ ਸਰਕਾਰਾਂ ਨੇ, ਦੇਸ਼ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਕੇ ਉਹਨਾਂ ਨੂੰ ਹੋਰ ਮਾਲਾ ਮਾਲ ਕੀਤਾ ਹੈ। ਸੋ ਜ਼ਿਹਨਾਂ ਨੇ ਵੋਟਾਂ ਲੈ ਕੇ 78 ਸਾਲਾਂ ਵਿੱਚ ਦੇਸ਼ ਦੀ ਅੱਧਿਓਂ ਵੱਧ ਅਬਾਦੀ ਨੂੰ ਦੋ ਡੰਗ ਦੀ ਰੋਟੀ ਕਮਾਉਣ ਦੇ ਵੀ ਯੋਗ ਨਹੀਂ ਬਣਾਇਆ , ਉਹਨਾਂ ਤੋਂ ਹੋਰ ਕਿੰਨਾ ਕੁ ਸਮਾਂ ਆਸ ਰੱਖੀ ਜਾ ਸਕਦੀ ਹੈ? ਵੋਟਾਂ ਰਾਹੀਂ ਚੁਣੇ ਜਾਂਦੇ ਰਹੇ ਅਨੇਕਾਂ ਸੰਸਦਾਂ ਖਿਲਾਫ ਸੰਗੀਨ ਅਪਰਾਧਾਂ ਅਧੀਨ ਅਦਾਲਤੀ ਕੇਸ ਚੱਲ ਰਹੇ ਹਨ ਜਿਹਨਾਂ ਵਿੱਚ ਭ੍ਰਿਸ਼ਟਾਚਾਰ, ਕਤਲ, ਬਲਾਤਕਾਰ, ਔਰਤਾਂ ਦਾ ਸ਼ੋਸ਼ਣ ਆਦਿ ਗੰਭੀਰ ਕੇਸ ਸ਼ਾਮਲ ਹਨ।

ਦਲਿਤ ਸਮਾਜ ਵੱਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਗੁਰੂ ਰਵੀਦਾਸ ਦੇ ਚਿਤਵੇ ਬੇਗਮਪੁਰਾ ਦੇ ਰਾਜ ਪ੍ਰਬੰਧ (ਐਸਾ ਚਾਹੂੰ ਰਾਜ ਮੈ, ਜਹਾਂ ਮਿਲੇ ਸਭਨ ਕੋ ਅੰਨ, ਛੋਟ ਬੜੇ ਸਭ ਸਮ ਵਸੇਂ ਰਵੀਦਾਸ ਰਹੇ ਪ੍ਰਸੰਨ) ਦੀ ਪੂਰਤੀ ਕਰਨ ਲਈ ਆਵਾਜ਼ ਬੁਲੰਦ ਕਰਨਾ ਇੱਕ ਹਾਂ ਪੱਖੀ ਵਰਤਾਰਾ ਹੈ। ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਕਫ਼ਾਇਤੀ ਰੇਟ 'ਤੇ ਲੈਣ ਲਈ ਲੜੇ ਜਾ ਰਹੇ ਕਾਨੂੰਨੀ ਸੰਘਰਸ਼ ਰਾਹੀਂ ਪੰਜਾਬ ਦੇ ਜਿਹੜੇ ਪਿੰਡਾਂ ਤੋਲੇਵਾਲ, ਜਲੂਰ, ਘਰਾਚੋਂ, ਝਨੇੜੀ, ਮਡੌਰ, (ਜ਼ਿਲ੍ਹਾ ਸੰਗਰੂਰ, ਮਲੇਰਕੋਟਲਾ) ਆਦਿ ਵਿੱਚ ਇਹ ਪ੍ਰਾਪਤ ਕੀਤੀ ਹੈ, ਓਥੇ ਮਜਦੂਰ ਵਰਗ ਵੱਲੋਂ ਸਾਂਝੀ ਖੇਤੀ ਕਰਕੇ ਜ਼ਿੰਦਗੀ ਸੁਧਾਰਨ ਲਈ ਸਨਮਾਨਯੋਗ ਪ੍ਰਾਪਤੀਆਂ ਕੀਤੀਆਂ ਹਨ। ਜਿਹੜੇ ਮਜ਼ਦੂਰ ਗਰੀਬੀ ਕਾਰਣ ਸਬਜ਼ੀ ਤੱਕ ਨਹੀਂ ਸੀ ਖਰੀਦ ਸਕਦੇ, ਉਹ ਆਪਣੀ ਸਬਜ਼ੀ ਖੁਦ ਪੈਦਾ ਕਰਨ ਲੱਗੇ ਹਨ, ਪਸ਼ੂਆਂ ਲਈ ਚਾਰਾ, ਪਰਿਵਾਰ ਲਈ ਅਨਾਜ ਆਦਿ ਦੀ ਪੂਰਤੀ ਹੋਣਾ ਬਹੁਤ ਉਤਸ਼ਾਹ ਜਨਕ ਉਪਲਭਦੀਆਂ ਹਨ ਜਿਹਨਾਂ ਦਾ ਉਹਨਾਂ ਦੀ ਸਿਹਤ 'ਤੇ ਵੀ ਚੰਗਾ ਪ੍ਰਭਾਵ ਪੈਣਾਂ ਲਾਜ਼ਮੀ ਹੈ। ਵਿਸ਼ੇਸ਼ ਤੌਰ 'ਤੇ ਔਰਤਾਂ ਦੀ ਜ਼ਿੰਦਗੀ ਵੀ ਸੌਖੀ ਹੋਈ ਹੈ, ਕਿਉਂਕਿ ਉਹਨਾਂ ਨੂੰ ਵਗਾਰ ਵਜੋਂ ਕੀਤੇ ਜਾਂਦੇ ਕੰਮਾਂ ਤੋਂ ਰਾਹਤ ਮਿਲੀ ਹੈ। ਇਹਨਾਂ ਪ੍ਰਾਪਤੀਆਂ ਤੋਂ ਸਬਕ ਸਿੱਖਦਿਆਂ ਰਹਿੰਦੀਆਂ ਘਾਟਾਂ ਦੂਰ ਕਰਕੇ ਹੋਰ ਅੱਗੇ ਵਧਣ ਦੀ ਲੋੜ ਹੈ। ਇਹ ਵੀ ਇੱਕ ਸਚਾਈ ਹੈ ਕਿ ਕੋਈ ਵੀ ਮਨੁੱਖ ਜ਼ਮੀਨ ਆਪਣੇ ਨਾਲ ਲੈ ਕੇ ਪੈਦਾ ਨਹੀਂ ਹੋਇਆ, ਸਗੋਂ ਇਹ ਕੁਦਰਤ ਦੀ ਦੇਣ ਹੈ। ਜਿਵੇਂ ਹਵਾ, ਪਾਣੀ, ਗਰਮੀ, ਸਰਦੀ ਆਦਿ ਕੁਦਰਤ ਵੱਲੋਂ ਹਰ ਇੱਕ ਨੂੰ ਬਰਾਬਰ ਮਿਲ ਰਹੇ ਹਨ, ਇਸੇ ਤਰ੍ਹਾਂ ਧਰਤੀ ਵੀ ਇਕੋ ਜਿੰਨੀ ਕਿਉਂ ਨਹੀਂ? ਸੰਗਰੂਰ ਜ਼ਿਲ੍ਹੇ ਦੇ ਪਿੰਡ ਬੀੜ ਐਸ਼ਵਾਨ ਵਿੱਚ ਜੀਂਦ ਦੇ ਰਾਜਾ ਦੀ ਖਾਲੀ ਪਈ 927 ਏਕੜ ਜ਼ਮੀਨ ਪ੍ਰਾਪਤ ਕਰਨ ਲਈ ਜ਼ਮੀਨ ਵਿਹੂਣੇ ਕਿਰਤੀ ਲੋਕਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਨੂੰ ਜਬਰ ਅਤੇ ਤਸੱਦਦ ਰਾਹੀਂ ਸਰਕਾਰ ਵੱਲੋਂ ਰੋਕਿਆ ਗਿਆ। ਸੰਘਰਸ਼ ਕਰ ਰਹੇ ਮਜਦੂਰਾਂ ਉੱਪਰ ਔਰਤਾਂ ਸਮੇਤ ਤਸ਼ੱਦਦ ਕਰਦਿਆਂ ਕੇਸ ਦਰਜ ਕੀਤੇ ਅਤੇ ਜੇਲ੍ਹੀਂ ਡੱਕਿਆ ਗਿਆ ਹੈ। ਸਰਕਾਰ ਵੱਲੋਂ ਜੇ ਕਾਰਪੋਰੇਟਾਂ ਲਈ ਜ਼ਮੀਨਾਂ ਦੇਣ ਲਈ ਕਾਨੂੰਨ ਬਣ ਸਕਦੇ ਹਨ ਤਾਂ ਕਿਰਤੀ ਵਰਗ (ਬੇਜ਼ਮੀਨੇ ਕਿਸਾਨ ਅਤੇ ਮਜ਼ਦੂਰ) ਦੇ ਲੋਕਾਂ ਨੂੰ ਜ਼ਮੀਨ ਦੇਣ ਲਈ ਕਿਉਂ ਨਹੀਂ ਬਣ ਸਕਦੇ? ਬਣਦਾ ਤਾਂ ਇਹ ਹੈ ਕਿ ਸਰਕਾਰ ਵੱਡੇ ਧਨਾਡਾਂ ਨੂੰ ਹੋਰ ਧਨਾਡ ਬਣਾਉਣ ਦੀ ਸੇਵਾ ਵਿੱਚ ਭੁਗਤਣ ਦੀ ਬਜਾਏ, ਸਾਂਝੀਵਾਲਤਾ ਦੇ ਸੰਕਲਪ ਨੂੰ ਪੂਰਾ ਕਰਨ ਦੇ ਯਤਨ ਰਾਹੀਂ ਉਪਰੋਕਤ ਲੋੜਵੰਦ ਵਰਗ ਨੂੰ ਉਤਸ਼ਾਹਿਤ ਕਰਦੀ। ਪਰ ਉਸ ਵੱਲੋਂ ਅਜਿਹਾ ਕਰਨ ਦੀ ਥਾਂ ਖੁਦ ਪਾਸ ਕੀਤੇ ਲੈਂਡ ਸੀਲਿੰਗ ਐਕਟ (1972) ਲਾਗੂ ਕਰਵਾਉਣ ਲਈ ਵੀ ਚੁੱਪ ਵੱਟੀ ਹੋਈ ਹੈ। ਇਸ ਕਾਨੂੰਨ ਤਹਿਤ ਸਾਢੇ 17 ਏਕੜ ਦੀ ਮਾਲਕੀ ਤੋਂ ਵੱਧ ਜ਼ਮੀਨ ਰੱਖਣ ਵਾਲਿਆਂ ਪਾਸੋਂ ਵਾਧੂ ਜ਼ਮੀਨ ਲੈ ਕੇ ਬੇਜ਼ਮੀਨੇ ਕਿਸਾਨਾ ਮਜ਼ਦੂਰਾਂ ਵਿੱਚ ਵੰਡੀ ਜਾਂਦੀ। ਪਰ ਜਦੋ ਇਹ ਕਾਨੂੰਨ ਲਾਗੂ ਕਰਨ ਲਈ ਕੋਈ ਵੀ ਸਰਕਾਰ 50 ਸਾਲ ਤੋਂ ਵੀ ਵੱਧ ਸਮਾਂ ਬੀਤ ਜਾਣ ਤੱਕ ਕੁੱਝ ਨਹੀਂ ਕਰ ਸਕੀ ਤਾਂ ਬੇ ਜ਼ਮੀਨੇ ਲੋਕਾਂ ਵੱਲੋਂ ਆਵਾਜ਼ ਉਠਾਉਣਾ ਕਿਵੇਂ ਨਜਾਇਜ਼ ਹੈ? ਸਗੋਂ ਇਹ ਸਾਂਝੇ ਰੋਜ਼ਗਾਰ ਪੈਦਾ ਕਰਨ ਅਤੇ ਕਿਰਤੀ ਵਰਗ ਦਾ ਜੀਵਨ ਬੇਹਤਰ ਬਣਾਉਣ ਲਈ ਜ਼ਰੂਰੀ ਹੈ ,ਜਿਸ ਨਾਲ ਦੇਸ਼ ਦੀ ਪੈਦਾਵਾਰ ਵੀ ਵਧੇਗੀ। ਸਰਕਾਰ ਨੂੰ ਇਸ ਪਾਸੇ ਸਹੀ ਕਦਮ ਪੁੱਟ ਕੇ ਉਪਰੋਕਤ ਕਾਨੂੰਨ ਦੀ ਪਾਲਣਾ ਕਰਨ ਦੀ ਲੋੜ ਹੈ ਨਾ ਕਿ ਗਰੀਬ ਲੋਕਾਂ ਦੀ ਜਾਇਜ਼ ਮੰਗ ਨੂੰ ਜਬਰ ਨਾਲ ਦਬਾਉਣ ਦੀ। ਜੇਕਰ ਸਰਕਾਰ ਵਾਕਿਆ ਹੀ ਕਿਰਤੀ ਵਰਗ ਦਾ ਜੀਵਨ ਪੱਧਰ ਉੱਚਾ ਚੁੱਕਣਾ ਚਾਹੁੰਦੀ ਹੈ ਤਾਂ ਕਾਨੂੰਨੀ ਤੌਰ ਤੇ ਵਾਧੂ ਜ਼ਮੀਨਾਂ ਦੀ ਨਿਸ਼ਾਨਦੇਹੀ ਕਰਕੇ ਇਸ ਵਰਗ ਵਿੱਚ ਉਸ ਦੀ ਮੁੜ ਵੰਡ ਕਰਨ ਨੂੰ ਯਕੀਨੀ ਬਣਾਏ। ਪਰ ਸਰਕਾਰੀ ਤੌਰ ਤੇ ਪਾਸ ਕੀਤੇ ਕਾਨੂੰਨਾਂ ਨੂੰ ਲਾਗੂ ਕਰਨ ਲਈ, ਰਾਜਨੀਤੀ ਕਰਨ ਵਾਲੀ ਕੋਈ ਵੀ ਸਿਆਸੀ ਪਾਰਟੀ ਅੱਗੇ ਨਹੀਂ ਆ ਰਹੀ। ਇਸ ਸਬੰਧੀ ਵਕੀਲਾਂ ਦੀ ਇੱਕ ਟੀਮ ਵੱਲੋਂ ਜਾਰੀ ਕੀਤੀ ਜਾਂਚ ਰਿਪੋਰਟ ਨੇ ਵੀ ਮਜ਼ਦੂਰ ਵਰਗ ਉੱਪਰ ਕੀਤੇ ਜਬਰ ਕਾਰਣ ਸਰਕਾਰਾਂ ਅਤੇ ਪੁਲਿਸ ਪ੍ਰਸ਼ਾਸਨ ਨੂੰ ਕਟਹਿਰੇ ਵਿੱਚ ਖੜਾ ਕੀਤਾ ਹੈ।

ਇਸ ਤੋਂ ਬਿਨਾਂ ਲੋਕਾਂ ਦਾ ਧਿਆਨ ਉਹਨਾਂ ਦੇ ਅਸਲ ਮਸਲਿਆਂ ਤੋਂ ਭਟਕਾਉਣ ਲਈ ਧਰਮਾਂ, ਜਾਤਾਂ ਦੇ ਨਾਂ 'ਤੇ ਆਪਸੀ ਦੰਗੇ/ਫ਼ਸਾਦਾਂ ਵਿੱਚ ਉਲਝਾਉਣ ਵਰਗੇ ਕਾਰਨਾਮਿਆਂ ਨੂੰ ਅੰਜਾਮ ਦਿੱਤੇ ਜਾਂਦੇ ਹਨ। ਬਦ-ਇੰਤਜ਼ਾਮੀ ਕਾਰਣ ਪਲਵਾਮਾਂ, ਪਹਿਲਗਾਮ, ਕੁੰਭ ਮੇਲੇ ਅਤੇ ਨਸ਼ਿਆਂ ਦੀ ਭੇਂਟ ਚੜ੍ਹਕੇ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਜਾਣ ਨਾਲ ਅਨੇਕ ਪਰਿਵਾਰ ਬਰਬਾਦੀ ਦੇ ਮੂੰਹ ਧੱਕੇ ਜਾਂਦੇ ਹਨ। ਇਸੇ ਤਰ੍ਹਾਂ ਰੇਲਵੇ ਅਤੇ ਹਵਾਈ ਜਹਾਜ਼ ਵਰਗੀਆਂ ਘਟਨਾਵਾਂ ਵਿੱਚ ਸੈਂਕੜੇ ਲੋਕਾਂ ਦੀ ਜਾਨ ਨਿਕੰਮੇ ਪ੍ਰਬੰਧਾਂ ਦੀ ਭੇਂਟ ਚੜ੍ਹ ਜਾਂਦੀ ਹੈ, ਅਡਾਨੀ-ਅੰਬਾਨੀਦੇ ਪ੍ਰਬੰਧਾਂ ਹੇਠ ਦਿੱਤੀ ਬੰਦਰਗਾਹ ਤੋਂ ਕੁਇੰਟਲਾਂ ਦੀ ਮਿਕਦਾਰ ਵਿੱਚ ਨਸ਼ਾ ਫੜਿਆ ਜਾਂਦਾ ਹੈ, ਪਤਾ ਨਹੀਂ ਕਿੱਧਰ ਗਿਆ? ਪਰ ਲੋਕਾਂ ਦੀ ਚੁਣੀ ਸਰਕਾਰ ਟੱਸ ਤੋਂ ਮੱਸ ਨਾ ਹੋਵੇ ਤਾਂ ਲੋਕ ਅਜਿਹੇ ਪ੍ਰਬੰਧਾਂ ਖਿਲਾਫ ਆਵਾਜ਼ ਨਾ ਉਠਾਉਣ ਤਾਂ ਹੋਰ ਕੀ ਕਰਨ ਆਦਿ ਗੰਭੀਰ ਸਵਾਲ ਹਨ ਜ਼ਿਹਨਾਂ ਲਈ ਕਿਸੇ ਦੀ ਕੋਈ ਜਵਾਬ ਦੇਹੀ ਨਹੀਂ। ਜੇ ਲੋਕ ਸਾਂਝੇ ਯਤਨਾਂ ਨਾਲ ਆਪਣੇ ਆਪ ਆਪਣੀ ਜ਼ਿੰਦਗੀ ਸੁਧਾਰਨ ਲਈ ਅੱਗੇ ਆਉਂਦੇ ਹਨ ਤਾਂ ਕਾਨੂੰਨ ਅਨੁਸਾਰ ਠੀਕ ਕਰ ਰਹੇ ਹੋਣ ਦੇ ਬਾਵਜੂਦ ਵੀ ਕਾਨੂੰਨੀ ਅਵਸਥਾ ਬਣਾਈ ਰੱਖਣ ਦੀ ਯਾਦ ਪਤਾ ਨਹੀਂ ਕਿਵੇਂ ਜਾਗ ਪੈਂਦੀ ਹੈ?

ਇਸੇ ਤਰ੍ਹਾਂ ਜਦੋਂ ਪੰਜਾਬ ਵਿੱਚ ਕਿਸਾਨੀ ਦੀ ਗੱਲ ਕਰਦੇ ਹਾਂ ਤਾਂ ਖੇਤੀ ਮਾਹਰਾਂ ਦੀਆਂ ਰਿਪੋਰਟਾਂ ਦੱਸਦੀਆਂ ਹਨ ਕਿ ਇੱਥੇ 5 ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨ 34% ਹਨ, ਜਿਹਨਾਂ ਕੋਲ ਕੁਲ ਜ਼ਮੀਨ ਦਾ 9% ਰਕਬਾ ਹੈ। ਇਹ ਹੀ ਸਭ ਤੋਂ ਵੱਧ ਪੀੜਤ ਅਤੇ ਵੱਧ ਕਰਜਈ ਹਨ, ਜਿਸ ਕਾਰਣ ਸਭ ਤੋਂ ਵੱਧ



ਖ਼ੁਦਕੁਸ਼ੀਆਂ ਵੀ ਇਹੋ ਕਰਦੇ ਹਨ। ਜੇਕਰ ਇਸ ਹਿੱਸੇ ਨੂੰ ਸਾਂਝੀ ਖੇਤੀ ਲਈ ਪ੍ਰੇਰਿਤ ਕਰਕੇ ਤਿਆਰ ਕਰ ਲਿਆ ਜਾਵੇ ਤਾਂ ਕਾਰਪੋਰੇਟ ਦੇ ਜੂਲੇ ਹੇਠੋਂ ਨਿਕਲ ਸਕਦੇ ਹਨ। ਕਿਸਾਨ ਜੱਥੇਬੰਦੀਆਂ ਨੂੰ ਵੀ ਇਸ ਸਬੰਧੀ ਵਿਚਾਰਨ ਦੀ ਲੋੜ ਹੈ। ਅਡਾਨੀ-ਅੰਬਾਨੀ ਵਰਗੇ ਕਾਰਪੋਰੇਟ ਘਰਾਣਿਆਂ ਦੀ ਸਰਪ੍ਰਸਤੀ ਕਬੂਲ ਕਰ ਚੁੱਕੀਆਂ ਸਾਡੀਆਂ ਸਰਕਾਰਾਂ ਨੇ, ਹੁਣ ਖੇਤੀ ਕਿੱਤਾ ਵੀ ਕਿਸਾਨੀ ਕੋਲੋਂ ਕਾਰਪੋਰੇਟਾਂ ਦੇ ਹੱਕ ਵਿੱਚ ਹਥਿਆਉਣ ਲਈ ਕਾਨੂੰਨੀ ਦਾਅ ਪੇਚ ਖੇਡਣੇ ਸ਼ੁਰੂ ਕੀਤੇ ਹੋਏ ਹਨ। ਕਾਰਪੋਰੇਟਾਂ ਦੇ ਹੱਕ ਵਿੱਚ ਤਿੰਨ ਖੇਤੀ ਕਾਨੂੰਨ ਲਿਆਉਣੇ, ਪਿੰਡ ਜਿਉਂਦ (ਬਠਿੰਡਾ) ਜ਼ਮੀਨ ਮਾਮਲਾ, ਪੰਜਾਬ ਦੀ ਹਜ਼ਾਰਾਂ ਏਕੜ ਜ਼ਮੀਨ ਸ਼ਹਿਰੀ ਕਰਨ ਸਕੀਮ ਦੇ ਨਾਂ ਹੇਠ ਲੈਣ ਦਾ ਮਾਮਲਾ, ਭਾਰਤ ਮਾਲਾ ਪ੍ਰਾਜੈਕਟ ਆਦਿ ਇਸੇ ਲੜੀ ਦਾ ਹਿੱਸਾ ਹਨ, ਜਿਸ ਬਾਰੇ ਕਿਸਾਨ ਜੱਥੇਬੰਦੀਆਂ ਲਗਾਤਾਰ ਸੰਘਰਸ਼ ਦੇ ਮੈਦਾਨ ਵਿੱਚ ਹਨ। ਇਸੇ ਤਰ੍ਹਾਂ ਵਿੱਦਿਆ ਕਰਾਂਤੀ ਦੇ ਨਾਂ ਹੇਠ ਵਿੱਦਿਆ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਕਰਕੇ ਕਾਰਪੋਰੇਟ ਜਗਤ ਲਈ ਸਸਤੇ ਮਜ਼ਦੂਰ ਪੈਦਾ ਕਰਨ ਦੀਆਂ ਵਿਉਂਤਾਂ ਵੀ ਉਸੇ ਲੜੀ ਦਾ ਅੰਗ ਹਨ। ਇਸ ਤਰ੍ਹਾਂ ਸਰਕਾਰਾਂ ਵੱਲੋਂ ਵੱਡੇ ਘਰਾਣਿਆਂ ਨੂੰ ਲਾਭ ਪਹੁੰਚਾਉਣ ਦਾ ਇਵਜ਼ਾਨਾ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ ।

ਇੱਕ ਸਮੇਂ ਗੁਰੂ ਨਾਨਕ ਸਾਹਿਬ ਵੱਲੋਂ ਵੀ "ਸਾਂਝੀਵਾਲਤਾ" ਦੇ ਪ੍ਰਬੰਧ ਨੂੰ ਉਚਿਆਉਂਦਿਆਂ ਇਸ ਨੂੰ ਲਾਗੂ ਕਰਨ ਦਾ ਉਪਦੇਸ਼ ਦਿੱਤਾ ਗਿਆ ਸੀ। ਪਰ ਅੱਜ ਗੁਰੂ ਨਾਨਕ ਦੇ ਨਾਂ 'ਤੇ ਉਹਨਾਂ ਦੇ ਪੈਰੋਕਾਰ ਅਖਵਾਉਣ ਵਾਲਿਆਂ ਵੱਲੋਂ ਵੱਡੇ ਵੱਡੇ ਸਮਾਗਮ ਤਾਂ ਕੀਤੇ ਜਾ ਰਹੇ ਹਨ, ਪਰ ਉਹਨਾਂ ਵੱਲੋਂ ਦਿੱਤੇ ਸਾਂਝੀਵਾਲਤਾ ਦੇ ਉਪਦੇਸ਼ ਵਾਲੀ ਗੱਲ ਵੱਲ ਸਭ ਨੇ ਪਿੱਠ ਕੀਤੀ ਹੋਈ ਹੈ। ਉਹਨਾਂ ਸਮਾਜ ਨੂੰ ਭਾਈ ਲਾਲੋਆਂ ਅਤੇ ਮਲਕ ਭਾਗੋਆਂ ਵਿੱਚ ਵੰਡਕੇ, ਖ਼ੁਦ ਨੂੰ ਭਾਈ ਲਾਲੋਆਂ ਦੀ ਕਤਾਰ ਵਿੱਚ ਸ਼ਾਮਲ ਕੀਤਾ ਅਤੇ ਮਲਕ ਭਾਗੋਆਂ ਵੱਲੋਂ ਕਿਰਤੀ ਵਰਗ ਦੀ ਕਿਰਤ ਲੁੱਟਕੇ ਉਸਾਰੇ ਮਹਿਲਾਂ ਅਤੇ ਕੀਤੇ ਜਾਂਦੇ ਭੰਡਾਰਿਆਂ ਵਿੱਚ, ਕਿਰਤੀ ਦੀ ਮਿਹਨਤ ਰੂਪੀ ਖ਼ੂਨ ਦਾ ਸ਼ਾਮਲ ਹੋਣਾ ਸਿੱਧ ਕੀਤਾ। ਅੱਜ ਉਹਨਾਂ ਵੱਲੋਂ ਚਿਤਵੇ ਸਾਂਝੀਵਾਲਤਾ ਵਾਲੇ ਪ੍ਰਬੰਧ ਦੀ ਸਥਾਪਤੀ ਲਈ ਜ਼ਰੂਰੀ ਹੈ ਕਿ ਕਾਰਪੋਰੇਟੀ ਪ੍ਰਬੰਧ ਨੂੰ ਭਾਂਜ ਦੇਣ ਲਈ ਇਸ ਵਿਰੁੱਧ ਕਿਸਾਨ, ਮਜ਼ਦੂਰ ਅਤੇ ਹੋਰ ਕਮਾਊ ਵਰਗ ਆਪਣੇ ਫਰਜ਼ ਦੀ ਪੂਰਤੀ ਕਰਨ ਲਈ ਅੱਗੇ ਆਉਣ।

ਇਹ ਵੀ ਸਾਹਮਣੇ ਹੈ ਕਿ ਬਸਤਰ, ਕਸ਼ਮੀਰ, ਪੰਜਾਬ ਆਦਿ ਖੇਤਰਾਂ ਵਿੱਚ ਕੁਦਰਤੀ ਖਣਿਜ ਪਦਾਰਥਾਂ ਉੱਪਰ ਕਾਰਪੋਰੇਟਾਂ ਦਾ ਕਬਜ਼ਾ ਕਰਵਾਉਣ ਲਈ ਸਰਕਾਰੀ ਨੀਤੀਆਂ ਦਾ ਵਿਰੋਧ ਕਰ ਰਹੇ ਇਹਨਾਂ ਖੇਤਰਾਂ ਦੇ ਲੋਕ, ਜਦੋਂ ਆਪਣੀ ਕਿਰਤ ਦੇ ਵਸੀਲਿਆਂ (ਜਲ, ਜੰਗਲ ਅਤੇ ਜ਼ਮੀਨ) ਦੀ ਰਾਖੀ ਕਰਨ ਲਈ ਜੱਥੇਬੰਦ ਹੋ ਕੇ ਅੱਗੇ ਵਧਦੇ ਹਨ ,ਤਾਂ ਸਰਕਾਰ ਵੱਲੋਂ ਵਿਕਾਸ ਵਿਰੋਧੀ, ਦੇਸ਼ ਧਰੋਹੀ, ਨਕਸਲੀ, ਮਾਓਵਾਦੀ ਹੋਣ ਵਰਗੇ ਦੋਸ਼ ਮੜ੍ਹਕੇ ਕਤਲ ਕੀਤੇ ਜਾ ਰਹੇ ਹਨ ਅਤੇ ਕੇਸ ਦਰਜ ਕਰਨ ਦੇ ਝੂਠੇ ਬਿਰਤਾਂਤ ਸਿਰਜੇ ਜਾਂਦੇ ਹਨ। ਉੱਘੀਆਂ ਸਮਾਜ ਚਿੰਤਕ ਸ਼ਖਸੀਅਤਾਂ ਜ਼ਿਹਨਾਂ ਵਿੱਚ ਬੁੱਧੀਜੀਵੀ, ਪੱਤਰਕਾਰ, ਡਾਕਟਰ, ਵਕੀਲ ਆਦਿ ਸ਼ਾਮਲ ਹਨ, ਨੂੰ ਦੇਸ਼ ਧਰੋਹੀ, ਅਰਬਨ ਨਕਸਲੀ ਆਦਿ ਨਾਂ ਦੇ ਕੇ ਜੇਲ੍ਹਾਂ 'ਚ ਬੰਦ ਕੀਤਾ ਹੋਇਆ ਹੈ, ਜ਼ਿਹਨਾਂ ਨੂੰ ਕਮਾਊ ਲੋਕਾਂ ਦੇ ਹੱਕੀ ਸੰਘਰਸ਼ਾਂ ਦੇ ਹਮਾਇਤੀ ਹੋਣ ਦਾ ਇਵਜ਼ਾਨਾ ਭੁਗਤਣਾ ਪੈ ਰਿਹਾ ਹੈ।

ਸੋ ਸਪਸ਼ਟ ਹੈ ਕਿ ਸਰਕਾਰ ਦੇਸ਼ ਦੇ ਕੁਦਰਤੀ ਸਰੋਤਾਂ ਦੀ ਵਰਤੋਂ ਵਿੱਚ ਲੋਕਾਂ ਨੂੰ ਸਾਂਝੀਵਾਲ ਬਣਾਕੇ ਉਹਨਾਂ ਦੀ ਜਿੰਦਗੀ ਸੁਧਾਰਨ ਦੀ ਬਜਾਏ ਧਨਾਡਾਂ ਦੀ ਆਮਦਨ ਹੋਰ ਵਧਾਉਣ ਨੂੰ ਪਹਿਲ ਦੇ ਰਹੀ ਹੈ ।ਇਸ ਨਾਲ ਦੇਸ਼ ਦੀ ਵੱਡੀ ਜਨ ਸੰਖਿਆ ਜੋ ਪਹਿਲਾਂ ਹੀ ਅਤਿ ਕੰਗਾਲੀ ਭਰਿਆ ਜੀਵਨ ਜਿਉਂ ਰਹੀ ਹੈ ਦਾ ਜਿਉਂਣ ਪੱਧਰ ਹੋਰ ਨੀਵਾਂ ਹੋ ਜਾਵੇਗਾ। ਸੋ ਇਸ ਲਈ ਸਾਂਝੀਵਾਲਤਾ ਦੇ ਸੰਕਲਪ ਨੂੰ ਪ੍ਰਣਾਇਆ ਰਾਜ ਪ੍ਰਬੰਧ ਉਸਾਰਨ ਲਈ ਅੱਗੇ ਵਧਣ ਅਤੇ ਕਾਰਪੋਰੇਟਾਂ ਤੇ ਧਨਾਡਾਂ ਦੇ ਬੇ-ਥਾਹ ਮੁਨਾਫਿਆਂ ਨੂੰ ਬੰਦ ਕਰਕੇ ਲੋਕ ਹਿਤ ਵਿੱਚ ਮੋੜਾ ਦੇਣਾ ਸਮੁੱਚੇ ਦੇਸ਼ ਦੇ ਹਿਤ ਵਿੱਚ ਹੋਵੇਗਾ।

*ਸੀਹਿਆਂ ਦੇ ਖਿਲਾਫ਼ ਵਿਸ਼ਵ ਸੰਗਠਨਾਂ ਦੀ ਰਿਪੋਰਟ:*

# ਭਾਰਤ ਨੂੰ ਪੁਲਿਸ ਤਸੀਹਿਆਂ ਪੱਖੋਂ 'ਉੱਚ ਜੋਖਮ' ਵਾਲਾ ਮੁਲਕ ਕਰਾਰ ਦਿੱਤਾ

**-ਐਡਗਰ ਕੈਸਰ, ਗ੍ਰੇਸ ਅਨੂ ਬੈਕੀਆ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਸੰਯੁਕਤ ਰਾਸ਼ਟਰ ਦੇ ਤਸੀਹਾ ਪੀੜਤਾਂ ਦੀ ਹਮਾਇਤ ਵਿਚ ਅੰਤਰਰਾਸ਼ਟਰੀ ਦਿਵਸ 'ਤੇ, ਅਸੀਂ ਤਸੀਹਿਆਂ ਵਿਰੋਧੀ ਸੰਸਥਾਵਾਂ ਦੇ ਵਿਸ਼ਵਵਿਆਪੀ ਗੱਠਜੋੜ ਦੀ ਤਾਜ਼ਾ ਰਿਪੋਰਟ 'ਤੇ ਚਰਚਾ ਕਰ ਰਹੇ ਹਾਂ, ਜਿਸਨੇ ਭਾਰਤ ਨੂੰ ਸਮੁੱਚੇ ਤੌਰ 'ਤੇ 'ਉੱਚ ਜੋਖਮ' ਵਾਲਾ ਮੁਲਕ ਦੱਸਿਆ ਹੈ। ਤਸੀਹਿਆਂ ਦੇ ਖਿਲਾਫ਼ ਕਨਵੈਨਸ਼ਨ ਨੂੰ ਮਨਜ਼ੂਰੀ ਨਾ ਦੇਣ ਅਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (ਐੱਨਐੱਚਆਰਸੀ) ਦੇ ਦਰਜੇ ਵਿਚ ਕਮੀ ਦਰਮਿਆਨ, ਭਾਰਤ ਆਪਣੇ ਮਨੁੱਖੀ ਅਧਿਕਾਰ ਦਰਜੇ ਨੂੰ ਲੈ ਕੇ ਨਾਜ਼ੁਕ ਮੋੜ 'ਤੇ ਖੜ੍ਹਾ ਹੈ।

ਇਹ ਸਾਲ ਭਾਰਤੀ ਪੁਲਿਸ ਲਈ ਚੌਂਕਾਉਣ ਵਾਲਾ ਰਿਹਾ ਹੈ, ਕਈ ਰਿਪੋਰਟਾਂ ਨੇ ਉਨ੍ਹਾਂ ਦੇ ਗੈਰ-ਸੰਵਿਧਾਨਿਕ ਅਤੇ ਤਸੀਹੇ ਦੇਣ ਵਾਲੇ ਰਵੱਈਏ ਨੂੰ ਉਜਾਗਰ ਕੀਤਾ ਹੈ। 'ਭਾਰਤ ਵਿਚ ਪੁਲਿਸਿੰਗ ਦੀ ਸਥਿਤੀ 2025' ਰਿਪੋਰਟ ਵਿਚ ਪੁਲਿਸ ਅਧਿਕਾਰੀਆਂ ਦੇ ਤਸੀਹਿਆਂ ਬਾਰੇ ਰਵੱਈਏ ਬਾਰੇ ਚਿੰਤਾਜਨਕ ਡੇਟਾ ਪੇਸ਼ ਕੀਤਾ ਗਿਆ ਹੈ। ਰਿਪੋਰਟ ਅਨੁਸਾਰ, ਬਹੁਤੇ ਪੁਲਿਸ ਅਧਿਕਾਰੀ ਤਸੀਹਿਆਂ ਨੂੰ ਜਾਇਜ਼ ਠਹਿਰਾਉਂਦੇ ਹਨ ਅਤੇ ਪੁੱਛਗਿੱਛ ਤੇ ਜਾਂਚ ਦੌਰਾਨ ਇਸਦੀ ਵਰਤੋਂ ਨੂੰ ਸਵੀਕਾਰ ਕਰਦੇ ਹਨ। 'ਇੰਡੀਆ ਜਸਟਿਸ ਰਿਪੋਰਟ 2025' ਨੇ ਵੀ ਪੁਲਿਸਿੰਗ ਨਾਲ ਜੁੜੀਆਂ ਕਈ ਸਮੱਸਿਆਵਾਂ ਦਾ ਜ਼ਿਕਰ ਕੀਤਾ ਹੈ, ਜਿਵੇਂ ਕਿ ਭੀੜ-ਭੜੱਕੇ ਵਾਲੀਆਂ ਜੇਲ੍ਹਾਂ, ਔਰਤ ਪੁਲਿਸ ਅਧਿਕਾਰੀਆਂ ਦੀ ਕਮੀ ਅਤੇ ਨਿਆਂਪਾਲਿਕਾ ਦੀ ਤਰਸਯੋਗ ਹਾਲਤ।

ਕੋਲੰਬੀਆ ਲਾਅ ਸਕੂਲ ਦੇ ਹਿਊਮਨ ਰਾਈਟਸ ਇੰਸਟੀਚਿਊਟ ਦੀ ਇਕ ਤਾਜ਼ਾ ਰਿਪੋਰਟ ਵਿਚ ਖ਼ੁਲਾਸਾ ਹੋਇਆ ਹੈ ਕਿ ਭਾਰਤੀ ਰਾਜ ਮਸ਼ੀਨਰੀ ਵੱਲੋਂ ਪੱਤਰਕਾਰਾਂ ਦੇ ਖਿਲਾਫ਼ ਗੈਰ-ਕਾਨੂੰਨੀ ਹਿਰਾਸਤ, ਝੂਠੇ ਇਲਜ਼ਾਮ ਅਤੇ ਪ੍ਰੇਸ਼ਾਨ ਕਰਨ ਦੇ ਹੋਰ ਤਰੀਕਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੌਰਾਨ, ਵਰਲਡ ਆਰਗੇਨਾਈਜ਼ੇਸ਼ਨ ਅਗੇਂਸਟ ਟਾਰਚਰ (ਓਐੱਮਸੀਟੀ) ਦੁਆਰਾ ਜਾਰੀ 'ਗਲੋਬਲ ਟਾਰਚਰ ਇੰਡੈਕਸ 2025' ਨੇ ਭਾਰਤ ਨੂੰ ਪੁਲਿਸ ਤਸੀਹਿਆਂ ਦੇ ਵੱਖ-ਵੱਖ ਪਹਿਲੂਆਂ ਦੇ ਆਧਾਰ 'ਤੇ 'ਉੱਚ ਜੋਖਮ' ਵਾਲੇ ਮੁਲਕਾਂ ਦੀ ਸ਼੍ਰੇਣੀ ਵਿਚ ਰੱਖਿਆ ਹੈ।

ਰਿਪੋਰਟ ਕੀ ਕਹਿੰਦੀ ਹੈ ?

ਓਐੱਮਸੀਟੀ, ਜੋ ਤਸੀਹਿਆਂ ਵਿਰੋਧੀ ਲਹਿਰ ਵਿਚ ਅਗਵਾਈ ਕਰ ਰਿਹਾ ਹੈ ਅਤੇ ਜਿਸ ਦੀਆਂ ਦੁਨੀਆ ਭਰ ਵਿਚ 200 ਤੋਂ ਵੱਧ ਸਹਿਯੋਗੀ ਜਥੇਬੰਦੀਆਂ ਹਨ, ਨੇ ਇਹ ਮਹੱਤਵਪੂਰਨ ਸੂਚੀ ਤਿਆਰ ਕੀਤੀ ਹੈ। ਭਾਰਤ ਵਿਚ ਤਸੀਹਿਆਂ ਦੇ ਖਿਲਾਫ਼ ਕੰਮ ਕਰ ਰਹੀ ਗੈਰ-ਸਰਕਾਰੀ ਜਥੇਬੰਦੀ ਪੀਪਲਜ਼ ਵਾਚ ਨੇ ਓਐੱਮਸੀਟੀ ਨਾਲ ਮਿਲ ਕੇ ਇਹ ਸੂਚੀ (ਇੰਡੈਕਸ) ਤਿਆਰ ਕੀਤਾ।

ਇਸ ਰਿਪੋਰਟ ਵਿਚ ਸ਼ੁਰੂ ਵਿਚ 26 ਮੁਲਕਾਂ ਦਾ ਵਿਸ਼ਲੇਸ਼ਣ ਕੀਤਾ ਗਿਆ, ਜਿਸ ਵਿਚ ਸੱਤ ਵਿਸ਼ੇ ਲਏ ਗਏ:

-ਤਸੀਹਿਆਂ ਦੇ ਖਿਲਾਫ਼ ਰਾਜਨੀਤਿਕ ਵਚਨਬੱਧਤਾ

-ਪੁਲਿਸ ਬਰਬਰਤਾ ਅਤੇ ਸੰਸਥਾਗਤ ਹਿੰਸਾ ਨੂੰ ਖ਼ਤਮ ਕਰਨਾ

-ਆਜ਼ਾਦੀ ਤੋਂ ਵਾਂਝੇ ਹੋਣ ਦੌਰਾਨ ਤਸੀਹਿਆਂ ਤੋਂ ਮੁਕਤੀ

-ਦੋਸ਼ਮੁਕਤੀ ਨੂੰ ਖ਼ਤਮ ਕਰਨਾ

-ਪੀੜਤਾਂ ਦੇ ਅਧਿਕਾਰ

-ਸਾਰਿਆਂ ਲਈ ਸੁਰੱਖਿਆ

-ਬਚਾਅ ਦਾ ਅਧਿਕਾਰ ਅਤੇ ਨਾਗਰਿਕ ਸਪੇਸ

ਇਨ੍ਹਾਂ ਸਾਰੇ ਸੱਤਾਂ ਵਿਸ਼ਿਆਂ ਦਾ ਵਿਸ਼ਲੇਸ਼ਣ ਕਰਕੇ ਮੁਲਕਾਂ ਨੂੰ 'ਘੱਟ ਜੋਖਮ' ਤੋਂ ਲੈ ਕੇ 'ਬਹੁਤ ਉੱਚ ਜੋਖਮ' ਦੇ ਪੈਮਾਨੇ 'ਤੇ ਮਾਪਿਆ ਗਿਆ। ਦੁਖਦਾਈ ਗੱਲ ਇਹ ਹੈ ਕਿ ਭਾਰਤ ਨੂੰ ਸਮੁੱਚੇ ਤੌਰ 'ਤੇ ਅਤੇ ਸੱਤ ਵਿਸ਼ਿਆਂ ਵਿੱਚੋਂ ਛੇ ਵਿਚ 'ਉੱਚ ਜੋਖਮ' ਵਾਲਾ ਮੁਲਕ ਦੱਸਿਆ ਗਿਆ ਹੈ, ਜਦੋਂ ਕਿ 'ਰਾਜਨੀਤਕ ਵਚਨਬੱਧਤਾ' ਦੇ ਮਾਮਲੇ ਵਿਚ ਇਸਨੂੰ 'ਕਾਫ਼ੀ ਜੋਖਮ' ਵਾਲਾ ਦਰਜਾ ਦਿੱਤਾ ਗਿਆ ਹੈ।

ਇੰਡੈਕਸ ਦੀ ਫੈਕਟ ਸ਼ੀਟ ਵਿਚ ਭਾਰਤ ਦੇ ਕੁਝ ਬਦਨਾਮ ਮਾਮਲਿਆਂ 'ਤੇ ਧਿਆਨ ਦਿੱਤਾ ਗਿਆ ਹੈ, ਜਿਵੇਂ ਕਿ ਜੀ.ਐਨ. ਸਾਈਬਾਬਾ ਦੀ ਮੌਤ, ਜੋ 90% ਅਪਾਹਜ ਹੋਣ ਦੇ ਬਾਵਜੂਦ ਦਸ ਸਾਲ ਤੱਕ ਜੇਲ੍ਹ ਵਿਚ ਬਿਨਾਂ ਢੁਕਵੀਆਂ ਸਹੂਲਤਾਂ ਦੇ ਰਹੇ, ਅਤੇ ਕਸ਼ਮੀਰ ਦੇ ਕਾਰਕੁੰਨ ਖ਼ੁਰਮ ਪਰਵੇਜ਼ ਨੂੰ ਬਿਨਾਂ ਮੁਕੱਦਮੇ ਦੇ ਹਿਰਾਸਤ ਵਿਚ ਰੱਖਣ ਦਾ ਮਾਮਲਾ। ਇਹ ਰਿਪੋਰਟ ਬਿਨਾਂ ਕਿਸੇ ਲਿਹਾਜ਼ ਦੇ ਭਾਰਤ ਦੀ ਹਾਲਤ 'ਤੇ ਰੌਸ਼ਨੀ ਪਾਉਂਦੀ ਹੈ ਅਤੇ ਇਸ 'ਤੇ ਤੁਰੰਤ ਧਿਆਨ ਦੇਣ ਦੀ ਲੋੜ 'ਤੇ ਜ਼ੋਰ ਦਿੰਦੀ ਹੈ। ਜਨੇਵਾ ਵਿਚ ਚੱਲ ਰਹੀ 59ਵੀਂ ਮਨੁੱਖੀ ਅਧਿਕਾਰ ਕੌਂਸਲ ਦੀ ਮੀਟਿੰਗ ਦੌਰਾਨ ਜਾਰੀ ਇਸ ਰਿਪੋਰਟ ਨੇ ਭਾਰਤ ਦੀ ਅਪਰਾਧਿਕ ਨਿਆਂ ਪ੍ਰਣਾਲੀ ਦੇ ਜ਼ਖ਼ਮਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉਜਾਗਰ ਕੀਤਾ ਹੈ।



ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਨੇ ਅਜੇ ਤੱਕ ਸੰਯੁਕਤ ਰਾਸ਼ਟਰ ਕਨਵੈਨਸ਼ਨ ਅਗੇਂਸਟ ਟਾਰਚਰ (ਸੀਏਟੀ), ਇਸਦੇ ਬਦਲਵੇਂ ਪ੍ਰੋਟੋਕੋਲ ਅਤੇ ਦੂਜੇ ਬਦਲਵੇਂ ਪ੍ਰੋਟੋਕੋਲ ਨੂੰ ਮਨਜ਼ੂਰੀ ਨਹੀਂ ਦਿੱਤੀ ਹੈ, ਜਿਸਦੀ ਮੰਗ ਕਈ ਸਾਲਾਂ ਤੋਂ ਕਾਰਕੁੰਨਾਂ ਅਤੇ ਸਿਵਲ ਸੋਸਾਇਟੀ ਜਥੇਬੰਦੀਆਂ ਵੱਲੋਂ ਕੀਤੀ ਜਾ ਰਹੀ ਹੈ। ਇਸ ਕਨਵੈਨਸ਼ਨ ਨੂੰ ਨਾ ਮਨਜ਼ੂਰ ਕਰਨ ਨਾਲ ਦੋਸ਼ੀਆਂ ਲਈ ਸਜ਼ਾ ਤੋਂ ਬਚਣਾ ਸੌਖਾ ਹੋ ਜਾਂਦਾ ਹੈ।

ਪੀਪਲਜ਼ ਵਾਚ ਦੇ ਕਾਰਜਕਾਰੀ ਨਿਰਦੇਸ਼ਕ ਹੈਨਰੀ ਟਿਫੈਗਨੇ ਨੇ ਜਨੇਵਾ ਵਿਚ ਇਕ ਅੰਤਰਰਾਸ਼ਟਰੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਭਾਰਤ ਵਿਚ ਮਨੁੱਖੀ ਅਧਿਕਾਰ ਸੰਸਥਾਵਾਂ ਦੀ ਗਿਣਤੀ ਸਭ ਤੋਂ ਵੱਧ (169) ਹੋਣ ਦੇ ਬਾਵਜੂਦ, ਅੱਜ ਤੱਕ ਇਕ ਵੀ ਪੁਲਿਸ ਅਧਿਕਾਰੀ ਨੂੰ ਕਾਮਯਾਬੀ ਨਾਲ ਦੋਸ਼ੀ ਨਹੀਂ ਠਹਿਰਾਇਆ ਗਿਆ ਹੈ।

ਭਾਰਤ ਵਿਚ ਮਨੁੱਖੀ ਅਧਿਕਾਰ ਸੰਸਥਾਵਾਂ ਦੀ ਨਾਕਾਮੀ

ਰਿਪੋਰਟ ਵਿਚ ਭਾਰਤ ਵਿਚ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਪਤਨ ਦੇ ਕੁਝ ਸਪਸ਼ਟ ਸੰਕੇਤ ਦਰਜ ਕੀਤੇ ਗਏ ਹਨ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (ਐੱਨਐੱਚਆਰਸੀ) ਨੇ 2023 ਵਿਚ 2,400 ਅਤੇ 2024 ਵਿਚ 2,739 ਹਿਰਾਸਤ ਵਿਚ ਮੌਤਾਂ ਦੇ ਮਾਮਲੇ ਦਰਜ ਕੀਤੇ ਹਨ, ਜੋ ਮੁਲਕ ਵਿਚ ਕੈਦੀਆਂ ਦੀ ਬਦਤਰ ਹੋ ਰਹੀ ਹਾਲਤ ਵੱਲ ਇਸ਼ਾਰਾ ਕਰਦੇ ਹਨ।

2022 ਵਿਚ ਕੁਲ 1,995 ਕੈਦੀਆਂ ਦੀਆਂ ਮੌਤਾਂ ਵਿੱਚੋਂ 195 ਮੌਤਾਂ ਨਿਆਂਕ ਹਿਰਾਸਤ ਵਿਚ ਅਸਧਾਰਨ ਹਾਲਤਾਂ ਵਿਚ ਹੋਈਆਂ। ਪੀੜਤਾਂ ਲਈ ਮਨੋਵਿਗਿਆਨਕ ਜਾਂ ਡਾਕਟਰੀ ਸਹਾਇਤਾ ਅਤੇ ਨਿਆਂ ਤੱਕ ਪਹੁੰਚ ਦੀ ਕਮੀ ਨੂੰ ਵੀ ਉਜਾਗਰ ਕੀਤਾ ਗਿਆ ਹੈ, ਜਿੱਥੇ 25% ਤੋਂ ਵੀ ਘੱਟ ਪੀੜਤਾਂ ਨੂੰ ਵਿੱਤੀ ਮੁਆਵਜ਼ਾ ਮਿਲਦਾ ਹੈ, ਅਤੇ ਉਹ ਵੀ ਅਕਸਰ ਨਾਕਾਫ਼ੀ ਹੁੰਦਾ ਹੈ।

ਤਸੀਹਾ ਪੀੜਤਾਂ ਲਈ ਕੋਈ ਵਿਸ਼ੇਸ਼ ਕਾਨੂੰਨ ਨਾ ਹੋਣ ਕਾਰਨ, ਉਨ੍ਹਾਂ ਨੂੰ ਨਿਆਂ ਮਿਲਣ ਦੀ ਸੰਭਾਵਨਾ ਬਹੁਤ ਘੱਟ ਹੈ। ਇੰਡੈਕਸ ਦੇ 'ਸਾਰਿਆਂ ਲਈ ਸੁਰੱਖਿਆ' ਵਿਸ਼ੇ ਵਿਚ ਔਰਤਾਂ ਅਤੇ ਬੱਚਿਆਂ ਲਈ ਸੁਰੱਖਿਆ ਵਿਚ ਕਮੀ ਨੂੰ ਉਜਾਗਰ ਕੀਤਾ ਗਿਆ ਹੈ, ਜਿੱਥੇ ਲਿੰਗਕ ਹਿੰਸਾ ਦੇ ਮਾਮਲਿਆਂ ਵਿਚ ਅਦਾਲਤਾਂ ਪੀੜਤਾਂ ਨੂੰ ਦੋਸ਼ ਦਿੰਦੀਆਂ ਹਨ ਅਤੇ 'ਬਚੇ ਹੋਏ ਲੋਕਾਂ 'ਤੇ ਸਬੂਤ ਦਾ ਅਣਉਚਿਤ ਬੋਝ ਪਾਉਂਦੀਆਂ ਹਨ'। ਨਾਲ ਹੀ, ਬਾਲ ਵਿਆਹ ਅਤੇ ਬੰਧੂਆ ਮਜ਼ਦੂਰੀ ਵਰਗੀਆਂ ਸਮੱਸਿਆਵਾਂ ਵੀ ਵਧ ਰਹੀਆਂ ਹਨ। ਮਨੀਪੁਰ ਵਿਚ ਹਿੰਸਾ, ਜਿੱਥੇ ਸੁਰੱਖਿਆ ਬਲਾਂ ਦੁਆਰਾ 260 ਲੋਕਾਂ ਦੀ ਹੱਤਿਆ ਅਤੇ 60,000 ਲੋਕਾਂ ਦੇ ਉਜਾੜੇ ਦਾ ਜ਼ਿਕਰ ਵੀ ਰਿਪੋਰਟ ਵਿਚ ਕੀਤਾ ਗਿਆ ਹੈ।

ਇੰਡੈਕਸ ਵਿਚ ਤਸੀਹਿਆਂ ਅਤੇ ਦੁਰਵਿਹਾਰ ਦੇ ਡੇਟਾ ਦੀ ਪਾਰਦਰਸ਼ਤਾ ਦੀ ਕਮੀ ਨੂੰ ਵੀ ਉਜਾਗਰ ਕੀਤਾ ਗਿਆ ਹੈ ਅਤੇ ਭਾਰਤ ਨੂੰ 'ਛੁਪਾਇਆ ਗਿਆ' (concealed) ਸ਼੍ਰੇਣੀ ਵਿਚ ਰੱਖਿਆ ਗਿਆ ਹੈ, ਜੋ 'ਦਬਾਊ' (suppressive) ਦੇ ਨੇੜੇ ਹੈ। ਪੁਲਿਸ ਸਟੇਸ਼ਨਾਂ ਵਿਚ ਸੀਸੀਟੀਵੀ ਲਗਾਉਣ ਬਾਰੇ ਸੁਪਰੀਮ ਕੋਰਟ ਦੇ ਪਰਮਵੀਰ ਸਿੰਘ ਬਨਾਮ ਬਲਜੀਤ ਸਿੰਘ (2020) ਦੇ ਫ਼ੈਸਲੇ ਦੇ ਬਾਵਜੂਦ, ਰਿਪੋਰਟ ਅਨੁਸਾਰ 2,701 ਪੁਲਿਸ ਥਾਣਿਆਂ ਵਿਚ ਅਜੇ ਵੀ ਸੀਸੀਟੀਵੀ ਨਹੀਂ ਲੱਗੇ ਹਨ।

ਇੰਡੈਕਸ ਵਿਚ ਗਲੋਬਲ ਅਲਾਇੰਸ ਆਫ ਨੈਸ਼ਨਲ ਹਿਊਮਨ ਰਾਈਟਸ ਇੰਸਟੀਚਿਊਸ਼ਨਜ਼ (ਜੀਏਐੱਨਐੱਚਆਰਆਈ) ਦੁਆਰਾ ਮਾਰਚ ਵਿਚ ਹੋਏ 45ਵੇਂ ਸੈਸ਼ਨ ਵਿਚ ਐੱਨਐੱਚਆਰਸੀ ਨੂੰ 'ਏ' ਤੋਂ 'ਬੀ' ਸ਼੍ਰੇਣੀ ਵਿਚ ਘਟਾਉਣ ਦੀ ਸਿਫ਼ਾਰਸ਼ ਦਾ ਵੀ ਜ਼ਿਕਰ ਕੀਤਾ ਗਿਆ ਹੈ। ਮਨੁੱਖੀ ਅਧਿਕਾਰਾਂ ਦੇ ਪਹਿਰੇਦਾਰਾਂ ਦੇ ਖਿਲਾਫ਼ 'ਨਿਆਂਇਕ ਪ੍ਰੇਸ਼ਾਨੀ, ਮਨਮਰਜ਼ੀ ਨਾਲ ਹਿਰਾਸਤ ਵਿਚ ਰੱਖਣ ਅਤੇ ਝੂਠੇ ਇਲਜ਼ਾਮ' ਅਤੇ ਆਦਿਵਾਸੀਆਂ ਨੂੰ ਤਸੀਹੇ ਦੇਣ ਵਰਗੇ ਮਾਮਲਿਆਂ ਕਾਰਨ ਭਾਰਤ ਨੂੰ 'ਉੱਚ ਜੋਖਮ' ਵਾਲਾ ਮੁਲਕ ਮੰਨਿਆ ਗਿਆ ਹੈ।

ਸਰਕਾਰ ਅਤੇ ਨਿਆਂਪਾਲਿਕਾ ਨੇ ਹੁਣ ਤੱਕ ਕੀ ਕੀਤਾ ਹੈ?

ਸਰਕਾਰ ਦੀ ਤਸੀਹਿਆਂ ਦੇ ਖਿਲਾਫ਼ ਲੜਾਈ ਵਿਚ ਢਿੱਲ 1997 ਵਿਚ ਹੀ ਸੀਏਟੀ ਨੂੰ ਮਨਜ਼ੂਰੀ ਦੇਣ ਦੇ ਵਾਅਦੇ ਤੋਂ ਸਪਸ਼ਟ ਹੈ, ਪਰ ਅੱਜ ਤੱਕ ਇਸਨੂੰ ਪੂਰਾ ਨਹੀਂ ਕੀਤਾ ਗਿਆ। 26 ਜੂਨ 2000 (ਤਸੀਹਿਆਂ ਵਿਰੋਧੀ ਅੰਤਰਰਾਸ਼ਟਰੀ ਦਿਵਸ) ਨੂੰ ਤਤਕਾਲੀਨ ਐੱਨਐੱਚਆਰਸੀ ਚੇਅਰਮੈਨ ਜਸਟਿਸ ਜੇ.ਐਸ. ਵਰਮਾ ਨੇ ਸਰਕਾਰ ਤੋਂ ਇਸਨੂੰ ਮਨਜ਼ੂਰੀ ਦੇਣ ਦੀ ਮੰਗ ਦੁਹਰਾਈ ਸੀ, ਪਰ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ।

ਸੰਸਦ ਵਿਚ ਪੇਸ਼ ਕੀਤਾ ਗਿਆ 'ਪ੍ਰੀਵੈਂਸ਼ਨ ਆਫ਼ ਟਾਰਚਰ ਬਿੱਲ 2017' ਵੀ ਕਾਨੂੰਨ ਨਹੀਂ ਬਣ ਸਕਿਆ। 2019 ਵਿਚ ਜਦੋਂ ਸਾਬਕਾ ਕੇਂਦਰੀ ਕਾਨੂੰਨ ਮੰਤਰੀ ਅਸ਼ਵਨੀ ਕੁਮਾਰ ਸਿੰਘ ਨੇ ਇਸ ਮਾਮਲੇ ਵਿਚ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ, ਤਾਂ ਅਦਾਲਤ ਨੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਤੋਂ ਜਵਾਬ ਮੰਗਿਆ, ਪਰ ਕੋਈ ਨਤੀਜਾ ਨਹੀਂ ਨਿਕਲਿਆ। ਸੁਪਰੀਮ ਕੋਰਟ ਨੇ ਅੰਤ ਵਿਚ ਇਹ ਕਹਿੰਦੇ ਹੋਏ ਪਟੀਸ਼ਨ ਖਾਰਜ ਕਰ ਦਿੱਤੀ ਕਿ 'ਇਹ ਪੁਲਿਸ ਦਾ ਫ਼ੈਸਲਾ ਹੈ', ਜੋ ਇਕ ਸੰਵਿਧਾਨਿਕ ਅਦਾਲਤ ਲਈ ਉਚਿਤ ਨਹੀਂ ਹੈ, ਜੋ ਇਸ ਲੋਕਤੰਤਰ ਵਿਚ ਰਾਜ ਦੇ ਜ਼ੁਲਮਾਂ ਦੇ ਖਿਲਾਫ਼ ਇੱਕੋਇਕ ਸੁਰੱਖਿਆ ਕਵਚ ਹੋਣੀ ਚਾਹੀਦੀ ਹੈ।

ਦੂਜੇ ਪਾਸੇ, ਸੁਪਰੀਮ ਕੋਰਟ ਨੇ ਡੀ.ਕੇ. ਬਸੂ ਬਨਾਮ ਪੱਛਮੀ ਬੰਗਾਲ ਰਾਜ (1996) ਦੇ ਮਾਮਲੇ ਵਿਚ ਕਿਹਾ ਸੀ ਕਿ 'ਹਿਰਾਸਤ ਵਿਚ ਤਸੀਹੇ ਮਨੁੱਖੀ ਮਾਣ-ਸਨਮਾਨ ਦਾ ਨੰਗਾ-ਚਿੱਟਾ ਘਾਣ ਹੈ, ਜੋ ਵਿਅਕਤਿਤਵ ਨੂੰ ਬਹੁਤ ਹੱਦ ਤੱਕ ਨਸ਼ਟ ਕਰ ਦਿੰਦੇ ਹਨ। ਇਹ ਮਨੁੱਖੀ ਮਾਣ-ਸਨਮਾਨ 'ਤੇ ਇਕ ਸੋਚਿਆ-ਸਮਝਿਆ ਹਮਲਾ ਹੈ।'

ਅੱਗੇ ਦਾ ਰਾਹ

ਓਐੱਮਸੀਟੀ ਦੇ ਸਕੱਤਰ ਜਨਰਲ ਜੇਰਾਲਡ ਸਟੈਬਰੈਕ ਨੇ ਕਿਹਾ, 'ਗਲੋਬਲ ਟਾਰਚਰ ਇੰਡੈਕਸ ਉਸ ਸਮੇਂ 'ਚ ਕਾਨੂੰਨ ਦੇ ਰਾਜ ਦੀ ਮਜ਼ਬੂਤੀ ਦਾ ਪੈਮਾਨਾ ਹੈ, ਜਦੋਂ ਤਾਨਾਸ਼ਾਹੀ, ਧਰੁਵੀਕਰਨ ਅਤੇ ਨਬਰਾਬਰੀ ਵਧ ਰਹੀ ਹੈ। ਇਹ ਦੇਖਦਾ ਹੈ ਕਿ ਸਾਡਾ ਸਮਾਜ ਕਿੰਨਾ ਨਿਰਪੱਖ, ਸਿਹਤਮੰਦ ਅਤੇ ਸੁਰੱਖਿਅਤ ਹੈ।'

ਇੰਡੈਕਸ ਵਿਚ ਸੱਤ ਪ੍ਰਮੁੱਖ ਸਿਫ਼ਾਰਸ਼ਾਂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਸੀਏਟੀ ਨੂੰ ਮਨਜ਼ੂਰੀ, ਮਨੁੱਖੀ ਅਧਿਕਾਰਾਂ ਦੇ ਪਹਿਰੇਦਾਰਾਂ ਦੇ ਖਿਲਾਫ਼ ਦਹਿਸ਼ਤਵਾਦ ਵਿਰੋਧੀ ਕਾਨੂੰਨਾਂ ਦੀ ਦੁਰਵਰਤੋਂ ਰੋਕਣਾ, ਜਨਤਾ ਨਾਲ ਨਜਿੱਠਣ ਵਿਚ ਤਾਕਤ ਦੀ ਵਰਤੋਂ ਬਾਰੇ ਸੰਯੁਕਤ ਰਾਸ਼ਟਰ ਦੇ ਮੂਲ ਸਿਧਾਂਤਾਂ ਦੀ ਪਾਲਣਾ, ਪੁਲਿਸ ਅਤੇ ਨਿਆਂਇਕ ਹਿਰਾਸਤ ਵਿਚ ਮੌਤਾਂ ਦੀ ਡੂੰਘੀ ਜਾਂਚ, ਅਤੇ ਜੀਏਐੱਨਐੱਚਆਰਆਈ ਦੀਆਂ ਸਿਫ਼ਾਰਸ਼ਾਂ ਨੂੰ ਸ਼ਾਮਲ ਕਰਦੇ ਹੋਏ ਮਨੁੱਖੀ ਅਧਿਕਾਰ ਸੁਰੱਖਿਆ ਐਕਟ 2019 ਵਿਚ ਸੋਧ ਕਰਨਾ ਸ਼ਾਮਲ ਹਨ। ਜੇਕਰ ਸਰਕਾਰ ਇਨ੍ਹਾਂ ਸੁਝਾਵਾਂ 'ਤੇ ਅਮਲ ਕਰੇ, ਤਾਂ ਅਸੀਂ ਸਾਰੇ ਇਸ ਅਣਐਲਾਨੀ ਐਮਰਜੈਂਸੀ ਤੋਂ ਮੁਕਤ ਹੋ ਸਕਦੇ ਹਾਂ।

# Health Coalition responds to shocking attack, calls on Health Minister to desist

## & instead answer for non-action on private clinics - with the gravitas the issue deserves

Toronto – Ontario Health Coalition executive director Natalie Mehra responded with the following letter to statements made on the Health Minister's behalf by her spokespeople. The Coalition has been contacted by some media outlets for a response to the shocking tone and allegations in the statements.

**Letter to the Honourable Sylvia Jones, Minister of Health, June 26, 2025:**

"We are writing to you in response to statements made on your behalf by your spokespeople Ema Popovic and Hannah Jensen. The statements contain broad mischaracterizations of the Ontario Health Coalition and our work.

Last week, we issued a formal complaint including details from fifty patients who had been extra-billed in private clinics. This follows other media releases the Coalition released in 2024 containing reports from patients who were victims of extra-billing and user fees in private clinics, as well as reports about the unprecedented local hospital and emergency department closures across Ontario.

In response, your spokespeople have stated that the Ontario Health Coalition is "NDP-backed", and, "has spent over a decade [or longer] accomplishing nothing while standing ideologically opposed to any innovation in our health system".

These statements are false and defamatory.

Minister, the issues we have raised are serious public policy issues, deserving of a thoughtful response. The tone of your response is shocking and unacceptable. People who raise issues and concerns to a democratic government in the public interest should not be subject to vitriol and ad hominem attacks. They also should not be subject to deliberate falsehoods or misrepresentation.

The Ontario Health Coalition is non-partisan as per our mandate. We are a collaborative organization that advocates for improvements in health care in the public interest and to protect public health care, and we work with organizations and political parties who support these goals. It is false to allege that the Health Coalition is partisan, receives funding, or has any kind of formal ties to any particular political party. Currently, we enjoy the support of all three opposition parties in the Ontario legislature for our work in advocating against local hospital closures, the expansion of for-profit clinics, and the extra-billing of patients. We have also worked with MPPs and leaders in the PC party during times when they advocated for improvements in access, funding and services.

The Ontario Health Coalition has had a significant impact on public policy under governments of all stripes for forty years -- including in the last decade -- having successfully saved emergency departments, birthing units and entire hospitals from closure; stopped cuts; won restored funding; stopped privatization; won amendments in the public interest to dozens of pieces of legislation; forced disclosure of vital data; protected patients' rights and successfully advocated for improved accountability; raised key issues to the top of the public agenda, and much more.

We remind you of the key issues we raised last week. They are that Ontario patients are being charged fees of hundreds to thousands of dollars when they go to private clinics, including the clinics owned by private corporations that your government has funded and expanded. Those fees are illegal under Ontario's Medicare protection laws and violate the Canada Health Act. They are resulting in hardship and suffering. Elderly patients report using their life savings, their grocery money, and even having to go back to work long after retirement to pay the fees. Despite headline-grabbing promises by Premier Ford to the contrary, the fact is that patients are having to pay with their credit cards in addition to their OHIP cards.

The so called "innovation" of for-profit privatization of Ontario's public hospital services such as surgeries and diagnostics is not working and it is not necessary. Ontarians already paid to build operating rooms in their public hospitals that are sitting unused the majority of the time because of a policy choice not to give them the funding to expand their hours of operation. We are calling on you to stop the redirection of funding and human resources away from our public hospitals and stop the private clinics.

Finally, it appears that you did not consider the complaint before issuing your statement. If you look, you will see that the patient to which your spokesperson referred in one of her statements already made a complaint to the Commitment to the Future of Medicare section of the Ministry of Health after the patient was charged at a private clinic last October. To date, nothing has happened. That is the point of our formal complaint and media work. Nothing is happening to the vast majority of private clinics where patients are being extra-billed and charged user fees in violation of our Medicare protection laws.

We are still looking for a substantive response on the actual issues. We hope that you will give them the gravitas they are due. Please cease and desist with the false and defamatory statements."

# ਨਰਿੰਦਰਦੀਪ ਦੀ ਤਸ਼ੱਦਦ ਨਾਲ ਹੋਈ ਮੌਤ ਦੀ ਉੱਚ ਪੱਧਰੀ ਜੁਡੀਸ਼ੀਅਲ ਜਾਂਚ ਕਰਵਾਈ ਜਾਵੇ : ਜਮਹੂਰੀ ਅਧਿਕਾਰ ਸਭਾ

## ਮੌਤ ਸੜਕ ਐਕਸੀਡੈਂਟ ਨਾਲ ਨਹੀਂ, ਅਥਾਹ ਤਸ਼ੱਦਦ ਕਰਕੇ ਹੋਈ

ਬਠਿੰਡਾ, (ਡਾ. ਅਜੀਤਪਾਲ ਸਿੰਘ) : ਜਮਹੂਰੀ ਅਧਿਕਾਰ ਸਭਾ ਨੇ ਸਾਰੇ ਘਟਨਾਕ੍ਰਮ ਦੀ ਸਮੁੱਚੀ ਪੜਤਾਲ ਪਿੱਛੋਂ ਨਰਿੰਦਰਦੀਪ ਸਿੰਘ ਸਿੰਘ ਉਰਫ ਨੰਨੂ ਦੀ ਤਸ਼ੱਦਦ ਨਾਲ ਹੋਈ ਮੌਤ ਬਾਰੇ ਉਚ ਪੱਧਰੀ ਜੁਡੀਸ਼ੀਅਲ ਜਾਂਚ ਦੀ ਮੰਗ ਕਰਦਿਆਂ ਕਿਹਾ ਹੈ ਕਿ ਮੌਤ ਸੜਕ ਹਾਦਸੇ ਨਾਲ ਨਹੀਂ ਬਲਕਿ ਅਥਾਹ ਤਸ਼ਦਦ ਕਾਰਨ ਹੋਈ ਹੈ। ਸਭਾ ਦੇ ਜ਼ਿਲਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ, ਸਹਾਇਕ ਸਕੱਤਰ ਅਵਤਾਰ ਸਿੰਘ ਅਤੇ ਪ੍ਰੈਸ ਸਕੱਤਰ ਡਾ. ਅਜੀਤਪਾਲ ਸਿੰਘ ਨੇ ਤੱਥ ਖੋਜ ਰਿਪੋਰਟ ਰਿਲੀਜ਼ ਕਰਦਿਆਂ ਕਿਹਾ ਕਿ ਸਭਾ ਦੀ ਟੀਮ ਪਰਿਵਾਰ ਦੇ ਮੈਂਬਰਾਂ ਤੇ ਹੋਰ ਸੰਬੰਧਿਤ ਵਿਅਕਤੀਆਂ ਨੂੰ ਮਿਲੀ ਤੇ ਉਸ ਨੇ ਜਾਰੀ ਹੋਈਆਂ, ਵੀਡੀਓ, ਦਸਤਾਵੇਜਾਂ, ਬਿਆਨਾਂ, ਦਰਜ ਹੋਈ ਐਫਆਈਆਰ, ਤਮੀਮਾ ਬਿਆਨ ਤੇ ਪੋਸਟਮਾਰਟਮ ਰਿਪੋਰਟ ਦੀ ਘੋਖ ਪੜਤਾਲ ਕੀਤੀ। ਨਰਿੰਦਰਦੀਪ ਦੀ ਮੌਤ ਨੂੰ ਸੜਕ ਹਾਦਸਾ ਕਹਿ ਕੇ ਪਰਦਾ ਪਾਉਣ ਦੀ ਕੋਸ਼ਿਸ਼ ਬਾਰੇ ਸਭਾ ਦਾ ਕਹਿਣਾ ਹੈ ਕਿ ਮੌਤ ਕਿਸੇ ਸੜਕ ਹਾਦਸੇ ਕਾਰਨ ਹੋਈ ਹੀ ਨਹੀਂ ਕਿਉਂਕਿ ਪੋਸਟਮਾਰਟਮ ਵਿੱਚ ਉਸ ਦੇ ਸਰੀਰ ਤੇ ਲੱਗੀਆਂ ਸੱਟਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਅਤੇ ਇਹ ਸੱਟਾਂ ਐਕਸੀਡੈਂਟ ਵਾਲੀਆਂ ਨਹੀਂ ਹਨ ਤੇ ਨਾ ਹੀ ਕਾਰ ਦੀ ਹਾਲਤ ਐਕਸੀਡੈਂਟ ਵਾਲੀ ਹੈ। ਕਾਰ ਠੀਕ ਠਾਕ ਹਾਲਤ ਵਿੱਚ ਚਲਾ ਕੇ ਸਿਵਲ ਹਸਪਤਾਲ ਲਿਆਂਦੀ ਗਈ। ਕਾਰ ਦੀ ਡਰਾਈਵਰ ਸੀਟ ਵਾਲਾ ਸ਼ੀਸ਼ਾ ਟੁੱਟੇ ਹੋਣ ਨੂੰ ਹੀ ਐਕਸੀਡੈਂਟ ਮੰਨਣਾ ਠੀਕ ਨਹੀਂ। ਪਰਿਵਾਰਿਕ ਮੈਂਬਰਾਂ ਦਾ ਇਹ ਸ਼ੱਕ ਕਿ ਤਸ਼ੱਦਦ ਨਾਲ ਮੌਤ ਹੋਈ ਹੈ ਉਦੋਂ ਯਕੀਨ ਵਿੱਚ ਬਦਲਿਆ ਜਦੋਂ ਉਹਨਾਂ ਨੇ ਗਗਨਦੀਪ ਦੀ ਵੀਡੀਓ ਸੁਣੀ ਜਿਸ ਨੇ ਅਸਲੀਅਤ ਤੋਂ ਪਰਦਾ ਚੁੱਕਿਆ। ਮ੍ਰਿਤਕ ਦੇ ਪਿਤਾ ਡਾ. ਰਣਜੀਤ ਸਿੰਘ ਅਤੇ ਪ੍ਰੀਵਾਰ ਨੇ ਸੀਆਈਏ ਸਟਾਫ ਨੂੰ ਦੋਸ਼ੀ ਠਹਿਰਾਇਆ ਅਤੇ ਮੁਲਜ਼ਮਾਂ ਨੂੰ ਨਾਮਜ਼ਦ ਕੀਤਾ ਹੈ ਪਰ ਪੁਲਿਸ ਨੇ ਇਹਨਾਂ ਦੋਸ਼ਾਂ ਨੂੰ ਕਿਤੇ ਵੀ ਨਕਾਰਿਆ ਨਹੀਂ ਹੈ। ਸੀਆਈਏ ਸਟਾਫ-2 ਦਾ ਮੁਖੀ ਵੀ ਦੋਸ਼ੀਆਂ ਵਿੱਚ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਉਸ ਦੀ ਸਲਾਹ ਤੋਂ ਬਿਨਾਂ ਇਹਨਾਂ ਤਸ਼ੱਦਦ ਕਿਵੇਂ ਕੀਤਾ ਜਾ ਸਕਦਾ ਹੈ। ਪੰਜਾਬ ਪੁਲਿਸ ਵੱਲੋਂ ਤਸੀਹੇ ਦੇਣਾ ਇੱਕ ਆਮ ਗੱਲ ਬਣ ਗਈ ਹੈ। ਪਹਿਲਾਂ ਵੀ 2017 'ਚ ਬਠਿੰਡੇ ਦੀ ਮਾਤਾ ਰਾਣੀ ਗਲੀ ਵਿਖੇ ਤਸ਼ੱਦਦ ਦੌਰਾਨ ਇੱਕ ਬੱਚੇ ਦੇ ਗੁਪਤ ਅੰਗਾਂ 'ਚ ਪੁਲਸ ਨੇ ਪੈਟਰੋਲ ਪਾਇਆ ਪਰ ਦਰਜ਼ ਹੋਈ ਐਫ ਆਈ ਆਰ ਪਿੱਛੋਂ ਕੁਐਸ਼ ਕਰ ਦਿੱਤੀ ਗਈ, ਕਿਉਂਕਿ ਸਧਾਰਨ ਪਰਿਵਾਰ ਪੁਲਿਸ ਅੱਗੇ ਅਜਿਹਾ ਕੇਸ ਜਾਰੀ ਰੱਖਣ ਤੋਂ ਅਸਮਰਥ ਰਿਹਾ। ਇਸ ਕਰਕੇ ਹੁਣ ਵੀ ਸ਼ੱਕ ਦੀ ਸੂਈ ਪੰਜਾਬ ਪੁਲਿਸ ਵੱਲ ਹੀ ਉੱਠਦੀ ਹੈ। ਇਸ ਕਰਕੇ ਪੰਜਾਬ ਪੁਲਿਸ ਤੋਂ ਕਿਸੇ ਕਿਸਮ ਦੀ ਇਨਸਾਫ ਦੀ



ਉਮੀਦ ਨਹੀਂ ਰਖੀ ਜਾ ਸਕਦੀ। ਮ੍ਰਿਤਕ ਦੀ ਤਸ਼ੱਦਦ ਕਾਰਨ ਹੋਈ ਮੌਤ ਦੇ ਪੂਰੇ ਘਟਨਾਕ੍ਰਮ ਤੇ ਸ਼ੱਕੀ ਹਾਲਤਾਂ ਮੌਤ ਦੀ ਉੱਚ ਪੱਧਰੀ ਜੁਡੀਸ਼ੀਅਲ ਜਾਂਚ ਹੀ ਇਸ ਘਟਨਾ ਨਾਲ ਜੁੜੇ ਸਾਰੇ ਪੱਖਾਂ ਤੋਂ ਪਰਦਾ ਚੁੱਕ ਸਕਦੀ ਹੈ। ਇਸ ਤਰ੍ਹਾਂ ਨਾਲ ਅਗਵਾਹ ਕਰਕੇ ਤਸੀਹੇ ਦੇਣ ਤੇ ਕਤਲ ਕਰਨ ਦੇ ਦੋਸ਼ੀਆਂ ਨੂੰ ਕਟਹਿਰੇ 'ਚ ਖੜਾ ਕਰਕੇ ਹੀ ਪੀੜਤਾਂ ਨੂੰ ਇਨਸਾਫ ਦੇਣ ਦੇ ਰਾਹ ਪਿਆ ਜਾ ਸਕਦਾ ਹੈ। ਸਭਾ ਦਾ ਇਹ ਵੀ ਕਹਿਣਾ ਹੈ ਕਿ ਦਰਜ ਐਫ ਆਈਆਰ ਵਿੱਚ ਲੱਗੀਆਂ ਧਾਰਾਵਾਂ 'ਚ ਵਾਧਾ ਕਰਕੇ ਅਗਵਾਅ, ਤਸ਼ੱਦਦ ਤੇ ਕਤਲ ਕਰਨ ਦੀਆਂ ਧਾਰਾਵਾਂ ਸ਼ਾਮਿਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਪੀੜਤ ਪਰਿਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਅਤੇ ਪ੍ਰੀਵਾਰ ਨੂੰ ਕਨੂੰਨ ਮੁਤਾਬਿਕ ਬਣਦਾ ਮੁਆਵਜ਼ਾ ਵੀ ਮਿਲਣਾ ਚਾਹੀਦਾ ਹੈ। ਕਿਉਂਕਿ ਨਰਿੰਦਰਦੀਪ ਆਪਣੇ ਘਰ ਦਾ ਇੱਕ ਕਮਾਊ ਮੈਂਬਰ ਸੀ। ਸਭਾ ਦੀ ਜਾਂਚ ਟੀਮ ਦੇ 7 ਮੈਂਬਰ ਸਨ : ਪ੍ਰਿੰ. ਬੱਗਾ ਸਿੰਘ, ਪ੍ਰਿਤਪਾਲ ਸਿੰਘ, ਡਾ.ਅਜੀਤਪਾਲ ਸਿੰਘ, ਜਗਮੇਲ ਸਿੰਘ ਜਠੌਲ, ਗੁਰਚਰਨ ਸਿੰਘ ਖੇਮੂਆਣਾ, ਸਿਕੰਦਰ ਸਿੰਘ ਧਾਲੀਵਾਲ ਅਤੇ ਸੰਤੋਖ ਸਿੰਘ ਮੱਲਣ।

GALAXY Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

BEAUTY BLISS
Mediaesthetics
Instagram: BOTOXINJECTORYYC_NAV
Email: NAV.BEAUTYBLISS@GMAIL.COM
Contact :
Nav Gill RN BscN
587.971.0052
For
Wrinkle treatment,
Laser Hair Removal,
Skin tightening,
Double chin reduction,
Lip Enhancement, Lip filler

# ਭਾਰਤ ਅੰਦਰ ਵਧ ਰਹੀ ਅਸਮਾਨਤਾ, ਕਾਰਨ ਅਤੇ ਹੱਲ



ਨਰਾਇਣ ਦੱਤ
84275-11770

ਪਿਛਲੇ ਦਿਨੀਂ ਆਕਸਫਾਮ ਨੇ ਇੱਕ ਰਿਪੋਰਟ ਜਾਰੀ ਕੀਤੀ ਹੈ। ਇਸ ਰਿਪੋਰਟ ਨੇ ਭਾਰਤ ਦੇ ਅਰਥਚਾਰੇ ਸਬੰਧੀ ਰਿਪੋਰਟ ਜਾਰੀ ਕਰਦਿਆਂ ਕਿਹਾ ਹੈ ਕਿ ਭਾਰਤ ਜਾਪਾਨ ਨੂੰ ਪਛਾੜ ਕੇ ਦੁਨੀਆਂ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਿਆ ਹੈ। ਮੋਦੀ ਸਰਕਾਰ ਅਤੇ ਮੁੱਖ ਧਾਰਾਈ ਗੋਦੀ ਮੀਡੀਆ ਇਸ ਨੂੰ ਵੱਡੀ ਅਹਿਮ ਪ੍ਰਾਪਤੀ ਪ੍ਰਚਾਰਕੇ ਖੂਬ ਚੀਕ ਚਿਹਾੜਾ ਪਾ ਰਿਹਾ ਹੈ। ਰਿਪੋਰਟ ਨੇ ਇਹ ਅੰਕੜਾ ਵੀ ਜਾਰੀ ਕੀਤਾ ਹੈ ਕਿ ਜਾਪਾਨ ਦੀ ਪ੍ਰਤੀ ਵਿਅਕਤੀ ਆਮਦਨ GDP-$33,900 ਭਾਵ 33900 ਅਮਰੀਕੀ ਡਾਲਰ, ਭਾਰਤ ਦਾ ਪ੍ਰਤੀ ਵਿਅਕਤੀ GDP-$2,880 ਭਾਵ 2880 ਅਮਰੀਕੀ ਡਾਲਰ ਹੈ। (ਦਸਵੇਂ ਹਿੱਸੇ ਤੋਂ ਵੀ ਘੱਟ)। ਇਹ ਅੰਕੜਾ ਮੋਦੀ ਹਕੂਮਤ ਦੇ ਫੋਕੇ ਦਾਅਵਿਆਂ ਦੀ ਪੋਲ ਖੋਲ੍ਹ ਦਿੰਦਾ ਹੈ। ਇੱਕ ਪੱਖ ਇਹ ਵੀ ਸਾਹਮਣੇ ਆ ਰਿਹਾ ਹੈ ਕਿ ਭਾਰਤ ਚੌਥੀ ਵੱਡੀ ਅਰਥਵਿਵਸਥਾ ਨਹੀਂ ਬਣਿਆ, ਬਨਣ ਵੱਲ ਵਧ ਰਿਹਾ ਹੈ। ਜਿਸ ਢੰਗ ਨਾਲ ਭਾਰਤ ਨੂੰ ਦੁਨੀਆਂ ਦੀ ਚੌਥੀ ਵੱਡੀ ਵਿਵਸਥਾ ਨੂੰ ਰਾਮ ਬਾਣ ਵਜੋਂ ਪ੍ਰਚਾਰਿਆ ਜਾ ਰਿਹਾ ਹੈ, ਸਾਡੇ ਲਈ ਇਸ ਹਕੀਕਤ ਨੂੰ ਜਾਨਣਾ ਅਤਿ ਜ਼ਰੂਰੀ ਹੈ ਕਿ ਭਾਰਤ ਅੰਦਰਲੀ ਅਸਲ ਹਕੀਕਤ ਕੀ ਹੈ?

ਹਾਲ ਹੀ ਵਿੱਚ ਬਲੂਮਬਰਗ ਇੰਡੈਕਸ ਵੱਲੋਂ ਅਰਬਪਤੀਆਂ ਦੀ ਸੂਚੀ ਨੂੰ ਅਪਡੇਟ ਕੀਤਾ ਗਿਆ ਹੈ। ਇਸ ਸੂਚੀ ਦੇ ਅਪਡੇਟ ਤੋਂ ਬਾਅਦ, ਦੁਨੀਆਂ ਦੇ ਅਰਬਪਤੀਆਂ ਦੀ ਨੀਂਦ ਉੱਡ ਗਈ ਹੈ। ਇਸਦਾ ਇੱਕ ਕਾਰਨ ਹੈ। ਮੁਕੇਸ਼ ਅੰਬਾਨੀ ਅਤੇ ਗੌਤਮ ਅਡਾਨੀ ਦੋਵੇਂ ਹੀ ਪਹਿਲੇ ਅਤੇ ਦੂਜੇ ਨੰਬਰ ’ਤੇ ਨਜ਼ਰ ਆ ਰਹੇ ਹਨ। ਖਾਸ ਗੱਲ ਇਹ ਹੈ ਕਿ ਦੁਨੀਆਂ ਦੇ 500 ਅਰਬਪਤੀਆਂ ਵਿੱਚੋਂ, ਮੁਕੇਸ਼ ਅੰਬਾਨੀ ਅਤੇ ਗੌਤਮ ਅਡਾਨੀ ਹੀ ਇੱਕੋ ਇੱਕ ਅਰਬਪਤੀ ਹਨ ਜਿਨ੍ਹਾਂ ਦੀ ਕੁੱਲ ਜਾਇਦਾਦ ਵਿੱਚ 1 ਬਿਲੀਅਨ ਡਾਲਰ ਤੋਂ ਵੱਧ ਦਾ ਵਾਧਾ ਹੋਇਆ ਹੈ। ਨਹੀਂ ਤਾਂ ਅਜਿਹਾ ਕੋਈ ਅਰਬਪਤੀ ਨਜ਼ਰ ਨਹੀਂ ਆਉਂਦਾ। ਆਓ ਤੁਹਾਨੂੰ ਇਹ ਵੀ ਦੱਸਦੇ ਹਾਂ ਕਿ ਗੌਤਮ ਅਡਾਨੀ ਅਤੇ ਮੁਕੇਸ਼ ਅੰਬਾਨੀ ਦੀ ਕੁੱਲ ਜਾਇਦਾਦ ਕਿੰਨੀ ਹੈ? ਨਾਲ ਹੀ, ਇਹ ਦੋਵੇਂ ਕਿਵੇਂ ਨੰਬਰ 1 ਅਤੇ ਨੰਬਰ 2 ’ਤੇ ਪਹੁੰਚ ਗਏ ਹਨ। ਇਸ ਮਾਮਲੇ ਵਿੱਚ ਅੰਬਾਨੀ ਅਤੇ ਅਡਾਨੀ ਸਿਖਰ ’ਤੇ ਪਹੁੰਚੇ ਜਿਨ੍ਹਾਂ ਦੀ 23 ਮਈ ਨੂੰ ਮੁਕੇਸ਼ ਅੰਬਾਨੀ ਅਤੇ ਗੌਤਮ ਅਡਾਨੀ ਦੀ ਕੁੱਲ ਜਾਇਦਾਦ ਵਿੱਚ ਸਭ ਤੋਂ ਵੱਡਾ ਵਾਧਾ ਦੇਖਿਆ ਗਿਆ।

ਇੱਕ ਹੋਰ ਬਲੂਮਬਰਗ ਬਿਲੀਨੇਅਰਸ ਇੰਡੈਕਸ ਦੇ ਅਨੁਸਾਰ, ਮੁਕੇਸ਼ ਅੰਬਾਨੀ ਦੀ ਕੁੱਲ ਜਾਇਦਾਦ ਵਿੱਚ 2 ਬਿਲੀਅਨ ਡਾਲਰ ਤੋਂ ਵੱਧ ਦਾ ਵਾਧਾ ਹੋਇਆ ਹੈ। ਜਦੋਂ ਕਿ ਗੌਤਮ ਅਡਾਨੀ ਦੀ ਕੁੱਲ ਜਾਇਦਾਦ ਵਿੱਚ 1 ਬਿਲੀਅਨ ਡਾਲਰ ਤੋਂ ਵੱਧ ਦਾ ਵਾਧਾ ਹੋਇਆ ਹੈ। ਦੁਨੀਆਂ ਦੇ ਕਿਸੇ ਹੋਰ 500 ਅਰਬਪਤੀਆਂ ਦੀ ਦੌਲਤ ਵਿੱਚ 23 ਮਈ ਨੂੰ ਇਸ ਤੋਂ ਵੱਡਾ ਵਾਧਾ ਨਹੀਂ ਦੇਖਿਆ ਗਿਆ। ਜਿਸ ਕਾਰਨ ਇਸ ਮਾਮਲੇ ਵਿੱਚ ਮੁਕੇਸ਼ ਅੰਬਾਨੀ ਪਹਿਲੇ ਨੰਬਰ ’ਤੇ ਅਤੇ ਗੌਤਮ ਅਡਾਨੀ ਦੂਜੇ ਨੰਬਰ ’ਤੇ ਦਿਖਾਈ ਦੇ ਰਹੇ ਹਨ। ਇਨ੍ਹਾਂ ਦੋਵਾਂ ਤੋਂ ਬਾਅਦ ਇੰਡੋਨੇਸ਼ੀਆ, ਜਾਪਾਨ ਅਤੇ ਮੈਕਸੀਕੋ ਦੇ ਅਰਬਪਤੀਆਂ ਦੀ ਗਿਣਤੀ ਦੇਖੀ ਜਾਂਦੀ ਹੈ।

ਇਸ ਅਮਲ ਦੀ ਅਸਲੀਅਤ ਨੂੰ ਜਾਨਣ ਲਈ ਇਨ੍ਹਾਂ ਦੋਵਾਂ ਰਿਪੋਰਟਾਂ ਦੇ ਪਿਛੋਕੜ ਨੂੰ ਜਾਨਣ ਦੀ ਲੋੜ ਹੈ। 1961 ਤੋਂ 2023 ਤੱਕ, ਉੱਪਰਲੇ 1% ਲੋਕਾਂ ਦੀ ਦੌਲਤ ਦਾ ਹਿੱਸਾ ਤਿੰਨ ਗੁਣਾ ਵਧਿਆ। 13% ਤੋਂ 39%। 1961 ਤੋਂ 1981 ਤੱਕ ਦੇਸ਼ ਦੀ ਕੁੱਲ ਦੌਲਤ ਦਾ 11% ਹੇਠਲੇ 50% ਲੋਕਾਂ ਕੋਲ ਸੀ ਜੋ 1991 ਵਿੱਚ ਘੱਟ ਕੇ 8.8% ਅਤੇ 2002 ਤੱਕ 6.9% ਰਹਿ ਗਿਆ। ਇਹ ਅੰਕੜਾ 6% ਤੋਂ 7% ਦੇ ਵਿਚਕਾਰ ਚੱਲਿਆ ਆ ਰਿਹਾ ਹੈ। 2022-23 ਤੱਕ, ਸਿਖਰਲੇ 1% ਆਮਦਨ ਅਤੇ ਦੌਲਤ ਦੇ ਹਿੱਸੇ (22.6% ਅਤੇ 40.1%) ਆਪਣੇ ਸਭ ਤੋਂ ਉੱਚੇ ਇਤਿਹਾਸਕ ਪੱਧਰ ’ਤੇ ਹਨ ਅਤੇ ਭਾਰਤ ਦਾ ਸਿਖਰਲੇ 1% ਆਮਦਨ ਦਾ ਹਿੱਸਾ ਦੁਨੀਆ ਵਿੱਚ ਸਭ ਤੋਂ ਵੱਧ ਹੈ, ਦੱਖਣੀ ਅਫਰੀਕਾ, ਬ੍ਰਾਜ਼ੀਲ ਅਤੇ ਅਮਰੀਕਾ ਤੋਂ ਵੀ ਵੱਧ। ਜੇਕਰ ਅਸੀਂ ਚੋਟੀ ਦੇ 10 ਦੀ ਗੱਲ ਕਰੀਏ ਤਾਂ 5 ਅਰਬਪਤੀਆਂ ਦੇ ਨਾਮ ਭਾਰਤ ਦੇ ਹਨ। ਜਿਸ ਵਿੱਚ ਸ਼ਿਵ ਨਾਦਰ, ਸ਼ਾਹਪੁਰ ਮਿਸਤਰੀ ਅਤੇ ਰਵੀ ਜੈਪੁਰੀਆ ਦੇ ਨਾਮ ਸ਼ਾਮਲ ਹਨ।

ਜੇਕਰ ਅਸੀਂ ਮੁਕੇਸ਼ ਅੰਬਾਨੀ ਦੀ ਕੁੱਲ ਜਾਇਦਾਦ ਦੀ ਗੱਲ ਕਰੀਏ ਤਾਂ ਇਹ 104 ਬਿਲੀਅਨ ਡਾਲਰ ਤੱਕ ਪਹੁੰਚ ਗਈ ਹੈ। 23 ਮਈ ਨੂੰ, ਉਸਦੀ ਕੁੱਲ ਜਾਇਦਾਦ ਵਿੱਚ 2.35 ਬਿਲੀਅਨ ਡਾਲਰ ਦਾ ਵਾਧਾ ਹੋਇਆ। ਹੁਣ ਮੌਜੂਦਾ ਸਾਲ ਵਿੱਚ, ਮੁਕੇਸ਼ ਅੰਬਾਨੀ ਦੀ ਕੁੱਲ ਜਾਇਦਾਦ ਵਿੱਚ 13 ਬਿਲੀਅਨ ਡਾਲਰ ਦਾ ਵਾਧਾ ਹੋਇਆ ਹੈ। ਇਸ ਸਮੇਂ ਮੁਕੇਸ਼ ਅੰਬਾਨੀ ਦੁਨੀਆਂ ਦੇ 17ਵੇਂ ਸਭ ਤੋਂ ਅਮੀਰ ਕਾਰੋਬਾਰੀ ਅਤੇ ਏਸ਼ੀਆ ਦੇ ਸਭ ਤੋਂ ਅਮੀਰ ਕਾਰੋਬਾਰੀ ਬਣ ਗਏ ਹਨ। ਦੂਜੇ ਪਾਸੇ, 23 ਮਈ ਨੂੰ ਗੌਤਮ ਅਡਾਨੀ ਦੀ ਕੁੱਲ ਜਾਇਦਾਦ ਵਿੱਚ 1.72 ਬਿਲੀਅਨ ਡਾਲਰ ਦਾ ਵਾਧਾ ਹੋਇਆ। ਬਲੂਮਬਰਗ ਬਿਲੀਨੇਅਰਸ ਇੰਡੈਕਸ ਗੌਤਮ ਅਡਾਨੀ ਦੀ ਕੁੱਲ ਜਾਇਦਾਦ 82.3 ਬਿਲੀਅਨ ਡਾਲਰ ਤੱਕ ਪਹੁੰਚ ਗਈ ਹੈ। ਮੌਜੂਦਾ ਸਾਲ ਵਿੱਚ, ਗੌਤਮ ਅਡਾਨੀ ਦੀ ਕੁੱਲ ਜਾਇਦਾਦ ਵਿੱਚ $3.64 ਬਿਲੀਅਨ ਡਾਲਰ ਦਾ ਵਾਧਾ ਹੋਇਆ ਹੈ। ਹੁਣ ਗੌਤਮ ਅਡਾਨੀ ਦੁਨੀਆਂ ਦੇ 20ਵੇਂ ਸਭ ਤੋਂ ਅਮੀਰ ਕਾਰੋਬਾਰੀ ਬਣ ਗਏ ਹਨ। ਇਨ੍ਹਾਂ ਅਰਬਪਤੀਆਂ ਦੀ ਗਿਣਤੀ 2014-24 ਮੋਦੀ ਰਾਜ ਦੇ ਕਾਰਜਕਾਲ ਦੌਰਾਨ ਛੜੱਪੇ ਮਾਰਕੇ ਵਧੀ ਅਤੇ ਵਧ ਰਹੀ ਹੈ। ਇਨ੍ਹਾਂ ਕਾਰਪੋਰੇਟ ਘਰਾਣਿਆਂ ਦੀ ਜਾਇਦਾਦ ਵਿੱਚ ਛੜੱਪੇ ਮਾਰਕੇ ਵਾਧਾ ਹੋਣ ਦਾ ਸਭ ਤੋਂ ਵੱਡਾ ਕਾਰਨ 1990-91 ਤੋਂ ਸੰਸਾਰ ਪੱਧਰ ਤੇ ਲਾਗੂ ਕੀਤੀ ਜਾ ਰਹੀ ਆਰਥਿਕ ਸੁਧਾਰਾਂ ਦੀ ਪ੍ਰਕਿਰਿਆ ਹੈ। ਜਿਸ ਰਾਹੀਂ ਮਜਦੂਰ ਜਮਾਤ ਵੱਲੋਂ ਕੁਰਬਾਨੀਆਂ ਦੇਕੇ ਜਾਨ ਹੂਲਵੇਂ ਸੰਘਰਸ਼ਾਂ ਰਾਹੀਂ ਹਾਸਲ ਕੀਤੇ ਕਿਰਤ ਕਾਨੂੰਨਾਂ ਨੂੰ ਛਾਂਗਿਆਂ ਤਰਾਸ਼ਿਆ ਹੈ। 44 ਕਿਰਤ ਕਾਨੂੰਨਾਂ ਦਾ ਭੋਗ ਪਾਕੇ 4 ਕਿਰਤ ਕੋਡਾਂ ਵਿੱਚ ਤਬਦੀਲ ਕਰ ਦਿੱਤਾ ਹੈ। ਜਿਸ ਨਾਲ ਕਾਰਪੋਰੇਟ ਘਰਾਣਿਆਂ ਨੂੰ ਕਿਰਤੀਆਂ ਦੀ ਕਿਰਤ ਦੀ ਲੁੱਟ ਤਿੱਖੀ ਕਰਨ ਦਾ ਰਾਹ ਪੱਧਰਾ ਕਰ ਦਿੱਤਾ ਹੈ। ਦੂਜਾ ਪੱਖ ਹੈ ਕਿ ਕਾਰਪੋਰੇਟ ਘਰਾਣਿਆਂ ਨੂੰ ਟੈਕਸਾਂ ਵਿੱਚ ਕਰੋੜਾਂ ਰੁ. ਦੀਆਂ ਛੋਟਾਂ ਅਤੇ ਕਰੋੜਾਂ ਰੁਪਏ ਦੇ ਕਰਜੇ ਵੱਟੇ ਖਾਤੇ ਪਾਉਣਾ। ਇਸ ਸਮੇਂ ਅਨਿੱਲ ਅੰਬਾਨੀ ਦੀ ਇੱਕ ਹੀ ਉਦਾਹਰਣ ਨਾਲ ਸਾਰਾ ਮਾਮਲਾ ਸਮਝਣਾ ਸੌਖਾ ਰਹੇਗਾ। ਅਨਿਲ ਅੰਬਾਨੀ ਦੀ ਰਿਲਾਇੰਸ ਕਮਿਊਨੀਕੇਸ਼ਨਜ਼ (ਆਰਕਾਮ) ’ਤੇ ?49,000 ਕਰੋੜ ਦਾ ਵੱਡਾ ਕਰਜ਼ਾ ਸੀ, ਜਿਸ ਨੂੰ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ (ਐਨਸੀਐਲਟੀ) ਦੁਆਰਾ ?47,251 ਕਰੋੜ ਸਵੀਕਾਰ ਕੀਤਾ ਗਿਆ ਸੀ। ਆਰਕਾਮ ਲਈ ਰੈਜ਼ੋਲੂਸ਼ਨ ਪਲਾਨ ਨੂੰ ?455 ਕਰੋੜ ਦੇ ਨਿਪਟਾਰੇ ’ਤੇ ਮਨਜ਼ੂਰੀ ਦਿੱਤੀ ਗਈ ਸੀ, ਜੋ ਕਿ ਕੁੱਲ ਕਰਜ਼ੇ ਦਾ ਇੱਕ ਛੋਟਾ ਹਿੱਸਾ (0.92%) ਹੈ।

ਇਸੇ ਸਮੇਂ ਦੌਰਾਨ ਦੁਨੀਆਂ ਦੇ ਚੋਟੀ ਦੇ ਅਰਬਪਤੀਆਂ ਦੀ ਕੁੱਲ ਜਾਇਦਾਦ ਦੀ ਗੱਲ ਕਰੀਏ ਤਾਂ ਐਲੋਨ ਮਸਕ ਦੀ ਦੌਲਤ ਵਿੱਚ 1.14 ਬਿਲੀਅਨ ਡਾਲਰ ਦੀ ਗਿਰਾਵਟ ਆਈ ਹੈ। ਜਿਸ ਤੋਂ ਬਾਅਦ ਉਸਦੀ ਕੁੱਲ ਦੌਲਤ 374 ਬਿਲੀਅਨ ਡਾਲਰ ਹੋ ਗਈ ਹੈ। ਇਸ ਦੇ ਨਾਲ ਹੀ, ਜੈਫ ਬੇਜੋਸ ਦੀ ਕੁੱਲ ਜਾਇਦਾਦ ਵਿੱਚ 1.95 ਬਿਲੀਅਨ ਡਾਲਰ, ਮਾਰਕ ਜ਼ੁਕਰਬਰਗ ਦੀ ਕੁੱਲ ਜਾਇਦਾਦ ਵਿੱਚ 3.29 ਬਿਲੀਅਨ ਡਾਲਰ ਅਤੇ ਲੈਰੀ ਐਲੀਸਨ ਦੀ ਦੌਲਤ ਵਿੱਚ 1.35 ਬਿਲੀਅਨ ਡਾਲਰ ਦੀ ਗਿਰਾਵਟ ਆਈ ਹੈ। ਸਟੀਵ ਬਾਲਮਰ, ਲੈਰੀ ਪੇਜ, ਸਰਗੇਈ ਬ੍ਰਿਨ ਦੀ ਕੁੱਲ ਜਾਇਦਾਦ ਵਿੱਚ ਵੀ 1 ਬਿਲੀਅਨ ਡਾਲਰ ਦੀ ਗਿਰਾਵਟ ਆਈ ਹੈ।

ਤਰੱਕੀ ਨੂੰ ਸਮਾਜਿਕ, ਆਰਥਿਕ, ਵਾਤਾਵਰਚਣਕ, ਸੱਭਿਆਚਾਰਕ ਪੱਖਾਂ ਦੇ ਪੈਮਾਨਿਆਂ ਤੋਂ ਨਾਪਿਆ ਜਾਂਦਾ ਹੈ। ਟੁੱਕੜਬੋਚ ਗੋਦੀ ਮੀਡੀਆ ਅਤੇ ਹਕੂਮਤੀ ਗਲਿਆਰਿਆਂ ਦਾ ਨਿੱਘ ਮਾਣਦੇ ਬੁੱਧੂਜੀਵੀ ਸਮਾਜ ਦੀ ਅਸਲ ਤਸਵੀਰ ਪੇਸ਼ ਨਹੀਂ ਕਰਦੇ। ਇਸੇ ਕਰਕੇ ਮੁੱਖ ਧਾਰਾ ਮੀਡੀਆ ਇਸ ਨੂੰ ਉਜਾਗਰ ਨਹੀਂ ਕਰੇਗਾ ਕਿਉਂਕਿ ਸਾਡਾ ਆਰਥਿਕ ਮਾਡਲ ਹੇਠਲੇ 90% ਲੋਕਾਂ ਨੂੰ ਚੋਟੀ ਦੇ 5% ਲੋਕਾਂ ਦੀ ਸਫ਼ਲਤਾ ਦਾ ਜਸ਼ਨ ਮਨਾਉਣ ਲਈ ਦਿਮਾਗ਼ੀ ਤੌਰ ’ਤੇ ਧੋ ਰਿਹਾ ਹੈ। ਕੁੱਝ ਤਲਖ ਹਕੀਕਤਾਂ ਨੂੰ ਜਾਨਣਾ ਬਹੁਤ ਜਰੂਰੀ ਹੈ 2014 ਵਿੱਚ ਭਾਰਤ ਸਿਰ ਕਰਜ਼ਾ 49 ਲੱਖ ਰੁਪਏ ਕਰੋੜ ਸੀ ਜੋ 2024 ਤੱਕ ਅਮਰ ਵੇਲ ਵਾਂਗ ਵਧਕੇ 220 ਲੱਖ ਕਰੋੜ ਰੁਪਏ ਹੋ ਗਿਆ। 2024 ਦੇ ਗਲੋਬਲ ਹੰਗਰ ਇੰਡੈਕਸ (ਭੁੱਖਮਰੀ) ਵਿੱਚ, ਭਾਰਤ 127 ਦੇਸ਼ਾਂ ਵਿੱਚੋਂ 105ਵੇਂ ਸਥਾਨ ’ਤੇ ਹੈ। 13.7% ਆਬਾਦੀ ਕੁਪੋਸ਼ਣ ਦਾ ਸ਼ਿਕਾਰ ਹੈ। 35.5% ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਸਹੀ ਵਿਕਾਸ ਨਹੀਂ ਹੋ ਰਿਹਾ। ਬੱਚੇ ਨੂੰ ਜਨਮ ਦੇਣ ਸਮੇਂ 66 ਔਰਤਾਂ ਹਰ ਰੋਜ਼ ਮੌਤ ਦੇ ਮੂੰਹ ਜਾ ਪੈਂਦੀਆਂ ਹਨ। ਹਰ ਸਾਲ 24000 ਔਰਤਾਂ ਦੀ ਬੱਚੇ ਨੂੰ ਜਨਮ ਦੇਣ ਸਮੇਂ ਮੌਤ ਹੋ ਜਾਂਦੀ ਹੈ। ਭਾਰਤ ਵਿੱਚ ਵਿਸ਼ਵ ਪੱਧਰ ’ਤੇ ਮਾਵਾਂ ਦੀਆਂ ਮੌਤਾਂ ਦਾ 17% ਅਤੇ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀਆਂ ਮੌਤਾਂ ਦਾ 21% ਹਿੱਸਾ ਹੈ। ਕੁਪੋਸ਼ਣ ਦੇ ਮਾਮਲੇ ਵਿੱਚ ਭਾਰਤ 80 ਮੁਲਕਾਂ ਵਿੱਚੋਂ 67ਵੇਂ ਨੰਬਰ ’ਤੇ ਹੈ।

ਭਾਰਤ ਵਿੱਚ ਹਰ ਸਾਲ 25 ਲੱਖ ਲੋਕਾਂ ਦੀ ਭੁੱਖ ਕਾਰਨ ਮੌਤ ਹੋ ਜਾਂਦੀ ਹੈ। ਸਿਹਤ ਸੁਰੱਖਿਆ ਪੱਖੋਂ 2021 ਦੇ ਅੰਕੜਿਆਂ ਅਨੁਸਾਰ 195 ਮੁਲਕਾਂ ਵਿੱਚੋਂ ਭਾਰਤ 85ਵੇਂ ਸਥਾਨ ਤੇ ਹੈ। 81 ਕਰੋੜ ਲੋਕ ਮਿਹਨਤ ਕਰਕੇ ਢਿੱਡ ਨਾਂ ਭਰ ਸਕਣ ਕਾਰਨ ਮੁਫ਼ਤ ਰਾਸ਼ਨ ’ਤੇ ਨਿਰਭਰ ਹਨ। ਵਿਸ਼ਵ ਖੁਸ਼ੀ ਰਿਪੋਰਟ 2024 ਵਿੱਚ ਭਾਰਤ 143 ਦੇਸ਼ਾਂ ਵਿੱਚੋਂ 126ਵੇਂ ਸਥਾਨ ’ਤੇ ਸੀ। 2022 ਵਿੱਚ ਭਾਰਤ ਵਿੱਚ 11290 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖੁਦਕਸ਼ੀਆਂ ਕੀਤੀਆਂ, ਹਰ ਘੰਟੇ ਇੱਕ ਕਿਸਾਨ ਅਤੇ ਖੇਤ ਮਜ਼ਦੂਰ ਖੁਦਕੁਸ਼ੀ ਕਰਨ ਲਈ ਮਜ਼ਬੂਰ ਹੈ, ਇਹ ਅੰਕੜਾ 56 ਸਾਲ ਦੇ ਅਰਸੇ ਦੌਰਾਨ ਸਭ ਤੋਂ ਵੱਧ ਹੈ। 2022 ਵਿੱਚ ਹੀ 13044 ਨੌਜਵਾਨਾਂ ਨੇ ਖੁਦਕਸ਼ੀ ਕੀਤੀ, ਨੌਜਵਾਨਾਂ ਵਿੱਚ ਖੁਦਕੁਸ਼ੀ ਦੀ ਦਰ 4% ਸਲਾਨਾ ਦੇ ਹਿਸਾਬ ਨਾਲ ਵਧ ਰਹੀ ਹੈ। ਭਾਰਤ ਵਿੱਚ ਬੇਰੁਜ਼ਗਾਰ 8% ਦੀ ਦਰ ਨੂੰ ਜਾ ਪਹੁੰਚੀ ਹੈ। ਭਾਰਤ ਵਿੱਚ 2022 ਵਿੱਚ 4,50,000 ਸੜਕ ਦੁਰਘਟਨਾਵਾਂ ਵਿੱਚ 1,50,000 ਲੋਕ ਮੌਤ ਦੇ ਮੂੰਹ ਜਾ ਪਏ। 2020 ਵਿੱਚ 10.1 ਕਰੋੜ ਲੋਕ ਮਧੂਮੇਹ ਡਾਇਬਟੀਜ਼ ਦਾ ਸ਼ਿਕਾਰ ਹੋਏ, 36651 ਮੌਤਾਂ ਹੋਈਆਂ। ਭਾਰਤ ਵਿੱਚ ਦਿਲ ਦਾ ਦੌਰਾ ਪੈਣ ਨਾਲ 47 ਲੱਖ 70 ਹਜ਼ਾਰ ਮੌਤਾਂ। ਭਾਰਤ ਔਰਤਾਂ ਦੀ ਸੁਰੱਖਿਆ ਅਤੇ ਸ਼ਾਂਤੀ ਦੇ ਮਾਮਲੇ ਵਿੱਚ 177 ਮੁਲਕਾਂ ਵਿੱਚ 128ਵੇਂ ਸਥਾਨ ਤੇ ਹੈ। ਸਾਲ 2023 ਵਿੱਚ ਹਰ ਰੋਜ਼ 86 ਔਰਤਾਂ ਨਾਲ ਬਲਾਤਕਾਰ। 2022 ਵਿੱਚ ਔਰਤਾਂ ਨਾਲ ਵਧੀਕੀਆਂ ਦੇ 4,28,273 ਮੁਕੱਦਮੇ ਦਰਜ ਹੋਏ, 26.35% ਵਾਧਾ, ਭਾਰਤ ਨੂੰ ਸੰਸਾਰ ਦੀ ਬਲਾਤਕਾਰਾਂ ਦੀ ਰਾਜਧਾਨੀ ਆਖਿਆ ਜਾਂਦਾ ਹੈ। 2021 ਦੇ NCRB ਡਾਟੇ ਅਨੁਸਾਰ ਹਰ ਰੋਜ਼ 10-11 ਦਲਿਤ ਔਰਤਾਂ ਬਲਾਤਕਾਰ ਦਾ ਸ਼ਿਕਾਰ ਹੁੰਦੀਆਂ ਹਨ। ਔਰਤਾਂ ਅਤੇ ਬੱਚੀਆਂ ਦੇ ਉਧਾਲੇ ਦੇ ਮਸਲਿਆਂ ਵਿੱਚ ਹਰ 2 ਮਿੰਟ ਬਾਅਦ ਇੱਕ ਔਰਤ ਪੁਲਿਸ ਸਹਾਇਤਾ ਦੀ ਮੰਗ ਕਰਦੀ ਹੈ। 2022 ਵਿੱਚ 6795 ਔਰਤਾਂ ਦਾਜ਼ ਦੀ ਬਲੀ ਚੜ੍ਹ ਗਈਆਂ, ਹਰ 77 ਮਿੰਟ ਬਾਅਦ ਇੱਕ ਔਰਤ ਦਾਜ਼ ਦੀ ਬਲੀ ਚੜ੍ਹਦੀ ਹੈ। 2022 ਵਿੱਚ ਲੋਕ ਸਭਾ ਵਿੱਚ ਗ੍ਰਹਿ ਰਾਜ ਮੰਤਰੀ ਨਿੱਤਿਆ ਨੰਦ ਨੇ ਇੱਕ ਸਵਾਲ ਦੇ ਜਵਾਬ ਵਿੱਚ ਦੱਸਿਆ ਕਿ 2020-22 ਦੌਰਾਨ ਪੁਲਿਸ ਹਿਰਾਸਤ ਵਿੱਚ 4484 ਮੌਤਾਂ ਹੋਈਆਂ। ਭਾਰਤ ਵਿੱਚ ‘ਆਜ਼ਾਦੀ’ ਦੇ 78 ਸਾਲ ਬੀਤ ਜਾਣ ਬਾਅਦ ਵੀ 23.68% ਅਬਾਦੀ ਅਨਪੜ੍ਹ ਅਤੇ 29.6% ਔਰਤਾਂ ਅਨਪੜ੍ਹ ਹਨ?। ?8 ਵੀਂ ਜਮਾਤ ਤੋਂ ਪਹਿਲਾਂ 26% ਵਿਦਿਆਰਥੀ ਸਕੂਲ ਛੱਡ ਜਾਂਦੇ ਹਨ। 1947 ਵਿੱਚ 1 ਕਰੋੜ ਬਾਲ ਮਜ਼ਦੂਰੀ ਦੀ ਥਾਂ ਇਹ ਗਿਣਤੀ 4 ਕਰੋੜ ਨੂੰ ਪਾਰ ਕਰ ਗਈ ਹੈ।

2022 ©3♣2 ਦੇ ਅੰਕੜਿਆਂ ਅਨੁਸਾਰ ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲਿਆਂ ਨਾਲ ਵਧੀਕੀਆਂ ਦੇ 17000 ਮੁਕੱਦਮੇ ਦਰਜ ਹੋਏ।



ਇਹ ਅੰਕੜੇ ਪ੍ਰਤੱਖ ਪ੍ਰਮਾਣ ਹਨ ਕਿ ਕਿਵੇਂ ਭਾਰਤ ਵਿੱਚ ਪੈਦਾ ਹੋ ਰਹੀ ਕੁੱਲ ਦੌਲਤ ਦਾ ਵੱਡਾ ਹਿੱਸਾ ਛੋਟਾ ਜਿਹਾ ਉੱਪਰਲਾ ਤਬਕਾ ਛਕ ਜਾਂਦੈ ਤੇ ਆਮ ਲੋਕਾਂ ਹਿੱਸੇ ਚੂਰ-ਭੂਰ ਹੀ ਪੈਂਦੀ ਹੈ। ਇਹ ਕਿਸੇ ਇੱਕ ਪਾਰਟੀ ਦੀ ਸਰਕਾਰ ਦੀ ਗੱਲ ਨਹੀਂ ਸਗੋਂ ਸਵਾਲ ਪੂਰੇ ਢਾਂਚੇ ਉੱਤੇ ਹੈ, ਸਾਮਰਾਜੀ ਸਰਮਾਏਦਾਰਾ ਪ੍ਰਬੰਧ ਉੱਤੇ ਹੈ। ਭਾਵੇਂ ਅੱਜ ਦੀ ਮੋਦੀ ਸਰਕਾਰ ਹੋਵੇ ਭਾਵੇਂ ਪਿਛਲੀ ਮਨਮੋਹਨ ਸਰਕਾਰ ਤੇ ਭਾਵੇਂ ਉਸ ਤੋਂ ਪਿਛਲੀਆਂ ਸਰਕਾਰਾਂ, ਕੁੱਲ ਜਮ ?ਹਾਂ-ਜੋੜ ਇਹ ਹੈ ਕਿ ਸੱਤ ਦਹਾਕਿਆਂ ਦਾ ਸਾਮਰਾਜੀ ਸਰਮਾਏਦਾਰਾ ਵਿਕਾਸ ਆਮ ਲੋਕਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਨਹੀਂ ਕਰ ਸਕਿਆ ਤੇ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਇਆ ਹੈ।

ਆਰ.ਐਸ.ਐਸ ਦੀ ਵਿਚਾਰਧਾਰਾ ਦੀ ਪੈਰੋਕਾਰ ਮੋਦੀ ਹਕੂਮਤ ਲੋਕਾਂ ਨੂੰ ਰਾਸ਼ਟਰਵਾਦ ਦੇ ਪਰਦੇ ਹੇਠ ਫਿਰਕੂ ਫ਼ਾਸ਼ੀ ਜੰਗ ਦੀ ਭੱਠੀ ਵਿੱਚ ਝੋਕਣ ਲਈ ਆਪਣਾ ਹਿੰਦੂ ਤਵੀ ਫਾਸ਼ੀ ਨਫ਼ਰਤੀ ਏਜੰਡਾ ਬਹੁਤ ਤੇਜ਼ੀ ਨਾਲ ਅੱਗੇ ਵਧਾ ਰਹੀ ਹੈ। ਧਾਰਮਿਕ ਘੱਟ ਗਿਣਤੀਆਂ ਵਿੱਚੋਂ ਵੱਡੀ ਧਾਰਮਿਕ ਘੱਟ ਗਿਣਤੀ ਮੁਸਲਮਾਨਾਂ ਨੂੰ ਕਸ਼ਮੀਰ ਵਿੱਚੋਂ ਧਾਰਾ 370 ਅਤੇ 35 ਏ ਨੂੰ ਖ਼ਤਮ ਕਰਨ, ਸੀ.ਏ.ਏ., ਐਨ.ਆਰ.ਸੀ ਲਾਗੂ ਕਰਕੇ ਨਿਸ਼ਾਨੇ ’ਤੇ ਲਿਆ ਹੋਇਆ ਹੈ। ਦੂਜਾ ਹਮਲਾ ਬੁੱਧੀਜੀਵੀਆਂ, ਸਮਾਜਿਕ ਕਾਰਕੁਨਾਂ, ਵਕੀਲਾਂ, ਮਾਓਵਾਦੀਆਂ, ਖੋਜਾਰਥੀਆਂ, ਲੇਖਕਾਂ, ਰੰਗਕਰਮੀਆਂ, ਪੱਤਰਕਾਰਾਂ ਖਾਸ ਕਰ ਯੂ ਟਿਊਬਰਾਂ ਉੱਪਰ ਵਿੱਢਿਆ ਹੋਇਆ ਹੈ। ਹਜੂਮੀ ਹਿੰਸਾ ਅਤੇ ਟਰੋਲ ਆਰਮੀ ਰਾਹੀਂ ਇੱਕ ਹੋਰ ਹਮਲਾ ਤੇਜ਼ ਕੀਤਾ ਹੋਇਆ ਹੈ। ਜਿਸ ਦਾ ਸਿੱਟਾ ਇਹ ਹੈ ਕਿ 2014 ਤੋਂ 2022 ਤੱਕ, ਸਖ਼ਤ ਗੈਰ-ਕਾਨੂੰਨੀ ਗਤੀਵਿਧੀਆਂ ਰੋਕਥਾਮ ਕਾਨੂੰਨ (”1♦1) ਦੇ ਤਹਿਤ ਕੁੱਲ 8,719 ਮਾਮਲੇ ਦਰਜ ਕੀਤੇ ਗਏ ਹਨ। ਗੱਲ ਕੀ ਲੁੱਟ ਨੂੰ ਹੋਰ ਤੇਜ਼ ਕਰਨ ਲਈ ਨੰਗੇ ਚਿੱਟੇ ਜ਼ਬਰ ਦਾ ਸਹਾਰਾ ਲੈ ਰਹੀ ਹੈ।

ਇਹੀ ਹੈ ਮੋਦੀ ਹਕੂਮਤ ਵੱਲੋਂ ਪ੍ਰਚਾਰੇ ਜਾ ਰਹੇ ਸਭ ਕਾ ਸਾਥ, ਸਭ ਕਾ ਵਿਸ਼ਵਾਸ, ਸਭ ਕਾ ਵਿਕਾਸ ਦੀ ਅਸਲ ਤਸਵੀਰ। ਸਰਮਾਏਦਾਰੀ ਪ੍ਰਬੰਧ ’ਚ ਗੈਰ-ਬਰਾਬਰੀ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਮੱਧਵਰਗ ਤੇ ਛੋਟੇ ਮਾਲਕਾਂ ਦਾ ਮਜਦੂਰਾਂ ’ਚ ਤਬਦੀਲ ਹੋਣਾ ਅਤੇ ਪੈਸੇ ਦਾ ਕੁਝ ਲੋਕਾਂ ਦੇ ਹੱਥਾਂ ’ਚ ਕੇਂਦਰਤ ਹੋਣਾ ਸਰਮਾਏਦਾਰੀ ਦਾ ਲਾਜਮੀ ਲੱਛਣ ਹੈ। ਧਰੁਵੀਕਰਨ ਦੀ ਇਹ ਪ੍ਰਕਿਰਿਆ ਜਿੱਥੇ ਭਿਅੰਕਰ ਗੈਰ ਬਰਾਬਰੀ ਨੂੰ ਜਨਮ ਦਿੰਦੀ ਹੈ ਉੱਥੇ ਦੂਜੇ ਹੱਥ ਇਹ ਅਬਾਦੀ ਨੂੰ ਵਧੇਰੇ ਤੋਂ ਵਧੇਰੇ ਦੋ ਧਰੁਵਾਂ ਵਿੱਚ ਵੰਡਕੇ, ਕਿਰਤੀ ਲੋਕਾਈ ਨੂੰ ਆਪਣਾ ਅਸਲ ਦੁਸ਼ਮਣ ਲੁਟੇਰੇ ਸਾਮਰਾਜੀ ਸਰਮਾਏਦਾਰਾਨਾ ਪ੍ਰਬੰਧ ਨੂੰ ਪਛਾਣਨ ਵਿੱਚ ਵੀ ਮਦਦ ਕਰਦੀ ਹੈ।

ਇਸ ਗੈਰ ਬਰਾਬਰੀ ਨੂੰ ਖ਼ਤਮ ਕਰਨ ਲਈ ਇਸ ਲੋਟੇਰੇ ਅਤੇ ਜਾਬਰ ਰਾਜ ਪ੍ਰਬੰਧ ਦਾ ਹੀ ਭੋਗ ਪਾਕੇ ਨਵਾਂ ਬਰਾਬਰਤਾ ਵਾਲਾ ਲੋਕ ਪੱਖੀ ਪ੍ਰਬੰਧ ਸਿਰਜਣ ਦੀ ਲੋੜ ਹੈ। ਇਹਦੇ ਲਈ ਲਾਜਮੀ ਹੀ ਕਿਰਤੀ ਲੋਕਾਂ ਨੂੰ ਆਪਣੀ ਜਥੇਬੰਦ ਤਾਕਤ ਉੱਤੇ ਟੇਕ ਰੱਖਣੀ ਪਵੇਗੀ।

## ਮੇਰੇ ਤੋਂ ਆਸ ਨ ਕਰਿਓ...

ਮੇਰੇ ਤੋਂ ਆਸ ਨ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ 'ਚ ਰੁੜ੍ਹ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ
ਮੈਂ ਤਾਂ ਜਦ ਵੀ ਕੀਤੀ-ਖਾਦ ਦੇ ਘਾਟੇ
ਕਿਸੇ ਗਰੀਬੜੀ ਦੀ ਹਿੱਕ ਵਾਂਗੂ ਪਿਚਕ ਗਏ
ਗੰਨਿਆਂ ਦੀ ਗੱਲ ਹੀ ਕਰਾਂਗਾ
ਮੈਂ ਦਲਾਨ ਦੇ ਖੂੰਜੇ 'ਚ ਪਈ ਸੌਣੀ ਦੀ ਫਸਲ
ਤੇ ਦਲਾਨ ਦੇ ਬੂਹੇ ਤੇ ਖੜੇ
ਸਿਆਲ ਦੀ ਹੀ ਗੱਲ ਕਰਾਂਗਾ।
ਮੇਰੇ ਤੋਂ ਆਸ ਨ ਕਰਿਓ ਕਿ
ਮੈਂ ਸਰਦੀ ਦੀ ਰੁੱਤੇ ਖਿੜਨ ਵਾਲੇ
ਫੁੱਲਾਂ ਦੀਆਂ ਕਿਸਮਾਂ ਦੇ ਨਾਂ 'ਤੇ
ਪਿੰਡ ਦੀਆਂ ਕੁੜੀਆਂ ਦੇ ਨਾਂ ਕੁਨਾਂ ਧਰਾਂਗਾ
ਮੈਂ ਬੈਂਕ ਦੇ ਸੈਕਟਰੀ ਦੀਆਂ ਖਚਰੀਆਂ ਮੁੱਛਾਂ
ਸਰਪੰਚ ਦੀ ਥਾਣੇ ਤੱਕ ਲੰਮੀ ਪੂਛ ਦੀ
ਤੇ ਉਸ ਪੂਰੇ ਚਿੜੀਆ-ਘਰ ਦੀ
ਜੋ ਮੈਂ ਆਪਣੀ ਹਿੱਕ ਉੱਤੇ ਪਾਲ ਰੱਖਿਆ ਹੈ
ਜਾਂ ਉਸ ਅਜਾਇਬ ਘਰ ਦੀ
ਜੋ ਮੈਂ ਅਪਣੀ ਹਿੱਕ ਅੰਦਰ ਸਾਂਭ ਰੱਖਿਆ ਹੈ
ਜਾਂ ਏਦਾਂ ਦੀ ਹੀ ਕੋਈ ਕਰੜ ਬਰੜੀ ਗੱਲ ਕਰਾਂਗਾ
ਮੇਰੇ ਲਈ ਦਿਲ ਤਾਂ ਬੱਸ ਇਕ ਪਾਨ ਦੇ ਪੱਤੇ
ਵਰਗਾ ਲੋਥੜਾ ਹੈ
ਮੇਰੇ ਲਈ ਹੁਸਨ ਕੋਈ ਮੱਕੀ ਦੀ ਲੂਣ ਭੁੱਕੀ
ਹੋਈ ਰੋਟੀ ਜਿਹੀ ਲੱਜ਼ਤ ਹੈ
ਮੇਰੇ ਲਈ ਜ਼ਿੰਦਗੀ ਘਰ ਦੀ ਸ਼ਰਾਬ ਵਾਂਗ
ਲੁਕ ਲੁਕ ਪੀਣ ਦੀ ਕੋਈ ਸ਼ੈਅ ਹੈ
ਮੇਰੇ ਤੋਂ ਆਸ ਨ ਕਰਿਓ ਕਿ ਮੈਂ ਖਰਗੋਸ਼ ਵਾਂਗ
ਰੋਹੀਆਂ ਦੀ ਕੂਲੀ ਮਹਿਕ ਨੂੰ ਪੋਲੇ ਜਹੇ ਸੁੰਘਾਂ
ਮੈਂ ਹਰ ਕਾਸੇ ਨੂੰ ਜੋਤਾ ਲੱਗੇ ਹੋਏ ਬਲਦਾਂ ਦੇ ਵਾਂਗ
ਖੁਰਲੀ ਉੱਤੇ ਸਿੱਧਾ ਹੋ ਕੇ ਟੱਕਰਿਆ ਹਾਂ
ਮੈਂ ਜੱਟਾਂ ਦੇ ਸਾਧ ਹੋਣ ਤੋਂ ਉਰ੍ਹਾਂ ਦਾ ਸਫਰ ਹਾਂ
ਮੈਂ ਬੁੱਢੇ ਮੋਚੀ ਦੀ ਗੁੰਮੀ ਹੋਈ ਅੱਖਾਂ ਦੀ ਲੋਅ ਹਾਂ
ਮੈਂ ਟੁੰਡੇ ਹੌਲਦਾਰ ਦੇ ਸੱਜੇ ਹੱਥ ਦੀ ਯਾਦ ਹਾਂ ਕੇਵਲ
ਮੈਂ ਪਿੰਡੇ ਵਕਤ ਦੇ,
ਚੱਪਾ ਸਦੀ ਦਾ ਦਾਗ ਹਾਂ ਕੇਵਲ
ਤੇ ਮੇਰੀ ਕਲਪਣਾ, ਉਸ ਲੁਹਾਰ ਦੇ ਥਾਂ ਥਾਂ
ਤੋਂ ਲੂਸੇ ਮਾਸ ਵਰਗੀ ਹੈ
ਜੋ ਬੇਰਹਿਮ ਅਸਮਾਨ ਤੇ ਖਿਝਿਆ ਰਹੇ,
ਇਕ ਹਵਾ ਦੇ ਬੁੱਲੇ ਲਈ
ਜੀਹਦੇ ਹੱਥ ਵਿਚਲਾ ਚਊ ਦਾ ਫਾਲਾ
ਕਦੀ ਤਲਵਾਰ ਬਣ ਜਾਵੇ,
ਕਦੀ ਬੱਸ ਪੱਠਿਆਂ ਦੀ ਪੰਡ ਰਹਿ ਜਾਵੇ
ਮੈਂ ਹੁਣ ਤੁਹਾਡੇ ਲਈ ਹਾਰਮੋਨੀਅਮ ਦਾ
ਪੱਖਾ ਨਹੀਂ ਹੋ ਸਕਦਾ
ਮੈਂ ਭਾਂਡੇ ਮਾਂਜਦੀ ਝੀਰੀ ਦੀਆਂ
ਉਂਗਲਾਂ 'ਚੋਂ ਸਿੰਮਦਾ ਰਾਗ ਹਾਂ ਕੇਵਲ
ਮੇਰੇ ਕੋਲ ਸੁਹਜ ਦੀ ਉਸ ਸੁਪਨ ਸੀਮਾ ਤੋਂ ਉਰ੍ਹੇ
ਹਾਲਾਂ ਕਰਨ ਨੂੰ ਬਹੁਤ ਗੱਲਾਂ ਹਨ
ਅਜੇ ਮੈਂ ਧਰਤ ਤੇ ਚਾਈ
ਕਿਸੇ ਸੀਰੀ ਦੇ ਕਾਲੇ-ਸ਼ਾਹ ਬੁੱਲ੍ਹਾਂ ਜਹੀ ਰਾਤ
ਦੀ ਹੀ ਗੱਲ ਕਰਾਂਗਾ
ਉਸ ਇਤਿਹਾਸ ਦੀ
ਜੋ ਮੇਰੇ ਬਾਪ ਦੇ ਧੁੱਪ ਨਾਲ ਲੂਸੇ
ਮੌਰਾਂ ਉੱਤੇ ਉੱਕਰਿਆ ਹੈ
ਜਾਂ ਅਪਣੀ ਮਾਂ ਦੇ ਪੈਰੀਂ ਪਾਟੀਆਂ ਬਿਆਈਆਂ
ਦੇ ਭੂਗੋਲ ਦੀ ਹੀ ਗੱਲ ਕਰਾਂਗਾ
ਮੇਰੇ ਤੋਂ ਆਸ ਨ ਕਰਿਓ ਕਿ
ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ ਸਵਾਦਾਂ ਦੀ
ਕੋਈ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ 'ਚ ਰੁੜ੍ਹ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ

-ਪਾਸ਼

## ਮਜਦੂਰ ਔਰਤ



ਭੁੱਖ 'ਚ ਜੰਮੀ, ਭੁੱਖ 'ਚ ਪਲੀ
ਬਚਪਨ ਬੀਤਿਆ ਗਲੀ ਗਲੀ।
ਸਕੂਲ ਜਾਂਦੇ ਜਦ ਵੇਂਹਦੀ ਬੱਚੇ
ਮਨ ਮੇਰਾ ਸੀ ਰਿੱਝਦਾ ਰਹਿੰਦਾ।
ਭੁੱਖ ਗਰੀਬੀ ਹੰਢਾਉਂਦੇ ਮਾਪੇ
ਬਾਪੂ ਮੇਰਾ ਸੀ ਖਿੱਝਦਾ ਰਹਿੰਦਾ।
ਮਾਪੇ ਮੇਰਿਆਂ ਬੋਝ ਲਾਹੁੰਦਿਆਂ
ਪੱਲਾ ਫੜਾ, ਕਿਰਤੀ ਨਾਲ ਤੋਰੀ।
ਜਿੰਦ ਜਦਾਈ ਨਾਲ ਕਰਦੀ ਮਿਹਨਤ
ਨਾਲ ਸੱਸ ਜਠਾਣੀ, ਨਨਦ ਸੀ ਗੋਰੀ।
ਸਿਖ਼ਰ ਦੁਪਹਿਰਾ ਹੁੰਮਸ ਭਾਰੀ
ਸਿਰ ਚਕਰਾਅ ਹੋਈ ਘੁੰਮਣ ਘੇਰੀ।
ਵੱਟ ਹੀ ਬਣਿਆ ਆਸਣ ਸਾਡਾ
ਵਿੱਚ ਖੇਤ ਦੇ, ਪੈ ਗਈ ਲੰਮੇਰੀ।
ਅੱਖਾਂ ਮੁੰਦ, ਛੁਪਾ ਕੇ ਚਿਹਰਾ,
ਪੈਂਦਾ ਘੁੱਟ ਸਬਰ ਦਾ ਪੀਵਣਾ।
ਕਰਮ ਆਪਣਿਆਂ ਨੂੰ ਕੋਸਦੇ ਰਹਿਣਾ
ਬੱਸ! ਇਹੋ ਹਮਾਰਾ ਜੀਵਣਾ।
ਬੱਸ! ਇਹੋ ਹਮਾਰਾ ਜੀਵਣਾ।

ਬਲਵਿੰਦਰ ਸਿੰਘ ਭੁੱਲਰ
098882 75913

## ਨਾਇਕ

ਹਿਟਲਰ
ਓਹਨਾਂ ਦਾ
ਅੱਜ ਵੀ
ਮਹਾਂਨਾਇਕ ਹੈ
ਤੇ
ਹੁਣ ਵੀ
ਹੈ ਤਾਜ
ਓਹਨਾਂ ਦੀ
ਸੋਚ ਤੇ।

ਲੱਭ ਲਏ ਨੇ
ਜਿਨ੍ਹਾਂ ਨੇ
ਹੂਬਹੂ
ਵੈਸੇ ਹੀ
ਨਾਇਕ।

ਓਹਨਾਂ ਦਾ
ਸਵੈ-ਵਿਸ਼ਵਾਸ
ਛੱਤ ਪਾੜ ਕੇ
ਆਸਮਾਨ ਚੁੰਮ
ਰਿਹਾ ਹੈ।

ਲੇਕਿਨ
ਅੱਜ
ਜਰਮਨ
ਸ਼ੋਕਗ੍ਰਸਤ ਨੇ
ਆਤਮ - ਗਲਾਨੀ ਚ
ਸਰਾਬੋਰ-
ਹਿਟਲਰ ਦੇ
ਕਰੇ ਕਰਾਏ ਤੇ।

-ਪੰਕਜੇਸ਼ਵਰ

## ਉਦੈ ਨਵ ਸੂਰਜਾਂ ਹੋਣਾ

ਇਨ੍ਹਾਂ ਹੀ ਮਸਤਕਾਂ ਅੰਦਰ, ਉਦੈ ਨਵ ਸੂਰਜਾਂ ਹੋਣਾ।
ਇਨ੍ਹਾਂ ਜਗਦੇ ਚਿਰਾਗਾਂ ਦਾ, ਵਡੇਰਾ ਕਾਰਵਾਂ ਹੋਣਾ।

ਡਰੋ ਮਤ ਰਾਤ ਲੰਬੀ ਹੈ, ਹਊ ਪਰ ਅੰਤ ਇਸਦਾ ਵੀ,
ਪਰਾਜਿਤ ਲੋਕ ਲਹਿਰਾਂ ਤੋਂ, ਅਖੀਰੀ ਜਾਲਮਾਂ ਹੋਣਾ।

ਜੋ ਸੋਭਾ ਤਾਜ ਦੀ ਲਿਖਦੇ, ਜੋ ਜੈ ਜੈ ਰਾਜ ਦੀ ਕਰਦੇ,
ਤੁਸੀਂ ਇਹ ਵੇਖਿਓ ਰੱਦੀ, ਇਨ੍ਹਾਂ ਸਭ ਕਾਲਮਾਂ ਹੋਣਾ।

ਬੁਛਾਰਾਂ ਪੈਣ ਜੀ ਸਦਕੇ, ਸੰਗੀਨਾਂ ਤੋਂ ਨਹੀਂ ਡਰਨਾ,
ਚੜੀ ਜਦ ਗੈਸ ਅੱਖਾਂ ਨੂੰ, ਨਜਰ ਨੇ ਆਸਮਾਂ ਹੋਣਾ।

ਥਲਾਂ ਵਿੱਚ ਉਗਮ ਆਏ ਨੇ, ਹਜਾਰਾਂ ਫੁੱਲ ਅੱਕਾਂ ਦੇ,
ਇਨ੍ਹਾਂ ਦੀ ਵੇਖ ਕੇ ਹਿੰਮਤ, ਕਿ ਲੱਜਿਤ ਬਾਦਲਾਂ ਹੋਣਾ।

ਜਿਨ੍ਹਾਂ ਵਿੱਚ ਖੇਡਦੇ ਬੱਚੇ, ਤੇ ਜੀਵਤ ਲੋਰੀਆਂ ਹਾਲੇ,
ਹਵਾ ਤੋਂ ਚਾਕ ਮਾਵਾਂ ਦੇ, ਨਾ ਹਰਗਿਜ ਦਾਮਨਾਂ ਹੋਣਾ।

ਕਦੇ ਤਾਂ ਪਰਤੇਗੀ ਸਬਨਮ ਕਦੇ ਤਾਂ ਚਮਕਣਾ ਫੁੱਲਾਂ,
ਸਦਾ ਸੋਹੀ ਨਹੀਂ ਕਾਬਜ, ਫਿਜਾ ਵਿੱਚ ਕਾਲਖਾਂ ਹੋਣਾ।

- ਸਰਬਜੀਤ ਸੋਹੀ

## ਰੁਜ਼ਗਾਰ

ਅਖੇ -
ਦਲਿਤਾਂ ਲਈ ਰਾਖਵਾਂਕਰਨ ਕਰਕੇ।
ਮੁਸਲਮਾਨਾਂ ਦੇ ਬੱਚੇ ਜਿਆਦਾ ਹੋਣ ਕਰਕੇ।
ਨੌਕਰੀਆਂ ਦੀ ਥੋੜ੍ਹ ਹੋ ਗਈ।
ਤਾਹੀਓਂ ਹਾਲਤ ਕਮਜੋਰ ਹੋ ਗਈ।
ਕੌਣ ਸਮਝਾਵੇ ਲੋਕਾਂ ਨੂੰ।
ਕੌਣ ਪੁੱਛੇ ਖੂਨ ਪੀਣੀਆਂ ਜੋਕਾਂ ਨੂੰ।
ਨੌਕਰੀਆਂ 'ਤੇ ਕੱਟ ਲਗਾ ਦਿੱਤਾ।
ਕਾਰਪੋਰੇਟਰਾਂ ਦੀ ਝੋਲੀ ਪਾ ਦਿੱਤਾ।
ਰਾਖਵਾਂਕਰਨ ਦਾ ਰੌਲਾ ਪੁਵਾ ਦਿੱਤਾ।
ਵੱਧ ਨਿਆਣਿਆਂ ਦਾ ਮੁੱਦਾ ਬਣਾ ਦਿੱਤਾ!
ਕਦੀ ਪੇਪਰ ਲੀਕ ਕਰਵਾ ਦਿੱਤਾ।
ਕਦੀ ਕਚਹਿਰੀ ਕੇਸ ਲਗਵਾ ਦਿੱਤਾ।
ਕਦੀ ਧਰਮ ਦਾ ਚੱਕਰ ਚਲਾ ਦਿੱਤਾ।
ਕਦੀ ਜਾਤੀ ਦੇ ਨਾਂ ਲੜਾ ਦਿੱਤਾ।
ਰੁਜ਼ਗਾਰ ਦਾ ਮੁੱਦਾ ਭੁਲਾ ਦਿੱਤਾ।
ਨਵਾਂ ਸ਼ਗੂਫ਼ਾ ਸੁਣਾ ਦਿੱਤਾ।
ਬੇਰੁਜ਼ਗਾਰਾਂ ਨੂੰ ਉਲਝਾ ਦਿੱਤਾ।

-ਸੁਖਦੇਵ ਸਲੇਮਪੁਰੀ
9780620233

## ਅਫਰੀਕਾ ਦਾ ਚੀ ਗੁਵੇਰਾ !

ਬੁਰਕਿਨਾ ਫਾਸੋ ਦਾ ਕੈਪਟਨ ਇਬਰਾਹਿਮ ਟਰੋਰੇ।
ਸੁਲਝਿਆ ਸਿਆਸਤਦਾਨ,
ਮੂੰਹ ਕਾਰਪੋਰੇਟਰਾਂ ਦਾ ਤੋੜੇ।
ਯੁੱਗ ਪਲਟਾਊ ਉਹ 'ਅਫਰੀਕਾ ਦਾ ਚੀ ਗੁਵੇਰਾ'
ਮਘਦਾ ਸੂਰਜ, ਚਮਕਦਾ ਸਿਤਾਰਾ,
ਭਜਾਵੇ ਦੇਸ਼ ਚੋਂ ਹਨੇਰਾ।
ਭੁੱਖ-ਮਰੀ, ਗਰੀਬੀ,
ਲਾਚਾਰੀ ਨੇ ਘੱਤਿਆ ਸੀ ਘੇਰਾ।



ਜੀ. ਡੀ. ਪੀ. ਨੂੰ ਚੁੱਕਿਆ,
ਪਾਇਆ ਤਰੱਕੀ ਨੇ ਫੇਰਾ।
ਦੇਸ਼ ਕਰਜੇ 'ਚ ਡੁੱਬਿਆ,
ਉਸ ਬਾਹਰ ਹੈ ਕੱਢਿਆ।
ਵਿਦੇਸ਼ੀ ਕੰਪਨੀਆਂ ਦਾ ਜੂੜ,
ਤਕੜੇ ਹੋ ਕੇ ਵੱਢਿਆ।
ਆਖਿਆ- ਬਿਗਾਨੇ ਕਿਉਂ ਦੇਸ਼ 'ਤੇ ਰਾਜ ਕਰਨ।
ਸੋਨੇ ਦੀਆਂ ਖਾਣਾਂ ਦਾ ਕੀਤਾ ਰਾਸ਼ਟਰੀਕਰਨ।
ਕਰੇ ਲੋਕਾਂ ਨੂੰ ਉਹ, ਬਾਹਲਾ ਹੀ ਪਿਆਰ।
ਸਮੱਸਿਆਵਾਂ ਨੂੰ ਰਿੜਕਿਆ,
ਬਦਲੀ ਲੋਕਾਂ ਦੀ ਨੁਹਾਰ।
ਉਮਰ ਹੈ ਛੋਟੀ, ਪਰ ਸੋਚ ਸਮੁੰਦਰ ਤੋਂ ਵੱਡੀ।
ਕੰਮ ਕਰਦਾ ਨਿਰਾਲੇ,
ਨੀਅਤ ਤੇ ਨੀਤੀ ਹੈ ਸੱਚੀ।
ਦੇਸ਼ ਦਾ ਕੈਪਟਨ,
ਦੇਸ਼ ਨੂੰ ਅੱਗੇ ਹੀ ਅੱਗੇ ਲਿਜਾਵੇ।
ਚੱਕੀ ਦੇ ਪੁੜ ਜਿੱਡਾ ਸੀਨਾ,
ਦੁਸ਼ਮਣ ਨੂੰ ਡਰਾਵੇ।
ਪਹਿਲਾਂ ਉਸ ਆਪਣੇ ਦਫਤਰ 'ਚੋਂ
ਏ. ਸੀ. ਹਟਾਏ।
ਖੋਲ੍ਹੇ ਸਕੂਲ, ਤੇ ਫਿਰ ਸਕੂਲਾਂ 'ਚ
ਪੱਖੇ ਲਗਵਾਏ।
ਖੋਲ੍ਹੇ ਹਸਪਤਾਲ,
ਬਿਠਾਏ ਡਾਕਟਰ ਤੇ ਨਰਸਾਂ।
ਮਰੀਜ਼ਾਂ ਲਈ ਦਵਾਈਆਂ,
ਸਿਫ਼ਤਾਂ ਕਿਵੇਂ ਕਰਸਾਂ।
ਦੇਸ਼ ਨੂੰ ਸਮਰਪਿਤ, ਪੂਰਾ ਡਿਊਟੀ ਲਈ ਪਾਬੰਦ!
ਕੁੱਲੀ, ਗੁੱਲੀ ਤੇ ਜੁੱਲੀ ਦਾ, ਕੀਤਾ ਉਸਨੇ ਪ੍ਰਬੰਧ।
ਚਿੜੀ ਦੇ ਪਹੁੰਚੇ ਜਿੱਡਾ ਦੇਸ਼,
ਪਰ ਗਹਿਰੀ ਹੈ ਅੱਖ।
ਫੌਲਾਦੀ ਹੈ ਜੇਰਾ,
ਮਾਰੇ ਪੱਛਮੀ ਸਾਮਰਾਜੀਆਂ ਨੂੰ ਧੱਕ।
ਅਮਰੀਕਾ ਨੂੰ ਵੰਗਾਰਿਆ, ਬਚ, ਜਰਾ ਬਚ।
ਤੂੰ ਹਥਿਆਰਾਂ ਦਾ ਵਪਾਰੀ,
ਕਿਉਂ ਚੁੱਕੀ ਐਨੀ ਅੱਤ।
ਦੇਦੂੰ ਸੋਨਾ ਬਥੇਰਾ,
ਇਰਾਨ ਨੂੰ ਦਿੱਤਾ ਸਹਾਰਾ।
ਤੇਰੇ ਨਾਲ ਹਾਂ ਖੜ੍ਹਾ,
ਮਾਰਿਆ ਹਾਅ ਦਾ ਨਾਅਰਾ!
ਅਣਖੀ ਬਥੇਰਾ, ਮੁਕਾਬਲਾ ਕਰੂ ਕਿਹੜਾ ਉਹਦਾ।
ਕਹਿਣੀ - ਕਰਨੀ ਦਾ ਪੱਕਾ,
ਉਹ ਕ੍ਰਾਂਤੀਕਾਰੀ ਯੋਧਾ!
ਸੰਸਾਰ ਜੇ ਮੁੰਦਰੀ, ਉਹ ਮੁੰਦਰੀ 'ਚ ਹੀਰਾ।
ਉਹ ਮਨੁੱਖਤਾ ਦਾ ਹਾਮੀ,
ਸਮਝੇ ਮਨੁੱਖਤਾ ਦੀ ਪੀੜਾ।

-ਸੁਖਦੇਵ ਸਲੇਮਪੁਰੀ
9780620233

## ਝੂਠ ਦੇ ਬੰਬ 'ਤੇ ਟਰੰਪ

ਉਹ ਆਇਆ
ਮੁਸਕਰਾਉਂਦੇ ਹੋਏ
ਸੂਟ ਦੇ ਹੇਠਾਂ
ਫੌਜੀ ਬਜਟ
ਛੁਪਾਉਂਦੇ ਹੋਏ

ਹਥਿਆਰਾਂ ਦੇ
ਸੌਦਾਗਰ ਦੇ
ਬਣਾ-ਸੁਆਰ ਕੇ
ਕੱਟੇ ਹੋਏ ਸਿਰ ਦੇ ਵਾਲ
ਪਰ ਦਿਮਾਗ਼ 'ਚ
ਭਰਿਆ ਹੈ ਬਾਰੂਦ

ਉਹ ਬੋਲਿਆ-
'ਅਮਨ ਚਾਹੀਦੈ'
ਤੇ ਭੇਜ ਦਿੱਤੇ
ਹਰ ਮੁਲਕ 'ਚ ਟੈਂਕ

ਉਸ ਦੇ 'ਟਵੀਟ'
ਚਲਦੇ ਨੇ
ਮਿਜ਼ਾਇਲਾਂ ਤੋਂ ਵੀ ਤੇਜ਼
ਤੇ ਹਰ ਝੂਠ
ਚਮਕਦਾ ਹੈ ਟੀਵੀ 'ਤੇ
ਬਣਕੇ 'ਰਾਸ਼ਟਰ-ਹਿਤ'

ਉਸਨੇ
ਲੋਕਤੰਤਰ ਨੂੰ
ਤੇਲ ਦੇ ਖੂਹਾਂ 'ਚ
ਡੁਬੋ ਦਿੱਤਾ
ਤੇ
ਹਰ ਬੰਬਾਰੀ 'ਤੇ
'ਸੁਰੱਖਿਆ'
ਨਾਂ ਪਰੋ ਦਿੱਤਾ

ਉਸਦੇ ਹੱਥ 'ਚ
ਨਹੀਂ ਹੈ ਬਟਨ
ਨਕਲੀ ਪ੍ਰਮਾਣੂ ਦਾ
ਅਸਲ ਸਾਇਆ ਹੈ
ਮੌਤ ਦਾ

ਉਹ
ਬੱਚਿਆਂ ਦੀਆਂ ਲਾਸ਼ਾਂ 'ਤੇ
ਝੰਡਾ ਲਹਿਰਾਉਂਦਾ ਹੈ
ਪ੍ਰਗਟਾਵੇ ਦੀ ਆਜ਼ਾਦੀ ਦਾ

ਉਹ ਸਿੱਖ ਕੇ ਆਇਆ ਸੀ
ਬੁਸ਼ ਤੋਂ
ਤੇ ਸਮਝਦਾ ਸੀ
ਸਾਰੀ ਦੁਨੀਆਂ ਨੂੰ ਇਰਾਕ ?
ਹਰ ਵਿਰੋਧ ਨੂੰ
'ਆਤੰਕ' ਕਹਿੰਦਾ
ਹਰ ਜੰਗ ਨੂੰ
'ਜ਼ਰੂਰੀ' ਦੱਸਦਾ

ਰੂਸ-ਯੂਕਰੇਨ ਦੀ ਅੱਗ 'ਚ
ਪਰਦੇ ਪਿੱਛਿਉਂ
ਪਾਉਂਦਾ ਰਿਹਾ ਤੇਲ ਤੇ
ਭਾਰਤ-ਪਾਕਿਸਤਾਨ ਦੀ
ਸਰਹੱਦ 'ਤੇ
'ਆਤੰਕਵਾਦ' ਦੇ ਨਾਂ 'ਤੇ
ਕਰਦਾ ਰਿਹਾ ਸੌਦੇ

ਉਸ ਲਈ ਜੰਗ ਹੈ
ਸਿਰਫ਼ ਵਪਾਰ
ਇੱਕ ਅਜਿਹਾ ਸੌਦਾ
ਜਿਸ 'ਚ
ਮਰੇ ਕੋਈ ਵੀ
ਪਰ ਜਿੱਤੇ
'ਵਾਲ ਸਟਰੀਟ' ਬਾਜ਼ਾਰ

ਉਸਨੇ
ਹਥਿਆਰ ਦਿੱਤੇ ਉਨ੍ਹਾਂ ਨੂੰ
ਜੋ ਮਾਰਦੇ ਨੇ ਗੋਲੀਆਂ
ਬੱਚਿਆਂ ਦੀ ਪਿੱਠ 'ਤੇ
ਫਿਰ
ਕਰਾਉਂਦਾ ਹੈ
'ਸ਼ਾਂਤੀ ਵਾਰਤਾ'
ਖੜ੍ਹਾ ਹੋਕੇ
ਉਨ੍ਹਾਂ ਦੀਆਂ ਲਾਸ਼ਾਂ ਦੀ
ਹਿੱਕ 'ਤੇ

ਉਸ ਦੀ ਮੁਸਕਰਾਹਟ ਹੈ
ਇੱਕ 'ਵਪਾਰ-ਚਿੰਨ'
ਜਿਸਦੇ ਹੇਠ ਲਿਖਿਆ ਹੈ-
'ਮੁਨਾਫ਼ਾ ਪਹਿਲਾਂ'
ਜਾਂ ਕਹੀਏ-
'ਮੁਨਾਫ਼ਾ ਹੀ ਧਰਮ ਹੈ'

ਤੇ ਉਸ ਦੀਆਂ
ਅੱਖਾਂ 'ਚ
ਲੋਕਤੰਤਰ ਨਹੀਂ
'ਰਾਜਤੰਤਰ' ਚਮਕਦਾ ਹੈ

ਟਰੰਪ-
ਸਿਰਫ਼ ਇੱਕ ਨਾਂ ਨਹੀਂ
ਪੂੰਜੀ ਦਾ
ਉਹ ਚਿਹਰਾ ਹੈ
ਜੋ
ਕੰਧਾਂ ਵਗਲਦਾ ਹੈ
ਹੱਦਾਂ ਖਿਚਦਾ ਹੈ
ਤੇ ਫਿਰ
ਕਹਿੰਦਾ ਹੈ-
'ਅਸੀਂ ਲੜ ਰਹੇ ਹਾਂ
'ਮਾਨਵਤਾ ਲਈ'

ਪਰ
ਸੱਚ ਇਹ ਹੈ-
ਕਿ ਉਹ
ਝੂਠ ਦੇ ਬੰਬ 'ਤੇ ਬੈਠਾ
ਇੱਕ ਮਸਖ਼ਰਾ ਹੈ
ਜਿਸ ਦੀ ਹਾਸੀ 'ਚ
ਲਹੂ ਦੀ ਗੰਧ ਹੈ
ਤੇ
ਜਿਸਦੀਆਂ ਤਾੜੀਆਂ 'ਚ
ਗੋਲੀਆਂ ਦੀ ਤਰੰਗ ਹੈ

ਟਰੰਪ ਵਰਗੇ ਮਸਖ਼ਰੇ
ਲਿਖੇ ਜਾਣਗੇ
ਇਤਿਹਾਸ ਦੇ ਹਾਸ਼ੀਏ 'ਤੇ
ਜਿੱਥੇ ਧੂੜ ਦੇ ਕਣ ਵੀ
ਵੱਧ ਵਜ਼ਨਦਾਰ ਹੋਣਗੇ
ਉਸ ਦੀ ਲਫ਼ਾਜ਼ੀ ਤੋਂ

ਪੂੰਜੀ ਦਾ ਮਸਖ਼ਰਾ
ਚਾਹੇ ਜਿੰਨਾਂ ਵੀ ਬੁੜ੍ਹਕੇ
ਹੁਣ ਡਗਮਗਾ ਚੁੱਕਿਆ ਹੈ
ਉਸਦਾ ਮੰਚ

ਉਹ ਜੋ
ਹਰ ਬੰਬ ਨੂੰ ਸਿੱਟਦਾ ਹੈ
ਉਸ 'ਤੇ 'ਰੱਖਿਆ' ਲਿਖਕੇ
ਹੁਣ ਪਹਿਚਾਨਿਆ ਜਾਵੇਗਾ
ਇਤਿਹਾਸ ਦੇ ਕਟਹਿਰੇ 'ਚ
'ਹਤਿਆਰਾ ਕਰਕੇ'

ਐਮ.ਕੇ. ਆਜ਼ਾਦ
ਅਨੁਵਾਦ :ਯਸ਼ ਪਾਲ
(98145 35005)

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ,
ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਪੀਲ ਪੋਲੀਸ ਵੱਲੋਂ '24ਵੀਂ ਰੇਸ ਅਗੇਨਸਟ ਰੇਸਿਜ਼ਮ' ਵਿਚ ਟੀਪੀਏਆਰ ਕਲੱਬ ਨੇ ਲਿਆ ਹਿੱਸਾ




ਮਿਸੀਸਾਗਾ, (ਡਾ. ਝੰਡ) : ਲੰਘੇ ਸ਼ਨੀਵਾਰ 21 ਜੂਨ ਨੂੰ ਪੀਲ ਰਿਜਨ ਪੋਲੀਸ ਵੱਲੋਂ ਮਿਸੀਸਾਗਾ ਵੈਲੀ ਕਮਿਊਨਿਟੀ ਸੈਂਟਰ ਨੇੜਲੇ ਪਾਰਕ ਤੋਂ ਆਰੰਭ ਕੀਤੀ ਗਈ '24ਵੀਂ 'ਰੇਸ ਅਗੇਨਸਟ ਰੇਸਿਜ਼ਮ' ਵਿਚ ਬਰੈਂਪਟਨ ਦੀ ਸਰਗ਼ਰਮ ਕਲੱਬ 'ਟੀਪੀਏਆਰ ਕਲੱਬ' (ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ) ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਕਲੱਬ ਦੇ 76 ਮੈਂਬਰ ਇਸ ਮੰਤਵ ਲਈ ਕਈ ਦਿਨ ਪਹਿਲਾਂ ਹੀ ਕਲੱਬ ਵੱਲੋਂ ਆਪਣੇ ਨਾਵਾਂ ਦੀ ਰਜਿਸਟ੍ਰੇਸ਼ਨ ਕਰਵਾ ਚੁੱਕੇ ਸਨ, ਜਦ ਕਿ 21 ਮੈਂਬਰਾਂ ਨੇ ਆਪਣੀ ਰਜਿਸਟ੍ਰੇਸ਼ਨ 'ਰੇਸ ਅਗੇਨਨਸਟ ਰੇਸਿਜ਼ਮ' ਦੀ ਵੈੱਬਸਾਈਟ 'ਤੇ ਜਾ ਕੇ ਸਿੱਧੀ ਹੀ 'ਆਨ-ਲਾਈਨ' ਦਰਜ ਕਰਵਾਈ।

ਇਸ ਤਰ੍ਹਾਂ ਇਸ 5 ਕਿਲੋਮੀਟਰ 'ਰੇਸ ਅਗੇਨਸਟ ਰੇਸਿਜ਼ਮ' ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਾਮਲ ਹੋਏ ਦੌੜਾਕਾਂ ਤੇ ਵਾੱਕਰਾਂ ਵਿੱਚ ਟੀਪੀਏਆਰ ਕਲੱਬ ਦੇ ਮੈਂਬਰਾਂ ਦਾ ਇੱਕ ਵੱਡਾ ਗਰੁੱਪ ਆਪਣੀਆਂ ਸੰਗਤਰੇ ਰੰਗ ਦੀਆਂ ਟੀ-ਸ਼ਰਟਾਂ ਪਹਿਨੀ ਵੱਖਰੀ ਦਿੱਖ ਨਾਲ ਦੂਰੋਂ ਹੀ ਪਹਿਚਾਣਿਆ ਜਾ ਰਿਹਾ ਸੀ। ਟੀਪੀਏਆਰ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਹੋਇਆਂ ਦੌੜ ਦੀ ਸਮਾਪਤੀ 'ਤੇ ਪੀਲ ਰਿਜਨ ਪੋਲੀਸ ਦੇ ਮੁਖੀ ਨਿਸ਼ਾਨ ਦੁਰਿਆਪਾਹ ਨੇ ਉਚੇਚੇ ਤੌਰ 'ਤੇ ਕਲੱਬ ਦੇ ਮੈਂਬਰਾਂ ਦੇ ਨਾਲ ਤਸਵੀਰ ਖਿਚਵਾਈ।

ਇੱਥੇ ਇਹ ਜ਼ਿਕਰਯੋਗ ਹੈ ਕਿ ਪੀਲ ਰੀਜਨਲ ਪੋਲੀਸ ਦੀ ਸਥਾਪਨਾ 1 ਜਨਵਰੀ 1974 ਨੂੰ ਕੀਤੀ ਗਈ ਸੀ ਜਦੋਂ ਮਿਸੀਸਾਗਾ, ਪੋਰਟ ਕਰੈਡਿੱਟ, ਸਟਰੀਟਵਿਲ, ਬਰੈਂਪਟਨ ਅਤੇ ਚਿੰਗੂਆਕੂਜ਼ੀ ਨੂੰ ਮਿਲਾ ਕੇ 'ਰੀਜਨਲ ਮਿਊਨਿਸਿਪਲਿਟੀ ਆਫ਼ ਪੀਲ' ਬਣਾਈ ਗਈ। ਉਸ ਸਮੇਂ 1974 ਵਿੱਚ ਇਸ ਪੋਲੀਸ ਆਰਗੇਨਾਈਜ਼ੇਸ਼ਨ ਕੋਲ ਕੇਵਲ 467 ਪੋਲੀਸ ਅਫ਼ਸਰ, 14 ਕੈਡਿਟ ਅਤੇ 78 ਸਿਵਲੀਅਨ ਕਰਮਚਾਰੀ ਸਨ। ਜਿਵੇਂ-ਜਿਵੇਂ ਇਸ ਰੀਜਨ ਦੀ ਆਬਾਦੀ ਵਿੱਚ ਵਾਧਾ ਹੁੰਦਾ ਗਿਆ, ਇਸ ਦੇ ਅਮਲੇ ਦੀ ਗਿਣਤੀ ਵੀ ਵੱਧਦੀ ਗਈ। ਇਹ ਸਮੇਂ ਦੀ ਲੋੜ ਵੀ ਸੀ, ਕਿਉਂਕਿ ਕੈਨੇਡਾ ਵਿੱਚ ਦੁਨੀਆਂ 160 ਤੋਂ ਵਧੀਕ ਦੇਸ਼ਾਂ ਤੋਂ ਆਏ ਵੱਖ-ਵੱਖ ਧਰਮਾਂ, ਜਾਤਾਂ ਤੇ ਕਮਿਊਨਿਟੀਆਂ ਦੇ ਲੋਕਾਂ ਦੀ ਆਮਦ ਨਾਲ ਇੱਥੇ ਅਪਰਾਧ ਅਤੇ ਆਪਸੀ ਨਫ਼ਰਤ ਵਿੱਚ ਵੀ ਕਾਫ਼ੀ ਵਾਧਾ ਹੋਇਆ। ਵੱਖ-ਵੱਖ ਕਮਿਊਨਿਟੀਆਂ ਦੇ ਵਿਚਕਾਰ ਆਪਸੀ ਨਫ਼ਰਤ ਨੂੰ ਰੋਕਣ ਲਈ ਅਤੇ ਇਸ ਦੀ ਥਾਂ ਆਪਸੀ ਨੇੜਤਾ, ਪ੍ਰੇਮ-ਪਿਆਰ ਅਤੇ ਇਤਫ਼ਾਕ ਵਧਾਉਣ ਲਈ ਪੀਲ ਪੋਲੀਸ ਵੱਲੋਂ 'ਰੇਸ ਅਗੇਨਸਟ ਰੇਸਿਜ਼ਮ' ਦੀ ਸ਼ੁਰੂਆਤ 2001 ਵਿੱਚ ਕੀਤੀ ਗਈ। ਇਸ ਤੋਂ ਪਹਿਲਾਂ ਪੀਲ ਪੋਲੀਸ ਵੱਲੋਂ ਇਹ ਉਪਰਾਲਾ 23 ਵਾਰ ਹੋ ਚੁੱਕਾ ਹੈ ਅਤੇ ਇਸ ਵਾਰ ਇਹ '24ਵੀਂ ਰੇਸ ਅਗੇਨਸਟ ਰੇਸਿਜ਼ਮ' ਸੀ। ਇਸ ਮਹੱਤਵਪੂਰਨ ਈਵੈਂਟ ਦੀ 'ਸਿਲਵਰ ਜੁਬਲੀ' ਪੀਲ ਰੀਜਨ ਪੋਲੀਸ ਵੱਲੋਂ ਅਗਲੇ ਸਾਲ ਬੜੀ ਸ਼ਾਨੋ-ਸ਼ੌਕਤ ਨਾਲ ਮਨਾਈ ਜਾ ਰਹੀ ਹੈ। ਪੀਲ ਰੀਜਨ ਪੋਲੀਸ ਅਧੀਨ ਇਸ ਸਮੇਂ ਤਿੰਨ ਵੱਡੇ ਸ਼ਹਿਰ ਮਿਸੀਸਾਗਾ, ਬਰੈਂਪਟਨ ਅਤੇ ਕੈਲੇਡਨ ਹਨ ਜਿਨ੍ਹਾਂ ਵਿੱਚ ਇਮੀਗਰੈਂਟਾਂ ਦੀ ਆਮਦ ਨਾਲ ਆਬਾਦੀ ਬੜੀ ਤੇਜ਼ੀ ਨਾਲ ਵੱਧਦੀ ਜਾ ਰਹੀ ਹੈ।


ਟੀਪੀਏਆਰ ਕਲੱਬ ਦੇ ਮੈਂਬਰ ਆਪੋ ਆਪਣੇ ਸਾਧਨਾਂ ਨਾਲ ਸਵੇਰੇ 9.00 ਵਜੇ ਮਿਸੀਸਾਗਾ ਵੈਲੀ ਕਮਿਊਨੀਕੇਸ਼ਨ ਸੈਂਟਰ ਵਿਖੇ ਪਹੁੰਚ ਗਏ ਜਿੱਥੇ ਇਸ ਰੇਸ ਦਾ ਆਰੰਭ ਪ੍ਰਬੰਧਕਾਂ ਵੱਲੋਂ 9.30 ਵਜੇ ਕੀਤਾ ਜਾਣਾ ਸੀ। ਇਸ ਮੰਤਵ ਲਈ ਬਣਾਈ ਗਈ ਸਟੇਜ ਤੋਂ ਪ੍ਰਬੰਧਕਾਂ ਵੱਲੋਂ ਆਏ ਦੌੜਾਕਾਂ ਤੇ ਵਾੱਕਰਾਂ ਨੂੰ 'ਜੀ-ਆਇਆਂ' ਕਹਿਣ ਅਤੇ ਉਨ੍ਹਾਂ ਨੂੰ ਦਿੱਤੀਆਂ ਗਈਆਂ ਕੁਝ ਹਦਾਇਤਾਂ ਤੋਂ ਬਾਅਦ ਇਹ 'ਰੇਸ ਅਗੇਨਸਟ ਰੇਸਿਜ਼ਮ' ਸਵੇਰੇ 9.50 'ਤੇ ਆਰੰਭ ਹੋ ਗਈ। ਮਿਸੀਸਾਗਾ ਵੈਲੀ ਕਰੀਕ ਦੇ ਕੰਢੇ-ਕੰਢੇ ਇਸ ਰੇਸ ਦਾ ਰੂਟ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਬੜਾ ਮਨਮੋਹਕ ਸੀ। ਕਰੀਕ ਵਿੱਚ ਪੱਥਰਾਂ ਵਿੱਚ ਦੀ ਚੱਲ ਰਿਹਾ ਸਾਫ਼ ਪਾਣੀ ਦੌੜਾਕਾਂ ਨੂੰ ਨਵੀਂ ਊਰਜਾ ਪ੍ਰਦਾਨ ਕਰ ਰਿਹਾ ਸੀ, ਜਿਵੇਂ ਇਹ ਉਨ੍ਹਾਂ ਨੂੰ ਕਹਿ ਰਿਹਾ ਹੋਵੇ ਕਿ ਤੁਸੀਂ ਵੀ ਮੇਰੇ ਵਾਂਗ ਚੱਲਦੇ ਹੀ ਰਹਿਣਾ ਹੈ ਤੇ ਰਸਤੇ ਵਿੱਚ ਕਿਤੇ ਰੁਕਣਾ ਨਹੀਂ ਹੈ।

ਦੌੜ ਦੀ ਸਮਾਪਤੀ 'ਤੇ ਇਸ ਰੇਸ ਵਿੱਚ ਵੱਖ-ਵੱਖ ਕੈਟਾਗਰੀਆਂ ਵਿੱਚ ਪਹਿਲੇ, ਦੂਸਰੇ ਤੇ ਤੀਸਰੇ ਨੰਬਰ 'ਤੇ ਆਉਣ ਵਾਲਿਆਂ ਦੇ ਗਲ਼ਾਂ ਵਿੱਚ ਮੈਡਲ ਪਾ ਕੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਦੌੜ ਦੇ ਹਜ਼ਾਰਾਂ ਦੌੜਾਕਾਂ ਵਿੱਚੋਂ ਸੀਨੀਅਰਜ਼ ਕੈਟਾਗਰੀ ਵਿੱਚ ਦੂਸਰੇ ਨੰਬਰ 'ਤੇ ਆਉਣ ਵਾਲਾ ਟੀਪੀਏਆਰ ਕਲੱਬ ਦਾ ਮੈਂਬਰ ਨਿਰਮਲ ਸਿੰਘ ਗਿੱਲ ਸੀ ਜਿਸ ਨੇ ਇਸ ਦੇ ਲਈ 21 ਮਿੰਟ 4 ਸਕਿੰਟ ਦਾ ਸਮਾਂ ਲਿਆ। ਕਲੱਬ ਦੇ ਇੱਕ ਹੋਰ ਮੈਂਬਰ ਜਸਵਿੰਦਰ ਜੱਸੀ ਧਾਲੀਵਾਲ ਬਾਲਗ ਕੈਟਾਗਰੀ ਵਿੱਚ ਲਸਾਮਲ ਟੀਪੀਏਆਰ ਕਲੱਬ ਦੇ ਦੌੜਾਕਾਂ ਵਿੱਚੋਂ 21 ਮਿੰਟ 10 ਸਕਿੰਟ ਦੇ ਸਮੇਂ ਨਾਲ ਪਹਿਲੇ ਨੰਬਰ 'ਤੇ ਆਇਆ।

ਗੱਲ ਨਿਰੀ ਇੱਥੇ ਪਹਿਲੇ, ਦੂਸਰੇ ਜਾਂ ਤੀਸਰੇ ਨੰਬਰ 'ਤੇ ਆਉਣ ਦੀ ਨਹੀਂ ਹੈ, ਸਗੋਂ ਇਹ ਤਾਂ ਇਸ ਵੱਖਰੀ ਕਿਸਮ ਦੀ ਰੇਸ ਵਿੱਚ ਸ਼ਮੂਲੀਅਤ ਕਰਨ ਦੀ ਹੈ ਜੋ ਵੱਖ-ਵੱਖ-ਕਮਿਊਨਿਟੀਆਂ ਦੇ ਹਜ਼ਾਰਾਂ ਲੋਕਾਂ ਵੱਲੋਂ ਕੀਤੀ ਗਈ, ਜਿਨ੍ਹਾਂ ਵਿੱਚ ਗੋਰੇ, ਕਾਲ਼ੇ, ਨੀਲੇ, ਪੀਲੇ, ਭੂਰੇ, ਚੀਨੇ, ਫ਼ੀਨੇ ਸਭ ਸ਼ਾਮਲ ਸਨ। ਟੀਪੀਏਆਰ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਵੱਲੋਂ ਇਸ ਈਵੈਂਟ ਨੂੰ ਸਫ਼ਲ ਬਨਾਉਣ ਲਈ ਪੀਲ ਰੀਜਨ ਪੋਲੀਸ ਦੇ ਪ੍ਰਬੰਧਕਾਂ ਤੇ ਟੀਪੀਏਆਰ ਕਲੱਬ ਦੇ ਸਮੂਹ ਮੈਂਬਰਾਂ ਦਾ ਹਾਦਿਕ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੀਲ ਰੀਜਨ ਪੋਲੀਸ ਦਾ ਇਹ ਬਹੁਤ ਹੀ ਵਧੀਆ ਉਪਰਾਲਾ ਹੈ ਜਿਸ ਦੇ ਲਈ ਉਹ ਸੱਚਮੁੱਚ ਵਧਾਈ ਦੀ ਹੱਕਦਾਰ ਹੈ। ਇਸ ਈਵੈਂਟ ਵਿੱਚ ਪ੍ਰਬੰਧਕਾਂ ਵੱਲੋਂ ਖਾਣ-ਪੀਣ ਦੀ ਵੱਖ-ਵੱਖ ਤਰ੍ਹਾਂ ਦੀਆਂ ਵਸਤਾਂ, ਫ਼ਲ-ਫਰੂਟ ਤੇ ਸ਼ਾਨਦਾਰ ਲੰਚ ਦਾ ਬੜਾ ਸ਼ਾਨਦਾਰ ਪ੍ਰਬੰਧ ਕੀਤਾ ਗਿਆ।














# ਇਪਸਾ ਵੱਲੋਂ ਕਰਵਾਏ ਕਵੀ ਦਰਬਾਰ ਦੌਰਾਨ 'ਮੌਜੂਦਾ ਸਮੇਂ ਦਾ ਸੱਚ' ਅਤੇ 'ਹਰਫ ਬੋਲਦੇ ਰਹਿਣਗੇ' ਕਿਤਾਬਾਂ ਲੋਕ ਅਰਪਣ










ਪੰਜਾਬੀ ਸਾਹਿਤ ਅਕਾਦਮੀ ਆਫ ਆਸਟਰੇਲੀਆ (ਇਪਸਾ) ਵੱਲੋਂ 8 ਜੂਨ ਨੂੰ ਆਪਣਾ ਸਾਲਾਨਾ ਸਮਾਗਮ ਸੂਬੇ ਦੇ ਸਦਰ ਮਕਾਮ ਬ੍ਰਿਸਬੇਨ ਵਿਖੇ ਕਰਵਾਇਆ ਗਿਆ। ਸਥਾਨਕ ਇੰਡੋਜ ਪੰਜਾਬੀ ਲਾਇਬ੍ਰੇਰੀ ਇਨਾਲਾ ਵਿਖੇ ਇਪਸਾ ਦੇ ਇਸ ਸਾਲਾਨਾ ਪ੍ਰੋਗਰਾਮ ਦੀ ਸ਼ੁਰੂਆਤ ਸਰਬਜੀਤ ਸੋਹੀ ਦੇ ਮੰਚ ਸੰਚਾਲਨ ਨਾਲ ਸ਼ੁਰੂ ਹੋਈ, ਜਿਸ ਵਿੱਚ ਆਏ ਮਹਿਮਾਨਾਂ ਅਤੇ ਸਰੋਤਿਆਂ ਨਾਲ ਉਹਨਾਂ ਇਪਸਾ ਦੇ ਪੰਜਾਂ ਵਿੰਗਾਂ (ਖੇਡਾਂ 'ਇਨਡੋਰ, ਖੇਡਾਂ 'ਆਊਟਡੋਰ, ਸਾਹਿਤ, ਸੰਗੀਤ, ਅਤੇ ਸਭਿਆਚਾਰ ) ਨਾਲ ਸਬੰਧਤ ਸਰਗਰਮੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਹਨਾਂ ਦੱਸਿਆ ਕਿ ਇਪਸਾ ਦੀਆਂ ਉਪਰੋਕਤ ਪੰਜ ਅਕਾਦਮੀਆਂ ਦਾ ਇਸ ਸਾਲ ਦਾ ਬਜਟ 1 ਲੱਖ ਡਾਲਰ ਤੀਕ ਪਹੁੰਚਣ ਦਾ ਅਨੁਮਾਨ ਹੈ। ਪ੍ਰਧਾਨ ਰਛਪਾਲ ਸਿੰਘ ਹੇਅਰ, ਸਪੋਰਟਸ ਡਾਇਰੈਕਟਰ ਬਲਦੇਵ ਸਿੰਘ ਨਿੱਜਰ, ਸੀਨੀਅਰ ਮੀਤ ਪ੍ਰਧਾਨ ਮਨਜੀਤ ਬੋਪਾਰਾਏ ਵੱਲੋਂ ਇਸ ਸੰਸਥਾ ਲਈ ਨਿਭਾਏ ਅਣਥੱਕ ਯਤਨਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਪਸਾ ਦੇ ਮੌਜੂਦਾ ਪ੍ਰਧਾਨ ਰੁਪਿੰਦਰ ਸੋਜ਼ ਨੇ ਅਗਲੇ ਭਾਗ ਦਾ ਮੰਚ ਸੰਭਾਲਦਿਆਂ, ਹਿੰਦੀ ਦੀ ਸ਼ਾਇਰਾ ਸੋਮਿਆ, ਉਰਦੂ ਦੇ ਸ਼ਾਇਰ ਡਾ. ਅਬੂ ਬਕਰ, ਪੰਜਾਬੀ ਗੀਤਕਾਰ ਹਰਬੰਸ ਮਾਲਵਾ ਨੂੰ ਸਰੋਤਿਆਂ ਦੇ ਸਨਮੁੱਖ ਕੀਤਾ ਜਿਹਨਾਂ ਨੂੰ ਇਪਸਾ ਵੱਲੋਂ ਵਿਸ਼ੇਸ਼ ਅਵਾਰਡ ਆਫ ਆਨਰ ਦਿੱਤਾ ਗਿਆ। ਇਪਸਾ ਦੇ ਪਹਿਲੇ ਪ੍ਰਧਾਨ ਜਰਨੈਲ ਬਾਸੀ, ਇੰਡੋਜ ਲਾਇਬ੍ਰੇਰੀ ਦੇ ਇੰਚਾਰਜ ਦਲਵੀਰ ਹਲਵਾਰਵੀ, ਪਰਿਵਾਰਕ ਸਰਗਰਮੀਆਂ ਰਚਾਉਣ ਵਾਲੇ ਪ੍ਰੀਤਮ ਝੱਜ, ਇਪਸਾ ਦੀ ਨੀਹ ਰੱਖਣ ਵਾਲੇ ਪਾਲ ਰਾਉਂਕੇ, ਸਪੋਰਟਸ ਮੋਢੀ ਜਸਪਾਲ ਸੰਘੇੜਾ ਨੂੰ ਇੰਡੋਜ ਆਈਕੋਨ ਐਵਾਰਡ ਨਾਲ ਨਿਵਾਜਿਆ ਗਿਆ। ਇਪਸਾ ਦੇ ਵੱਖ ਵੱਖ ਵਿੰਗਾਂ ਦੇ ਸਕੱਤਰਾਂ ਗੁਰਵਿੰਦਰ ਖੱਟੜਾ, ਗੁਰਜੀਤ ਬਾਰੀਆ, ਸਰਬਜੀਤ ਸੋਹੀ, ਜਸਪਾਲ ਸੰਘੇੜਾ, ਕਮਲਦੀਪ ਬਾਜਵਾ, ਨੂੰ ਉਹਨਾਂ ਦੀ ਅਕਾਦਮੀ ਦੇ ਇਨਸਿਗਨੀਆ ਨਾਲ ਸਨਮਾਨਿਆ ਗਿਆ।

ਅਗਲੇ ਦੌਰ ਵਿੱਚ ਪੰਜਾਬ ਤੋਂ ਆਏ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਦੋ ਆਗੂਆਂ ਜੋਗਿੰਦਰ ਕੁਲੇਵਾਲ ਅਤੇ ਜਸਵੰਤ ਜ਼ੀਰਖ ਨੇ ਸੰਬੋਧਨ ਕਰਦਿਆਂ ਇਸ ਸੰਸਥਾ (ਇਪਸਾ) ਦੀਆਂ ਸ਼ਾਨਾ ਮੱਤੀਆਂ ਪ੍ਰਾਪਤੀਆਂ ਦੀ ਪ੍ਰਸੰਸਾ ਕੀਤੀ। ਉਹਨਾਂ ਤਰਕਸ਼ੀਲ ਵਿਚਾਰਾਂ ਦੇ ਹਵਾਲਿਆਂ ਰਾਹੀਂ ਤਰਕਸ਼ੀਲ ਸੁਸਾਇਟੀ ਵੱਲੋਂ ਪੰਜਾਬ ਵਿੱਚੋਂ ਅੰਧਵਿਸ਼ਵਾਸਾਂ ਦਾ ਖਾਤਮਾਂ ਕਰਨ ਅਤੇ ਸਮਾਜ ਵਿੱਚ ਉਸਾਰੂ ਕਦਰਾਂ ਕੀਮਤਾਂ ਲਾਗੂ ਕਰਕੇ ਬਰਾਬਰੀ 'ਤੇ ਅਧਾਰਤ ਸਮਾਜ ਦੀ ਸਿਰਜਣਾ ਕਰਨ ਲਈ ਨਿਭਾਏ ਜਾ ਰਹੇ ਰੋਲ ਬਾਰੇ ਵਿਚਾਰ ਸਾਂਝੇ ਕੀਤੇ। ਜਸਵੰਤ ਜ਼ੀਰਖ ਨੇ ਆਪਣੀ ਪਲੇਠੀ ਕਿਤਾਬ 'ਮੌਜੂਦਾ ਸਮੇਂ ਦਾ ਸੱਚ' ਬਾਰੇ ਵਿਆਖਿਆ ਕਰਦਿਆਂ ਇਸ ਕਿਤਾਬ ਰਾਹੀਂ ਸਰਕਾਰਾਂ ਅਤੇ ਧਰਮਾਂ ਦੇ ਪਰਦੇ ਹੇਠ ਅੰਧਵਿਸ਼ਵਾਸ ਪਰੋਸ ਰਹੇ ਬਾਬਿਆਂ ਦੇ ਗਠਜੋੜ ਨੂੰ ਨੰਗਾ ਕਰਦੇ ਲੇਖਾਂ ਬਾਰੇ ਸਪਸ਼ਟ ਕੀਤਾ। ਉਹਨਾਂ ਲੁਧਿਆਣਾ ਵਿਖੇ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਨੂੰ ਲੋਕਪੱਖੀ ਗਤੀਵਿਧੀਆਂ ਦੇ ਕੇਂਦਰ ਵੱਲੋਂ ਉਭਾਰਨ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਉੱਥੇ ਚੱਲ ਰਹੇ ਵੱਖ ਵੱਖ ਵੰਨਗੀਆਂ ਦੇ ਸਮਾਗਮਾਂ ਰਾਹੀਂ ਲੋਕਾਂ ਨੂੰ ਚੇਤਨ ਕਰਨ ਦੇ ਉਪਰਾਲਿਆਂ ਦਾ ਜ਼ਿਕਰ ਕੀਤਾ। ਲੇਖਕ ਬਲਵੰਤ ਸਾਨੀਪੁਰ ਜੀ ਨੇ ਵੀ ਸੰਬੋਧਨ ਕਰਦਿਆਂ ਕਈ ਸੰਜੀਦਾ ਮਸਲਿਆਂ ਬਾਰੇ ਭਾਵਪੂਰਤ ਟਿੱਪਣੀਆਂ ਕੀਤੀਆਂ ਅਤੇ ਆਪਣੀ ਕਵਿਤਾ ਰਾਹੀਂ ਵਿਚਾਰਾਂ ਦੀ ਸਾਂਝ ਪਾਈ। ਲੇਖਿਕਾ ਅਤੇ ਸਭਿਆਚਾਰਿਕ ਹਸਥੀ ਰਮਨ ਸੇਖੋਂ, ਡਾ. ਗੁਰਚਰਨ ਗਿੱਲ ਨੇ ਵੀ ਵਿਚਾਰ ਸਾਂਝੇ ਕੀਤੇ ਜਿਹਨਾਂ ਨੂੰ ਵਿਸ਼ੇਸ਼ ਐਵਾਰਡ ਆਫ ਆਨਰ ਨਾਲ ਸਨਮਾਨਿਤ ਕੀਤਾ ਗਿਆ। ਤਰਕਸ਼ੀਲ ਆਗੂ ਜੋਗਿੰਦਰ ਕੁੱਲੇਵਾਲ ਦੀ ਪਹਿਲੀ ਫੇਰੀ 'ਤੇ ਉਹਨਾਂ ਨੂੰ ਵਿਸ਼ੇਸ਼ ਸਨਮਾਨ ਚਿੰਨ੍ਹ ਰਾਹੀਂ ਸਨਮਾਨਿਤ ਕੀਤਾ ਗਿਆ। ਪਾਕਿਸਤਾਨੀ ਸ਼ਾਇਰਾ ਨੋਸ਼ੀ ਗਿਲਾਨੀ ਨੇ ਆਪਣੇ ਖ਼ਾਵੰਦ ਪਤੀ ਸਈਅਦ ਖ਼ਾਨ ਨੇ ਆਪਣੀਆਂ ਨਜ਼ਮਾਂ ਰਾਹੀਂ ਸਿਰਕਤ ਕੀਤੀ ਜਿਹਨਾਂ ਨੂੰ ਇਪਸਾ ਲਿਟਰੇਚਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਅੰਤ ਵਿੱਚ ਉਪਰੋਕਤ ਕਿਤਾਬਾਂ ਜਿਹਨਾਂ ਵਿੱਚ ਜਸਵੰਤ ਜ਼ੀਰਖ ਦੀ 'ਮੌਜੂਦਾ ਸਮੇਂਦਾ ਸੱਚ' ਲੇਖ ਸੰਗ੍ਰਹਿ ਅਤੇ ਬਲਵੰਤ ਸਾਨੀਪੁਰ ਦੀ 'ਹਰਫ ਬੋਲਦੇ ਰਹਿਣਗੇ' ਕਾਵਿ ਸੰਗ੍ਰਹਿ ਲੋਕ ਅਰਪਣ ਕੀਤੀਆਂ ਗਈਆਂ।

ਇਸ ਮੌਕੇ ਬਿਕਰਮ ਸਿੰਘ ਚੰਦੀ, ਚਰਨਜੀਤ ਕਾਹਲੋਂ, ਰਾਜਦੀਪ ਸਿੰਘ ਲਾਲੀ, ਗੁਰਜੀਤ ਉੱਪਲ, ਪ੍ਰੀਤ ਸਰਗਮ, ਤਜਿੰਦਰ ਭੰਗੂ, ਹਰਭਜਨ ਲਾਲ, ਆਤਮਾ ਸਿੰਘ ਹੇਅਰ, ਨਛੱਤਰ ਕੁਲਾਰ, ਅਮਨਪ੍ਰੀਤ ਟੱਲੇਵਾਲ, ਰੋਮਨ ਬਾਜਵਾ ਆਦਿ ਨਾਮਵਰ ਚਿਹਰੇ ਸ਼ਾਮਲ ਸਨ।

# ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਵੱਲੋਂ ਬਾਲ ਸਿਰਜਣਾ ਕੈਂਪ










ਲੁਧਿਆਣਾ (ਜਸਵੰਤ ਜ਼ੀਰਖ) : ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਵੱਲੋਂ ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰੱਸਟ ਦੇ ਬਾਨੀ ਪ੍ਰਧਾਨ ਮਰਹੂਮ ਲੈਫ. ਕਰਨਲ ਜਗਦੀਸ਼ ਸਿੰਘ ਬਰਾੜ ਨੂੰ ਸਮਰਪਿਤ ਬਾਲ ਸਿਰਜਣਾਤਮਕ ਕੈਂਪ ਸਫਲਤਾਪੂਰਵਕ ਸੰਪੂਰਨ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ, ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ 9 ਤੋਂ 15 ਜੂਨ ਤੱਕ ਬਾਲ ਸਿਰਜਣਾਤਮਕ ਕੈਂਪ ਲਗਾਇਆ ਗਿਆ। ਅਖੀਰਲੇ ਦਿਨ ਸ਼ਾਮ ਨੂੰ ਬੱਚਿਆਂ ਨੇ ਇਸ ਕੈਂਪ ਦੌਰਾਨ ਸਿੱਖੀ ਕਲਾ ਦਾ ਯਾਦਗਾਰ ਦੇ ਮੰਚ ਤੇ ਸੈਂਕੜੇ ਦਰਸ਼ਕਾਂ-ਮਾਪਿਆਂ ਸਾਹਮਣੇ ਪ੍ਰਦਰਸ਼ਨ ਕੀਤਾ ਅਤੇ ਬੱਚਿਆਂ ਵੱਲੋਂ ਬਣਾਈ ਗਈ ਚਿੱਤਰਕਾਰੀ ਅਤੇ ਮਿੱਟੀ ਦੇ ਖਿਡੌਣਿਆਂ ਦੀ ਪ੍ਰਦਰਸ਼ਨੀ ਲਗਾਈ ਗਈ। ਪ੍ਰੋਗਰਾਮ ਦੀ ਸ਼ੁਰੂਆਤ ਮਹਾਂ ਸਭਾ ਦੇ ਪ੍ਰਧਾਨ ਬਾਪੂ ਬਲਕੌਰ ਸਿੰਘ ਗਿੱਲ ਨੇ ਸੰਬੋਧਨ ਕਰਕੇ ਕੀਤੀ। ਉਹਨਾਂ ਬੱਚਿਆਂ ਦੀਆਂ ਉਸਾਰੂ ਰੁਚੀਆਂ ਨੂੰ ਪ੍ਰਫੁੱਲਤ ਕਰਨ ਲਈ ਅਜਿਹੇ ਕੈਂਪਾਂ ਦੇ ਮਹੱਤਵ ਪੂਰਨ ਰੋਲ ਬਾਰੇ ਆਪਣੇ ਤਜਰਬੇ ਸਾਂਝੇ ਕੀਤੇ।

ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਦੇ ਪ੍ਰਧਾਨ ਐਡਵੋਕੇਟ ਹਰਪ੍ਰੀਤ ਜ਼ੀਰਖ ਅਤੇ ਜਨਰਲ ਸਕੱਤਰ ਰਾਕੇਸ਼ ਆਜ਼ਾਦ ਨੇ ਦੱਸਿਆ ਕਿ ਇਹ ਕੈਂਪ ਬੱਚਿਆਂ ਦੇ ਸਰਵਪੱਖੀ ਵਿਕਾਸ ਨੂੰ ਧਿਆਨ ਵਿੱਚ ਰੱਖਦਿਆਂ ਲਗਾਇਆ ਗਿਆ ਸੀ। ਜਿਸ ਵਿੱਚ ਬੱਚਿਆਂ ਨੇ ਨਾਟਕ, ਕੋਰਿਓਗ੍ਰਾਫੀ, ਕਵਿਤਾ/ਗੀਤ ਗਾਇਨ, ਸੁੰਦਰ ਲਿਖਾਈ, ਮਿੱਟੀ ਦੇ ਖਿਡੌਣੇ, ਭੰਗੜਾ ਅਤੇ ਵਿਗਿਆਨਕ ਚੇਤਨਾ ਬਾਰੇ ਸਿਖਲਾਈ ਪ੍ਰਾਪਤ ਕੀਤੀ। ਮਾਂ ਬੋਲੀ ਦੀ ਮਹੱਤਤਾ, ਦੇਸ਼ ਭਗਤੀ ਅਤੇ ਯੁੱਧ ਦੇ ਲੋਕਾਂ ਤੇ ਪੈਂਦੇ ਮਾੜੇ ਪ੍ਰਭਾਵਾਂ ਨੂੰ ਵਿਖਾਉਂਦਿਆਂ ਕੋਰਿਓਗ੍ਰਾਫੀ ਅਤੇ ਨਾਟਕ ਰਾਹੀਂ ਪੇਸ਼ ਕੀਤਾ ਗਿਆ। ਬੱਚਿਆਂ ਨੂੰ ਜਾਤ-ਪਾਤ, ਰੰਗ, ਧਰਮ, ਨਸਲ ਆਦਿ ਦੇ ਵਿਤਕਰੇ ਤੋਂ ਉੱਪਰ ਉੱਠ ਕੇ ਚੰਗੇ ਸਮਾਜ ਲਈ ਸਾਂਝੇ ਕਾਰਜ ਕਰਨ ਲਈ ਪ੍ਰੇਰਿਤ ਕੀਤਾ ਗਿਆ। ਬੱਚਿਆਂ ਨੂੰ ਪੌਸ਼ਟਿਕ ਭੋਜਨ ਖਾਣ ਅਤੇ ਬਜ਼ਾਰੂ ਭੋਜਨ ਨੂਡਲ, ਬਰਗਰ, ਪੀਜ਼ਾ ਆਦਿ ਤੋਂ ਦੂਰ ਰਹਿਣ ਨੂੰ ਅਤੇ ਮੋਬਾਇਲ ਦੀ ਵਰਤੋਂ ਤੋਂ ਦੂਰ ਰਹਿ ਕੇ ਹੋਰ ਰਵਾਇਤੀ ਖੇਡਾਂ ਖੇਡਣ ਲਈ ਪ੍ਰੇਰਿਆ ਗਿਆ। ਅਖੀਰਲੇ ਦਿਨ ਬੱਚਿਆਂ ਨੇ ਆਪਣੇ ਮਾਪਿਆਂ ਸਾਹਮਣੇ ਕੈਂਪ ਦੌਰਾਨ ਸਿੱਖੀ ਕਲਾ ਦਾ ਅਤੇ ਆਪਣੇ ਤਜਰਬੇ ਮੰਚ ਤੋਂ ਸਾਂਝੇ ਕੀਤੇ। ਇਸ ਦੌਰਾਨ ਸ਼ਮਸ਼ੇਰ ਨੂਰਪੁਰੀ, ਗੁਰਇਕਬਾਕ ਸਿੰਘ ਅਤੇ ਮੈਡਮ ਜਸਲੀਨ ਜਿਨ੍ਹਾਂ ਨੇ ਬੱਚਿਆਂ ਦੀ ਸਿਖਲਾਈ ਲਈ ਸਮਾਂ ਕੱਢਿਆ ਨੂੰ ਨੌਜਵਾਨ ਸਭਾ ਅਤੇ ਟਰੱਸਟ ਵੱਲੋਂ ਸਨਮਾਨਿਤ ਕੀਤਾ ਗਿਆ। ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਆਗੂ ਕਸਤੂਰੀ ਲਾਲ, ਤਰਕਸ਼ੀਲ ਆਗੂ ਬਲਵਿੰਦਰ ਲਾਲਬਾਗ, ਜਮਹੂਰੀ ਅਧਿਕਾਰ ਸਭਾ ਦੇ ਆਗੂ ਡਾ. ਹਰਬੰਸ ਗਰੇਵਾਲ, ਇਸਤਰੀ ਜਾਗ੍ਰਿਤੀ ਮੰਚ ਦੀ ਸੂਬਾ ਆਗੂ ਜਸਵੀਰ ਕੌਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਅਖੀਰ ਵਿੱਚ ਕੈਂਪ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਸਰਟੀਫਿਕੇਟ ਅਤੇ ਕਿਤਾਬਾਂ ਵੰਡ ਕੇ ਸਨਮਾਨਿਤ ਕੀਤਾ ਗਿਆ। ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰਸਟ ਵੱਲੋਂ ਇਸ ਯਾਦਗਾਰ ਨੂੰ ਲੋਕ ਚੇਤਨਾ ਫੈਲਾਉਣ ਦੇ ਮੰਤਵ ਲਈ ਸਥਾਪਤ ਕਰਨ ਦੇ ਯਤਨ ਲਗਾਤਾਰ ਇਸ ਯਾਦਗਾਰ ਤੋਂ ਜਾਰੀ ਹਨ। ਇਨ੍ਹਾਂ ਤੋ ਇਲਾਵਾ ਪ੍ਰਤਾਪ ਸਿੰਘ, ਮੀਨੂੰ ਸ਼ਰਮਾ, ਤਜਿੰਦਰ ਕੁਮਾਰ, ਕੁਲਵਿੰਦਰ ਸਿੰਘ, ਮਹੇਸ਼ ਕੁਮਾਰ, ਗੁਰਗੀਤ, ਨੀਲ, ਮਾਨ ਸਿੰਘ, ਸੰਦੀਪ ਕੌਰ ਆਦਿ ਨੇ ਹਾਜ਼ਰ ਰਹਿ ਕੇ ਪ੍ਰੋਗਰਾਮ ਦੌਰਾਨ ਵਲੰਟੀਅਰ ਡਿਊਟੀਆਂ ਨਿਭਾਈਆਂ।

## Galaxy Kitchen Cabinets Ltd.
Residential & Commercial



- Custom Cabinets • Countertops
- Vanities Bars • Entertainment Units

Call for Free Estimate :
Sarbjit S. Mangat
778-549-4740

# 12-13325 - 76 Ave. Surrey BC V2W 2V8 | F: 604-503-0058

## Hans
Demolition & Excavating




* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract

Free Estimates

Ph : 604-240-8002
or : 604-250-3834


3822 Marine Way
Burnaby, B.C. V5J 3H4



## THE HARP GREWAL REAL ESTATE TEAM
ਹਰਪ ਗਰੇਵਾਲ

416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca

HOMELIFE SILVERCITY
REALTY INC. BROKERAGE
HIGHER STANDARDS



## Baljinder Singh
Graphic Designer

All types of Newspaper Advts. Newspaper Planning, Designing of Catalogues, Brochures etc.

ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ

+91-92167-29598

E-mail : akashdeep.1064@gmail.com | baljinderpta1@gmail.com

Trust Your Memories to the Professionals

## Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.



*We can Also Arrange*
*Decoration*
*Party Rentals*

Customer satisfaction is our pride!

| VIDEO | PHOTOGRAPHY | MUSIC |
|---|---|---|
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762 or 29 DREAM (37326)
Special Packages Available For All Occasions in Calgary



## Punjabi Rang Radio
CHLO AM530
(TORONTO)
11PM-12AM
(SATURDAY)



Producer/Host
Chamkaur Singh Phulewala
Email punjabirang13@hotmail.com
Cell : 416 662 1313

## ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com



202-895 Lawrence Ave E, North York, ON M3C 3L2

## Hiring Drivers/Owners/Operators
GALAXY Frightline inc.

We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

We Require:
* 2 Years Experience
* Clean Current Abstract
* Ability to Cross Border
* Positive, Professional Attitude

For:
* GTA
* ON-QC
* ON-MB-AB-BC
* USA

SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2


# ਐਮਰਜੈਂਸੀ ਦੇ 50 ਸਾਲ : ਜਮਹੂਰੀ ਅਧਿਕਾਰ ਸਭਾ ਇਕਾਈ ਸੰਗਰੂਰ ਵੱਲੋਂ ਜਬਰ ਵਿਰੋਧੀ ਕਨਵੈਨਸ਼ਨ






ਸੰਗਰੂਰ, (ਬਲਜਿੰਦਰ ਸਿੰਘ ਪਟਿਆਲਾ) : ਜਮਹੂਰੀ ਅਧਿਕਾਰ ਸਭਾ ਇਕਾਈ ਸੰਗਰੂਰ ਵੱਲੋਂ ਸਥਾਨਕ ਅਗਰਵਾਲ ਧਰਮਸ਼ਾਲਾ ਵਿਖੇ ਦੇਸ਼ ਵਿੱਚ ਲੱਗੀ ਐਮਰਜੈਂਸੀ ਦੀ 50 ਸਾਲਾ ਵਰ੍ਹੇਗੰਢ ਨੂੰ ਸਮਰਪਿਤ ਜਬਰ ਵਿਰੋਧੀ ਕਨਵੈਨਸ਼ਨ ਦਾ ਆਯੋਜਨ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਮੁੱਖ ਬੁਲਾਰਿਆਂ ਤੋਂ ਇਲਾਵਾ ਮਨਧੀਰ ਸਿੰਘ ਰਾਜੋਮਾਜਰਾ, ਜ਼ਿਲ੍ਹਾ ਪ੍ਰਧਾਨ ਜਗਜੀਤ ਭੁਟਾਲ, ਬਸੇਸਰ ਰਾਮ ਸ਼ਾਮਿਲ ਹੋਏ। ਕਨਵੈਨਸ਼ਨ ਦੇ ਸ਼ੁਰੂਆਤੀ ਸੈਸਨ ਵਿੱਚ ਬਸ਼ੇਸ਼ਰ ਰਾਮ ਵੱਲੋਂ ਸਾਰੇ ਸ਼ਾਮਲ ਲੋਕ ਪੱਖੀ, ਮਨੁੱਖੀ ਅਧਿਕਾਰਾਂ ਅਤੇ ਵੱਖ ਵੱਖ ਜਥੇਬੰਦੀਆਂ ਦੇ ਕਾਰਕੁੰਨਾਂ ਨੂੰ ਜੀ ਆਇਆਂ ਕਿਹਾ ਗਿਆ ਅਤੇ ਮੌਜੂਦਾ ਹਾਲਾਤਾਂ ਵਾਰੇ ਗੱਲਬਾਤ ਕੀਤੀ। ਕਨਵੈਨਸ਼ਨ ਦੇ ਮੁੱਖ ਬੁਲਾਰੇ ਦੇ ਤੌਰ ’ਤੇ ਪਹੁੰਚੀ ਦਿੱਲੀ ਯੂਨੀਵਰਸਿਟੀ ਦੀ ਪ੍ਰੋਫੈਸਰ ਨੰਦਿਤਾ ਨਰੈਣ ਨੇ ਕੇਂਦਰੀ ਹਾਕਮਾਂ ਵੱਲੋਂ ਦੇਸ਼ ਦੇ ਜਲ, ਜੰਗਲ, ਜ਼ਮੀਨ ਅਤੇ ਜੰਗਲਾਂ ਵਿੱਚ ਪਏ ਬੇਸਕੀਮਤੀ ਖਣਿਜ ਪਦਾਰਥਾਂ ਨੂੰ ਵਿਕਾਸ ਦੇ ਨਾਂ ਤੇ ਕਾਰਪੋਰੇਟ ਘਰਾਣਿਆਂ ਅਤੇ ਸਾਮਰਾਜੀ ਤਾਕਤਾਂ ਨੂੰ ਸੌਂਪਣ ਲਈ ਦਿਖਾਈ ਜਾ ਰਹੀ ਤੇਜੀ ਤੇ ਖੁੱਲ ਕੇ ਚਰਚਾ ਕੀਤੀ, ਉਹਨਾਂ ਮੁਲਕ ਵਿੱਚ ਲੋਕਾਂ ਨੂੰ ਧਰਮਾਂ, ਜਾਤਾਂ, ਖਿਤਿਆਂ ਵਿੱਚ ਵੰਡ ਕੇ ਹਿੰਦੂਤਵ ਰੰਗ ਵਿੱਚ ਰੰਗਣ ਅਤੇ ਘੱਟ ਗਿਣਤੀਆਂ, ਦਲਿਤਾਂ, ਆਦਿ ਵਾਸੀਆਂ ਤੇ ਕੀਤੇ ਜਾ ਰਹੇ ਅੰਨੇ ਤਸੱਦਦ, ਸਿੱਖਿਆ ਦੇ ਭਗਵੇਂਕਰਨ ਅਤੇ ਇਤਿਹਾਸ ਨੂੰ ਆਪਣੇ ਮੁਤਾਬਕ ਬਦਲਣ ਤੇ ਗੰਭੀਰਤਾ ਅਤੇ ਬਰੀਕੀ ਨਾਲ ਚਾਨਣਾ ਪਾਇਆ। ਦੂਸਰੇ ਬੁਲਾਰੇ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਵਿੱਤ ਸਕੱਤਰ ਤਰਸੇਮ ਲਾਲ ਨੇ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਤੇ ਚਰਚਾ ਕਰਦਿਆਂ ਪੰਜਾਬ ਦੀ ਆਮ ਆਦਮੀ ਵੱਲੋਂ ਸੂਬੇ ਵਿੱਚ ਬਲਡੋਜ਼ਰ ਕਲਚਰ, ਝੂਠੇ ਪੁਲਿਸ ਮੁਕਾਬਲੇ, ਪੁਲਿਸ ਹਿਰਾਸਤ ਮੌਤਾਂ, ਲੋਕ ਸੰਘਰਸ਼ਾਂ ਨੂੰ ਦਬਾਉਣ ਲਈ ਕੀਤੇ ਜਾ ਰਹੇ ਅਣਮਨੁੱਖੀ ਜਬਰ ਕਰਕੇ ਲੋਕਤੰਤਰ ਦੇ ਕੀਤੇ ਜਾ ਰਹੇ ਘਾਣ ਅਤੇ ਸੂਬੇ ਨੂੰ ਪੁਲਿਸ ਰਾਜ ਵਿੱਚ ਤਬਦੀਲ ਕਰਨ ਬਾਰੇ ਸੰਵਾਦ ਰਚਾਉਂਦਿਆਂ ਇਸ ਦਾ ਵਿਰੋਧ ਕਰਨ ਦਾ ਹੋਕਾ ਦਿਤਾ। ਇਸ ਮੌਕੇ ਅਜਮੇਰ ਅਕਲੀਆ, ਕੁਲਵਿੰਦਰ ਬੰਟੀ ਕੁਲਵੰਤ ਸਿੰਘ, ਹਰਭਗਵਾਨ ਗੁਰਨੇ, ਗੁਲਜਾਰ ਸੌਂਕੀ, ਪ੍ਰਿੰਸੀਪਲ ਇਕਬਾਲ ਸਿੰਘ, ਮੇਜਰ ਉੱਪਲੀ ਵੱਲੋਂ ਲੋਕ ਪੱਖੀ ਅਤੇ ਇਨਕਲਾਬੀ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਅੰਤ ਤੇ ਜ਼ਿਲ੍ਹਾ ਪ੍ਰਧਾਨ ਜਗਜੀਤ ਭੁਟਾਲ ਨੇ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਮਨਧੀਰ ਸਿੰਘ ਰਾਜੋਮਾਜਰਾ ਵੱਲੋ ਇਸਰਾਇਲ ਵੱਲੋਂ ਅਮਰੀਕਾ ਦੀ ਸ਼ਹਿ ਤੇ ਫਲਸਤੀਨ ਦੀ ਅਵਾਮ, ਬੱਚਿਆਂ, ਔਰਤਾਂ ਤੇ ਜ਼ੁਲਮ ਬੰਦ ਕਰਨ, ਇਰਾਨ ਤੇ ਥੋਪੀ ਅਮਰੀਕਾ ਦੀ ਸਹਿ ਤੇ ਜੰਗ ਬੰਦ ਕਰਨ, ਘੱਟ ਗਿਣਤੀਆਂ ਵਿਸ਼ੇਸ਼ ਤੌਰ ’ਤੇ ਮੁਸਲਮਾਨਾਂ, ਆਦਿਵਾਸੀਆਂ ਤੇ ਤਸ਼ੱਦਦ ਅਤੇ ਹਮਲੇ ਬੰਦ ਕਰਨ, ਆਸਾਮ ਅੰਦਰ ਬੰਗਲਾਦੇਸ਼ ਘੁਸਪੈਂਠ ਦਾ ਬਹਾਨਾ ਬਣਾ ਕੇ ਜਲਾਵਤਨੀ ਬੰਦ ਕਰਨ, ਸ਼ਹਿਰੀਕਰਨ ਦੇ ਨਾਂ ਤੇ ਕਿਸਾਨਾਂ ਦੀਆਂ ਜ਼ਮੀਨਾਂ ਤੇ ਕਬਜ਼ੇ ਕਰਨੇ ਬੰਦ ਕਰਨ, ਕਸ਼ਮੀਰ ਨੂੰ ਮੁਕੰਮਲ ਰਾਜ ਦਾ ਦਰਜਾ ਬਹਾਲ ਕਰਨ, ਜੰਗਲੀ ਪਹਾੜੀ ਖੇਤਰਾਂ ਵਿੱਚੋਂ ਖਣਿਜਾਂ ਨੂੰ ਕਾਰਪੋਰੇਟ ਸੈਕਟਰ ਨੂੰ ਸੌਂਪਣ ਨੂੰ ਬੰਦ ਕਰਨ, ਆਦਿਵਾਸੀਆਂ ਦਾ ਉਜਾੜਾ ਬੰਦ ਕਰਨ, ਜ਼ਮੀਨ ਪ੍ਰਾਪਤ ਸੰਘਰਸ਼ ਕਮੇਟੀ ਦੇ ਗ੍ਰਿਫਤਾਰ ਆਗੂਆਂ ਨੂੰ ਤੁਰੰਤ ਰਿਹਾ ਕਰਨ ਦੇ ਮਤੇ ਪੇਸ਼ ਕੀਤੇ ਗਏ ਜਿਨ੍ਹਾਂ ਨੂੰ ਹਾਊਸ ਵੱਲੋਂ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਮੰਚ ਸੰਚਾਲਨ ਕੁਲਦੀਪ ਸਿੰਘ, ਸਕੱਤਰ ਵੱਲੋਂ ਬਾਖੂਬੀ ਕੀਤਾ ਗਿਆ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਰੋਹੀ ਸਿੰਘ ਮੰਗਵਾਲ, ਕਿਰਤੀ ਕਿਸਾਨ ਯੂਨੀਅਨ ਦੇ ਭੁਪਿੰਦਰ ਲੌਂਗੋਵਾਲ, ਕੇਂਦਰੀ ਲਿਖਾਰੀ ਸਭਾ ਦੇ ਪਵਨ ਹਰਚੰਦ ਪੁਰੀ, ਭਾਰਤੀ ਕਿਸਾਨ ਯੂਨੀਅਨ (ਆਜ਼ਾਦ) ਦੇ ਜਸਵੀਰ ਮੈਦੇਵਾਸ, ਦੇਸ਼ ਭਗਤ ਯਾਦਗਾਰ ਦੇ ਬਲਬੀਰ ਲੌਂਗੋਵਾਲ, ਤਰਕਸ਼ੀਲ ਸੁਸਾਇਟੀ ਦੇ ਸੀਤਾ ਰਾਮ, ਲਾਭ ਸਿੰਘ ਛਾਜਲਾ, ਸੁਰਿੰਦਰ ਉੱਪਲੀ, ਵਿਸਵਕਾਂਤ ਸੁਨਾਮ, ਲੋਕ ਆਗੂ ਭਜਨ ਰੰਗੀਆਂ, ਜਗਦੇਵ ਸੰਗਰੂਰ, ਲੋਕ ਮੋਰਚਾ ਦੇ ਦਰਸ਼ਨ ਸਿੰਘ, ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਦਿਗਵਿਜੇ ਸੰਬੰਧਤ) ਦੇ ਹਰਭਗਵਾਨ ਗੁਰਨੇ, ਜਸਵੀਰ ਨਮੋਲ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਦੇ ਸੁੱਖਵਿੰਦਰ ਗਿਰ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਹਮੀਰ ਬੇਨੜਾ, ਪੀ ਐਸ ਯੂ ਦੇ ਸੁਖਦੀਪ ਹੱਥਨ, ਕਮਲਜੀਤ ਕੌਰ, ਅਦਾਰਾ ਬਿਗਲ ਦੇ ਚਰਨਜੀਤ ਪਟਵਾਰੀ, ਜ਼ਮੀਨ ਪ੍ਰਾਪਤ ਸੰਘਰਸ਼ ਕਮੇਟੀ ਦੇ ਸੁੱਖਵਿੰਦਰ ਸਿੰਘ ਬੈਟੜਿਆਣਾ, ਜਮਹੂਰੀ ਕਿਸਾਨ ਸਭਾ ਦੇ ਗੁਰਵਿੰਦਰ ਮੰਗਵਾਲ, ਕਾਮਰੇਡ ਗੁਲਜਾਰਾ ਭੱਠਲ ਯਾਦਗਾਰ ਦੇ ਮੋਹਿੰਦਰ ਭੱਠਲ, ਏਐਨਐਮ ਵਰਕਰ ਯੂਨੀਅਨ ਦੀ ਸੁਸ਼ਮਾ ਅਰੋੜਾ, ਆਈਡੀਪੀ ਦੇ ਫਲਜੀਤ ਸਿੰਘ, ਲੋਕ ਚੇਤਨਾ ਮੰਚ ਲਹਿਰਾ ਗਾਗਾ ਦੇ ਲਛਮਣ ਅਲੀਸ਼ੇਰ, ਜਗਦੀਸ਼ ਪਪੜਾ, ਲੋਕ ਆਗੂ ਕਾਮਰੇਡ ਬਚਿਤਰ ਦੁੱਗਾਂ, ਅਮਰੀਕ ਖੋਖਰ, ਕਾਮਰੇਡ ਭੂਰਾ ਸਿੰਘ ਦੁੱਗਾਂ, ਗੁਰਮੇਲ ਲੌਂਗੋਵਾਲ, ਹਰਪ੍ਰੀਤ ਕੌਰ, ਪ੍ਰਿੰਸੀਪਲ ਇਕਬਾਲ ਕੌਰ, ਕਾਮਰੇਡ ਜੀਵਨ ਸਿੰਘ ਆਦਿ ਆਗੂਆਂ ਤੋਂ ਇਲਾਵਾ ਸੈਂਕੜੇ ਜਮਹੂਰੀ ਅਤੇ ਲੋਕ ਪੱਖੀ ਕਾਰਕੁਨ ਹਾਜ਼ਰ ਸਨ।

# ਨਾਨਕ ਵੇਲ਼ਾ : ਪੱਛਮੀ ਚਿੰਤਨ ਦੇ ਪ੍ਰਸੰਗ ਵਿਚ ਗੁਰੂ ਨਾਨਕ ਦਾ ਦੌਰ

















ਪਟਿਆਲਾ, (ਬਲਜਿੰਦਰ ਸਿੰਘ ਪਟਿਆਲਾ) : ਫਰੈਂਡਜ਼ ਆਫ ਸੋਸ਼ਲਿਜਮ ਪਟਿਆਲਾ ਵਲੋਂ ਨਿਵੇਕਲੇ ਕਿਸਮ ਦੀ ਪੁਸਤਕ ‘ਨਾਨਕ ਵੇਲਾ’ ਉਪਰ ਵਿਚਾਰ ਅਤੇ ਗੋਸ਼ਟੀ ਦਾ ਆਯੋਜਨ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿਚ ਕੀਤਾ ਗਿਆ। ਜਿਸ ਵਿਚ 100 ਤੋਂ ਵੱਧ ਵੱਖ ਵੱਖ ਖੇਤਰਾਂ ਦੇ ਵਿਦਵਾਨਾਂ ਅਤੇ ਆਗੂਆਂ ਨੇ ਹਿੱਸਾ ਲਿਆ।

ਕਿਤਾਬ ਬਾਰੇ ਜਾਣਕਾਰੀ ਪ੍ਰਦਾਨ ਕਰਦਿਆਂ ਡਾ. ਕੁਲਦੀਪ ਸਿੰਘ ਨੇ ਕਿਹਾ ਕਿ ਜਿਸ ਕਿਸਮ ਦੀ ਸੰਸਥਾ ਫਰੈਂਡਜ਼ ਆਫ ਸੋਸ਼ਲਿਜਮ ਲੰਬੇ ਸਮੇਂ ਤੋਂ ਵਿਚਾਰਧਾਰਕ ਤੌਰ ’ਤੇ ਵੱਖ ਵੱਖ ਲਹਿਰਾਂ ਵਿਚ ਕਾਰਜਸ਼ੀਲ ਆਗੂਆਂ ਅਤੇ ਵਿਦਵਾਨਾਂ ਨੂੰ ਬੁਲਾ ਕੇ ਚਿੰਤਨ ਪ੍ਰਕਿਰਿਆ ਦਾ ਆਗਾਜ਼ ਕਰਦੀ ਰਹਿੰਦੀ ਹੈ ਉਸ ਲੜੀ ਤਹਿਤ ਕਲਾਕਾਰ ਤੋਂ ਵਿਦਵਾਨ ਬਣੇ ਡਾ. ਜਗਦੀਸ਼ ਪਾਪੜਾ ਦੀ ਪੁਸਤਕ ਜੋ ਕਿ 15ਵੀਂ ਅਤੇ 16ਵੀਂ ਸਦੀ ਜਿਸ ਨੂੰ ਪੁਨਰ ਜਾਗਰਤੀ ਦੀਆਂ ਸਦੀਆਂ ਵੀ ਕਿਹਾ ਜਾਂਦਾ ਹੈ ਉਸ ਦੌਰ ਵਿਚ ਵੱਖ ਵੱਖ ਖੇਤਰਾਂ ਵਿਸ਼ੇਸ਼ ਕਰਕੇ ਚਰਚ ਦੀ ਪ੍ਰਭੂਸੱਤਾ ਦੇ ਡਿੱਗਣ ਤੋਂ ਲੈ ਕੇ ਲੋਕਾਂ ਅੰਦਰ ਧਰਮ ਦੀ ਵਿਆਖਿਆ ਨੂੰ ਲੋਕ ਨਜ਼ਰੀਏ ਤੋਂ ਪੇਸ਼ ਕਰਨ ਵਾਲੇ ਮਾਰਟਨ ਲੂਥਰ ਅਤੇ ਨਵੀਆਂ ਲੱਭਤਾਂ ਵਿਗਿਆਨ ਦੇ ਖੇਤਰ ਕਰਨ ਵਾਲੇ ਕੌਪਰਨਿਕਸ ਆਦਿ ਦੇ ਨਾਲ ਨਾਲ ਗੁਰੂ ਨਾਨਕ ਦਾ ਜੋ ਸਮਾਜਿਕ ਦ੍ਰਿਸ਼ਟੀਕੋਣ ਵਿਕਸਿਤ ਹੋ ਰਿਹਾ ਸੀ ਇਨ੍ਹਾਂ ਦੇ ਸੁਮੇਲ ਨਾਲ ਜੋੜ ਕੇ ਬੌਧਿਕ ਪੱਧਰ ’ਤੇ ਲਿਖੀ ਇਸ ਪੁਸਤਕ ਦੀ ਵਿਸ਼ੇਸ਼ ਅਹਿਮੀਅਤ ਇਸ ਕਰਕੇ ਬਣੀ ਕਿਉਂਕਿ ਇਤਿਹਾਸ ਦੇ ਦ੍ਰਿਸ਼ਟੀਕੋਣ ਤੋਂ ਦੇਖਣ ਦਾ ਨਜ਼ਰੀਆ ਲਗਾਤਾਰ ਘਟਦਾ ਜਾ ਰਿਹਾ ਹੈ। ਡਾ. ਕੁਲਦੀਪ ਸਿੰਘ ਨੇ 20ਵੀਂ ਸਦੀ ਵਿਚ ਜੋ ਵਿਚਾਰਧਾਰਕ ਤਬਦੀਲੀਆਂ ਵਿਸ਼ੇਸ਼ ਕਰਕੇ 1905 ਤੋਂ ਲੈ ਕੇ 1950 ਤੱਕ ਜਿਸ ਕਿਸਮ ਨਾਲ ਚਿੰਤਨ ਦੀ ਉਸਾਰੀ ਹੋਈ ਅਤੇ 1950 ਤੋਂ 1970 ਤੱਕ ਅਜੋਕੇ ਅਮਰੀਕਨ ਸਾਮਰਾਜ ਦਾ ਸੁਨਹਿਰੀ ਦੌਰ ਰਿਹਾ। 1970 ਤੋਂ 1989 ਤੱਕ ਜੋ ਸਮਾਜਵਾਦੀ ਵਿਚਾਰਧਾਰਾ ਤੋਂ ਥਿਰੜ ਕੇ ਸਭਿਆਚਾਰ ਅਤੇ ਯੂਨੀਵਰਸਿਟੀਆਂ ਵਿਚ ਨਵੇਂ ਕਿਸਮ ਦਾ ਨਵਉਦਾਰਵਾਦ ਵਾਲਾ ਚਿੰਤਨ ਉਤਪੰਨ ਹੋਇਆ ਉਸ ਨੇ 1990 ਤੋਂ ਬਾਅਦ ਦੁਨੀਆ ਦਾ ਚੱਲਣ ਢੰਗ ਹੀ ਬਦਲ ਦਿੱਤਾ। ਸਮਾਜਵਾਦੀ ਵਿਚਾਰਧਾਰਾ ਵੱਡੀ ਸੱਟ ਵੱਜੀ ਅਤੇ ਕਈ ਕਿਸਮ ਦੀਆਂ ਮੁੜ ਪੁਨਰ ਸੁਰਜੀਤੀ ਵਾਲੀਆਂ ਧਾਰਮਿਕ ਅਤੇ ਅੰਧਵਿਸ਼ਵਾਸੀ ਲਹਿਰਾਂ ਦੁਨੀਆ ਦੇ ਕੋਨੇ ’ਤੇ ਵਿਕਸਿਤ ਹੋ ਗਈਆਂ। ਇਸ ਤੋਂ ਵੀ ਅਗਾਂਹ ਅਮਰੀਕਨ ਸਾਮਰਾਜ ਆਪਣੇ ਮਿਲਟਰੀ ਇੰਡਸਟਰੀਅਲ ਕੰਪਲੈਕਸ ਰਾਹੀਂ ਲਗਭਗ 750 ਦੁਨੀਆ ਦੇ ਸਥਾਨਾਂ ਵਿਚ ਆਪਣਾ ਸਿੱਕਾ ਅਜਮਾਈ ਬੈਠਾ ਹੈ। ਹੁਣ ਜਿਸ ਦਾ ਕਰੂਪ ਰੂਪ ਇਜ਼ਰਾਇਲ ਰਾਹੀਂ ਇਰਾਨ ਵਿਚ ਦੇਖਿਆ ਜਾ ਸਕਦਾ ਹੈ ਅਤੇ ਦੁਨੀਆ ਨੂੰ ਵੱਖੋ ਵੱਖ ਢੰਗਾਂ ਨਾਲ ਡਰਾਇਆ ਅਤੇ ਧਮਕਾਇਆ ਜਾ ਰਿਹਾ ਹੈ। ਆਦਿ ਦੀ ਇਤਿਹਾਸਕਾਰੀ ਨੂੰ ਮੁੜ ਵਾਚਣ ਦੀ ਵੀ ਜ਼ਰੂਰਤ ਹੈ। ਇਸ ਦੇ ਨਾਲ ਹੀ ਪੰਜਾਬ ਵਿਚ ਜੋ 1970 ਤੋਂ ਬਾਅਦ ਹੁਣ ਤੱਕ ਵਿਚਾਰਧਾਰਕ ਸੰਕਟ ਉਤਪੰਨ ਹੋਇਆ ਹੋਇਆ ਹੈ ਉਸ ਦੀ ਵੀ ਨਿਸ਼ਾਨਦੇਹੀ ਕਰਨੀ ਬਣਦੀ ਹੈ। ਇਸ ਮੌਕੇ ’ਤੇ ਮੁੱਖ ਵਕਤਾ ਪ੍ਰੋ. ਬਾਵਾ ਸਿੰਘ ਨੇ ਨਾਨਕ ਵੇਲ਼ਾ ਪੁਸਤਕ ਦੇ ਹਵਾਲੇ ਨਾਲ ਕਿਹਾ ਕਿ ਜਿਸ ਕਿਸਮ ਨਾਲ ਜਗਦੀਸ਼ ਪਾਪੜਾ ਨੇ ਪੁਨਰ ਜਾਗਰਤੀ ਦੀ ਲਹਿਰ ਵਿਚਲੇ ਮਹੱਤਵਪੂਰਨ ਪਹਿਲੂ ਚਾਹੇ ਉਹ ਵਿਗਿਆਨ ਨਾਲ ਸਬੰਧਤ ਹਨ ਚਾਹੇ ਉਹ ਧਾਰਮਿਕ ਅਕੀਦਿਆਂ ਵਿਚ ਆਏ ਸੰਕਟ ਨਾਲ ਸਬੰਧਤ ਹਨ ਅਤੇ ਚਾਹੇ ਨਵੇਂ ਰੂਪ ਵਿਚ ਪੂੰਜੀਵਾਦ ਆਪਣਾ ਸ਼ੁਰੂਆਤ ਦੌਰ ਸ਼ੁਰੂ ਕਰ ਰਿਹਾ ਸੀ ਜਿਹੜਾ 15ਵੀਂ ਸਦੀ ਤੋਂ ਅਗਾਂਹ ਵਧ ਕੇ ਅੱਜ ਵਿਸ਼ਵ ਪੱਧਰੀ ਪੂੰਜੀਵਾਦੀ ਪ੍ਰਣਾਲੀ ਦੇ ਰੂਪ ਵਿਚ ਹਰੇਕ ਦੁਨੀਆ ਦੇ ਕੋਨੇ ਉਪਰ ਛਾ ਚੁੱਕਾ ਹੈ। ਇਸ ਵੇਲੇ ਲੋਕਾਂ ਦੇ ਹੱਕਾਂ ਦੀ ਲੜਨ ਵਾਲੇ ਹਿੱਸਿਆਂ ਨੂੰ ਬੌਧਿਕ ਪੱਧਰ ’ਤੇ ਜਾਗਰੂਕ ਹੋ ਕੇ ਸਮਾਜਵਾਦੀ ਮਾਡਲ ਵੱਲ ਵਧਣਾ ਚਾਹੀਦਾ ਹੈ। ਪ੍ਰਸਿੱਧ ਇਤਿਹਾਸਕਾਰ ਅਤੇ ਲੇਖਕ ਸਤਨਾਮ ਚਾਨਾ ਨੇ ਸਿੱਖ ਧਰਮ ਦੇ ਹਵਾਲੇ ਨਾਲ ਪੁਸਤਕ ਦੀ ਵਿਆਖਿਆ ਕਰਦਿਆਂ ਕਿਹਾ ਕਿ ਜਿਸ ਕਿਸਮ ਨਾਲ ਪੂਰਵ ਵਿਚ ਗਿਆਨ ਵਿਕਸਿਤ ਹੋ ਰਿਹਾ ਸੀ ਪ੍ਰੰਤੂ ਵੱਖ ਵੱਖ ਦੌਰਾਂ ਵਿਚ ਜੋ ਸੰਕਟ ਆਏ ਇਸ ਦੇ ਕਈ ਰੂਪ ਸਾਡੇ ਖਿੱਤੇ ਵਿਚਲੀ ਸਿੱਖ ਰਾਜਨੀਤੀ ਵਿਚ ਦਿਖਾਈ ਦੇ ਰਹੇ ਹਨ। ਹਾਲਾਂਕਿ ਤਬਦੀਲੀ ਦੇ ਪਹਿਲੂਆਂ ਤੋਂ ਗੁਰੂ ਨਾਨਕ ਕਾਲ ਨੇ ਨਵੇਂ ਕਿਸਮ ਨਾਲ ਨਵੇਂ ਦਿਸਹੱਦੇ ਇਸ ਖਿੱਤੇ ਵਿਚ ਭੰਨੇ ਸਨ ਪ੍ਰੰਤੂ ਰਾਜਨੀਤਕ ਦੁਸ਼ਵਾਰੀਆਂ ਨੇ ਪੰਜਾਬ ਨੂੰ ਇਕ ਸੰਕਟ ਤੋਂ ਬਾਅਦ ਦੂਜੇ ਸੰਕਟ ਵਿਚ ਸੁੱਟ ਦਿੱਤਾ। ਇਸ ਸਮੇਂ ਸਾਨੂੰ ਵੱਡੇ ਗੋਸ਼ਟ ਕਰਨ ਦੀ ਜ਼ਰੂਰਤ ਹੈ ਜਿਹੜੇ ਫਰੈਂਡਜ਼ ਆਫ਼ ਸੋਸ਼ਲਿਜ਼ਮ ਦੀ ਪਹਿਲ ਕਦਮੀ ਨਾਲ ਹੋ ਸਕਦੇ ਹਨ। ਪ੍ਰੋ. ਅਰਵਿੰਦਰ ਕਾਕੜਾ ਨੇ ਵਿਸ਼ੇਸ਼ ਜ਼ਿਕਰ ਕੀਤਾ ਹੈ ਕਿ ਇਕ ਪਾਸੇ 15ਵੀਂ ਸਦੀ ਵਿਚ ਕਿਸਾਨ ਬਗਾਵਤਾਂ ਦੇ ਰੂਪ ਵਿਚ ਪੱਛਮ ਵਿਚ ਨਵੀਆਂ ਉਗੜਾਈਆਂ ਲੈ ਰਹੇ ਸਨ ਅਤੇ ਦੂਜੇ ਪਾਸੇ ਭਲਾ ਮਾਰਟਨ ਲੂਥਰ ਸੁਧਾਰਵਾਦੀ ਲਹਿਰ ਦੀ ਨੁਮਾਇੰਦਗੀ ਕਰ ਰਹੇ ਸਨ। ਇਸ ਕਰਕੇ ਇਤਿਹਾਸ ਦੇ ਪ੍ਰਸੰਗਾਂ ਨੂੰ ਸਹੀ ਸੰਦਰਭ ਵਿਚ ਸਮਝਣ ਦੀ ਜ਼ਰੂਰਤ ਹੈ। ਜਿਸ ਕਿਸਮ ਨਾਲ ਅੱਜ ਦੇ ਦੁਨੀਆਂ ਭਰ ਵਿਚ ਅਮਰੀਕਾ ਆਪਣੀ ਤਾਕਤ ਦਿਖਾ ਰਿਹਾ ਹੈ ਅਤੇ ਇਨ੍ਹਾਂ ਦੇ ਬਦਲ ਵਿਚਲੇ ਹਿੱਸੇ ਖਿੰਡੇ ਹੋਏ ਹਨ। ਉਨ੍ਹਾਂ ਨੂੰ ਇਕਜੁਟ ਹੋਣ ਦੀ ਜ਼ਰੂਰਤ ਹੈ। ਸਾਡੇ ਵੀ ਫਰਜ਼ ਬਣਦੇ ਹਨ ਕਿ ਅਸੀਂ ਸਾਹਿਤਕ ਤੇ ਹੋਰ ਕਲਾਵਾਂ ਤੋਂ ਉਪਰ ਉਠ ਕੇ ਵਿਚਾਰਧਾਰਕ ਅਤੇ ਰਾਜਨੀਤਕ ਵਾਲੇ ਪਹਿਲੂਆਂ ਬਾਰੇ ਵੀ ਤਨਦੇਹੀ ਨਾਲ ਵਾਦ-ਵਿਵਾਦ ਕਰਨ ਵੱਲ ਨੂੰ ਵਧੀਏ।

ਪੁਸਤਕ ਦੇ ਲੇਖਕ ਜਗਦੀਸ਼ ਪਾਪੜਾ ਨੇ ਕਿਹਾ ਕਿ ਮੈਂ ਭਲਾ ਇਹ ਪੁਸਤਕ ਇਸ ਕਰਕੇ ਲਿਖੀ ਸੀ ਕਿ ਅਸੀਂ ਉਸ ਸਮੇਂ ਦੇ ਆਪਣੇ ਖਿੱਤੇ ਦੀਆਂ ਵਿਚਾਰਧਾਰਕ ਬੁਨਿਆਦਾਂ ਨੂੰ ਤਾਂ ਉਧੇੜਦੇ ਰਹਿੰਦੇ ਹਨ ਪ੍ਰੰਤੂ ਸਾਨੂੰ ਉਸ ਦੌਰ ਨੂੰ ਵੀ ਦੇਖਣ ਦੀ ਜ਼ਰੂਰਤ ਹੁੰਦੀ ਹੈ ਜੋ ਹੋਰ ਖਿੱਤਿਆਂ ਵਿਚ ਚੱਲ ਰਿਹਾ ਹੈ। ਇਸ ਕਰਕੇ ਮੇਰੀ ਇਹ ਪੁਸਤਕ ਇਸ ਕਾਰਜ ਉਪਰ ਆਧਾਰਤ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜਿਸ ਕਿਸਮ ਨਾਲ ਵਿਦਵਾਨਾਂ ਨੇ ਇਸ ਦਾ ਵਖਿਆਨ ਕੀਤਾ ਅਤੇ ਉਸ ਨੂੰ ਆਧੁਨਿਕ ਸਮਿਆਂ ਨਾਲ ਜੋੜਿਆ ਇਹ ਮੇਰੇ ਲਈ ਸੱਚਾਈ ਵਿਚ ਸਿੱਖਣ ਵਾਲਾ ਹੋ ਸਕਿਆ। ਇਸ ਮੌਕੇ ’ਤੇ ਡਾ. ਦਰਸ਼ਨਪਾਲ ਪ੍ਰਧਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਜਗਮੋਹਨ ਸਿੰਘ ਪਟਿਆਲਾ ਜਨਰਲ ਸਕੱਤਰ ਭਾਰਤੀ ਕਿਸਾਨ ਯੂਨੀਅਨ ਡਕੌਂਦਾ, ਸ੍ਰੀ ਵਿਧੂ ਸ਼ੇਖਰ ਭਾਰਦਵਾਜ ਜਨਰਲ ਸਕੱਤਰ ਜਮਹੂਰੀ ਅਧਿਕਾਰ ਸਭਾ ਪਟਿਆਲਾ, ਪ੍ਰਿੰ. ਸੁੱਚਾ ਸਿੰਘ, ਗੁਰਮੀਤ ਸਿੰਘ ਦਿੱਤੂਪੁਰ, ਪ੍ਰੋ. ਅਜਾਇਬ ਸਿੰਘ ਟਿਵਾਣਾ, ਡਾਇਰੈਕਟਰ ਵਾਇਸ ਆਫ਼ ਈਸਟ ਪੰਜਾਬ, ਰਾਮ ਕੁਮਾਰ ਤਰਕਸ਼ੀਲ ਸੁਸਾਇਟੀ, ਡਾ. ਗੁਰਮੀਤ ਕੱਲਰਮਾਜਰੀ, ਜਗਪਾਲ ਸਿੰਘ ਜ਼ਿਲ੍ਹਾ ਸਕੱਤਰ ਪ੍ਰਗਤੀਸ਼ੀਲ ਲੇਖਕ ਸਭਾ ਪਟਿਆਲਾ, ਰਣਜੀਤ ਸਿੰਘ ਲਹਿਰਾਗਾਗਾ, ਲੋਕ ਚੇਤਨਾ ਮੰਚ, ਲਹਿਰਾਗਾਗਾ, ਲੇਖਕ ਰਤਨਪਾਲ ਡੂਡੀਆਂ ਤੋਂ ਇਲਾਵਾ ਹੋਰ ਵੱਖ ਵੱਖ ਖੇਤਰਾਂ ਦੇ ਆਗੂ ਅਤੇ ਵਰਕਰ ਸ਼ਾਮਲ ਸਨ।

# ਦੇਸ਼ ਭਗਤ ਯਾਦਗਾਰ ਹਾਲ ਕਨਵੈਨਸ਼ਨ 'ਚ ਲੋਕਾਂ ਤੇ ਵਿੱਢੇ ਚੌਤਰਫ਼ੇ ਹੱਲੇ ਖਿਲਾਫ਼ ਜੂਝਣ ਦਾ ਪੈਗ਼ਾਮ

## ਆਦਿਵਾਸੀਆਂ ਅਤੇ ਮਾਓਵਾਦੀਆਂ ਦੀ ਕਤਲੋਗਾਰਤ ਬੰਦ ਕਰਨ ਦੀ ਜ਼ੋਰਦਾਰ ਮੰਗ



ਜਲੰਧਰ (ਅਮੋਲਕ ਸਿੰਘ): ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਬੁਲਾਈ ਕਨਵੈਨਸ਼ਨ ਨੇ ਅੱਜ ਵੰਗਾਰਮਈ ਪੈਗ਼ਾਮ ਦਿੱਤਾ ਕਿ ਆਦਿਵਾਸੀਆਂ ਅਤੇ ਕਮਿਊਨਿਸਟ ਇਨਕਲਾਬੀ (ਮਾਓਵਾਦੀਆਂ) ਖਿਲਾਫ਼ ਭਾਜਪਾ ਹਕੂਮਤ ਵੱਲੋਂ ਪੂਰੀ ਬੇਹਯਾਈ ਨਾਲ ਵਿੱਢੀ ਫਾਸ਼ੀ ਮੁਹਿਮ ਦਾ ਫੌਰੀ ਮਕਸਦ ਦੇਸੀ-ਬਦੇਸ਼ੀ ਕਾਰਪੋਰੇਟ ਘਰਾਣਿਆਂ ਦਾ ਢਿੱਡ ਜੰਗਲ, ਜਲ, ਜ਼ਮੀਨ ਅਤੇ ਕੁਦਰਤੀ ਖਜ਼ਾਨਿਆਂ ਨਾਲ ਭਰਨਾ ਹੈ ਪਰ ਅਸਲ ਮਕਸਦ ਪੂਰੇ ਮੁਲਕ ਅੰਦਰ ਹਰ ਤਰ੍ਹਾਂ ਦੀ ਤਰਕਸੰਗਤ, ਵਿਗਿਆਨਕ, ਲੋਕ-ਪੱਖੀ, ਜਮਹੂਰੀ ਇਨਕਲਾਬੀ ਆਵਾਜ਼ ਦੀ ਸੰਘੀ ਨੱਪਣਾ ਹੈ, ਜਿਸਨੂੰ ਵਿਸ਼ਾਲ ਇਕਜੁੱਟ ਲੋਕ-ਲਹਿਰ ਦੇ ਜ਼ੋਰ ਨਾਲ ਅਵੱਸ਼ ਹੀ ਭਾਂਜ ਦਿੱਤੀ ਜਾਏਗੀ ਇਹ ਆਉਣ ਵਾਲੇ ਸਮੇਂ ਦਾ ਸੱਚ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਦੇ ਪ੍ਰਧਾਨਗੀ ਮੰਡਲ ਨਾਲ ਇਸ ਕਨਵੈਨਸ਼ਨ ਦੇ ਮੁੱਖ ਬੁਲਾਰੇ ਕਮੇਟੀ ਮੈਂਬਰ ਡਾ. ਪਰਮਿੰਦਰ ਸਿੰਘ, ਦਰਸ਼ਨ ਸਿੰਘ ਖਟਕੜ ਅਤੇ ਮੰਗਤ ਰਾਮ ਪਾਸਲਾ ਵੀ ਮੰਚ 'ਤੇ ਸ਼ਸ਼ੋਭਤ ਸਨ।

'ਸਾਮਰਾਜੀ ਸੰਕਟ ਕਾਰਨ ਸਾਡੇ ਵਰਗੇ ਮੁਲਕਾਂ ਉਪਰ ਬੋਝ ਲੱਦਣ, ਕਾਰਪੋਰੇਟ ਅਤੇ ਫ਼ਿਰਕੂ ਫਾਸ਼ੀ ਹੱਲੇ ਖਿਲਾਫ਼ ਲੋਕ ਸੰਗਰਾਮ ਸਮੇਂ ਦੀ ਤਿੱਖੀ ਲੋੜ' ਵਿਸ਼ੇ ਨੂੰ ਡਾ. ਪਰਮਿੰਦਰ ਸਿੰਘ, ਦਰਸ਼ਨ ਖਟਕੜ ਅਤੇ ਮੰਗਤ ਰਾਮ ਪਾਸਲਾ ਨੇ ਆਪਣੇ ਭਾਸ਼ਣਾਂ ਦੇ ਕਲਾਵੇ ਵਿੱਚ ਲੈਂਦਿਆਂ ਦੱਸਿਆ ਕਿ ਫ਼ਲਸਤੀਨ, ਇਰਾਨ ਤੋਂ ਲੈ ਕੇ ਬਸਤਰ, ਆਦਿਵਾਸੀ ਖੇਤਰਾਂ, ਸਾਡੇ ਮੁਲਕ ਦੇ ਸਮੂਹ ਮਿਹਨਤਕਸ਼ ਹਿੱਸਿਆਂ ਸਮੇਤ ਪੰਜਾਬ ਅੰਦਰ ਲੋਕਾਂ ਖਿਲਾਫ਼ ਤਿੱਖੇ ਕੀਤੇ ਚੌਤਰਫ਼ੇ ਮਾਰੂ ਹੱਲੇ ਦੀ ਤੰਦ ਸਾਂਝੀ ਹੈ।

ਬੁਲਾਰਿਆਂ ਕਿਹਾ ਕਿ ਜਿਥੇ ਦੁਨੀਆਂ ਭਰ ਦੇ ਲੋਕਾਂ ਨੂੰ ਸਾਮਰਾਜੀ ਧਾਵੇ ਖਿਲਾਫ਼ ਮੈਦਾਨ 'ਚ ਨਿਤਰਨ ਦੀ ਲੋੜ ਹੈ ਓਥੇ ਗ਼ਦਰੀ ਬਾਬਿਆਂ, ਭਗਤ-ਸਰਾਭੇ ਅਤੇ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਦੇ ਗੌਰਵਮਈ ਵਿਰਸੇ ਉਪਰ ਪਹਿਰਾ ਦਿੰਦਿਆਂ ਸਾਨੂੰ ਆਰਥਕ, ਸਮਾਜਕ ਮੁੱਦਿਆਂ ਦੇ ਨਾਲ-ਨਾਲ ਜਮਹੂਰੀ ਇਨਕਲਾਬੀ ਰਾਜਨੀਤਕ ਮੁੱਦਿਆਂ ਨੂੰ ਵੀ ਸਾਂਝੇ ਤੌਰ 'ਤੇ ਆਪਣੀ ਆਧਾਰਸ਼ਿਲਾ ਅਤੇ ਦਾਇਰੇ ਮੁਤਾਬਕ ਮੁਖ਼ਾਤਿਬ ਹੋਣ ਦੀ ਲੋੜ ਹੈ।

ਤਿੰਨੇ ਬੁਲਾਰਿਆਂ ਨੇ ਸਾਂਝੇ ਤੌਰ 'ਤੇ ਜ਼ੋਰ ਦੇ ਕੇ ਕਿਹਾ ਕਿ ਆਦਿਵਾਸੀ ਖੇਤਰ ਅੰਦਰ ਜ਼ੁਲਮ ਦੀ ਇੰਤਹਾ, 31 ਮਾਰਚ 2026 ਤੱਕ ਕਮਿਊਲਿਸਟ ਇਨਕਲਾਬੀਆਂ ਤੋਂ ਮੁਕਤ ਭਾਰਤ, ਸ਼ਹੀਦੀ ਸਮਾਰਕਾਂ ਮਿੱਟੀ 'ਚ ਮਿਲਾ ਕੇ ਲੋਕ-ਪੱਖੀ ਵਿਚਾਰਧਾਰਾ ਦੇ ਚਿੰਨਾਂ ਦਾ ਨਾਮੋ ਨਿਸ਼ਾਨ ਮਿਟਾ ਦੇਣ ਦੇ ਫੜੇ ਰਾਹ ਦੀ ਘੁਮੇਰ ਵਿੱਚ ਰਹਿਣ ਦੀ ਬਜਾਏ, ਭਾਜਪਾ ਹਕੂਮਤ ਨੂੰ ਵਿਸ਼ਵ ਅਤੇ ਸਾਡੇ ਮੁਲਕ ਦੇ ਇਤਿਹਾਸ ਦੇ ਹਰਫ਼ ਜ਼ਰੂਰ ਪੜ੍ਹ ਲੈਣੇ ਚਾਹੀਦੇ ਨੇ ਜਿਹੜੇ ਹਵਾ ਵਿੱਚ ਲਿਖੇ ਹੋਏ ਨੇ ਕਿ, 'ਤੁਸੀਂ ਕਿਸੇ ਵਿਅਕਤੀ ਦਾ ਕਤਲ ਤਾਂ ਕਰ ਸਕਦੇ ਹੋ ਪਰ ਵਿਚਾਰਾਂ ਦਾ ਨਹੀਂ।' ਬੁਲਾਰਿਆਂ ਨੇ ਕਿਹਾ ਕਿ ਸਲਵਾ ਜੁਡਮ ਦੀ ਤਰਜ਼ 'ਤੇ ਥਾਪੜਾ ਦੇ ਕੇ ਬਣਾਏ ਕਾਤਲੀ ਗਰੋਹਾਂ ਨੂੰ ਹਕੂਮਤੀ ਛਤਰੀ ਸਹਾਰੇ ਮਾਓਵਾਦੀਆਂ, ਆਦਿਵਾਸੀਆਂ ਨੂੰ ਘਰਾਂ 'ਚੋਂ ਚੁੱਕਕੇ, ਫ਼ਲਸਤੀਨ ਲੋਕਾਂ ਦੀ ਤਰ੍ਹਾਂ ਘੇਰਾਬੰਦੀ ਕਰਕੇ ਮੌਤ ਦੇ ਘਾਟ ਉਤਾਰਨਾ, ਪੁਲਸ ਮੁਕਾਬਲੇ ਦੀ ਕਹਾਣੀ ਘੜਨਾ ਕਿੰਨੀ ਕੁ ਦੇਰ ਚੱਲਦਾ ਰਹੇਗਾ ਕਿਉਂਕਿ ਧਰਤੀ ਦੀ ਅੱਖ ਸਭ ਕੁੱਝ ਦੇਖ ਰਹੀ ਹੈ। ਧਰਤੀ ਕਰਵਟ ਲਏਗੀ ਅਤੇ ਸਦੀਆਂ ਤੋਂ ਲਿਤਾੜੇ ਲੋਕਾਂ ਦੀ ਮੁਕਤੀ ਲਈ ਜੂਝਦੇ ਲੋਕਾਂ ਦੇ ਕਾਫ਼ਲੇ ਖਾਮੋਸ਼ ਨਹੀਂ ਰਹਿਣਗੇ, ਕਿਉਂਕਿ 'ਹਰ ਮਿੱਟੀ ਦੀ ਆਪਣੀ ਖਸਲਤ, ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ'। ਬੁਲਾਰਿਆਂ ਕਿਹਾ ਕਿ ਪੰਜਾਬ ਦੀ ਧਰਤੀ ਦਾ ਹਰ ਵੰਨਗੀ ਦੀ ਦਹਿਸ਼ਤਗਰਦੀ, ਕਾਲ਼ੇ ਕਾਨੂੰਨਾਂ ਖ਼ਿਲਾਫ਼, ਦੇਸੀ ਅਤੇ ਬਦੇਸੀ ਦਾਬੇ ਖਿਲਾਫ਼ ਜੂਝਣ ਦਾ ਆਪਣਾ ਇਤਿਹਾਸ ਹੈ ਹੁਣ ਜਿਵੇਂ ਪੰਜਾਬ ਨੂੰ ਪੁਲਸ ਰਾਜ ਵਿੱਚ ਤਬਦੀਲ ਕਰਕੇ ਨਵੀਆਂ ਲੋਕ ਮਾਰੂ ਨੀਤੀਆਂ ਮੜ੍ਹਨ ਲਈ ਰਾਹ ਮੋਕਲਾ ਕਰਨ ਦਾ ਭਰਮ ਪਾਲਿਆ ਜਾ ਰਿਹਾ ਹੈ। ਇਹ ਭਰਮ ਪੰਜਾਬ ਦੀ ਗੌਰਵਸ਼ਾਲੀ ਧਰਤੀ ਭਵਿੱਖ਼ ਵਿੱਚ ਚਕਨਾਚੂਰ ਕਰ ਦੇਵੇਗੀ।

ਉਹਨਾਂ ਕਿਹਾ ਕਿ ਕਲਮ, ਕਲਾ, ਗਿਆਨ-ਵਿਗਿਆਨ, ਜਮਹੂਰੀ ਅਤੇ ਮਿਹਨਤਕਸ਼ ਲੋਕਾਂ ਦੇ ਵਿਸ਼ਾਲ ਹਿੱਸਿਆਂ ਦੀ ਗਲਵੱਕੜੀ ਸੱਚ ਦੇ ਫੁੱਲ ਖਿੜਨ ਲਾਏਗੀ। ਮੂੰਹ ਜ਼ੋਰ ਝੱਖੜ ਜਿਹੜੇ ਚੜ੍ਹਦੇ ਸੂਰਜ, ਦਲਿਤ ਭਾਈਚਾਰੇ, ਬੇਜ਼ਮੀਨੇ ਲੋਕਾਂ, ਕਿਸਾਨਾਂ, ਮੁਲਾਜ਼ਮਾਂ, ਵਿਦਿਆਰਥੀਆਂ ਅਤੇ ਸਮਾਜ ਦੇ ਹੋਰ ਵਰਗਾਂ ਨੂੰ ਝੁਕਾਉਣ ਦੀ ਖ਼ੁਸ਼ਫਹਿਮੀ ਦਾ ਸ਼ਿਕਾਰ ਹਨ, ਗ਼ਦਰੀ ਸੂਰਬੀਰਾਂ ਦੀ ਧਰਤੀ ਇਸ ਖਿਲਾਫ਼ ਨਾਬਰੀ ਅਤੇ ਸੰਘਰਸ਼ ਦੀ ਲਹਿਰ ਬਣਕੇ ਠੁੱਕ ਨਾਲ ਖੜ੍ਹੀ ਹੋਏਗੀ।

ਇਸ ਇਕੱਤਰਤਾ 'ਚ ਪੇਸ਼ ਮਤੇ, ਖਚਾਖਚ ਭਰੇ ਪੰਡਾਲ ਨੇ ਹੱਥ ਖੜ੍ਹੇ ਕਰਕੇ ਪਾਸ ਕੀਤੇ। ਮਤਿਆਂ 'ਚ ਕਿਹਾ ਗਿਆ ਕਿ 1. 'ਵਿਕਾਸ' ਦੇ ਨਾਂ 'ਤੇ ਆਦਿਵਾਸੀ ਲੋਕਾਂ ਦੀ ਨਸਲਕੁਸ਼ੀ ਕਰਨਾ ਬੰਦ ਕੀਤਾ ਜਾਵੇ, 2. ਕਮਿਊਨਸਟ ਇਨਕਲਾਬੀ (ਮਾਓਵਾਦੀ) ਕਾਰਕੁੰਨਾਂ ਨੂੰ 'ਮੁਕਾਬਲਿਆਂ' 'ਚ ਮਾਰਨਾ ਬੰਦ ਕੀਤਾ ਜਾਵੇ, 3. ਬਸਤਰ ਅਤੇ ਹੋਰ ਆਦਿਵਾਸੀ ਇਲਾਕਿਆਂ ਵਿਚ ਓਪਰੇਸ਼ਨ ਕਗਾਰ ਅਤੇ ਹੋਰ ਨਾਂਵਾਂ ਹੇਠ ਨਸਲਕੁਸ਼ੀ, ਤਬਾਹੀ ਅਤੇ ਉਜਾੜਾ ਬੰਦ ਕੀਤਾ ਜਾਵੇ, 4. ਜੰਗਲ, ਜਲ, ਜ਼ਮੀਨ ਅਤੇ ਕੁਦਰਤੀ ਅਨਮੋਲ ਖਜ਼ਾਨੇ, ਦੇਸੀ ਅਤੇ ਬਦੇਸ਼ੀ ਕਾਰਪੋਰੇਟ ਘਰਾਣਿਆਂ ਹਵਾਲੇ ਕਰਨ ਲਈ ਬੋਲੇ ਧਾਵੇ ਬੰਦ ਕੀਤੇ ਜਾਣ, 5. ਆਦਿਵਾਸੀਆਂ ਦੇ ਬੁਨਿਆਦੀ ਰਾਜਨੀਤਕ ਮਸਲਿਆਂ ਨੂੰ ਦੋਵੱਲੀ ਗੱਲਬਾਤ ਦੇ ਅਮਲ ਰਾਹੀਂ ਹੱਲ ਕੀਤਾ ਜਾਵੇ, 6. ਦੇਸ-ਵਿਰੋਧੀ, ਲੋਕ-ਵਿਰੋਧੀ ਅਤੇ ਕੁਦਰਤ-ਵਿਰੋਧੀ ਕਾਰਪੋਰੇਟ ਮਾਡਲ ਮੜ੍ਹਨਾ ਬੰਦ ਕੀਤਾ ਜਾਵੇ, 7. ਸੰਘਰਸ਼ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੇ ਜਮਹੂਰੀ ਹੱਕ ਬਹਾਲ ਕੀਤੇ ਜਾਣ, 8. ਜੇਲ੍ਹਾਂ 'ਚ ਡੱਕੇ ਆਦਿਵਾਸੀਆਂ, ਬੁੱਧੀਜੀਵੀਆਂ ਅਤੇ ਸਾਰੇ ਕੈਦੀਆਂ ਨੂੰ ਬਿਨਾਂ ਸ਼ਰਤ ਰਿਹਾ ਕੀਤਾ ਜਾਵੇ, 9. ਬਿਨਾਂ ਮੁਕੱਦਮਾ ਚਲਾਏ ਵਰ੍ਹਿਆਂ ਤੋਂ ਜੇਲੀਂ ਡੱਕੇ ਉਮਰ ਖ਼ਾਲਿਦ ਸਮੇਤ ਸਭਨਾਂ ਸਮਾਜਕ ਜਮਹੂਰੀ ਕਾਰਕੁੰਨਾਂ ਨੂੰ ਬਿਨਾਂ ਸ਼ਰਤ ਰਿਹਾ ਕੀਤਾ ਜਾਵੇ, 10. ਧਾਰਮਿਕ ਭਾਵਨਾਵਾਂ ਦੀ ਆੜ ਵਿੱਚ ਤਰਕਸ਼ੀਲ ਅਤੇ ਜਮਹੂਰੀ ਵਿਗਿਆਨਕ ਵਿਚਾਰਾਂ ਦੀ ਸੰਘੀ ਨੱਪਣ ਵਾਲੇ ਕਾਨੂੰਨ ਮੂਲੋਂ ਰੱਦ ਕੀਤੇ ਜਾਣ, 11. ਪੰਜਾਬ ਵਿਚ ਬੇਜ਼ਮੀਨੇ ਲੋਕਾਂ ਦੀ ਆਵਾਜ਼ ਬੰਦ ਕਰਨ ਅਤੇ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਲਈ ਹਕੂਮਤੀ ਹਮਲੇ ਬੰਦ ਕੀਤੇ ਜਾਣ, 12. ਲੋਕ ਸੰਘਰਸ਼ਾਂ ਉੱਪਰ ਪੁਲਿਸ ਜਬਰ ਢਾਹੁਣ ਲਈ ਪੰਜਾਬ ਨੂੰ ਪੁਲਸ ਰਾਜ ਬਣਾ ਧਰਨ ਦੇ ਕਦਮ ਰੋਕੇ ਜਾਣ, 13. ਪੰਜਾਬ ਵਿਚ ਵਿਸ਼ੇਸ਼ ਕਰਕੇ ਦਲਿਤਾਂ ਉੱਪਰ ਜਬਰ ਢਾਹੁਣ ਵਾਲਾ ਪੁਲਿਸ-ਗੁੰਡਾ-ਸਿਆਸੀ ਗੱਠਜੋੜ ਦੇ ਹਮਲੇ ਬੰਦ ਕੀਤੇ ਜਾਣ, 14. ਫ਼ਲਸਤੀਨੀ ਲੋਕਾਂ ਦੀ ਨਸਲਕੁਸ਼ੀ, ਉਜਾੜਾ ਬੰਦ ਕੀਤਾ ਜਾਵੇ ਅਤੇ ਇਜ਼ਰਾਈਲ ਅਮਰੀਕੀ ਦਾਬਾ, ਦਖ਼ਲਅੰਦਾਜ਼ੀ ਅਤੇ ਇਰਾਨ ਉਪਰ ਅਮਰੀਕੀ ਹਮਲੇ ਬੰਦ ਕੀਤੇ ਜਾਣ। 9 ਜੁਲਾਈ ਨੂੰ ਹੋ ਰਹੀ ਮੁਲਕ ਪੱਧਰੀ ਹੜਤਾਲ ਦੀ ਹਮਾਇਤ ਦਾ ਵੀ ਕਨਵੈਨਸ਼ਨ ਵੱਲੋਂ ਮਤਾ ਪਾਸ ਕੀਤਾ ਗਿਆ। ਕਨਵੈਨਸ਼ਨ ਦੀ ਸ਼ੁਰੂਆਤ ਜਸਬੀਰ ਜੱਸੀ, ਜਗਸੀਰ ਜੀਦਾ, ਸੁਨੀਲ ਕਾਨਪੁਰ, ਜਸਪ੍ਰੀਤ ਨੰਗਲ ਖਿਲਾੜੀਆਂ ਅਤੇ ਨਰਗਿਸ ਦੇ ਪ੍ਰਭਾਵਸ਼ਾਲੀ ਗੀਤਾਂ ਨਾਲ ਹੋਈ।




ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਜੂਨ ਮਹੀਨੇ ਦੀਆਂ ਆਜ਼ਾਦੀ ਸੰਗਰਾਮ ਨਾਲ ਜੁੜੀਆਂ ਇਤਿਹਾਸਕ ਘਟਨਾਵਾਂ ਅਤੇ ਨਾਇਕਾਂ ਨੂੰ ਸਿਜਦਾ ਕਰਦਿਆਂ ਵੱਡੀ ਗਿਣਤੀ ਵਿੱਚ ਜੁੜੇ ਲੋਕਾਂ ਨੂੰ ਜੀ ਆਇਆਂ ਕਿਹਾ। ਕਨਵੈਨਸ਼ਨ 'ਚ ਵੱਡੀ ਗਿਣਤੀ ਵਿੱਚ ਸਾਹਿਤ, ਕਲਾ, ਤਰਕਸ਼ੀਲ, ਜਮਹੂਰੀ ਅਤੇ ਮਿਹਨਤਕਸ਼ ਤਬਕਿਆਂ ਦੀਆਂ ਲੋਕ-ਪੱਖੀ ਸੰਸਥਾਵਾਂ ਅਤੇ ਦੇਸ਼ ਭਗਤਾਂ ਦੇ ਪਿੰਡਾਂ, ਇਲਾਕਿਆਂ ਵਿੱਚ ਬਣੀਆਂ ਯਾਦਗਾਰ ਸੰਸਥਾਵਾਂ ਦੀ ਵਿਸ਼ੇਸ਼ ਆਮਦ 'ਤੇ ਸ਼ਲਾਘਾ ਕੀਤੀ।

ਸਮਾਗਮ ਦੇ ਅਖੀਰ 'ਚ ਪ੍ਰਧਾਨਗੀ ਮੰਡਲ ਦੀ ਤਰਫ਼ੋਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਸਮੂਹ ਸੰਸਥਾਵਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦਾ 'ਧਰਨਾ ਮੁਕਤ ਸੂਬਾ' ਬਣਾਉਣ ਦਾ ਦਾਅਵਾ ਆਉਣ ਵਾਲਾ ਸਮਾਂ ਮੂਧੇ ਮੂੰਹ ਕਰਕੇ ਰੱਖ ਦੇਵੇਗਾ, ਕਿਉਂਕਿ ਲੋਕਾਂ ਨੇ ਆਪਣੇ ਹੱਕ ਲਈ ਮੈਦਾਨ ਵਿੱਚ ਆਉਣਾ ਹੀ ਆਉਣਾ ਹੈ।

ਸਮਾਗਮ ਦਾ ਮੰਚ ਸੰਚਾਲਨ ਕਮੇਟੀ ਮੈਂਬਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN CERTIFIED
BBB ACCREDITED BUSINESS
www.kraftsmanelectric.ca
kelectric17@gmail.com
778-883-1313

DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator





Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

(ਇਰਾਨ ਦੇਸ਼ ਅਤੇ ਲੋਕ ਕਵੀ ਹਾਫ਼ਿਜ਼ ਬਾਰੇ ਇੱਕ ਬਾਤ)

# ਇਕ ਕਵੀ ਕਰਕੇ . . .



ਸੁਖਪਾਲ
001 365 777 1111
sukhpal@live.com

ਲੈਪਟੌਪ ਰੁਕ ਗਿਆ। ਸੜਕ ਪਾਰ ਕੰਪਿਊਟਰ ਮੁਰੰਮਤ ਦੀ ਦੁਕਾਨ ਵੇਖੀ। ਕਨੇਡੀਅਨ ਰਿਵਾਜ ਅਨੁਸਾਰ ਕਾਰੀਗਰ ਨੇ ਸਭ ਤੋਂ ਪਹਿਲਾਂ ਇਹ ਦੱਸਿਆ : 'ਮੇਰਾ ਨਾਂ ਕੀਆ ਹੈ'। ਜਾਪਿਆ - ਨਾਂ ਸ਼ਕਲ ਨਾਲ ਨਹੀਂ ਮਿਲਦਾ। ਪੁੱਛਿਆ ਤਾਂ ਹੱਸ ਪਿਆ : 'ਅਸਲ ਨਾਂ ਬਹੁਤ ਲੰਮਾ ਹੈ, ਏਸੇ ਨਾਲ ਕੰਮ ਚਲਾ ਲੈ'।

ਲੈਪਟਾਪ ਵਿਚ ਨੁਕਸ ਲੱਭਣ ਮਗਰੋਂ ਬੋਲਿਆ : 'ਤੂੰ ਪਗੜੀ ਬੰਨ੍ਹੀ ਹੈ, ਹਿੰਦੁਸਤਾਨ ਤੋਂ ਹੈਂ ?'

ਮੈਂ ਕਿਹਾ : 'ਹਾਂ, ਤੇ ਤੂੰ ?' ਉਸ ਕਿਹਾ : 'ਇਰਾਨ ਤੋਂ। ਮਹਾਨ ਦੇਸ਼ ਸੀ ਕਦੀ, ਪਰ ਹੁਣ ਨਹੀਂ। ਤੁਹਾਡਾ ਮੁਲਕ ਵਧੀਆ ਹੈ !'

ਮੈਂ ਆਖਿਆ : 'ਦੇਸ਼ ਤਾਂ ਬਹੁਤ ਵੱਡੀ ਹਸਤੀ ਹੁੰਦੀ ਹੈ। ਚਾਰ ਕੁ ਗੱਲਾਂ ਆਸਰੇ ਏਹਨੂੰ ਸਾਰਾ ਚੰਗਾ ਜਾਂ ਸਾਰਾ ਮਾੜਾ ਕਹਿ ਦੇਣ ਦੀ ਬਹੁਤੀ ਸੰਗਿਆ ਨਹੀਂ ਹੁੰਦੀ। ਪਰ ਤੈਨੂੰ ਕਿਉਂ ਲਗਦਾ ਹੈ – ਸਾਡਾ ਦੇਸ ਵਧੀਆ ਹੈ! ਤੇ ਤੇਰਾ ਕਿਉਂ ਨਹੀਂ ?

ਬੋਲਿਆ : 'ਡੈਮੋਕ੍ਰੇਸੀ ਹੈ ਨਾ ਤੁਹਾਡੇ ਕੋਲ! ਸਾਨੂੰ ਤਾਂ ਬੋਲਣ ਦੀ ਆਗਿਆ ਵੀ ਨਹੀਂ! ਬੁਰੇ ਬੰਦੇ ਰਾਜ ਕਰਦੇ ਨੇ ਸਾਡੇ 'ਤੇ। ਪਰ ਤੁਹਾਡੇ ਕੋਲ ਪਾਰਲੀਮੈਂਟ ਹੈ। ਘੱਟੋ ਘੱਟ ਆਪਣੇ ਨੁਮਾਇੰਦੇ ਆਪ ਚੁਣਦੇ ਹੋ ! ਸਾਡੇ 'ਤੇ ਤਾਂ ਹੁਣ ਥੋਪੇ ਗਏ ਨੇ – ਸਦਾ ਲਈ ਹੀ!'

ਮੈਨੂੰ ਪਤਾ ਨਹੀਂ ਸੀ – ਤਾਨਾਸ਼ਾਹੀਆਂ 'ਚ ਪਲੇ ਲੋਕ ਲੋਕਤੰਤਰ ਨੂੰ ਕਿਸ ਤਾਂਘ ਨਾਲ ਵੇਖਦੇ ਹਨ। ਪਰ ਮੈਨੂੰ ਸਮਝ ਨਹੀਂ ਆਈ – ਮੇਰੀ ਵਾਰੀ ਉਦਾਸ ਹੋਣ ਦੀ ਸੀ ਕਿ ਹੱਸਣ ਦੀ ?

ਮੈਂ ਕਿਹਾ : 'ਇਕ ਬੰਦਾ - ਰਾਜਾ ਹੋਵੇ ਜਾਂ ਰਾਸ਼ਟਰਪਤੀ - ਸਿਰਫ਼ ਇਕ ਗੋਲੀ ਜਾਂ ਤਲਵਾਰ ਦੇ ਇਕ ਵਾਰ ਦੀ ਮਾਰ ਹੁੰਦਾ ਹੈ। ਇਸ ਲਈ ਕੋਈ ਹੁਕਮਰਾਨ ਆਪਣੇ ਆਪ ਜਾਂ ਇਕੱਲਾ ਕਿਸੇ ਦੇਸ਼ ਤੇ ਰਾਜ ਨਹੀਂ ਕਰ ਸਕਦਾ। ਪੁਰਾਣੇ ਵੇਲਿਆਂ ਵਿਚ ਰਾਜਾ ਆਪਣੇ ਸੈਨਾਪਤੀ ਤੇ ਵਜ਼ੀਰ ਚੁਣਦਾ ਸੀ। ਧਨਾਡ ਬੰਦੇ ਉਹਦੀ ਪਹੁੰਚ ਵਿਚ ਹੁੰਦੇ, ਫਿਰ ਹੀ ਉਹ ਰਾਜ ਕਰ ਸਕਦਾ ਸੀ। ਫਿਰ ਵੀ – ਪੁਰਸ਼ਾਰਥ, ਯੁੱਧ–ਵਿਦਿਆ, ਹੌਂਸਲਾ ਤੇ ਬੁੱਧੀ ਜਿਹੇ ਗੁਣ ਹੋਣੇ ਰਾਜੇ ਵਿਚ ਜ਼ਰੂਰੀ ਸਨ। ਹੁਣ ਇਹ ਗੱਲ ਨਹੀਂ ਰਹੀ। ਡੈਮੋਕ੍ਰੇਸੀ ਵਿਚ ਝੂਠ ਬੋਲ ਸਕਣਾ ਵੱਡਾ ਗੁਣ ਹੋ ਗਿਆ ਹੈ। ਸਾਡੀ ਡੈਮੋਕ੍ਰੇਸੀ ਤਾਂ ਸਾਂਗ ਹੈ, ਢੋਂਗ ਹੈ। ਕੁਝ ਅਮੀਰ ਬੰਦੇ ਆਪਣੇ ਪੈਸੇ ਦੇ ਜ਼ੋਰ ਤੇ ਆਪਣੀ ਮਰਜ਼ੀ ਦਾ ਰਾਜਾ ਬਣਾ ਕੇ ਪਰਦੇ ਪਿੱਛੋਂ ਰਾਜ ਕਰਦੇ ਹਨ। ਲੋਕ ਕਿਸੇ ਪਾਰਟੀ ਨੂੰ ਨਹੀਂ, ਕਿਸੇ ਬੰਦੇ ਨੂੰ ਨਹੀਂ - ਝੂਠ ਨੂੰ ਵੋਟ ਪਾਉਂਦੇ ਹਨ। ਇਹ ਸੱਚ ਹੈ – ਬੋਲਣ ਦੀ ਖੁਲ੍ਹ ਮਿਲਦੀ ਹੈ। ਲੋਕ ਔਖੇ ਬੋਲਣ ਤਾਂ ਅਮੀਰ ਲੋਕ ਰਾਜਾ ਬਦਲ ਦਿੰਦੇ ਹਨ ਪਰ ਰਾਜ ਕਰਨ ਵਾਲੇ ਉਹੀ ਰਹਿੰਦੇ ਹਨ। ਪਾਰਲੀਮੈਂਟ ਬਣਨ ਦੀ ਕਿਰਿਆ ਏਨੀ ਮਹਿੰਗਾ ਹੋ ਗਈ ਹੈ – ਕੋਈ ਅਮੀਰ ਜਣਾ ਹੀ "ਲੋਕਾਂ ਦਾ ਨੁਮਾਇੰਦਾ" ਬਣ ਸਕਦਾ ਹੈ। ਜਾਂ ਉਹ – ਜਿਸਦੀ ਪਿੱਠ ਤੇ ਅਮੀਰ ਬੰਦੇ ਖੜੇ ਹੋਣ। ਚੁਣੇ ਜਾਣ ਮਗਰੋਂ ਅਜਿਹਾ ਬੰਦਾ ਲੋਕਾਂ ਦਾ ਨਹੀਂ, ਆਪਣੇ ਦਾਤਿਆਂ ਦਾ ਕੰਮ ਕਰਦਾ ਹੈ ਸੰਸਾਰ ਵਿਚ ਜਿੱਥੇ ਵੀ ਡੈਮੋਕ੍ਰੇਸੀ ਹੈ, ਓਥੇ ਏਹੀ ਹੋ ਰਿਹਾ ਹੈ। ਨਿਸਚੇ ਹੀ ਇਹ ਪਰਵਾਰਕ–ਬਾਦਸ਼ਾਹਤ ਨਾਲੋਂ ਬੇਹਤਰ ਪ੍ਰਬੰਧ ਹੈ, ਪਰ ਇਹ ਸਿਸਟਮ ਹੁਣ "ਲੋਕਾਂ ਦਾ, "ਲੋਕਾਂ ਵੱਲੋਂ" ਜਾਂ "ਲੋਕਾਂ ਲਈ" ਨਹੀਂ ਰਹਿ ਗਿਆ। ਜਿੱਥੇ ਇਨਕਲਾਬ ਲਿਆਏ ਜਾ ਰਹੇ ਹਨ, ਓਥੇ ਵੀ ਪਾਰਲੀਮੈਂਟਾਂ ਜਾਂ ਪੋਲਿਟ ਬਿਊਰੋ ਬਣਨ ਦੇ ਕੁਝ ਵਰ੍ਹੇ ਮਗਰੋਂ ਅੰਤ ਨੂੰ ਏਹੀ ਭਾਣਾ ਵਾਪਰਦਾ ਹੈ। ਬੰਦਿਆਂ ਨੂੰ ਹਾਲੇ ਏਹਦਾ ਬੇਹਤਰ ਬਦਲ ਨਹੀਂ ਲੱਭਾ, ਸੋ ਹਾਲੇ ਵੀ ਡੈਮੋਕ੍ਰੇਸੀ 'ਤੇ ਆਸ ਲਾਈ ਬੈਠੇ ਹਨ। ਡੈਮੋਕ੍ਰੇਸੀ ਨਾਲੋਂ ਵੱਧ ਮਹੱਤਵਪੂਰਨ ਗੱਲ ਇਹ ਹੈ ਕਿ ਏਹਦਾ ਲੀਵਰ ਕੀਹਦੇ ਹੱਥ ਵਿਚ ਹੈ ? ਹਿਟਲਰ ਵੀ ਚੋਣਾਂ ਜਿੱਤ ਕੇ ਹੀ ਜਰਮਨੀ ਦਾ ਚਾਂਸਲਰ ਬਣਿਆ ਸੀ। ਡੈਮੋਕ੍ਰੇਸੀ ਨੇ ਹਿਟਲਰ ਨੂੰ ਯਹੂਦੀ ਸਾੜਣੋਂ ਨਹੀਂ ਵਰਜਿਆ, ਅਮਰੀਕਾ ਨੂੰ ਨਿਰਦੋਸ਼ਾਂ 'ਤੇ ਬੰਬ ਸੁੱਟਣੋਂ ਨਹੀਂ ਰੋਕਿਆ, ਇਜ਼ਰਾਈਲ ਦਾ ਹੱਥ ਬੱਚਿਆਂ ਨੂੰ ਭੁੱਖ ਅਤੇ ਗੋਲੀਆਂ ਨਾਲ ਮਾਰਣ ਵੇਲੇ ਨਹੀਂ ਫ਼ੜਿਆ। ਅਮਰੀਕਾ ਨੇ ਜਿੰਨੇ ਵੀ ਦੇਸ਼ਾਂ ਤੇ ਹਮਲੇ ਕੀਤੇ ਅਤੇ ਲੰਮੀਆਂ ਲੜਾਈਆਂ ਲੜੀਆਂ, ਸਿਰਫ਼ 2 ਯੁੱਧਾਂ ਨੂੰ ਛਡ ਕੇ, ਬਾਕੀ ਸਭ ਨੂੰ ਸ਼ੁਰੂ ਕਰਨ ਵਾਲੇ ਅਮਰੀਕੀ ਰਾਸ਼ਟਰਪਤੀ ਕਹਿੰਦੀ ਕਹਾਉਂਦੀ 'ਡੈਮੋਕ੍ਰੇਟਿਕ' ਪਾਰਟੀ ਵਿਚੋਂ ਆਏ ਸਨ! ਕੱਟੜ ਬੰਦਿਆਂ ਦੇ ਹੱਥੀਂ ਪੈ ਕੇ ਡੈਮੋਕ੍ਰੇਸੀ ਵੀ ਤਾਨਾਸ਼ਾਹੀ ਬਣ ਜਾਂਦੀ ਹੈ। ਪਾਕਿਸਤਾਨੀ ਫੌਜੀ ਜਰਨੈਲ ਡਿਕਟੇਟਰ, ਅਤੇ ਮੇਰੇ ਦੇਸ਼ 'ਤੇ ਐਸ ਵੇਲੇ ਚੋਣਾਂ ਜਿੱਤ ਕੇ ਰਾਜ ਕਰ ਰਹੀ ਪਾਰਟੀ - ਦੋਵੇਂ ਇੱਕੋ ਜਿੰਨੇ ਕੱਟੜ ਹਨ। ਤੇਰੇ ਦੇਸ਼ ਦੇ ਕੱਟੜ–ਪੰਥੀ ਹੁਕਮਰਾਨ ਅਤੇ ਮੇਰੇ ਦੇਸ਼ ਤੇ ਲੋਕਾਂ ਦੇ ਚੁਣੇ ਨੁਮਾਇੰਦੇ – ਦੋਵੇਂ ਆਪਣੇ ਵਿਰੁੱਧ ਬੋਲਣ ਵਾਲਿਆਂ ਤੋਂ, ਆਪਣੇ ਫ਼ੈਸਲਿਆਂ ਨੂੰ ਵੰਗਾਰਣ ਵਾਲਿਆਂ ਤੋਂ ਡਰਦੇ ਹਨ। ਕਾਨੂੰਨ ਬਣਾ ਬਣਾ ਉਨ੍ਹਾਂ ਨੂੰ ਜੇਲ੍ਹਾਂ ਵਿਚ ਤੁੰਨ ਰਹੇ ਹਨ ਜਾਂ ਸਿੱਧਿਆਂ ਹੀ ਮਾਰ ਰਹੇ ਹਨ। ਫ਼ਿਰ ਵੀ ਕੁਝ ਗੱਲੋਂ ਤੇਰਾ ਮੁਲਕ ਮੇਰੇ ਨਾਲੋਂ ਬੇਹਤਰ ਹੈ, ਮੈਨੂੰ ਤੁਹਾਡੇ ਲਈ ਪ੍ਰਸ਼ੰਸਾ ਮਹਿਸੂਸ ਹੁੰਦੀ ਹੈ ..."

ਉਸਨੇ ਜਿਵੇਂ ਆਸ ਨਾਲ ਮੇਰੇ ਵੱਲ ਵੇਖਿਆ। ਮੈਂ ਕਿਹਾ : "ਤੇਰੇ ਦੇਸ਼ 'ਤੇ ਰਾਜ ਕਰਨ ਵਾਲਿਆਂ ਨੇ ਸੰਸਾਰ ਦੀ ਸਭ ਤੋਂ ਵੱਡੀ ਮਹਾਂਸ਼ਕਤੀ ਅਮਰੀਕਾ ਨੂੰ ਲਗਭਗ 50 ਸਾਲਾਂ ਤੋਂ ਨਿਰੰਤਰ ਚੁਣੌਤੀ ਦਿੱਤੀ ਹੋਈ ਹੈ। ਕਿੰਨੇ ਕੁ ਦੇਸ਼ਾਂ ਐਸੀ ਹਿੰਮਤ ਕੀਤੀ ? ਦੂਜੀ ਵੱਡੀ ਜੰਗ ਮਗਰੋਂ ਸਿਰਫ਼ ਰੂਸ, ਬੇਲਾਰੂਸ, ਚੀਨ, ਕਿਊਬਾ, ਕੋਰੀਆ, ਵੀਅਤਨਾਮ, ਵੈਨੇਜ਼ੁਏਲਾ, ਲਿਬੀਆ, ਸੀਰੀਆ, ਯਮਨ, ਅਫ਼ਗਾਨਿਸਤਾਨ, ਇਰਾਕ ਅਤੇ ਤੇਰੇ ਦੇਸ ਇਰਾਨ ਨੇ! ਸੰਸਾਰ ਦੇ 195 ਮੁਲਕਾਂ ਵਿਚੋਂ 13, ਸਿਰਫ ਸਾਢੇ 6%. ਇਕ ਹੱਥ ਦੀਆਂ ਉਂਗਲਾਂ ਤੇ ਗਿਣ ਸਕਣ ਨਾਲੋਂ ਵੀ ਘੱਟ। ਕੀ ਇਹ ਛੋਟੀ ਗੱਲ ਹੈ ? ਸੰਸਾਰ ਦੀ ਸਭ ਤੋਂ ਵੱਡੀ ਡੈਮੋਕ੍ਰੇਸੀ - ਮੇਰੇ ਮੁਲਕ ਤੋਂ ਤਾਂ ਅਮਰੀਕਾ ਦੀ ਅੱਖ ਵਿਚ ਅੱਖ ਪਾ ਕੇ ਵੇਖਣ ਦੀ, ਜਾਂ ਫ਼ਲਸਤੀਨੀਆਂ ਵਾਸਤੇ ਖੜੇ ਹੋਣ ਕੀ, ਹਾਅ ਦਾ ਨਾਰ੍ਹਾ ਮਾਰਣ ਦੀ ਹਿੰਮਤ ਵੀ ਨਾ ਹੋਈ! ਪਰ ਤੇਰੇ ਮੁਲਕ ਨੇ ਮਦਦ ਕੀਤੀ! ਬਾਵਜੂਦ ਕਿ ਫ਼ਲਸਤੀਨੀ ਵਧੇਰੇ ਸੁੰਨੀ ਹਨ ਤੇ ਤੇਰਾ ਦੇਸ਼ ਸ਼ੀਆ ਹੈ!

ਉਹ ਬੋਲਿਆ : 'ਹਾਂ, ਅਸੀਂ ਫ਼ਲਸਤੀਨੀਆਂ ਦੀ ਦਹਾਕਿਆਂ ਲੰਮੀ ਮਦਦ ਕੀਤੀ ਹੈ, ਪਰ ਇਹ ਵੰਗਾਰ ਸਾਨੂੰ ਬਹੁਤ ਮਹਿੰਗੀ ਪਈ ! ਕੀ ਲੋੜ ਸੀ ?'

ਮੈਂ ਪੁੱਛਿਆ : "ਦੇਖ ! ਸਵੈਮਾਣ, ਸੁਤੰਤਰਤਾ ਅਤੇ ਸਵੈ–ਨਿਰਭਰਤਾ ਦੀ ਕੀਮਤ ਤਾਰਨੀ ਪੈਂਦੀ ਹੈ। ਤੈਨੂੰ ਆਪਣੇ ਦੇਸ਼ ਦਾ ਇਤਿਹਾਸ ਕਿੰਨਾ ਕੁ ਪਤਾ ਹੈ ?" ਉਹ ਬੋਲਿਆ : 'ਥੋੜ੍ਹਾ ਹੀ। ਮੈਂ ਛੋਟੇ ਹੁੰਦਿਆਂ ਕਨੇਡਾ ਆ ਗਿਆ ਸੀ'।

ਮੈਂ ਕਿਹਾ : "ਤੇਰੇ ਮੁਲਕ 'ਤੇ ਅੱਜ ਰਾਜ ਕਰਨ ਵਾਲਿਆਂ ਨੂੰ ਲਿਆਉਣ ਦਾ ਸਾਧਨ ਵੀ ਅਮਰੀਕਾ ਹੀ ਬਣਿਆ ਸੀ। ਤੇਰੇ ਦੇਸ਼ ਵਿਚ ਕਈ ਸਲਤਨਤਾਂ ਆਈਆਂ ਤੇ ਗਈਆਂ। ਸੰਨ 1790 ਲਾਗੇ ਇਰਾਨ ਉਤੇ ਕਾਜਰ ਖ਼ਾਨਦਾਨ ਦਾ ਰਾਜ ਹੋ ਗਿਆ। ਪਰ 1905 ਤੋਂ 1910 ਦਰਮਿਆਨ ਜ਼ਬਰਦਸਤ ਲੋਕ ਲਹਿਰ ਚੱਲੀ। ਲੋਕਾਂ ਆਖਿਆ - ਸੱਤਾ ਵਿਚ ਸਾਡੀ ਆਵਾਜ਼ ਵੀ ਚਾਹੀਦੀ ਹੈ। ਇਸ ਦੇ ਫ਼ਲਸਰੂਪ ਇਰਾਨ ਅੰਦਰ ਪਾਰਲੀਮੈਂਟ ਕਾਇਮ ਹੋਈ ਅਤੇ ਸੰਵਿਧਾਨ ਬਣਾਇਆ ਗਿਆ, ਬੇਸ਼ੱਕ ਬਾਦਸ਼ਾਹ ਵੀ ਰਿਹਾ - ਜਿਵੇਂ ਕਿ ਬਰਤਾਨੀਆ ਵਿਚ ਸੀ। ਸੰਨ 1923 ਵਿਚ ਇਕ ਫ਼ੌਜੀ ਕਮਾਂਡਰ ਰਜ਼ਾ ਸ਼ਾਹ ਪਾਰਲੀਮੈਂਟ ਰਾਹੀਂ ਦੇਸ਼ ਦਾ ਪ੍ਰਧਾਨ ਮੰਤਰੀ ਬਣਿਆ। ਸੰਨ 1925 ਵਿਚ ਪਾਰਲੀਮੈਂਟ ਦੀ ਮਨਜ਼ੂਰੀ ਨਾਲ ਹੀ ਉਹਨੇ ਆਪਣੇ ਆਪ ਨੂੰ ਬਾਦਸ਼ਾਹ ਐਲਾਨ ਦਿੱਤਾ ਅਤੇ ਆਪਣੇ ਖ਼ਾਨਦਾਨ ਦਾ ਨਾਂ 'ਪਹਿਲਵੀ' ਰੱਖਿਆ। ਇਹ ਉਸ ਭਾਸ਼ਾ ਦਾ ਨਾਂ ਸੀ ਜਿਹੜੀ ਇਰਾਨ ਵਿਚ ਇਸਲਾਮ ਦੀ ਆਮਦ ਤੋਂ ਪਹਿਲਾਂ ਪ੍ਰਚੱਲਤ ਸੀ। ਪਰ ਸੰਨ 1941 ਵਿਚ 43 ਵਰ੍ਹੇ ਦੀ ਉਮਰ ਦੇ ਸੁਲਤਾਨ ਰਜ਼ਾ ਸ਼ਾਹ ਨੂੰ ਅਮਰੀਕਨਾਂ ਨੇ ਧੱਕੇ ਨਾਲ ਹਟਾ ਕੇ ਉਹਦੇ ਪੁੱਤ 'ਮੁਹੰਮਦ ਰਜ਼ਾ ਸ਼ਾਹ ਪਹਿਲਵੀ' ਨੂੰ ਤੁਹਾਡਾ ਬਾਦਸ਼ਾਹ ਬਣਾ ਦਿੱਤਾ। ਗੱਦੀ ਦਾ ਸ਼ੁਕੀਨ ਪਰ ਰਾਜ ਕਰਨ ਦੀ ਅਕਲੋਂ ਕੋਰਾ ਸਿਰਫ਼ 22 ਸਾਲਾਂ ਦਾ ਉਹ ਅਲੜ੍ਹ ਨੌਜੁਆਨ ਮੁੰਡਾ ਉਨ੍ਹਾਂ ਨੂੰ ਵਧ ਸੂਤ ਆਉਂਦਾ ਸੀ। ਉਹਦੇ ਦਰਬਾਰ ਵਿਚ ਨਿਰਣੇ ਓਵੇਂ ਹੋਣ ਲੱਗੇ ਜਿਵੇਂ ਸਾਡੇ ਹਿੰਦੁਸਤਾਨ ਦੇ ਮੁਗਲ ਦਰਬਾਰਾਂ ਦੇ ਫ਼ੈਸਲੇ ਬਾਹਰੋਂ ਆਈ 'ਈਸਟ ਇੰਡੀਆ ਕੰਪਨੀ' ਕਰਦੀ ਸੀ। ਇਸ ਗੱਲ ਨੇ ਪੁਰਾਣੇ ਅਤੇ ਸਿਆਣੇ ਇਰਾਨੀਆਂ ਨੂੰ ਸੋਚਣ ਲਾ ਦਿੱਤਾ ਕਿ ਸਾਡੇ ਦੇਸ਼ ਦੇ ਫ਼ੈਸਲੇ ਦੂਜੇ ਦੇਸ਼ਾਂ ਦੇ ਹੁਕਮਰਾਨ ਕਿਉਂ ਕਰਨ ?"

"ਸੰਨ 1882 ਵਿਚ ਜੰਮਿਆ ਮੁਹੰਮਦ ਮੁਸੱਦਕ – ਪੈਰਿਸ ਵਿਚ ਪੜ੍ਹਣ ਮਗਰੋਂ ਯੂਰਪ (ਸਵਿਟਜ਼ਰਲੈਂਡ) ਤੋਂ ਕਾਨੂੰਨ ਵਿਚ ਪੀ.ਐਚ.ਡੀ. ਹਾਸਲ ਕਰਨ ਵਾਲਾ ਪਹਿਲਾ ਇਰਾਨੀ ਬੰਦਾ ਸੀ। ਸੰਨ 1923 ਵਿਚ ਉਹ ਪਾਰਲੀਮੈਂਟ ਲਈ ਚੁਣਿਆ ਗਿਆ ਪਰ ਸੰਨ 1925 ਵਿਚ ਅਸਤੀਫ਼ਾ ਦੇ ਗਿਆ ਜਦੋਂ ਰਜ਼ਾ ਸ਼ਾਹ ਇਰਾਨ ਦਾ ਬਾਦਸ਼ਾਹ ਬਣ ਗਿਆ। ਉਹ



ਰਜ਼ਾ ਸ਼ਾਹ ਦੇ ਖ਼ਿਲਾਫ਼ ਨਹੀਂ ਸੀ, ਇਕ ਫੌਜੀ ਨੂੰ ਦੇਸ਼ ਦਾ ਸੁਲਤਾਨ ਬਣਾਉਣ ਦੇ ਵਿਰੁੱਧ ਸੀ। ਕਾਜਰ ਰਾਜਸੀ ਘਰਾਣੇ ਨਾਲ ਸਬੰਧਤ ਮੁਸੱਦਕ ਦੇ ਪਰਵਾਰ ਦਾ ਇਤਿਹਾਸ ਸੀ – ਉਨ੍ਹਾਂ ਕਈ ਰਾਜਸੀ ਸੁਧਾਰ ਕੀਤੇ ਸਨ। ਜਦ ਉਹਨੇ ਵੇਖਿਆ ਕਿ ਨਵੇਂ ਬਾਦਸ਼ਾਹ ਅਧੀਨ ਦੇਸ਼ ਦੀ ਲੁੱਟ–ਖਸੁੱਟ ਅਮਰੀਕੀ ਅਤੇ ਬਰਤਾਨਵੀ ਕੰਪਨੀਆਂ ਹੱਥੋਂ ਵਧੀ ਹੀ ਜਾ ਰਹੀ ਹੈ, ਤਾਂ ਸੰਨ 1949 ਵਿਚ ਉਹਨੇ 17 ਮਜ਼ਬੂਤ ਜਣਿਆਂ ਨਾਲ ਰਲ ਕੇ ਨੈਸ਼ਨਲ ਫ਼ਰੰਟ ਬਣਾਇਆ ਜਿਹੜਾ ਇਰਾਨ ਦੇ ਹਿਤਾਂ ਦੀ ਰਾਖੀ ਕਰਨੀ ਚਾਹੁੰਦਾ ਸੀ। ਉਹ ਡੈਮੋਕ੍ਰੇਟਿਕ ਤਰੀਕੇ ਨਾਲ ਲੜਣ ਵਿਚ ਭਰੋਸਾ ਰਖਦਾ ਸੀ। ਸੰਨ 1951 ਵਿਚ ਪਾਰਲੀਮੈਂਟ ਵੱਲੋਂ 79–12 ਦੇ ਵੱਡੇ ਫ਼ਰਕ ਨਾਲ ਚੁਣੇ ਜਾਣ 'ਤੇ ਮੁਸੱਦਕ ਤੁਹਾਡਾ 30ਵਾਂ ਪ੍ਰਧਾਨ ਮੰਤਰੀ ਬਣਿਆ। ਉਸੇ ਸਾਲ ਉਹਨੇ ਪਾਰਲੀਮੈਂਟ ਦੀ ਬਹੁਸੰਮਤੀ–ਵੋਟ–ਸਹਿਮਤੀ ਨਾਲ ਇਰਾਨ ਦੇ ਤੇਲ ਸੋਮਿਆਂ ਦਾ ਕੌਮੀਕਰਨ ਕਰ ਦਿੱਤਾ ਜਿੰਨ੍ਹਾਂ ਉਤੇ ਸੰਨ 1913 ਤੋਂ ਬ੍ਰਿਟਿਸ਼ ਪੈਟਰੋਲੀਅਮ ਦਾ ਕੰਟਰੋਲ ਸੀ। ਸਿਰਫ਼ 2 ਸਾਲਾਂ ਦੇ ਪ੍ਰਧਾਨ–ਮੰਤਰੀ ਕਾਲ ਵਿਚ ਉਹਨੇ ਜ਼ਮੀਨੀ ਸੁਧਾਰ ਵੀ ਕੀਤੇ। ਬੇਰੁਜ਼ਗਾਰਾਂ ਲਈ ਸਰਕਾਰੀ ਭੱਤੇ ਜਾਰੀ ਕੀਤੇ - ਇਸ ਅਹਿਸਾਸ ਨਾਲ ਕਿ ਆਪਣੇ ਨਾਗਰਿਕਾਂ ਨੂੰ ਰੋਟੀ ਦੇਣ ਦੀ ਪ੍ਰਮੁੱਖ ਜ਼ਿੰਮੇਵਾਰੀ ਸਰਕਾਰ ਦੀ ਹੁੰਦੀ ਹੈ। ਫ਼ੈਕਟਰੀ ਮਾਲਕਾਂ ਨੂੰ ਹੁਕਮ ਜਾਰੀ ਹੋਏ – ਬਿਮਾਰ ਹੋਏ ਜਾਂ ਕੰਮ ਕਰਦਿਆਂ ਸੱਟ ਲੱਗਣ ਨਾਲ ਬੇਕਾਰ ਹੋਏ ਮਜ਼ਦੂਰਾਂ ਨੂੰ ਆਰਥਿਕ ਰਾਹਤ ਦੇਣ। ਇਰਾਨ ਵਿਚ ਗੁਲਾਮ–ਪ੍ਰਥਾ ਅਤੇ ਬੰਧੂਆ ਮਜ਼ਦੂਰੀ ਖ਼ਤਮ ਕਰ ਦਿੱਤੀ ਗਈ। ਜਾਗੀਰਦਾਰਾਂ ਨੂੰ ਕਿਹਾ – ਉਹ ਆਪਣੇ ਮਾਲੀਏ ਦਾ 20% ਵਿਕਾਸ ਫ਼ੰਡ ਲਈ ਦੇਣ। ਇਸ ਪੈਸੇ ਨਾਲ ਪਿੰਡਾਂ ਵਿਚ ਲੋਕਾਂ ਲਈ ਘਰ, ਫ਼ਸਲਾਂ ਦੇ ਬਚਾਅ ਲਈ ਕੀਟ–ਕਾਬੂ ਸਹੂਲਤਾਂ ਅਤੇ ਸ਼ਹਿਰਾਂ ਵਿਚ ਸਫ਼ਾਈ ਸੁਵਿਧਾਵਾਂ ਦਾ ਪ੍ਰਬੰਧ ਕੀਤਾ ਗਿਆ। ਇਰਾਨ ਅੰਦਰ ਇਹ ਸਭ ਕੰਮ ਉਹਨੇ ਇਕ ਬਾਦਸ਼ਾਹ ਦੇ ਹੁੰਦਿਆਂ ਵੀ ਸੰਨ 1952 ਵਿਚ ਕਰ ਦਿੱਤੇ ਜਦੋਂ ਕਿ ਸੰਨ 47 ਵਿਚ ਸੁਤੰਤਰ ਹੋ ਗਏ ਮੇਰੇ ਡੈਮੋਕ੍ਰੇਟਿਕ ਮੁਲਕ ਵਿਚ ਇਹ ਕੰਮ ਪੂਰੀ ਤਰ੍ਹਾਂ ਹਾਲੇ ਵੀ ਨਹੀਂ ਹੋਏ ..."

"ਪਰ ਬਰਤਾਨਵੀ ਅਤੇ ਅਮਰੀਕੀ ਹੁਕਮਰਾਨਾਂ ਨੂੰ ਇਸ ਨਾਲ ਵਾਸਤਾ ਨਹੀਂ ਸੀ ਕਿ ਤੇਰੇ ਦੇਸ਼ ਦੇ ਲੋਕਾਂ ਦੀ ਹਾਲਤ ਬੇਹਤਰ ਹੋ ਰਹੀ ਹੈ। ਉਹ ਕੇਵਲ ਤੁਹਾਡਾ ਤੇਲ ਕਾਬੂ ਕਰਕੇ, ਵੇਚ ਕੇ, ਆਪਣੇ ਪੈਸੇ ਬਣਾਉਣੇ ਚਾਹੁੰਦੇ ਸਨ। ਏਸ ਵਾਸਤੇ ਸੀ.ਆਈ.ਏ. ਵੱਲੋਂ ਸੰਸਾਰ ਵਿਚ ਪਹਿਲਾ ਰਾਜ–ਪਲਟਾ ਸੰਨ 1953 ਵਿਚ ਤੇਰੇ ਦੇਸ਼ ਇਰਾਨ ਵਿਚ ਕੀਤਾ ਗਿਆ। ਏਹਦਾ ਪ੍ਰਬੰਧਕ–ਕਰਤਾ–ਧਰਤਾ 26ਵੇਂ ਅਮਰੀਕੀ ਰਾਸ਼ਟਰਪਤੀ ਥਿਓਡੋਰ ਰੂਜ਼ਵੈਲਟ ਦਾ ਪੋਤਰਾ ਕਰਮਿਟ ਰੂਜ਼ਵੈਲਟ ਸੀ। ਫੌਜ ਦੀ ਮਦਦ ਨਾਲ ਰਜ਼ਾ ਸ਼ਾਹ ਪਹਿਲਵੀ ਨੂੰ ਦੁਬਾਰਾ ਸ਼ਹਿਨਸ਼ਾਹ–ਇਰਾਨ ਬਣਾਇਆ ਗਿਆ। ਨੈਸ਼ਨਲ ਫ਼ਰੰਟ ਨੂੰ ਬੈਨ ਅਤੇ ਮੁਸੱਦਕ ਨੂੰ ਘਰ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਜਿੱਥੇ 14 ਵਰ੍ਹੇ ਡੱਕੇ ਰਹਿਣ ਮਗਰੋਂ ਸੰਨ 1967 ਵਿਚ ਉਹਦੀ ਮੌਤ ਹੋ ਗਈ। ਸ਼ਾਹ–ਇਰਾਨ ਦੀ ਸਰਕਾਰ ਓਦੋਂ ਵੀ ਏਨੀ ਡਰੀ ਹੋਈ ਸੀ ਕਿ ਜਨਾਜ਼ੇ ਦੀ ਇਜਾਜ਼ਤ ਵੀ ਨਾ ਦਿੱਤੀ। ਲੋਕਾਂ ਨੂੰ ਪਤਾ ਲੱਗਣ ਤੋਂ ਰੋਕਣ ਖ਼ਾਤਰ ਮੁਸੱਦਕ ਨੂੰ ਘਰ ਵਿਚ ਹੀ ਦਫ਼ਨਾ ਦਿੱਤਾ। ਪਰ ਰਜ਼ਾ ਸ਼ਾਹ ਨੂੰ ਪਤਾ ਲੱਗ ਗਿਆ – ਲੋਕ ਤਬਦੀਲੀ ਚਾਹੁੰਦੇ ਹਨ। ਉਹਨੇ ਮੁਲਕ ਵਿਚ ਸੁਧਾਰ ਅਤੇ ਆਧੁਨਿਕਤਾ ਲਈ ਯਤਨ ਕੀਤੇ। ਕਈ ਚੰਗੀਆਂ ਤਬਦੀਲੀਆਂ ਵਾਪਰੀਆਂ ਵੀ ਪਰ ਉਹਦੇ ਵਿਰੁੱਧ ਬਗਾਵਤ ਪਨਪਦੀ ਰਹੀ। ਸੰਨ 1979 ਵਿਚ ਉਹਨੂੰ ਤਖ਼ਤ ਛਡਣਾ ਪਿਆ ਅਤੇ ਤਾਕਤ ਤੁਹਾਡੇ ਮੁੱਲਾਵਾਂ ਹੱਥ ਆ ਗਈ'।

ਕੀਆ ਨੇ ਜਿਰਹ ਕੀਤੀ : 'ਏਨ੍ਹਾਂ ਮੁੱਲਾਵਾਂ ਨੂੰ ਅਮਰੀਕਾ ਨੇ ਨਹੀਂ ਲਿਆਂਦਾ! ਅਮਰੀਕਾ ਤਾਂ ਸ਼ਾਹ ਦੇ ਹੱਕ ਵਿਚ ਸੀ।'

ਮੈਂ ਕਿਹਾ : "ਰਜ਼ਾ ਸ਼ਾਹ ਪਹਿਲਵੀ ਜਦੋਂ ਦੁਬਾਰਾ ਲਿਆਂਦਾ ਗਿਆ ਤਾਂ ਉਹਨੇ ਆਪਣੀ ਸੱਤਾ–ਰਾਖੀ ਲਈ ਪਬਲਿਕ ਅਦਾਰਿਆਂ ਨੂੰ ਕਾਬੂ ਅਤੇ ਬੇਅਸਰ ਕਰਨਾ ਸ਼ੁਰੂ ਕਰ ਦਿੱਤਾ। ਇਮਾਨਦਾਰ ਅਦਾਲਤਾਂ, ਨਿਰਪੱਖ ਪੁਲਿਸ, ਸੁਤੰਤਰ ਪੱਤਰਕਾਰੀ, ਪ੍ਰੋਟੈਸਟ ਦਾ ਅਧਿਕਾਰ - ਏਹ ਉਹ ਡੈਮੋਕ੍ਰੇਟਿਕ ਰਾਹ ਹਨ ਜਿਸ ਰਾਹੀਂ ਲੋਕ ਆਪਣੇ ਵਿਚਾਰ ਅਤੇ ਰੋਹ ਪ੍ਰਗਟ ਕਰਦੇ ਹਨ। ਲੋਕ ਸੁਪਰੀਮ ਕੋਰਟ ਵਿਚ ਸਰਕਾਰ ਦੇ ਕਿਸੇ ਵੀ ਕਾਨੂੰਨ ਨੂੰ ਵੰਗਾਰ ਸਕਦੇ ਹਨ। ਏਹੀ ਤਾਂ ਅਸਲ ਕਾਰਣ ਹੈ ਜਿਸ ਕਰਕੇ ਲੋਕ ਡੈਮੋਕ੍ਰੇਸੀ ਮੰਗਦੇ ਹਨ। ਜੇਕਰ ਇਨ੍ਹਾਂ ਸੰਸਥਾਵਾਂ ਦੀ ਸੁਤੰਤਰਤਾ ਦਾ ਗਲਾ ਘੁੱਟ ਦਿੱਤਾ ਜਾਵੇ, ਮੁਜ਼ਾਹਰਿਆਂ ਦੀ ਆਗਿਆ ਨਾ ਰਹੇ, ਤਾਂ ਲੋਕਾਂ ਕੋਲ ਇਕੱਠੇ ਹੋਣ ਲਈ ਫ਼ਿਰ ਕਿਹੜੀ ਥਾਂ ਰਹਿ ਜਾਂਦੀ ਹੈ ? 100 ਵਿਚੋਂ 98 ਵਾਰੀ ਲੋਕਾਂ ਦੇ ਇੱਕਠੇ ਹੋਣ ਲਈ ਸਿਰਫ਼ ਕੋਈ ਚਰਚ, ਮਸਜਿਦ ਜਾਂ ਧਾਰਮਕ ਅਸਥਾਨ ਹੀ ਰਹਿ ਜਾਂਦਾ ਹੈ ਕਿਉਂਕਿ ਸਰਕਾਰ ਓਥੇ ਦਖ਼ਲ ਦੇਣ ਤੋਂ ਝਿਜਕਦੀ ਹੈ। ਐਸੀ ਸਥਿਤੀ ਆ ਜਾਣ 'ਤੇ ਸਰਕਾਰਾਂ ਵਿਰੁੱਧ ਬਗਾਵਤਾਂ ਫਿਰ ਧਾਰਮਿਕ ਅਦਾਰਿਆਂ 'ਚੋਂ ਸ਼ੁਰੂ ਹੁੰਦੀਆਂ ਹਨ ਅਤੇ ਕੱਟੜ ਬੰਦੇ ਉਨ੍ਹਾਂ ਬਗਾਵਤਾਂ ਦੇ ਮੋਹਰੀ ਬਣਦੇ ਹਨ। ਜਦ ਸੱਤਾ ਉਨ੍ਹਾਂ ਹੱਥ ਆਉਂਦੀ ਹੈ, ਉਹ ਕਈ ਵਾਰੀ ਉਨ੍ਹਾਂ ਨਾਲੋਂ ਬਦਤਰ ਸਾਬਤ ਹੁੰਦੇ ਹਨ ਜਿੰਨ੍ਹਾਂ ਨੂੰ ਲੋਕ–ਰੋਹ ਨੇ ਲਾਹਿਆ ਹੁੰਦਾ ਹੈ। ਪਰ ਕੀਆ, ਸਾਡੇ ਸੋਚਣ ਵਾਲੀ ਗੱਲ ਇਹ ਹੈ ਕਿ – ਇਰਾਨ ਵਿਚ ਲੋਕਾਂ ਦੇ ਰੋਹ ਨੂੰ ਸੜਕਾਂ ਜਾਂ ਅਦਾਲਤਾਂ ਵਿਚੋਂ ਕੱਢ ਕੇ ਮਸਜਿਦਾਂ ਵਿਚ ਵਾੜਣ ਵਾਲਾ ਕੌਣ ਸੀ ? ਓਹੀ - ਜਿਸ ਨੇ ਅਫ਼ਗਾਨਿਸਤਾਨੀਆਂ ਨੂੰ ਕੱਟੜ ਤਾਲਿਬਾਨਾਂ ਦੀ ਬਲਦੀ ਦੇ ਬੁੱਥੇ ਲਿਆਂਦਾ ਹੈ।"

ਮੈਂ ਕਿਹਾ : "ਵੇਖਣ ਵਾਲੀ ਗੱਲ ਇਹ ਵੀ ਹੈ ਕਿ ਮੁਸੱਦਕ ਨੇ ਤੁਹਾਡੇ ਬਾਦਸ਼ਾਹ ਨੂੰ ਗੱਦੀ ਤੋਂ ਨਹੀਂ ਲਾਹਿਆ ਸੀ। ਉਹਨੇ ਸਿਰਫ਼ ਆਪਣੇ ਦੇਸ਼ ਦੇ ਤੇਲ–ਸੋਮਿਆਂ ਨੂੰ ਲੋਕਾਂ ਦੀ ਚੁਣੀ ਸਰਕਾਰ ਹੱਥ ਦਿੱਤਾ ਸੀ। ਤੁਹਾਡੇ ਕੱਟੜ ਹੁਕਮਰਾਨਾਂ ਵਿਚ ਸੌ ਨੁਕਸ ਹਨ। ਉਨ੍ਹਾਂ ਲੋਕਾਂ ਦੇ ਸਿਖਿਅਤ ਹੋਣ ਵਿਚ ਰੁਕਾਵਟ ਪਾਈ ਹੈ। ਬੋਲਣ ਦਾ ਅਧਿਕਾਰ ਖੋਹਿਆ ਹੈ। ਸ਼ਰ੍ਹਾ ਦੇ ਕਾਨੂੰਨ ਅਧੀਨ ਬੇਰਹਿਮ ਸਜ਼ਾਵਾਂ ਅਤੇ ਮੌਤਾਂ ਲੋਕਾਂ ਨੂੰ ਦਿੱਤੀਆਂ ਹਨ। ਔਰਤਾਂ ਨੂੰ ਵਿਦਿਆ ਅਤੇ ਕੰਮ ਕਰਨੋਂ ਟੋਕਿਆ ਹੈ, ਪਰਦੇ ਵਿਚ ਰਖਿਆ ਹੈ। ਕੁਰਪਸ਼ਨ ਵੀ ਕੀਤੀ ਹੈ। ਪੱਛਮੀ ਅਖ਼ਬਾਰਾਂ ਵਿਚ ਅਜਿਹੇ ਮਸਲਿਆਂ ਨੂੰ ਪਹਿਲੇ ਸਫ਼ੇ ਤੇ ਛਾਪਿਆ ਜਾਂਦਾ ਹੈ। ਪਰ ਜੇ ਅੱਜ ਇਰਾਨੀ ਹੁਕਮਰਾਨ ਸਾਰੇ ਤੇਲ ਦੇ ਖੂਹ ਅਮਰੀਕਨ ਕੰਪਨੀਆਂ ਹਵਾਲੇ ਕਰ ਦੇਣ, ਤੇ ਕਲ੍ਹ ਨੂੰ ਇਰਾਨ ਵਿਚ ਲੱਖ ਔਰਤਾਂ ਨੂੰ ਕਤਾਰ ਵਿਚ ਖੜ੍ਹਾ ਕਰਕੇ ਗੋਲੀ ਮਾਰ ਦੇਣ - ਤਾਂ ਸ਼ਾਇਦ ਇਹ ਖ਼ਬਰ ਕਿਸੇ ਅਮਰੀਕੀ ਅਖ਼ਬਾਰ ਵਿਚ ਛਪੇ ਵੀ ਨਾ! ਸੱਚ ਇਹ ਹੈ ਕਿ ਯੂਰਪੀ ਸਰਕਾਰਾਂ ਨੂੰ ਤੁਹਾਡੇ ਖੁਮੀਨੀਆਂ ਦੀ ਕਿਸੇ ਗੱਲ ਤੇ ਇਤਰਾਜ਼ ਨਹੀਂ। ਤੁਹਾਡਾ ਸਿਖਿਅਤ ਜਾਂ ਸੁਤੰਤਰ ਹੋਣਾ ਵੀ ਅਮਰੀਕਾ ਬਰਤਾਨੀਆ ਫ਼ਰਾਂਸ ਜਾਂ ਇਟਲੀ ਵਾਸਤੇ ਟਕੇ ਦਾ ਸੁੱਖ ਨਹੀਂ। ਉਨ੍ਹਾਂ ਨੂੰ ਤੁਹਾਡਾ ਤੇਲ, ਜ਼ਮੀਨੀ ਸੋਮੇ ਅਤੇ ਤੁਹਾਡੀ ਸਾਰੀ ਮਾਰਕਿਟ ਆਪਣੇ ਕਬਜ਼ੇ ਵਿਚ ਚਾਹੀਦੀ ਹੈ, ਬਸ। ਮੁਸੱਦਕ ਵਾਂਗ ਤੁਹਾਡੇ ਕੱਟੜਪੰਥੀ ਹੁਕਮਰਾਨ ਵੀ ਏਸ ਗੱਲ ਤੇ ਹੀ ਅਮਰੀਕਾ ਨਾਲ ਲੜ ਰਹੇ ਹਨ ਕਿ ਇਹ ਸਭ ਸਾਡੇ ਦੇਸ਼ ਦਾ ਹੈ। ਤੂੰ ਦਸ – ਕੀ ਤੁਹਾਡਾ ਆਪਣੇ ਤੇਲ ਤੇ ਕੋਈ ਅਧਿਕਾਰ ਨਹੀਂ ? ਤੁਹਾਡੀ ਧਰਤੀ ਦੇ ਤੇਲ ਨਾਲ ਟੈਕਸਾਸ ਜਾਂ ਲੰਡਨ ਦੇ ਬੈਂਕਾਂ ਦੇ ਖਾਤੇ ਹੀ ਅਮੀਰ ਕਿਉਂ ਹੋਣ ? ਤੁਸੀਂ ਕਿਉਂ ਨਹੀਂ ?

ਕੀਆ ਬੋਲਿਆ : "ਮੈਂ ਸਹਿਮਤ ਹਾਂ, ਪਰ ਇਸ ਝਗੜੇ ਨੇ ਸਾਡਾ ਮੁਲਕ ਗਰੀਬ ਕਰ ਦਿੱਤਾ। ਡਾਢੇ ਨਾਲ ਪੰਗਾ ਸੋਚ ਕੇ ਲੈਣਾ ਚਾਹੀਦਾ ਹੈ।"

ਮੈਂ ਕਿਹਾ : "ਹਾਂ, ਸੋਚ ਕੇ ਲੈਣਾ ਚਾਹੀਦਾ ਹੈ। ਸੋਚਣਾ - ਕਿ ਇਹ ਲੜਾਈ ਕਿਵੇਂ ਲੜਣੀ ਹੈ ? ਆਪਣੇ ਬੰਦਿਆਂ ਨੂੰ ਕਿਵੇਂ ਬਚਾਉਣਾ ਹੈ ? ਐਸੀ ਗੱਲ ਨਹੀਂ ਕਿ ਤੁਹਾਡੇ ਹੁਕਮਰਾਨਾਂ ਨੇ ਸੋਚਿਆ ਨਹੀਂ। ਜਦੋਂ ਅਮਰੀਕਾ ਨੇ ਤੁਹਾਡੇ ਦੇਸ ਤੇ ਆਰਥਿਕ ਪਾਬੰਦੀਆਂ ਲਾ ਦਿੱਤੀਆਂ, ਤੁਹਾਡਾ ਤੇਲ ਦੁਨੀਆ ਦੀ ਮਾਰਕਿਟ ਵਿਚ ਵਿਕਣ ਨਾ ਦਿੱਤਾ, ਤੁਹਾਨੂੰ ਸੰਸਾਰ ਭਰ ਵਿਚੋਂ ਆਪਣੀ ਤਰੱਕੀ ਲਈ ਮਸ਼ੀਨਾਂ, ਖਣਿਜ ਪਦਾਰਥ ਜਾਂ ਤਕਨਾਲੋਜੀ ਖਰੀਦਣ ਤੇ ਰੋਕ ਲਾ ਦਿੱਤੀ ਤਾਂ ਤੁਹਾਡਾ ਦੇਸ਼ ਗਰੀਬ ਹੋਣ ਲੱਗਾ। ਪਰ ਤੁਹਾਡੀ ਏਸੇ ਸਰਕਾਰ ਨੇ ਸਭ ਬੇਰੁਜ਼ਗਾਰ ਲੋਕਾਂ ਨੂੰ ਗਰੀਬੀ–ਭੱਤਾ ਦੇਣਾ ਜਾਰੀ ਰੱਖਿਆ ਜਿਹੜਾ ਲਗਭਗ 1500 ਅਮਰੀਕੀ ਡਾਲਰ ਦੇ ਬਰਾਬਰ ਮੁੱਲ ਦਾ ਸੀ। ਪੱਛਮੀ ਸਰਮਾਏਦਾਰੀ ਘੇਰਿਆਂ ਅਤੇ ਅਖ਼ਬਾਰਾਂ ਵਿਚ ਏਹਦੀ ਨਿੰਦਾ ਹੋਈ ਕਿ ਹੁਣ ਇਰਾਨੀ ਮੁਫ਼ਤਖੋਰੀ ਕੌਮ ਬਣ ਜਾਣਗੇ, ਕਿਸੇ ਕੰਮ ਨੂੰ ਕਰਨ–ਜੋਗੇ ਹੀ ਨਹੀਂ ਰਹਿਣਗੇ। ਲੇਕਿਨ 20 ਸਾਲਾਂ ਮਗਰੋਂ ਜਦੋਂ ਪੱਛਮੀ ਮਾਹਿਰਾਂ ਨੇ ਹੀ ਏਸਦਾ ਅਸਰ ਸਮਝਣ ਲਈ ਅੰਕੜੇ ਇਕੱਠੇ ਕੀਤੇ ਤਾਂ ਹੈਰਾਨ ਰਹਿ ਗਏ। ਇਰਾਨੀ ਹੋਰ ਵੀ ਮਿਹਨਤੀ ਹੋ ਗਏ ਸਨ। ਗਰੀਬੀ–ਭੱਤਿਆਂ ਨੇ ਲੋਕਾਂ ਨੂੰ ਮਰਨ ਨਹੀਂ ਦਿੱਤਾ, ਪਰ ਬਹੁਤ ਸਹੂਲਤਾਂ ਵੀ ਨਾ ਦੇ ਸਕੇ। ਆਮ ਇਰਾਨੀ ਬੰਦਿਆਂ ਨੂੰ ਜਾਪਿਆ ਕਿ ਜੇ ਉਹ ਥੋੜ੍ਹੀ ਮਿਹਨਤ ਹੋਰ ਕਰ ਲੈਣ ਤਾਂ ਜ਼ਿੰਦਗੀ ਸੌਖੀ ਹੋ ਜਾਵੇਗੀ। ਸੋ ਉਹ ਜੁੱਟ ਕੇ ਹੋਰ ਕੰਮਾਂ ਵਿਚ ਲੱਗ ਗਏ, ਪਰ ਇੰਨ੍ਹਾਂ ਭੱਤਿਆਂ ਦੀ ਅਣਹੋਂਦ ਵਿਚ ਉਨ੍ਹਾਂ ਭੁੱਖ ਨਾਲ ਹੀ ਮਰ ਜਾਣਾ ਸੀ। ਕਈ ਸਾਲ ਇਹ ਅੰਕੜੇ ਦਬਾਅ ਕੇ ਰੱਖੇ ਗਏ ਪਰ 2 ਕੁ ਸਾਲ ਪਹਿਲਾਂ ਨਸ਼ਰ ਹੋ ਗਏ। ਪੱਛਮ ਵਿਚ ਅਜਿਹੇ ਭੱਤੇ ਸੀਮਤ ਹਨ। ਹੁਣ 7–7 ਮੁਲਕਾਂ ਵਿਚ ਵੀ ਇਹ ਮੰਗ ਜ਼ੋਰ ਫ਼ੜ ਰਹੀ ਹੈ। ਸਰਮਾਏਦਾਰੀ ਦੇ ਵੱਡੇ ਸਮਰੱਥਕ ਅਤੇ ਆਰਥਿਕ ਮਾਹਰ ਵੀ ਇਹ ਮੰਨਣ ਲੱਗੇ ਹਨ ਕਿ ਪਿਛਲੇ 5 ਦਹਾਕਿਆਂ ਦੌਰਾਨ ਗਰੀਬ–ਅਮੀਰ ਵਿਚ ਆਰਥਿਕ ਪਾੜਾ ਬਹੁਤ ਵਧ ਗਿਆ ਹੈ। ਇਸ ਕਰਕੇ ਆਪਣੇ ਜੀਣ ਦੀ ਜ਼ਿੰਮੇਵਾਰੀ ਸਿਰਫ਼ ਲੋਕਾਂ 'ਤੇ ਹੀ ਪਾ ਦੇਣੀ ਸਹੀ। ਇਉਂ ਕੀਤਿਆਂ ਸਿਸਟਮ 'ਕੋਲੈਪਸ' ਕਰ ਸਕਦਾ ਹੈ। ਕਿਉਂਕ ਜੇ ਲੋਕ ਹੀ ਨਹੀਂ ਰਹਿਣਗੇ, ਜਾਂ ਉਨ੍ਹਾਂ ਦੀ ਖਰੀਦ–ਸਮਰੱਥਾ ਹੀ ਨਾ ਰਹੀ – ਤਾਂ ਸਰਮਾਏਦਾਰਾਂ ਦਾ ਸਾਮਾਨ ਖਰੀਦੇਗਾ ਕੌਣ ? ਦੁੱਖ ਭੁੱਖ ਵਿਚ ਸਰਕਾਰਾਂ ਨੂੰ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ – ਏਸ ਦਾ ਸਭ ਤੋਂ ਵੱਡਾ ਸਬੂਤ ਇਕ ਪਾਸੇ ਤੇਰੇ ਦੇਸ਼ ਇਰਾਨ, ਅਤੇ ਦੂਜੇ ਪਾਸੇ ਕਿਊਬਾ ਨੇ ਦਿੱਤਾ ਹੈ..."

ਕੀਆ ਬੋਲਿਆ : "ਮੈਨੂੰ ਪੁਰਾਣਾ ਇਤਿਹਾਸ ਤਾਂ ਪਤਾ ਹੈ, ਪਰ ਇਰਾਨ ਵਿਚ ਨਾ ਰਹਿਣ ਕਰਕੇ ਹੁਣ ਦੀਆਂ ਗੱਲਾਂ ਦਾ ਪਤਾ ਨਹੀਂ, ਜਾਂ ਸ਼ਾਇਦ ਹੁਣ ਮੈਂ ਪੱਛਮੀ ਪ੍ਰਚਾਰ ਵਧ ਪੜ੍ਹਦਾ ਹਾਂ।

ਮੈਂ ਕਿਹਾ : "ਬੁਰੇ ਅਤੇ ਕੱਟੜ ਹਾਕਮਾਂ ਦੇ ਬਾਵਜੂਦ – ਇਰਾਨ ਨੂੰ ਲੋੜੀਂਦੀਆਂ 97% ਦਵਾਈਆਂ ਹੁਣ ਦੇਸ਼ ਵਿਚ ਹੀ ਬਣਦੀਆਂ ਹਨ। ਸੰਨ 1980 ਤੋਂ ਪਹਿਲਾਂ ਮੈਡੀਕਲ ਸਾਜ਼ੋ-ਸਾਮਾਨ ਸਿਰਫ਼ 3% ਹੀ ਇਰਾਨ ਵਿਚ ਬਣਦਾ ਸੀ, ਹੁਣ 80% ਬਣਦਾ ਹੈ। ਪਿਛਲੇ 45 ਸਾਲਾਂ ਵਿਚ ਕੁੱਲ ਡਾਕਟਰਾਂ ਦੀ ਗਿਣਤੀ 10 ਗੁਣਾ ਅਤੇ ਇਸਤ੍ਰੀ ਡਾਕਟਰਾਂ ਦੀ ਗਿਣਤੀ 35 ਗੁਣਾ ਵਧੀ ਹੈ। ਔਰਤਾਂ 'ਤੇ ਪਾਬੰਦੀਆਂ ਦੇ ਬਾਵਜੂਦ ਇਰਾਨ ਅੰਦਰ ਮੈਡੀਕਲ ਡਾਕਟਰ ਬਣਨ ਵਾਲਿਆਂ ਵਿਚੋਂ ਅੱਧਿਓਂ ਵਧ ਇਸਤ੍ਰੀਆਂ ਹਨ। 50 ਸਾਲ ਪਹਿਲਾਂ 10,000 ਲੋਕਾਂ ਪਿੱਛੇ ਸਿਰਫ਼ 3 ਡਾਕਟਰ ਸਨ, ਹੁਣ 15 ਹਨ। ਹਸਪਤਾਲਾਂ ਵਿਚ ਬੈੱਡ 3 ਗੁਣਾ ਹੋ ਗਏ ਹਨ। ਪਹਿਲਾਂ ਸਿਰਫ਼ ਇਕ ਤਿਹਾਈ ਸ਼ਹਿਰਾਂ ਨੂੰ ਹਸਪਤਾਲ ਮੁਹੱਈਆ ਸਨ, ਹੁਣ 97% ਸ਼ਹਿਰਾਂ ਨੂੰ ਹਨ। ਹਿਦੁਸਤਾਨ ਵਿਚ ਪੈਦਾ ਹੋਣ ਵੇਲੇ ਅੱਜ ਵੀ 1000 ਵਿਚੋਂ 32 ਬੱਚੇ ਮਰ ਜਾਂਦੇ ਹਨ, ਇਰਾਨ ਵਿਚ ਇਹ ਗਿਣਤੀ 12 ਹੈ। ਕੀ ਇਹ ਗੱਲਾਂ ਵੀ ਅਰਥ ਨਹੀਂ ਰਖਦੀਆਂ?"

"ਨਹੀਂ, ਮੈਂ ਕੱਟੜਵਾਦ ਦਾ ਸਮਰਥਨ ਨਹੀਂ ਕਰ ਰਿਹਾ। ਇਹ ਨਹੀਂ ਕਹਿ ਰਿਹਾ ਕਿ ਏਨੀ ਤਰੱਕੀ ਸਿਰਫ਼ ਧਾਰਮਿਕ ਆਗੂਆਂ ਕਰਕੇ ਹੋਈ ਹੈ। ਆਗੂ ਤਾਂ ਥੋੜ੍ਹੇ ਹੁੰਦੇ ਹਨ। ਜਿਹੜੇ ਲੋਕ ਸਰਕਾਰ ਵਿਚ ਨੌਕਰੀਆਂ ਕਰਦੇ ਹਨ, ਜਿਨ੍ਹਾਂ ਨੂੰ ਲੋਕਾਂ ਦਾ ਦਰਦ ਹੁੰਦਾ ਹੈ – ਉਹ ਕਰਦੇ ਹਨ। ਆਮ ਕਾਮੇ, ਸਰਕਾਰੀ ਕਰਮਚਾਰੀ, ਮਜ਼ਦੂਰ ਤੇ ਮਿਹਨਤੀ ਕਿਸਾਨ, ਡਾਕਟਰ, ਇੰਜੀਨੀਅਰ, ਵਿਗਿਆਨੀ, ਜੱਜ, ਅਹਿਸਾਸਮੰਦ ਬਿਊਰੋਕ੍ਰੇਟ, ਤੇ ਇਮਾਨਦਾਰ ਪੁਲਸ ਅਫ਼ਸਰ – ਉਹ ਸਾਰੇ ਯਤਨ ਕਰਕੇ ਆਪਣੇ ਲੋਕਾਂ ਦੀ ਹਾਲਤ ਬੇਹਤਰ ਕਰਦੇ ਹਨ। ਉਹ ਦੁੱਖਾਂ ਅਤੇ ਤੰਗੀਆਂ ਵਿਚ ਵੀ ਦੂਜਿਆਂ ਦਾ ਫ਼ਿਕਰ ਕਰਨਾ ਨਹੀਂ ਛੱਡਦੇ। ਆਪਣੇ ਦੇਸ ਨੂੰ ਉਹਦੇ ਬੁਰੇ ਆਗੂਆਂ ਕਰਕੇ ਬੁਰਾ ਕਹਿ ਦੇਣ ਦਾ ਅਰਥ ਹੈ – ਅਸੀਂ ਇੰਨ੍ਹਾਂ ਸਾਰੇ ਮਿਹਨਤਕਸ਼ ਲੋਕਾਂ ਦੀ ਸਾਡੇ ਵਾਸਤੇ ਕੀਤੀ ਨੂੰ ਵੀ ਮਿੱਟੀ ਵਿਚ ਰੋਲ ਰਹੇ ਹਾਂ। ਤੇਰੇ ਦੇਸ਼ ਦੇ ਕੱਟੜਪੰਥੀ ਏਨ੍ਹਾਂ ਸਭਨਾਂ ਦੀ ਨੁਮਾਇੰਦਗੀ ਨਹੀਂ ਕਰਦੇ। ਓਵੇਂ ਜਿਵੇਂ ਮੇਰੇ ਦੇਸ਼ ਦੇ ਅੱਜ ਦੇ ਕੱਟੜ ਸੱਤਾਧਾਰੀ ਸ਼ਾਸਕ ਮੈਨੂੰ 'ਰਿਪ੍ਰਜ਼ੈਂਟ' ਨਹੀਂ ਕਰਦੇ, ਕਿਉਂਕਿ ਮੈਂ ਅਤੇ ਮੇਰੇ ਵਰਗੇ ਲੱਖਾਂ ਹੋਰ ਹਿੰਦੁਸਤਾਨੀ ਲੋਕ ਕੱਟੜ ਨਹੀਂ ਹਾਂ। ਸਾਡਾ ਵਿਸ਼ਵਾਸ ਹੈ ਕਿ – ਰਾਜ ਚਲਾਉਣ ਦਾ ਆਧਾਰ ਹਮੇਸ਼ਾ ਕੋਈ ਖਾਸ ਧਰਮ ਨਹੀਂ, ਬਲਕਿ ਮਨੁੱਖੀ ਸੁਤੰਤਰਤਾ, ਮਨੁੱਖੀ ਅਧਿਕਾਰ ਅਤੇ ਸਰਬੱਤ ਦਾ ਭਲਾ ਹੋਣਾ ਚਾਹੀਦਾ ਹੈ।

"ਪਰ ਇਨ੍ਹਾਂ ਸਾਰੇ ਸ਼ੁੱਭ-ਕਰਮਾਂ ਦਾ ਬੀਜ ਤਾਂ ਤੁਹਾਡੀ ਧਰਤੀ ਵਿਚ ਸਦੀਆਂ ਤੋਂ ਪਿਆ ਹੋਇਆ ਹੈ। ਇਰਾਨ ਉਨ੍ਹਾਂ ਵਿਰਲੀਆਂ ਸਭਿਅਤਾਵਾਂ ਵਿਚੋਂ ਹੈ ਜਿਹੜੀਆਂ 5000 ਸਾਲਾਂ ਤੋਂ ਨਿਰੰਤਰ ਜਿਊਂ ਰਹੀਆਂ ਹਨ। ਈਸਾ ਦੇ ਜਨਮ ਤੋਂ ਅਗਲੇ 1000 ਵਰ੍ਹੇ ਤਕ ਇਰਾਨ ਸੰਸਾਰ ਦੀ ਬਹੁਤ ਵੱਡੀ ਤਾਕਤ ਰਹੀ। ਜਰਮਨ ਫ਼ਿਲਾਸਫ਼ਰ ਹੇਗਲ ਤਾਂ ਪਰਸ਼ੀਅਨ ਲੋਕਾਂ ਨੂੰ "The First Historical People" ਕਹਿੰਦਾ ਸੀ। ਤੇਰਾ ਦੇਸ ਏਡਾ ਮਹਾਨ ਹੈ ਕਿ ਏਥੇ ਕੱਟੜਪੰਥੀ ਵੀ ਆ ਜਾਣ, ਤਦ ਵੀ ਏਹਦੀ ਮਿੱਟੀ ਵਿਚ ਏਨਾ ਗਿਆਨ, ਕਲਾ, ਸਾਹਿਤ, ਸਹਿਜ ਅਤੇ ਕੋਮਲਤਾ ਭਰੀ ਹੋਈ ਹੈ ਕਿ ਏਸਨੂੰ ਪੂਰੀ ਤਰ੍ਹਾਂ ਬੁਰਾ ਬਣਾਉਣਾ ਹੀ ਅਸੰਭਵ ਹੈ! ਤੁਹਾਡੀਆਂ ਰਗਾਂ ਵਿਚ ਜ਼ਰਥੁਸਤਰ ਦਾ ਵਿਚਾਰ ਵਹਿੰਦਾ ਹੈ। ਅਰਬਾਂ ਤੁਰਕਾਂ ਮੰਗੋਲਾਂ ਦੇ ਆ ਜਾਣ ਦੇ ਬਾਵਜੂਦ ਵੀ ਤੁਸੀਂ ਉਹਨੂੰ ਆਪਣੇ ਵਿਚੋਂ ਮਨਫ਼ੀ ਨਾ ਹੋਣ ਦਿੱਤਾ ..."

ਕੀਆ ਦੇ ਚਿਹਰੇ ਤੇ ਲਿਸ਼ਕ ਆ ਗਈ। ਉਹ ਮੁਸਕਰਾ ਕੇ ਬੋਲਿਆ : "ਸਾਨੂੰ ਤਾਂ ਇਕ ਕਵੀ ਨੇ ਬਚਾਅ ਲਿਆ, ਨਹੀਂ ਤਾਂ ਅਸੀਂ ਸਦਾ ਲਈ ਮੁੱਕ ਜਾਣਾ ਸੀ ..."

ਮੈਂ ਪੁੱਛਿਆ : 'ਕਿਸ ਨੇ?

ਉਹ ਬੋਲਿਆ : "ਹਾਫ਼ਿਜ਼ ਸ਼ੀਰਾਜ਼ੀ ਨੇ! ਜ਼ਰਥੁਸਤਰ ਸਾਡਾ ਬਾਬਾ ਸੀ ਜਿਹੜਾ ਈਸਾ ਤੋਂ 650 ਸਾਲ ਪਹਿਲਾਂ ਆਇਆ ਸੀ। ਉਹਦਾ ਪ੍ਰਭਾਵ ਤਾਂ ਇਸਾਈ, ਯਹੂਦੀ ਅਤੇ ਇਸਲਾਮ ਜਿਹੇ ਧਰਮਾ ਤੇ ਵੀ ਪਿਆ। ਉਹਦਾ ਅਸਰ ਪਲੈਟੋ, ਹੇਰਾਕਲਾਈਟੱਸ ਅਤੇ ਪੈਥਾਗੋਰਸ ਵਰਗੇ ਵਿਚਾਰਕਾਂ ਵਿਗਿਆਨੀਆਂ ਤੇ ਵੀ ਦਿਸਦਾ ਹੈ। ਇਰਾਨ ਵਿਚ ਸਦਾ ਲੋਕਲ ਲੋਕਾਂ ਦੀ ਹੀ ਸਲਤਨਤ ਰਹੀ। ਸੱਤਵੀਂ ਸਦੀ ਵਿਚ ਅਰਬਾਂ ਨੇ ਆ ਕੇ ਇਸਲਾਮ ਸਾਡੇ ਤੇ ਲਾਗੂ ਕੀਤਾ। ਪਰ ਅਸੀਂ ਜ਼ਰਥੁਸਤਰ ਦੇ ਕੋਮਲ ਗਿਆਨ ਨੂੰ ਇਸਲਾਮ ਵਿਚ ਘੋਲ ਦਿੱਤਾ। ਸ਼ਾਇਦ ਏਸੇ ਕਰਕੇ ਸਾਡੇ ਵਿਚੋਂ ਸੂਫ਼ੀ ਜਨਮੇ।

"ਸੰਨ 1220 ਤੋਂ 1250 ਦੌਰਾਨ ਸਾਡੇ ਤੇ ਮੰਗੋਲਾਂ ਦਾ ਕਬਜ਼ਾ ਹੋ ਗਿਆ। ਚੰਗੇਜ਼ ਖ਼ਾਨ ਅਤੇ ਹਲਾਕੂ ਨੇ ਸਾਡਾ ਦੇਸ਼ ਹਰ ਪੱਖੋਂ ਹਲਾਕ ਕਰ ਦਿੱਤਾ। ਉਨ੍ਹਾਂ ਦੀ ਸਭਿਅਤਾ ਸਾਥੋਂ ਬਿਲਕੁਲ ਹੀ ਜੁਦਾ ਸੀ। ਕਿਸੇ ਦੇਸ਼ ਨੂੰ ਪੂਰਾ ਗੁਲਾਮ ਬਣਾਉਣ ਲਈ ਦੋ ਗੱਲਾਂ ਜ਼ਰੂਰੀ ਹੁੰਦੀਆਂ ਹਨ : ਪਹਿਲੀ – ਉਹਦੀ ਸਭਿਅਤਾ ਸਮਾਪਤ ਕਰਕੇ ਆਪਣੀ ਲਾਗੂ ਕਰ ਦਿੱਤੀ ਜਾਵੇ। ਦੂਜਾ – ਗੁਲਾਮ ਇਸ ਗੱਲ ਦਾ ਕਾਇਲ ਹੋ ਜਾਵੇ ਕਿ ਉਹਦਾ ਭਲਾ ਗੁਲਾਮ ਹੋਣ ਵਿਚ ਹੀ ਹੈ। ਦੂਜੀ ਗੱਲ ਤਾਂ ਅਸੀਂ ਨਾ ਵਾਪਰਣ ਦਿੱਤੀ, ਪਰ ਪਹਿਲੀ ਲਗਭਗ ਵਾਪਰ ਹੀ ਚੱਲੀ ਸੀ ਕਿਉਂਕਿ ਮੰਗੋਲਾਂ ਨੇ ਸਾਡਾ ਸਭ ਕੁਝ ਬਦਲਣ ਦੀ ਕੋਸ਼ਿਸ਼ ਕੀਤੀ। ਸਾਡੇ ਆਪਣੇ ਤਰੀਕੇ ਭੋਜਨ ਪਕਾਉਣ, ਆਪਣੇ ਪਰੰਪਰਾਗਤ ਕਪੜੇ ਪਹਿਨਣ, ਆਪਣਾ ਇਤਿਹਾਸ ਪੜ੍ਹਣ, ਆਪਣੇ ਤਿਓਹਾਰ ਮੇਲੇ ਮਨਾਉਣ, ਆਪਣੀ ਬੋਲੀ ਬੋਲਣ, ਆਪਣੇ ਤਰੀਕੇ ਖ਼ੁਦਾ ਦੀ ਇਬਾਦਤ ਕਰਨ – ਸਭ ਤੇ ਪਾਬੰਦੀ ਲੱਗ ਗਈ।

"ਕਈ ਦਹਾਕੇ ਇਸੇ ਜ਼ੁਲਮ ਦੁੱਖ ਅਤੇ ਉਦਾਸੀ ਵਿਚ ਬੀਤੇ। ਅਸੀਂ ਇਰਾਨੀ ਸਭਿਆਚਾਰ ਵਜੋਂ ਅਲੋਪ ਹੀ ਹੋਣ ਲੱਗੇ। ਓਦੋਂ ਸਾਡੇ ਸਿਆਣਿਆਂ ਨੇ ਸੋਚ ਵਿਚਾਰ ਕੇ ਇਹ ਕੰਮ ਕੀਤਾ : ਹਰ ਘਰ ਵਿਚ ਹਰ ਬੱਚੇ ਨੂੰ ਹਾਫ਼ਿਜ਼ ਸ਼ੀਰਾਜ਼ੀ ਮੂੰਹ ਜ਼ਬਾਨੀ ਯਾਦ ਕਰਵਾ ਦਿੱਤਾ। ਜਿੰਨਾ ਵੀ ਵਧ ਤੋਂ ਵਧ ਉਹ ਕਰ ਸਕਦਾ ਸੀ। ਛਾਪੇਖਾਨੇ ਹੈ ਨਹੀਂ ਸਨ, ਤੇ ਹੱਥ-ਲਿਖ਼ਤ ਕਿਤਾਬਾਂ 'ਤੇ ਪਾਬੰਦੀ ਸੀ। ਸੋ ਹਰ ਬੱਚੇ ਨੂੰ ਸਹੁੰ ਦਿਵਾਈ ਜਾਂਦੀ ਕਿ ਉਹ ਵੀ ਆਪਣੇ ਹੋਣ ਵਾਲੇ ਸਭ ਬੱਚਿਆਂ ਨੂੰ – ਕੁਰਾਨ ਤੋਂ ਵੀ ਪਹਿਲਾਂ ਹਾਫ਼ਿਜ਼ ਸ਼ੀਰਾਜ਼ੀ ਜ਼ਬਾਨੀ ਯਾਦ ਕਰਵਾਏਗਾ। ਤੇ ਉਨ੍ਹਾਂ ਸਭਨਾਂ ਨੇ ਪੁਸ਼ਤ-ਦਰ-ਪੁਸ਼ਤ ਇਹ ਕੀਤਾ। ਹਾਫ਼ਿਜ਼ ਸ਼ਿਰਾਜ਼ੀ ਮੰਗੋਲਾਂ ਦੇ ਆਉਣ ਤੋਂ 100 ਸਾਲ ਮਗਰੋਂ ਸਾਡੇ ਵਿਚ ਉਦੈ ਹੋਇਆ, ਪਰ ਅਗਲੇ 150 ਸਾਲ ਉਹਦੀ ਸ਼ਾਇਰੀ ਨੇ ਸਾਨੂੰ ਬਚਾਅ ਲਿਆ ..."

ਮੈਨੂੰ ਸਮਝ ਨਾ ਆਈ। ਮੈਂ ਪੁੱਛਿਆ : "ਹਾਫ਼ਿਜ਼ ਨੂੰ ਯਾਦ ਕਰਨ ਤੇ ਯਾਦ ਰੱਖਣ ਨਾਲ ਤੁਸੀਂ ਕਿਵੇਂ ਬਚ ਗਏ?"

ਕੀਆ ਬੋਲਿਆ : "ਜਦੋਂ ਕੋਈ ਪੁਸ਼ਤ ਆਪਣਾ ਜੀਣ-ਥੀਣ ਬਦਲਣ ਲਗਦੀ ਹੈ ਤਾਂ ਤੀਜੀ-ਚੌਥੀ ਪੁਸ਼ਤ ਦੇ ਆਉਣ ਤਕ ਉਹਦਾ ਸਾਰਾ ਸਭਿਆਚਾਰ ਹੀ ਸਮਾਪਤ ਹੋ ਜਾਂਦਾ ਹੈ। ਮੈਨੂੰ ਕਵਿਤਾ ਪੜ੍ਹਣ ਦਾ ਸ਼ੌਕ ਹੈ। ਕਵੀ ਇਤਿਹਾਸਕਾਰ ਵੀ ਹੁੰਦਾ ਹੈ, ਪਰ ਉਹ ਭੂਤਕਾਲ ਦੀ ਬਜਾਏ ਆਪਣੇ ਸਮੇਂ ਦੇ ਵਰਤਮਾਨ ਨੂੰ ਵਧ ਸਾਂਭਦਾ ਹੈ। ਹਾਫ਼ਿਜ਼ ਨੇ ਸਾਡਾ ਸਾਰਾ ਸਭਿਆਚਾਰ ਆਪਣੀਆਂ ਕਵਿਤਾਵਾਂ ਵਿਚ ਪਾ ਦਿੱਤਾ, ਲੁਕਾ ਦਿੱਤਾ। ਹਾਫ਼ਿਜ਼ ਨੂੰ ਯਾਦ ਰੱਖਣ ਨਾਲ ਸਾਨੂੰ ਇਹ ਯਾਦ ਰਹਿ ਗਿਆ ਕਿ ਅਸੀਂ ਅਸਲ ਵਿਚ ਕਿਸ ਤਰ੍ਹਾਂ ਦੇ ਲੋਕ ਸਾਂ? ਸਾਡਾ ਅਸਲ ਪਹਿਰਾਵਾ ਤੇ ਭੋਜਨ, ਕਥਾ ਅਤੇ ਕਹਾਣੀਆਂ, ਮਿਥਿਹਾਸ ਤੇ ਇਤਿਹਾਸ, ਵਿਸ਼ਵਾਸ ਅਤੇ ਵਹਿਮ, ਪੂਜਾ ਤੇ ਪਾਠ, ਮੁੱਲ ਅਤੇ ਕੀਮਤਾਂ, ਕਲਾ ਅਤੇ ਕਵਿਤਾ – ਕੀ ਸਨ, ਕਿਹੜੇ ਸਨ? ਅਸੀਂ ਉਸ ਸਭ ਕੁਝ ਨੂੰ ਉਸ ਵਰਤਮਾਨ ਵਿਚ ਜੀਅ ਨਹੀਂ ਸਕਦੇ ਸੀ, ਪਰ ਅਸੀਂ ਉਸ ਸਭ ਕੁਝ ਨੂੰ ਆਪਣੇ ਮਨ ਵਿਚ ਜੀਂਦਾ ਰੱਖਿਆ, ਤੇ ਅਗਲੀਆਂ ਪੁਸ਼ਤਾਂ ਦੀ ਚੇਤਨਾ ਵਿਚ ਵੀ ਜੀਂਦਾ ਰੱਖਿਆ। ਹਾਫ਼ਿਜ਼ ਦੀ ਕਵਿਤਾ ਛੰਦ ਵਿਚ ਸੀ, ਇਸ ਲਈ ਯਾਦ ਰਖਣੀ ਤੇ ਯਾਦ ਕਰਵਾਉਣੀ ਸੌਖੀ ਸੀ। ਹਾਫ਼ਿਜ਼ ਪਿਆਰ ਦਾ ਕਵੀ ਸੀ। ਅਜਿਹੇ ਕਵੀ ਸੁਭਾਵਕ ਬਾਗੀ ਹੁੰਦੇ ਹਨ। ਹਾਫ਼ਿਜ਼ ਦੀ ਸ਼ਾਇਰੀ ਨੇ ਸਾਡੇ ਅੰਦਰ ਬਗਾਵਤ ਦੀ ਲੋਅ ਵੀ ਜਗਾਈ ਰੱਖੀ। ਕੁੱਲ ਸਾਢੇ 8 ਸਦੀਆਂ ਮਗਰੋਂ, ਸੰਨ 1500 ਦੇ ਲਾਗੇ ਇਰਾਨੀ ਮੂਲ ਦੇ ਲੋਕਾਂ ਨੇ ਇਰਾਨ ਵਿਚ ਮੁੜ ਆਪਣੀ ਸੱਤਾ ਹਾਸਲ ਕਰ ਲਈ। ਅਸੀਂ ਸੁੰਨੀ ਕਹਿਰ ਝੱਲਿਆ ਸੀ, ਇਸ ਲਈ ਓਸ ਕੁ ਵੇਲੇ ਸੁੰਨੀ ਛੱਡ ਕੇ ਸ਼ੀਆ ਨੂੰ ਅਪਨਾਇਆ। ਤੇ ਫਿਰ ਓਵੇਂ ਜੀਣਾ ਆਰੰਭ ਕੀਤਾ ਜਿਵੇਂ ਦੇ ਅਸਲ ਲੋਕ ਅਸੀਂ ਹੈ ਸਾਂ। ਜਿਸਤਰ੍ਹਾਂ ਜੀਣਾ – ਸਾਡੀ ਸਦੀਆਂ ਪੁਰਾਣੀ ਤਾਂਘ ਸੀ। ਅਸੀਂ ਕੁਕਨੂਸ ਵਾਂਗੂੰ ਮੁੜ ਜੀਅ ਪਏ, ਇਰਾਨ ਦੀ ਖ਼ੂਬਸੂਰਤ ਪਰ ਅਭਾਗੀ ਸੜੀ ਧਰਤੀ ਵਿਚੋਂ ਫਿਰ ਫੁੱਟ ਪਏ। ... ਇਹ ਬਹੁਤ ਸਾਰਾ ਤਾਂ ਹਾਫ਼ਿਜ਼ ਕਰਕੇ ਹੋਇਆ। ਉਹ ਸਮਾਂ ਬੀਤ ਗਿਆ ਪਰ ਹਾਫ਼ਿਜ਼ ਨੂੰ ਚੇਤੇ ਰਖਣਾ ਸਾਡਾ ਦਸਤੂਰ ਬਣ ਗਿਆ। ਮੇਰੇ ਪਿਤਾ ਸਾਹਿਤ ਪੜ੍ਹਾਉਂਦੇ ਸਨ। ਉਨ੍ਹਾਂ ਨੂੰ ਬਹੁਤ ਸਾਰਾ ਹਾਫ਼ਿਜ਼ ਚੇਤੇ ਹੈ। ਬਹੁਤਾ ਤਾਂ ਨਹੀਂ, ਪਰ ਮੈਨੂੰ ਵੀ ਹਾਫ਼ਿਜ਼ ਦੇ ਕਈ ਬੰਦ ਮੇਰੇ ਪਿਤਾ ਨੇ ਯਾਦ ਕਰਵਾਏ ਹੋਏ ਹਨ।

ਕੀਆ ਕਹਿ ਰਿਹਾ ਸੀ : "ਜਦ ਮੈਂ ਪਹਿਲੀ ਵਾਰੀ ਹਾਫ਼ਿਜ਼ ਦੀ ਕਵਿਤਾ ਪੜ੍ਹੀ ਤਾਂ ਕਿਹਾ : 'ਏਹਦੀ ਕੀ ਖਾਸ ਗੱਲ ਹੈ? ਏਹ ਤਾਂ ਸ਼ਰਾਬ ਅਤੇ ਇਸ਼ਕ ਦਾ ਸਾਧਾਰਣ ਕਵੀ ਹੈ'।

"ਮੇਰੇ ਪਿਤਾ ਨੇ ਹੱਸ ਕੇ ਕਿਹਾ : 'ਤੈਨੂੰ ਪਤਾ ਹੈ – ਜ਼ਾਲਮ ਸਮਿਆਂ ਵਿਚ ਕਿਹੜੀ ਕਵਿਤਾ ਬੰਦਿਆਂ ਨੂੰ ਬਚਾਅ ਕੇ ਰਖਦੀ ਹੈ? ਬਹੁਤੇ ਲੋਕਾਂ ਨੂੰ ਜਾਪਦਾ ਹੈ – ਬਗਾਵਤ ਦੀ ਕਵਿਤਾ। ਉਹ ਗਲਤ ਨਹੀਂ। ਬਗਾਵਤ ਦੀ ਕਵਿਤਾ ਸਾਡੀ ਅਣਖ ਨੂੰ ਜੀਂਦਾ ਰਖਦੀ ਹੈ, ਸਾਡੇ ਸਰੀਰ ਨੂੰ ਲੜਣ ਲਈ ਤਿਆਰ ਰਖਦੀ ਹੈ। ਪਰ ਅਜਿਹੇ ਔਖੇ ਵੇਲੇ ਲੋਕਾਂ ਦੀ ਆਤਮਾ ਨੂੰ ਪਿਆਰ ਦੀ ਕਵਿਤਾ ਸਾਂਭ ਸਾਂਭ ਰਖਦੀ ਹੈ। ਕਿਉਂਕਿ ਜ਼ਾਲਮ ਹਾਕਮਾਂ ਦੀ ਅਸਲ ਕੋਸ਼ਿਸ਼ ਲੋਕਾਂ ਨੂੰ ਗੁਲਾਮ ਬਣਾਉਣ ਨਾਲੋਂ ਵਧ – ਸਭ ਲੋਕਾਂ ਨੂੰ ਹੀ ਜ਼ਾਲਮ ਬਣਾ ਦੇਣ ਦੀ ਹੁੰਦੀ ਹੈ। ਜ਼ਾਲਮ ਬਣ ਗਏ ਲੋਕਾਂ ਨੂੰ ਫ਼ ?ਰ ਜ਼ਾਲਮ ਬਾਦਸ਼ਾਹ ਬੁਰੇ ਨਹੀਂ ਲਗਦੇ। ਸਗੋਂ ਉਹ ਉਨ੍ਹਾਂ ਬਾਦਸ਼ਾਹਾਂ ਦੇ ਕੰਮਾਂ ਦਾ ਹੀ ਸੰਦ ਬਣ ਜਾਂਦੇ ਹਨ, ਉਨ੍ਹਾਂ ਵਾਂਗ ਅਨਿਆਂ ਕਰਨ ਲੱਗ ਜਾਂਦੇ ਹਨ। ਜੰਗ ਦੇ ਸਮਿਆਂ ਵਿਚ ਇਕ ਹੋਰ ਦੁਖਦਾਈ ਘਟਨਾ ਇਹ ਵਾਪਰਦੀ ਹੈ ਕਿ ਦੁਸ਼ਮਣ ਨੂੰ ਹਰਾਉਣ ਲਈ ਸਾਨੂੰ ਦੁਸ਼ਮਣ ਨਾਲੋਂ ਵਧ ਹਿੰਸਕ ਹੋਣਾ ਪੈਂਦਾ ਹੈ। ਇਉਂ ਕੀਤਿਆਂ ਦੁਸ਼ਮਣ ਤਾਂ ਹਾਰ ਜਾਂਦਾ ਹੈ, ਪਰ ਉਸ ਨਾਲੋਂ ਵੀ ਵਧ ਬੁਰੇ ਬੰਦੇ ਬਣ ਕੇ ਅਸੀਂ ਆਪਣਿਆਂ ਤੇ ਰਾਜ ਕਰਨ ਲੱਗ ਜਾਂਦੇ ਹਾਂ, ਆਪਣਿਆਂ 'ਤੇ ਹੀ ਪਹਿਲਾਂ ਨਾਲੋਂ ਜ਼ਿਆਦਾ ਕਹਿਰ ਢਾਹੁਣ ਲੱਗ ਜਾਂਦੇ ਹਾਂ। ਐਸੀ ਹਾਲਤ ਵਿਚ ਲੋਕਾਂ ਦਾ ਦੁੱਖ ਜੰਗ ਜਿੱਤ ਕੇ ਵੀ ਘਟਣ ਦੀ ਥਾਂ ਵਧਣ ਲਗਦਾ ਹੈ। ਹਾਫ਼ਿਜ਼ ਇਸ਼ਕ ਦਾ ਕਵੀ ਸੀ। ਉਹਨੇ ਸਾਨੂੰ ਲੜਦਿਆਂ ਭਿੜਦਿਆਂ ਬਗਾਵਤ ਕਰਦਿਆਂ ਵੀ ਜ਼ਾਲਮ ਨਾ ਬਣਨ ਦਿੱਤਾ। ਸਾਨੂੰ ਉਹੀ ਬਣਾਈ ਰੱਖਿਆ ਜੋ ਅਸੀਂ ਅਸਲ ਵਿਚ ਸਾਂ, ਜੋ ਹੋਣੇ ਤੇ ਰਹਿਣੇ ਚਾਹੀਦੇ ਸਾਂ ..."

**"ਇਕ ਕਵੀ ਕਰਕੇ ਅਸੀਂ ਬਚ ਗਏ ਜੋ ਕਹਿੰਦਾ ਸੀ :**

"ਇਸ ਸੰਸਾਰ ਵਿਚ
ਇਸ ਫੁੱਲਾਂ ਦੇ ਬਾਗ ਵਿਚ
ਹੈ ਕੋਈ ਗੁਲਾਬ –
ਜੋ ਹੈ ਕੰਡਿਆਂ ਤੋਂ ਸੱਖਣਾ?
ਜੇ ਨਹੀਂ ਵੀ ਹੈ
ਤਾਂ ਫ਼ਿਰ ਵੀ ਕੀ ਹੈ ...?"

ਤੇ ਇਹ ਵੀ ਕਹਿੰਦਾ ਸੀ :
"ਆਪਣੀ ਇਕੱਲ ਨੂੰ –
ਤਿਆਗ ਨਹੀਂ ਦੇਈਦਾ
ਹਥਿਆਰ ਵਾਂਗ ਸੁੱਟ ਨਹੀਂ ਦੇਈਦਾ
ਏਨੀ ਛੇਤੀ ..."

ਹਾਲੇ ਏਹਨੂੰ ਹੋਰ ਚੀਰ ਲੈਣ ਦੇ ਤੈਨੂੰ
ਮਨੁੱਖੀ ਭਾਵੇਂ ਰੱਬੀ –
ਕੋਈ ਵਿਰਲੀ ਹੀ ਸੱਟ ਹੈ ਜਿਹੜੀ
ਇਉਂ ਚੀਣਾ ਚੀਣਾ ਕਰ ਸਕੇਗੀ ਤੈਨੂੰ ...
ਹਾਲੇ ਇਕੱਲ ਨੂੰ –
ਖਮੀਰ ਵਾਂਗ ਪਕਾ ਲੈਣ ਦੇ ਤੈਨੂੰ
ਕੋਈ ਵਿਰਲੇ ਹੀ ਮਸਾਲੇ ਹਨ
ਜੋ ਤੇਰੇ ਕਣ ਕਣ ਨੂੰ
ਖ਼ੁਸ਼ਬੂ ਦੇਣਗੇ ਅਜਿਹੀ ...

ਜਦੋਂ ਕਦੀ ਅੱਜ ਰਾਤ ਵਾਂਗ
ਦਿਲ ਲਭਦਾ ਨਹੀਂ ਮੈਨੂੰ
ਆਪਣੀ ਛਾਤੀ ਵਿਚ ਕਿਤੇ ਵੀ
ਤਾਂ ਕੋਮਲ ਹੋ ਜਾਂਦੀਆਂ ਨੇ ਅੱਖਾਂ
ਤੇ ਆਵਾਜ਼ ਏਨੀ ਨਰਮ –
ਕਵਿਤਾ ਜਿੰਨੀ ...

ਤੇ ਐਸੀ ਰਾਤ ਵਿਚ
ਸਪਸ਼ਟ ਹੋ ਜਾਂਦੀ
ਨਿੱਖਰ ਜਾਂਦੀ ਮੇਰੀ ਲੋੜ
ਮੇਰੇ ਆਪਣੇ ਕਿਸੇ ਰੱਬ ਲਈ ..."


# ਵਿਸ਼ਵ ਤੇਲ ਗੈਸ ਵਿਸਫੋਟ

## ਇਰਾਨ ਅਮਰੀਕਾ ਤੇ ਯੂਰਪੀਅਨ ਦੇਸ਼ਾਂ ਸਿਰ ਪੜਾਅ ਸੋਟਾ ਮਾਰਨ ਲਈ ਤਿਆਰ

**- ਐਸ ਐਸ ਆਜ਼ਾਦ**

22 ਜੂਨ ਨੂੰ ਅਮਰੀਕਾ ਵਲੋਂ ਇਰਾਨ ਦੇ ਪੂਰ ਅਮਨ ਪ੍ਰਮਾਣੂ ਪਲਾਂਟਾਂ ਉਤੇ ਬੰਬ ਸੁੱਟਣ ਤੋਂ ਬਾਅਦ ਇਰਾਨੀ ਪਾਰਲੀਮੈਂਟ ਦਾ ਇਜਲਾਸ ਬੁਲਾ ਕੇ ਸਰਵਸੰਮਤੀ ਨਾਲ ਸਮੁੰਦਰੀ ਜਲ ਡਮਰੂ (ਤੰਗ ਸਮੁੰਦਰੀ ਲਾਂਘਾਂ) ਬੰਦ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਫੈਸਲੇ ਨੂੰ ਲਾਗੂ ਕਰਨ ਲਈ ਇਰਾਨ ਦੀ ਰੈਵੂਲਿਊਸਨਰੀ ਕੋਰ ਕਮੇਟੀ ਨੇ ਲਾਗੂ ਕਰਨ ਦੀ ਮਨਜ਼ੂਰੀ ਦੇਣੀ ਹੈ। ਇਸ ਪੜਾਅ ਸੋਟੇ ਫੈਸਲੇ ਨਾਲ ਅਮਰੀਕਾ ਤੇ ਯੂਰਪੀਅਨ ਦੇਸ਼ਾਂ ਵਿਚ ਹਾਹਾਕਾਰ ਮੱਚ ਗਈ ਹੈ। ਇਸ ਵਿਸ਼ਵ ਤੇਲ ਗੈਸ ਵਿਸਫੋਟਕ ਫੈਸਲੇ ਨੇ ਸਾਰੀ ਦੁਨੀਆਂ ਨੂੰ ਵਕਤ ਵਿਚ ਪਾ ਦਿਤਾ ਹੈ।

ਅਸਲ ਵਿੱਚ ਅਰਬ ਦੇਸ਼ਾਂ ਦਾ 20 ਪ੍ਰਤੀਸ਼ਤ ਕੱਚਾ ਤੇਲ ਗੈਸ ਇਰਾਨ ਦੇ ਇਸ ਜਲਡਮਰੂ ਲਾਂਘਾਂ ਰਾਹੀਂ ਅਮਰੀਕਾ ਯੂਰਪ, ਏਸ਼ੀਆਈ ਦੇਸ਼ਾਂ ਪਾਕਿਸਤਾਨ ਭਾਰਤ, ਚੀਨ ਜਪਾਨ ਬੰਗਲਾਦੇਸ਼ ਵਿਚ ਲੰਘਦਾ ਯੂਰਪ ਜਾਂਦਾ ਹੈ। ਅਮਰੀਕਾ ਇਸ ਜਲਡਮਰੂ ਨੱਕੋ ਰਾਹੀਂ ਲੰਘਦਾ ਲਾਲ ਸਾਗਰ ਵਿਚਦੀ ਸ਼ਾਵੇਜ਼ ਨਹਿਰ ਦਾ ਰਸਤਾ ਪਕੜਦਾ ਹੈ। ਜੇਕਰ ਉਹ ਕੇਪਟਾਊਨ ਰਾਹੀਂ ਦੱਖਣ ਅਫ਼ਰੀਕਾ ਦਾ ਲੰਬਾ ਰੂਟ ਪਕੜਦਾ ਹੈ ਤਾਂ ਲਾਗਤ ਦੁਗਣੀ ਪੈਂਦੀ ਹੈ। ਆਮ ਲੋਕਾਂ ਦੇ ਅੱਖੀਂ ਘੱਟਾ ਪਾਉਣ ਲਈ ਸਿਰਫ 20 ਪ੍ਰਤੀਸ਼ਤ ਤੇਲ ਗੈਸ ਟੈਂਕਰ ਜਲਡਮਰੂ ਰਾਹੀਂ ਲੰਘਦੇ ਦਸੇ ਹਨ। ਲੇਕਿਨ 60 ਪ੍ਰਤੀਸ਼ਤ ਕੱਚਾ ਤੇਲ ਤੇ ਗੈਸ ਇਸ ਰਸਤੇ ਰਾਹੀਂ ਜਾਂਦਾ ਹੈ। ਬਹਿਰੀਨ ਦੀ ਗਲਫ ਖਾੜੀ ਦਾ ਸਮੁੰਦਰੀ ਰਸਤਾ ਮਧ ਸਾਗਰ ਤੋ ਲਾਲ ਸਾਗਰ ਲੰਮਾਂ ਪੈਦਾ ਹੈ। ਜੋਂ ਲਾਲ ਸਾਗਰ ਰਾਹੀਂ ਮੱਧ ਪੂਰਬ ਤੋਂ ਪਾਇਪ ਲਾਈਨ ਅਮਰੀਕਾ ਯੂਰਪ ਤਕ ਜਾਂਦੀ ਹੈ। ਉਹ ਵੀ ਇਰਾਨ ਦੇ ਜਲ ਡਮਰੂ ਤੰਘ ਰਸਤੇ ਵਿਚ ਦੀ ਲੰਘਦੀ ਹੈ।



ਇਸ ਤੋਂ ਅਗੇ ਲਾਲ ਸਾਗਰ ਦੇ ਰਸਤੇ ਉੱਤੇ ਯਮਨ ਦੇ ਜੰਗਜੂ ਹੂਤੀ ਆਰਮਡ ਫੋਰਸ ਦਾ ਕਬਜ਼ਾ ਹੈ ਜਿਸ ਨੇ ਇਜਾਰਾਈਲ ਅਮਰੀਕਾ ਸਮੁੰਦਰੀ ਯੁੱਧਪੋਤਾ ਤੇ ਤੇਲ ਟੈਂਕਰ ਦਾ ਰਸਤਾ ਬੰਦ ਕਰਕੇ ਨਾਸੀਂ ਧੂੰਆਂ ਲਿਆ ਰਖਿਆ ਹੈ।

ਇਰਾਨ ਦੇ ਪ੍ਰਮਾਣੂ ਪਲਾਂਟਾਂ ਉਤੇ ਬੰਬਾਰੀ ਕਰਕੇ ਯੁਧਖੋਰ ਟਰੰਪ ਕਸੂਤੇ ਫਸ ਗਏ ਹਨ। ਇਸ ਜਲ ਡਮਰੂ ਲਾਂਘੇ ਨੂੰ ਬੰਦ ਕਰਨ ਤੋ ਰੋਕਣ ਲਈ ਅਮਰੀਕਨ ਸਟੇਟ ਸਕਤਰ ਮਾਰੀਓ ਰੋਬੀਓ ਨੇ ਚੀਨ ਦੇ ਰਾਸ਼ਟਰਪਤੀ ਨੂੰ ਕਾਲ ਕਰਕੇ ਬੇਨਤੀ ਕੀਤੀ ਕਿ ਉਹ ਇਰਾਨ ਸਰਕਾਰ ਉਤੇ ਦਬਾਅ ਪਾਕੇ ਜਲਡਮਰੂ ਲਾਂਘਾਂ ਚਾਲੂ ਰੱਖਣ ।ਅਗੋਂ ਚੀਨ ਨੇ ਜਵਾਬ ਦਿੱਤਾ ਕਿ ਤੁਸੀਂ ਇਰਾਨ ਦੇ ਸ਼ਾਂਤਮਈ ਪਰਮਾਣੂ ਪਲਾਂਟਾਂ ਉਤੇ ਬੰਬਾਰੀ ਕਰਕੇ ਮਾਨਵਤਾਵਾਦੀ ਵਿਰੋਧੀ ਘੋਰ ਅਪ੍ਰਾਧ ਕੀਤਾ ਹੈ। ਜੋਂ ਮੁਆਫੀਯੋਗ ਨਹੀਂ ਹੈ। ਇਸ ਲਈ ਅਸੀਂ ਇਰਾਨ ਦੇ ਹੱਕ ਵਿੱਚ ਖੜੇ ਹਾਂ। ਇਹ ਕਰਾਰਾ ਜਵਾਬ ਸੁਣਕੇ ਰੋਬੀਓ ਨੇ ਕਿਹਾ ਸਾਡੇ ਕੋਲ ਇਰਾਨ ਨੂੰ ਦਬਣ ਲਈ ਹੋਰ ਵੀ ਰਸਤੇ ਹਨ। ਡੋਨਲਡ ਟਰੰਪ ਕਹਿੰਦਾ ਇਰਾਨ ਅੰਦਰ ਤਖਤਾਂ ਪਲਟ ਕਰਵਾਕੇ ਇਰਾਨ ਗ੍ਰੇਟ ਬਣਾਉਣਾ ਹੈ। ਇਕ ਦਿਨ ਪਹਿਲਾਂ ਬਿਆਨ ਦਿੱਤਾ ਕਿ ਪ੍ਰਮਾਣੂੰ ਟਿਕਾਣਿਆਂ ਉਤੇ ਹਮਲੇ ਇਰਾਨ ਨੂੰ ਐਟਮੀ ਬੰਬ ਬਣਾਉਣ ਤੋਂ ਰੋਕਣਾ ਸੀ। ਇਰਾਨ ਵਿੱਚ ਤਖਤਾਂ ਪਲਟ ਕਰਨਾ ਮੇਰਾ ਕੋਈ ਇਰਾਦਾ ਨਹੀਂ ਹੈ! ਅਸਲ ਵਿੱਚ ਰਾਸ਼ਟਰਪਤੀ ਡੋਨਲਡ ਟਰੰਪ ਇਹ ਕਾਰਨਾਮਾ ਕਰਕੇ ਘਰੇਲੂ ਤੇ ਵਿਸ਼ਵ ਪੱਧਰ ਉਤੇ ਕਸੂਤੇ ਫਸ ਗਏ ਹਨ। ਉਨ੍ਹਾਂ ਦਾ ਵਿਰੋਧ ਖੁਦ ਉਨ੍ਹਾਂ ਦੇ ਸੰਸਦ ਮੈਂਬਰ ਤੇ ਅਪੋਜ਼ੀਸ਼ਨ ਲੀਡਰਾਂ ਸਮੇਤ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਵਲੋਂ ਕਰਨਾ ਜਾਰੀ ਹੈ। ਪਰ ਟਰੰਪ ਡਿਕਟੇਟਰ ਸਾਹਿਬ ਪਿਛੇ ਮੁੜਨ ਵਾਲੇ ਨਹੀਂ ਲਗਦੇ। ਲਗਦੈ! ਇਰਾਨ ਦਾ ਪੜਾਅ ਸੋਟਾ ਖਾਕੇ ਅਕਲ ਟਿਕਾਣੇ ਆਵੇਗੀ।

ਜੇਕਰ ਜਲ ਡਮਰੂ ਲਾਂਘਾਂ ਬੰਦ ਹੋ ਜਾਂਦਾ ਹੈ ਅਤੇ ਤੇਲ ਗੈਸ ਦੀਆਂ ਕੀਮਤਾਂ ਵਿੱਚ ਅਥਾਹ ਵਾਧਾ ਹੋਵੇਗਾ। ਜੋ ਹੁਣ ਕੱਚੇ ਤੇਲ ਦੀ ਕੀਮਤ 20 ਜੂਨ 2025 ਤਕ ਪ੍ਰਤੀ ਬੈਰਲ (ਇਕ ਬੈਰਲ 'ਚ 158.987 ਲੀਟਰ) ਦੀ ਕੀਮਤ 75 ਡਾਲਰਾਂ ਤਕ ਪਹੁੰਚ ਚੁੱਕੀ ਹੈ। ਭਵਿੱਖ ਵਿੱਚ 110 ਡਾਲਰ ਪ੍ਰਤੀ ਬੈਰਲ ਹੋਣ ਦੀ ਸੰਭਾਵਨਾ ਜਿਤਾਈ ਹੈ। ਇੰਡੀਆ ਵਿੱਚ ਅੱਜ ਤਕ ਪ੍ਰਤੀ ਬੈਰਲ ਕੀਮਤ 6345 ਰੁਪਏ ਹੈ।

ਮੋਦੀ ਸਾਹਿਬ ਦੇ ਪੈਟਰੋਲੀਅਮ ਮੰਤਰੀ ਗੁਰਦੀਪ ਪੁਰੀ ਸਾਹਿਬ ਨੇ ਅਜੀਬ ਕਿਸਮ ਦਾ ਬਿਆਨ ਦਿੱਤਾ ਹੈ ਕਿ ਸਾਡੇ ਕੋਲ ਬਹੁਤ ਤੇਲ ਗੈਸ ਦਾ ਭੰਡਾਰ ਹੈ। ਜੇਕਰ ਜਲਡਮਰੂ ਲਾਂਘਾਂ ਬੰਦ ਹੋ ਜਾਂਦਾ ਹੈ । ਹੋਰ ਬਥੇਰੇ ਰਸਤੇ ਹਨ। ਅਸੀਂ ਕਿਹੜਾ ਇਰਾਨ ਤੋਂ ਤੇਲ ਖਰੀਦ ਦੇ ਹਾਂ ਯਾਦ ਰਹੇ ਟਰੰਪ ਦੇ ਇਕੋ ਦਬਕੇ ਨੇ ਇਰਾਨ ਤੋਂ ਤੇਲ ਗੇਸ ਲੈਣੇ ਬੰਦ ਕਰਤੇ ਤੇ ਕਤਰ ਦੇ ਬਾਦਸ਼ਾਹ ਦਾ ਦਿਲੀ ਹਵਾਈਂ ਅੱਡੇ ਉੱਤੇ ਮੋਦੀ ਸਾਹਿਬ ਨੇ ਖੁਦ ਸਵਾਗਤ ਕਰਦੇ ਹੋਏ ਤੇਲ ਖਰੀਦ ਡੀਲ ਕੀਤੀ ਹੈ। ਪਰ ਮੰਤਰੀ ਸਾਹਿਬ ਨੂੰ ਪਤਾ ਹੈ ਕਿ ਉਹ ਤੇਲ ਟੈਂਕਰ ਵੀ ਜਲਡਮਰੂ ਰਾਹੀਂ ਲੰਘਦੇ ਹਨ। ਫੇਰ ਕਹਿੰਦੇ ਇਰਾਨ ਨੂੰ ਲਾਂਘਾਂ ਖੁਲਾ ਰੱਖਣ ਲਈ ਕੋਈ ਰਸਤਾ ਲੱਭਾਂਗੇ। ਅਸਲ ਵਿੱਚ ਤੇਲ ਸੰਕਟ ਦੀ ਗੰਭੀਰਤਾ ਨੂੰ ਜਾਣਦੇ ਹੋਏ ਵੀ ਅਖਾਂ ਮੀਟ ਰਹੇ ਹਨ। ਇਨ੍ਹਾਂ ਦਾ ਇਹ ਨਹੀਂ ਪਤਾ ਕਿ ਬਹਾਨੇ ਘੜਕੇ ਤੇਲ ਗੈਸ ਦੀਆਂ ਕੀਮਤਾਂ ਫੌਰੀ ਵਧਾਕੇ ਤਿਜੋਰੀਆਂ ਭਰ ਲੈਣ। ਇਥੇ ਸਵਾਲ ਸਿਰਫ ਤੇਲ ਗੈਸ ਦੀਆਂ ਕੀਮਤਾਂ ਵਧਣ ਤਕ ਨਹੀ ਹੈ। ਅੱਗੋਂ ਮਹਿੰਗਾਈ ਮੁਦਰਾ ਸਿਫ਼ਤੀ ਵਧੇਗੀ ਰੁਪਏ ਦੀ ਕੀਮਤ ਘਟੇਗੀ। ਇਸ ਤਰ੍ਹਾਂ ਜੰਗ ਵਿੱਚ ਫਸੇ ਅਮਰੀਕਾ ਇਜਾਰਾਈਲ ਦੀ ਆਰਥਿਕ ਹਾਲਤ ਹੋਰ ਵੀ ਖ਼ਸਤਾ ਹੋ ਜਾਵੇਗੀ। ਇਰਾਨ ਦੇ ਜਲਡਮਰੂ ਬੰਦ ਕਰਨ ਦੇ ਪੜਾਅ ਸੋਟੇ ਨੇ ਅਮਰੀਕਾ ਇਜਾਰਾਈਲੀ ਜੰਗਬਾਜ਼ਾਂ ਨੂੰ ਨਿਸਾਲ ਕੇ ਰੱਖ ਦੇਣਾ ਹੈ।


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 14ਵਾਂ ਸੋਹਣ ਮਾਨ ਯਾਦਗਾਰੀ ਸਲਾਨਾ ਸਭਿਆਚਾਰਕ ਸਮਾਗਮ



















ਕੈਲਗਰੀ, (ਹਰਚਰਨ ਪ੍ਰਹਾਰ) : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ 14ਵਾਂ ਸੋਹਣ ਮਾਨ ਯਾਦਗਾਰੀ ਸਲਾਨਾ ਸਭਿਆਚਾਰਕ ਸਮਾਗਮ ਕਰਵਾਇਆ ਗਿਆ। ਸਮਾਗਮ ਦਾ ਉਦਘਾਟਨ ਮੋਮਬੱਤੀਆਂ ਜਗਾ ਕੇ ਕਾਲਖਾਂ ਤੇ ਹਨੇਰਿਆਂ ਨੂੰ ਚੀਰ ਕੇ ਚਾਨਣ ਬੰਡਣ ਦਾ ਸੁਨੇਹਾ ਦਿੱਤਾ ਗਿਆ। ਉਦਘਾਟਨ ਦੀ ਰਸਮ ਪ੍ਰਧਾਨ ਬੀਬੀ ਜਸਵਿੰਦਰ ਕੌਰ ਮਾਨ, ਵਿੱਤ ਸਕੱਤਰ ਕਮਲਪ੍ਰੀਤ ਪੰਧੇਰ, ਗੋਪਾਲ ਕਉਂਕੇ, ਨਵਕਿਰਨ ਢੁੱਡੀਕੇ, ਕਮਲ ਸਿੱਧੂ, ਕੁਸਮ ਸ਼ਰਮਾਂ, ਗੁਰਸ਼ਰਨ ਢੁੱਡੀਕੇ, ਹਰਕੀਰਤ ਧਾਲੀਵਾਲ, ਜਸਪਾਲ ਹੰਸਰਾ, ਹਰਕੇਸ਼ ਚੌਧਰੀ, ਰਿਸ਼ੀ ਨਾਗਰ, ਸੁਖਵੀਰ ਗਰੇਵਾਲ, ਹਰਚਰਨ ਪਰਹਾਰ ਆਦਿ ਨੇ ਅਦਾ ਕੀਤੀ ਅਤੇ ਸੋਹਣ ਮਾਨ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।

ਇਸ ਉਪਰੰਤ ਕੈਲਗਰੀ ਦੇ ਛੋਟੇ ਛੋਟੇ ਪਿਆਰੇ ਪਿਆਰੇ ਬੱਚਿਆਂ ਨੇ ਕਮਲਪ੍ਰੀਤ ਪੰਧੇਰ ਦਾ ਲਿਖਿਆ ਤੇ ਨਿਰਦੇਸ਼ਿਤ ਨਾਟਕ 'ਜੰਗਲ ਆਇਆ ਸ਼ਹਿਰ' ਪੇਸ਼ ਕੀਤਾ, ਨਾਟਕ ਆਪਣਾ ਸੰਦੇਸ਼ ਦੇਣ ਵਿੱਚ ਪੂਰੀ ਤਰ੍ਹਾਂ ਨਾਲ ਕਾਮਯਾਬ ਰਿਹਾ ਕਿ ਮਨੁੱਖ ਦੇ ਲਾਲਚ ਨੇ ਸਮਾਜ ਨੂੰ ਜੰਗਲ ਬਣਾ ਲਿਆ ਹੈ। ਇੱਕ ਐਸਾ ਜੰਗਲ ਜਿਸ ਜੰਗਲ ਵਿੱਚ ਇਨਸਾਨੀਅਤ ਮਰ ਰਹੀ ਹੈ। ਬੱਚਿਆਂ ਨੇ ਕਮਾਲ ਦੀ ਪੇਸ਼ਕਾਰੀ ਕੀਤੀ।

ਨਾਟਕ ਤੋਂ ਤੁਰੰਤ ਬਾਅਦ ਕੈਲਗਰੀ ਦੀਆਂ ਧੀਆਂ ਜੋ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਪਰਿਵਾਰ ਨਾਲ ਵੀ ਜੁੜੀਆਂ ਹੋਈਆਂ ਹਨ, ਜਿਹਨਾਂ ਵਿੱਚ ਪ੍ਰਭਲੀਨ ਗਰੇਵਾਲ ਹਾਕੀ ਦੇ ਖੇਤਰ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਖੱਟਣ ਕਰਕੇ ਅਤੇ ਜੁਸਲੀਨ ਸਿੱਧੂ, ਅਰਸ਼ਬੀਰ ਸਿੱਧੂ, ਸੁਖਮਨੀ ਸਿੱਧੂ ਨੂੰ ਰੈਸਲਿੰਗ ਦੇ ਖੇਤਰ ਵਿੱਚ ਨਾਮਣਾ ਖੱਟਣ ਕਰਕੇ ਸਨਮਾਨਿਤ ਕੀਤਾ ਗਿਆ। ਇਹਨਾਂ ਬੱਚੀਆਂ ਨੂੰ ਸਨਮਾਨਿਤ ਕਰਨ ਲਈ ਜਸਵਿੰਦਰ ਕੌਰ ਮਾਨ, ਗੁਰਦੀਪ ਕੌਰ ਪਰਹਾਰ, ਗੁਰਚਰਨ ਕੌਰ ਥਿੰਦ, ਨਵਕਿਰਨ ਢੁੱਡੀਕੇ, ਕਮਲਪ੍ਰੀਤ ਪੰਧੇਰ, ਕਮਲ ਗਰੇਵਾਲ ਨੇ ਭਾਗ ਲਿਆ।

ਸਮਾਗਮ ਅੱਗੇ ਵੱਧ ਰਿਹਾ ਸੀ ਪ੍ਰੋਗਰੈਸਿਵ ਕਲਾ ਮੰਚ ਦੇ ਕਲਾਕਾਰਾਂ ਨੇ ਕੋਰੀਓਗ੍ਰਾਫੀ 'ਗੁਆਂਢਣੇ' ਪੇਸ਼ ਕੀਤੀ। ਸਮਾਰਾਜੀ ਦੇਸ਼ ਨਿਹੱਕੀ ਜੰਗਾਂ ਲਾਉਂਦੇ ਹਨ। ਜਿਸ ਵਿੱਚ ਆਮ ਲੋਕਾਂ ਦੇ ਘਰ ਬਰਬਾਦ ਹੁੰਦੇ ਹਨ। ਆਮ ਲੋਕ ਮਰਦੇ ਹਨ। ਇਹ ਨਿੱਹਕੀ ਜੰਗਾਂ ਬੰਦ ਹੋਣੀਆਂ ਚਾਹੀਦੀਆਂ ਹਨ। ਇਹ ਸੁਨੇਹਾ ਦੇਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਰਹੀ। ਇਸ ਕੋਰੀਓਗ੍ਰਾਫੀ ਵਿੱਚ ਨਵਕਿਰਨ ਢੁੱਡੀਕੇ, ਹਰਪ੍ਰੀਤ ਕੌਰ, ਕਮਲ ਸਿੱਧੂ, ਸਫ਼ਲ ਸ਼ੇਰ ਨੇ ਕਮਾਲ ਦੀ ਐਕਟਿੰਗ ਨਾਲ ਸਭ ਦਾ ਮਨ ਮੋਹ ਲਿਆ। ਇਸ ਕੋਰੀਓਗ੍ਰਾਫੀ ਦਾ ਨਿਰਦੇਸ਼ਨ ਹਰਕੇਸ਼ ਚੌਧਰੀ ਜੀ ਨੇ ਕੀਤਾ।

ਇਸ ਤੋਂ ਬਾਅਦ ਗ਼ਦਰੀ ਸ਼ਹੀਦ ਬੀਬੀ ਗੁਲਾਬ ਕੌਰ ਯਾਦਗਾਰੀ ਐਵਾਰਡ ਬੀਬੀ ਸੁਰਿੰਦਰ ਕੌਰ ਢੁੱਡੀਕੇ ਨੂੰ ਅਰਪਿਤ ਕੀਤਾ ਗਿਆ। ਬੀਬੀ ਸੁਰਿੰਦਰ ਕੌਰ ਢੁੱਡੀਕੇ ਦਾ ਸਮੁੱਚਾ ਜੀਵਨ ਲੋਕ ਲਹਿਰ ਨੂੰ ਸਮੱਰਪਿਤ ਰਿਹਾ ਹੈ। ਉਹ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਇਸਤਰੀ ਵਿੰਗ ਦੇ ਲੀਡਰ ਕਾਰਕੁੰਨ ਹਨ। ਉਹਨਾਂ ਨੂੰ ਸਨਮਾਨਿਤ ਕਰਨ ਦੀ ਰਸਮ ਜਸਵਿੰਦਰ ਕੌਰ ਮਾਨ, ਹਰਕੇਸ਼ ਚੌਧਰੀ ਪ੍ਰਧਾਨ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ। ਉੱਘੇ ਚਿੰਤਕ ਹਰਚਰਨ ਪਰਹਾਰ, ਰਿਸ਼ੀ ਨਾਗਰ ਹੋਸਟ ਰੈੱਡ.ਐੱਫ.ਐਮ.ਰੇਡੀਓ, ਸੁਖਵੀਰ ਗਰੇਵਾਲ, ਕਮਲਪ੍ਰੀਤ ਪੰਧੇਰ, ਡਾਕਟਰ ਐਸ. ਐਸ. ਥਿੰਦ ਅਤੇ ਸ਼ਤੀਸ਼ ਸੱਚਦੇਵਾ ਐਡਮਿੰਟਨ ਨੇ ਨਿਭਾਈ।

ਇਸਦੇ ਨਾਲ ਹੀ ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਵੱਲੋਂ ਸ੍ਰੀ ਰਿਸ਼ੀ ਨਾਗਰ ਜੀ ਨੂੰ ਆਪਣੀ ਮਾਤਾ ਜੀ ਦੀ ਯਾਦ ਵਿੱਚ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਨੂੰ ਆਰਥਿਕ ਸਹਿਯੋਗ ਦੇਣ ਕਰਕੇ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਜਸਵੰਤ ਜੀਰਖ ਜੀ ਦੀ ਕਿਤਾਬ 'ਮੌਜੂਦਾ ਸਮੇਂ ਦਾ ਸੱਚ' ਤੇ ਬਲਜਿੰਦਰ ਸੰਘਾ ਜੀ ਨੇ ਪੇਪਰ ਪੜਿਆ ਅਤੇ ਇਸ ਪੁਸਤਕ ਦੀ ਘੁੰਡ ਚੁਕਾਈ ਦੀ ਰਸਮ ਵੀ ਅਦਾ ਕੀਤੀ ਗਈ। ਪੁਸਤਕ ਰੀਲੀਜ਼ ਦੀ ਰਸਮ ਉੱਘੇ ਵਕੀਲ ਤਰਨਜੀਤ ਔਜਲਾ, ਗੁਰਨਾਮ ਸਿੰਘ ਮਾਨ, ਨਵਤੇਜ ਸਿੰਘ, ਮਾਸਟਰ ਜਗਮੀਤ ਪੰਧੇਰ, ਕਮਲਪ੍ਰੀਤ ਪੰਧੇਰ ਆਦਿ ਨੇ ਅਦਾ ਕੀਤੀ।

ਪ੍ਰੋਗਰਾਮ ਦੇ ਸਿਖਰ ਤੇ ਇਸ ਸਮਾਗਮ ਦਾ ਪ੍ਰਮੁੱਖ ਨਾਟਕ 'ਬੇੜੀਆਂ ਲੱਗੇ ਸੁਪਨੇ' ਪੇਸ਼ ਕੀਤਾ ਗਿਆ। ਨਾਟਕ ਨੂੰ ਲਿਖਣ ਤੇ ਨਿਰਦੇਸ਼ਿਤ ਕਰਨ ਦੀ ਜ਼ਿੰਮੇਵਾਰੀ ਸ੍ਰੀ ਹਰਕੇਸ਼ ਚੌਧਰੀ ਜੀ ਨੇ ਨਿਭਾਈ। ਨਾਟਕ ਨੇ ਡੰਕੀ ਲਗਾ ਕੇ ਵਿਦੇਸ਼ ਵਿੱਚ ਵੱਸਣ ਦੇ ਸੁਪਨੇ ਲੈਕੇ ਜਾਂਦੇ ਨੌਜਵਾਨਾਂ ਦੇ ਜੀਵਨ ਨਾਲ ਹੋ ਰਹੇ ਖਿਲਵਾੜ ਦੀ ਕਹਾਣੀ ਨੂੰ ਬੜੇ ਹੀ ਭਾਵੁਕ ਅੰਦਾਜ਼ ਵਿੱਚ ਪੇਸ਼ ਕੀਤਾ। ਦਰਸ਼ਕਾਂ ਨੇ ਨਾਟਕ ਨੂੰ ਬੇਹੱਦ ਪਿਆਰ ਦਿੱਤਾ। ਨਾਟਕ ਦੀ ਪੇਸ਼ਕਾਰੀ ਮੌਕੇ ਦਰਸ਼ਕਾਂ ਨੇ ਸੂਖਮਭਾਵੀ ਅੰਦਾਜ਼ ਦਾ ਪ੍ਰਗਟਾਵਾ ਕੀਤਾ। ਨਾਟਕ ਵਿੱਚ ਅੰਮ੍ਰਿਤ ਪਾਲ, ਦਿਲਪ੍ਰੀਤ ਸਿੰਘ, ਅਮਰਜੀਤ ਗਿੱਲ, ਕਮਲ ਸਿੱਧੂ, ਵਿਜੈ ਸੱਚਦੇਵਾ, ਕਰਨਵੀਰ ਮੁੱਲਾਂਪੁਰ, ਅਮਰਵੀਰ ਕੌਰ, ਹਰਪ੍ਰੀਤ ਕੌਰ, ਗੁਨੀਵ ਗਿੱਲ, ਗੁਰਸ਼ਰਨ ਰਤਨ, ਸੁਖਮਨੀ ਸਿੱਧੂ ਆਦਿ ਨੇ ਬਹੁਤ ਹੀ ਭਾਵਨਾਤਮਿਕ ਅਦਾਕਾਰੀ ਦੇ ਨਾਲ ਦਰਸ਼ਕਾਂ ਨੂੰ ਕੀਲ ਲਿਆ।

ਨਾਟਕ ਟੀਮ ਦਾ ਸਨਮਾਨ ਗੁਰਦਿਆਲ ਸਿੰਘ ਖਹਿਰਾ, ਜਰਨੈਲ ਤੱਗੜ, ਰਿਸ਼ੀ ਨਾਗਰ, ਹਰਚਰਨ ਪਰਹਾਰ, ਕਮਲਪ੍ਰੀਤ ਪੰਧੇਰ, ਨਵਕਿਰਨ ਢੁੱਡੀਕੇ ਨੇ ਕੀਤਾ। ਨਾਟਕ ਲਈ ਤਕਨੀਕੀ ਸਹਿਯੋਗ ਆਨੀਆਂ ਪਾਲ ਨੇ ਮਿਊਜ਼ਕ ਅਤੇ ਲਾਇਟਿੰਗ 'ਤੇ ਸਾਹਿਬ ਪੰਧੇਰ ਅਤੇ ਸੈੱਟ ਬਣਾਉਣ ਦੀ ਜ਼ਿੰਮੇਵਾਰੀ ਰੁਪਿੰਦਰਪਾਲ ਪੰਧੇਰ, ਜਸ਼ਨ ਗਿੱਲ ਨੇ ਨਿਭਾਈ। ਇਸ ਤਰ੍ਹਾਂ ਇਹ ਸਮਾਗਮ ਆਪਣੀ ਵਿਲੱਖਣ ਛਾਪ ਛੱਡ ਗਿਆ। ਸਮਾਗਮ ਵਿੱਚ ਸਟੇਜ ਸਕੱਤਰ ਦੀ ਭੂਮਿਕਾ ਕਮਲਪ੍ਰੀਤ ਪੰਧੇਰ ਨੇ ਬਾਖੂਬੀ ਨਿਭਾਈ। ਸਮੁੱਚਾ ਸਮਾਗਮ ਮਾਸਟਰ ਭਜਨ ਸਿੰਘ ਜੀ ਦੀ ਯੋਗ ਅਗਵਾਈ ਤੇ ਦਿਸ਼ਾ ਨਿਰਦੇਸ਼ਾਂ ਨਾਲ ਸਫ਼ਲਤਾ ਨਾਲ ਨੇਪਰੇ ਚੜ੍ਹਿਆ।



SUPER VISA INSURANCE
MDRT
The Premier Association of Financial Professionals
Punjab Insurance Inc
LIFE INSURANCE | CRITICAL ILLNESS INSURANCE
DISABILITY INSURANCE | TRAVEL INSURANCE
VISITOR INSURANCE | RESP, RRSP, TFSA & FHSA
HARPREET RANA
416-871-3571
NIAMAT RANA
416-206-1616
WWW.PUNJABINSURANCE.CA




Taralake Dental
Taralake Dental offers Full Range of General and Cosmetic Dental Services
TARALAKE DENTAL
We Offer
Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction
Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6




Buy or Sell Any Residential or Commercial Real Estate with Insta Realty Team.
Harcharan Parhar
Ramandeep Gill
Amandeep Gill
Amarjit Pangly
Ashish Narula
Krishan Gupta
Gurpreet Kaur
Amandeep Gill
Ramandeep Kaur
Jagdev Singh
Karmjit Singh Gill
Harsimran Bawa
Manpreet Kaur
Neha Kaur
Kamal Tomar
Navi Tiwana
Jaskaran Brar
Aman Batth
Sumeer Sidhu
We are Hiring New or Experienced Realtors!
Kirandeep Parmar
Karan Nanda
Mousam Mann
Sahil Lamba
Insta Realty
BUY SELL INSTANTLY
403.681.8689
www.instarlt.com
Email: info@instarlt.com
#3256, 4310-104 Ave NE Calgary AB T3N 1W3